PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
7th - 14th August 2025 • Issue No. 3092
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਆਰ.ਐਸ.ਐਸ. ਮੁਖੀ ਦੀ ਹਾਜ਼ਰੀ ਵਿਚ ਜੀ.ਐਨ.ਡੀ.ਯੂ. ਵੀ.ਸੀ. ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਨਾਲ ਜੋੜਿਆ

- ਵਾਇਰਲ ਵੀਡੀਓ ਉਪਰ ਸਿਖ ਪੰਥ ਦਾ ਤਿੱਖਾ ਪ੍ਰਤੀਕਰਮ
- ਸ਼੍ਰੋਮਣੀ ਕਮੇਟੀ ਨੇ ਵਾਈਸ ਚਾਂਸਲਰ ਨੂੰ ਕਮੇਟੀ ’ਚੋਂ ਹਟਾਇਆ
- ਸੱਥ ਤੇ ਬੁੱਧੀਜੀਵੀਆਂ ਵੱਲੋਂ ਅਕਾਲ ਤਖਤ ਤੋਂ ਸਖਤ ਕਾਰਵਾਈ ਦੀ ਮੰਗ
- ਸਿੱਖਾਂ ਵੱਲੋਂ ਮੰਗ ਉਠ ਰਹੀ ਹੈ ਕਿ ਇਹੋ ਜਿਹੇ ਹੋਰ ਵੀ ਵਿਅਕਤੀ, ਜੋ ਆਰ.ਐਸ.ਐਸ. ਜਾਂ ਗੈਰ ਪੰਥਕ ਅਦਾਰਿਆਂ ਨਾਲ ਸਬੰਧ ਰੱਖ ਰਹੇ ਨੇ ਉਹਨਾਂ ਨੂੰ ਸਿੱਖਾਂ ਦੇ ਅਹਿਮ ਫੈਸਲੇ ਲੈਣ ਵਾਲੇ ਅਦਾਰਿਆਂ ਤੋਂ ਬਾਹਰ ਕਰਨਾ ਚਾਹੀਦਾ ਹੈ



ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ·ਐਨ·ਡੀ·ਯੂ·) ਦੇ ਵਾਈਸ ਚਾਂਸਲਰ ਡਾ· ਕਰਮਜੀਤ ਸਿੰਘ ਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ· ਐਸ· ਐਸ·) ਦੇ ਮੁਖੀ ਮੋਹਨ ਭਾਗਵਤ ਨੂੰ ਸੰਬੋਧਨ ਕਰਦਿਆਂ ਇੱਕ ਵਿਵਾਦਤ ਵੀਡੀਓ ਗੁਰੂ ਗ੍ਰੰਥ ਸਾਹਿਬ ਤੇ ਵੇਦਾਂ ਦੀ ਸਾਂਝ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਨ ਸਿੱਖ ਪੰਥ ਵਿੱਚ ਵਿਵਾਦ ਨੂੰ ਜਨਮ ਦਿੱਤਾ ਹੈ। ਇਸ ਮਾਮਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਇਸੇ ਕਾਰਣ ਡਾ· ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਬਾਰੇ ਬਣਾਈ ਕਮੇਟੀ ਵਿੱਚੋਂ ਹਟਾ ਦਿੱਤਾ ਹੈ। *ਪੂਰੀ ਖਬਰ ਅੰਦਰ ਦੇਖੋ:*

## ਡੰਗ ਮਨਚੰਦੇ ਦੇ

rajinder.pardesi7@gmail.com
ਤੇਜਿੰਦਰ ਮਨਚੰਦਾ ਪ੍ਰਦੇਸੀ



ਰੋਜ਼ ਬੈਂਕ ਲੁੱਟ ਹੋ ਰਹੇ ਹਨ,ਆਪਣੇ ਸ਼ਹਿਰ 'ਚੋ ਕਰਾਇਮ ਖ਼ਤਮ ਹੋਂਣਾ ਚਾਹੀਦਾ ਹੈ,ਤਾਂ ਜੋ ਸਰਕਾਰੀ ਖ਼ਜ਼ਾਨਾ ਬਚਾਇਆ ਜਾ ਸਕੇ..!!!



## ਬ੍ਰੈਡਫੋਰਡ ਕਬੱਡੀ ਟੂਰਨਾਮੈਂਟ ਬ੍ਰੈਡਫੋਰਡ/ਲੈਸਟਰ/ਬ੍ਰਮਿੰਘਮ/ਕਵੈਂਟਰੀ ਦੀ ਟੀਮ ਨੇ ਜਿੱਤਿਆ ਗ੍ਰੇਵਜ਼ੈਂਡ/ਬਾਰਕਿੰਗ/ਸਾਊਥਾਲ/ਈਰਥ ਵੂਲਿਚ ਟੀਮ ਰਨਰ-ਅੱਪ ਰਹੀ

## ਸੰਦੀਪ ਸਿੰਘ ਨੰਗਲ ਅੰਬੀਆਂ ਟੈਲਫੋਰਡ ਟੀਮ ਇੰਗਲੈਂਡ ਕਬੱਡੀ ਸੀਜ਼ਨ ‘2025 ਦੀ ਚੈਂਪੀਅਨ’ ਬਣੀ

### ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨ: ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ ਦਾ ਗੋਲਡ ਮੈਡਲਾਂ ਨਾਲ ਅਤੇ ਕੁਮੈਂਟੇਟਰ ਭਿੰਦਾ ਮੁਠੱਡਾ ਦਾ 1100 ਪੌਂਡ ਨਾਲ ਸਨਮਾਨ









ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖ਼ਰੀ ਪੰਨੇ ‘ਤੇ

# ਯੌਰਕਸ਼ਾਇਰ ਸਿੱਖ ਫੋਰਮ ਦੇ ਮੈਂਬਰਾਂ ਵੱਲੋਂ ਹਾਊਸ ਆਫ ਲਾਰਡਜ਼ ਦਾ ਦੌਰਾ

## ਹਾਊਸ ਆਫ ਲਾਰਡਜ਼ ਵਿਖੇ ਡਾ. ਨਿਰਮਲ ਸਿੰਘ ਸੇਖੋਂ MBE ਦਾ ਵਿਸ਼ੇਸ਼ ਸਨਮਾਨ













1) ਹਾਊਸ ਆਫ ਲੌਰਡਜ਼ (ਲੰਡਨ) ਵਿਖੇ ਉੱਘੇ ਬਿਜਨੈਸਮੈਨ ਤੇ ਸਮਾਜ ਸੇਵਕ ਡਾ. ਨਿਰਮਲ ਸਿੰਘ ਸੇਖੋਂ ਐਮ ਬੀ ਈ MBE, FRSA, ਦਾ ਵਿਸ਼ੇਸ਼ ਸ਼ਾਲ ਦੇ ਨਾਲ ਸਨਮਾਨ ਕਰਦੇ ਹੋਏ ਲੌਰਡ ਰਮੀ ਰੇਂਜਰ 2) ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਡਾ. ਨਿਰਮਲ ਸਿੰਘ ਸੇਖੋਂ ਲੌਰਡ ਰਮੀ ਰੇਂਜਰ ਦੀਆਂ ਸੇਵਾਵਾਂ ਲਈ ਵਿਸ਼ੇਸ ਮੋਮੈਂਟੋ ਦੇ ਕੇ ਸਨਮਾਨ ਕਰਦੇ ਹੋਏ। ਨਾਲ ਦੀਆਂ ਤਸਵੀਰਾਂ ਵਿੱਚ ਯੌਰਕਸ਼ਾਇਰ ਸਿੱਖ ਫੋਰਮ ਦੇ ਹੋਰ ਮੈਂਬਰ ਅਤੇ ਪਤਵੰਤੇ ਸੱਜਣ ਤੇ ਉੱਘੀਆਂ ਸ਼ਖਸੀਅਤਾਂ ਨਜ਼ਰ ਆ ਰਹੀਆਂ ਹਨ।

**YORKSHIRE SIKH FORUM**

For more Information Contact: Chairman - Dr. Nirmal Singh Sekhon MBE, FRSA. - 07890 735123
Gen. Sec. - Hardev Singh Sidhu - 07518 882887, Treasurer - Dalbir Singh Kundi - 07971 192812

# AJAY SINGH BANGA -THE MAN BEHIND THE WORLD BANK

Ajay Singh Banga was born in Khaddki of Pune Maharashtra state, his father was Harbajan Singh Banga was a retired Indian army lieutenant General. Ajay Banga married to Ritu Banga and has two children. Ajay Singh Banga was very articulate at scool and was educated at St Edwards school in shimla and then studied for one year Woodstock school in mussoorie India for his junior education. He then went later studied at Delhi University and then at the indian institute of management in Ahmedbad. Ajay Singh Banga a former mastercard ceo is now the 14th president of the world bank, and is the first Indian to head the world bank. Ajay Singh Banga is considered a global leader in technology, data financial services and innovating for inclusion. He most recently served as a vice chairman at geneal atlantic, over the course of his carrer, he served as a advisor to goverments, corporate companies and organisations of all kinds, advocating for patnerships and systems that deliver purpose. Ajay Singh Banga has had a illustrious career with 30 years of business experience in handling senior level at mastercard and on the chairman board of the American red cross and Dow Inc. Ajay Banga started his business career with giant nestle in 1981 and spent more that a decade at the company, working in roles spanning sales, marketing and general management. He joined CITIGROUP and was made the business head of citifinacial and the US consumer assets divison within four years. He joined PEPSICO and was involved in the launch of its international fast food franchises in India as the economy liberalised. Ajay Singh Banga spent eleven years as mastercard president and chief executive officer before becoming the company exective chairman. At mastercard he helped 500 million unbanked people join the digital economy and led work on climate, general and sustainable agriculture. He quickly moved up and seved as a co- chairmen of the patnership for central America co coalition of private sector organisations, he closely worked with the former US vice president Harris. In February 2015 president Barrack Obama appointed Ajay Banga to serve as a member of the presidents advisory Committee for trade policy and negotiations. In 2016 he was felicitated With the awarded for his contribution to field of trade and industry from India and was awarded the foreign policy association medal in 2013 for his honour and business council for international understanding Global leadership award in 2019.



In inclusion Ajay Banga has been one of the greatest leaders bringing expertise, experience and innovation to the position of the world bank. The world bank said it aims to work with Ajay Singh Banga on all the world bank groups ambitions and efforts aimed at tackling the toughest development challenges facing developing countries.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਟਰੰਪ ਦੇ ਟੈਕਸ ਨੇ ਭਾਰਤ ਨੂੰ ਝੰਜੋੜਿਆ: ਕੀ ਭਾਰਤੀ ਅਰਥ-ਵਿਵਸਥਾ ਸੰਕਟ ਵਿਚ ਘਿਰੇਗੀ ?

## ਅਮਰੀਕਾ ਦਾ 25% ਟੈਕਸ, ਭਾਰਤ 'ਤੇ ਭਾਰੀ ਪੈਣ ਦੀ ਸੰਭਾਵਨਾ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਸਮੇਤ 70 ਤੋਂ ਵੱਧ ਦੇਸ਼ਾਂ 'ਤੇ ਨਵੇਂ ਟੈਕਸਾਂ ਦੀ ਸੂਚੀ ਜਾਰੀ ਕਰਕੇ ਵਿਸ਼ਵ ਵਪਾਰ ਵਿਚ ਹਲਚਲ ਮਚਾ ਦਿੱਤੀ ਹੈ। ਟਰੰਪ ਦੇ ਨਵੇਂ ਟੈਕਸ ਸ਼ਡਿਊਲ ਵਿਚ ਵੱਖ-ਵੱਖ ਦੇਸ਼ਾਂ 'ਤੇ 10% ਤੋਂ 41% ਤੱਕ ਟੈਕਸ ਲਾਇਆ ਗਿਆ ਹੈ। ਪਾਕਿਸਤਾਨ 'ਤੇ 19%, ਸ੍ਰੀਲੰਕਾ 'ਤੇ 20%, ਜਪਾਨ 'ਤੇ 15%, ਕੈਨੇਡਾ 'ਤੇ 35%, ਅਤੇ ਲਾਓਸ-ਮਿਆਂਮਾਰ 'ਤੇ 40% ਟੈਕਸ ਲੱਗਿਆ ਹੈ।

ਯੂਕੇ 'ਤੇ ਸਿਰਫ 10% ਟੈਕਸ ਹੈ, ਜਦਕਿ ਭਾਰਤ 'ਤੇ 25% ਟੈਕਸ ਲਾਉਣ ਦਾ ਐਲਾਨ ਕੀਤਾ ਗਿਆ ਹੈ, ਜੋ 7 ਅਗਸਤ 2025 ਤੋਂ ਲਾਗੂ ਹੋਵੇਗਾ। ਇਸ ਨਾਲ ਭਾਰਤੀ ਨਿਰਯਾਤ, ਖਾਸ ਕਰਕੇ ਫਾਰਮਾ, ਟੈਕਸਟਾਈਲ, ਗਹਿਣੇ ਅਤੇ ਆਟੋਮੋਬਾਈਲ ਵਰਗੇ ਖੇਤਰਾਂ 'ਤੇ ਬੁਰਾ ਅਸਰ ਪੈ ਸਕਦਾ ਹੈ। ਟਰੰਪ ਨੇ ਭਾਰਤ ਦੀ ਅਰਥਵਿਵਸਥਾ ਨੂੰ "ਮਰੀ ਹੋਈ" ਕਹਿ ਕੇ ਵੀ ਜਲੀਲ ਕੀਤਾ, ਜਿਸ ਨੇ ਵਿਸ਼ਵ ਵਿਚ ਸਿਆਸੀ ਅਤੇ ਆਰਥਿਕ ਬਹਿਸ ਛੇੜ ਦਿੱਤੀ ਹੈ।

### ਭਾਰਤੀ ਅਰਥਵਿਵਸਥਾ 'ਤੇ ਕੀ ਹੋਵੇਗਾ ਅਸਰ ?

ਇਹ ਟੈਕਸ ਭਾਰਤ ਦੀਆਂ ਮੁੱਖ ਨਿਰਯਾਤ ਵਸਤਾਂ 'ਤੇ ਅਸਰ ਪਾਵੇਗਾ। ਅਮਰੀਕਾ ਵਿਚ ਭਾਰਤੀ ਦਵਾਈਆਂ, ਗਹਿਣੇ ਅਤੇ ਟੈਕਸਟਾਈਲ ਮਹਿੰਗੇ ਹੋਣਗੇ, ਜਿਸ ਨਾਲ ਮੰਗ ਘਟ ਸਕਦੀ ਹੈ। ਫਾਰਮੈਕਸਿਲ ਦੇ ਅਨੁਸਾਰ, ਅਮਰੀਕਾ ਆਪਣੀਆਂ 47% ਜੈਨਰਿਕ ਦਵਾਈਆਂ ਭਾਰਤ ਤੋਂ ਮੰਗਵਾਉਂਦਾ ਹੈ। ਇਸ ਟੈਕਸ ਨਾਲ ਅਮਰੀਕੀ ਖਪਤਕਾਰਾਂ ਨੂੰ ਵੀ ਮਹਿੰਗੀਆਂ ਦਵਾਈਆਂ ਮਿਲਣਗੀਆਂ, ਜੋ ਅਮਰੀਕੀ ਸਿਹਤ ਸੈਕਟਰ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

### ਟਰੰਪ ਦੀ ਨਾਰਾਜ਼ਗੀ ਦਾ ਕਾਰਨ ਕੀ ਹੈ ?

ਟਰੰਪ ਨੇ ਭਾਰਤ 'ਤੇ "ਉੱਚ ਟੈਰਿਫ" ਅਤੇ "ਵਪਾਰਕ ਰੁਕਾਵਟਾਂ" ਦਾ ਦੋਸ਼ ਲਾਇਆ। ਉਹ ਭਾਰਤ ਦੇ ਰੂਸ ਨਾਲ ਸਬੰਧਾਂ, ਖਾਸ ਕਰਕੇ ਰੂਸੀ ਤੇਲ ਅਤੇ ਹਥਿਆਰਾਂ ਦੀ ਖਰੀਦ ਤੋਂ ਵੀ ਨਾਰਾਜ਼ ਹੈ। ਟਰੰਪ ਦਾ ਕਹਿਣਾ ਹੈ ਕਿ ਰੂਸੀ ਤੇਲ ਦੀ ਖਰੀਦ ਨਾਲ ਭਾਰਤ ਯੂਕਰੇਨ ਜੰਗ ਨੂੰ "ਫੰਡ" ਕਰ ਰਿਹਾ ਹੈ, ਜੋ ਅਮਰੀਕੀ ਨੀਤੀਆਂ ਦੇ ਖਿਲਾਫ ਹੈ।

ਇਸ ਤੋਂ ਬਾਅਦ ਹੁਣੇ ਜਿਹੇ ਟਰੰਪ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਰੂਸੀ ਤੇਲ ਖਰੀਦਣਾ ਬੰਦ ਕਰ ਦਿੱਤਾ ਹੈ, ਪਰ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ। ਮੰਤਰਾਲੇ ਨੇ ਕਿਹਾ ਕਿ ਭਾਰਤ ਦੀ ਊਰਜਾ ਖਰੀਦ ਬਾਜ਼ਾਰ ਦੀਆਂ ਸਥਿਤੀਆਂ ਅਤੇ ਰਾਸ਼ਟਰੀ ਹਿੱਤਾਂ 'ਤੇ ਨਿਰਭਰ ਹੈ। ਰੂਸ ਭਾਰਤ ਦਾ 35-40% ਕੱਚੇ ਤੇਲ ਦਾ ਸਪਲਾਇਰ ਹੈ। ਟਰੰਪ ਦੀ ਟੀਮ, ਖਾਸ ਕਰਕੇ ਸਲਾਹਕਾਰ ਸਟੀਫਨ ਮਿਲਰ, ਨੇ ਭਾਰਤ 'ਤੇ ਯੂਕਰੇਨ ਜੰਗ ਨੂੰ ਸਮਰਥਨ ਦੇਣ ਦਾ ਇਲਜ਼ਾਮ ਲਾਇਆ, ਜੋ ਭਾਰਤ ਦੀ ਸੰਪ੍ਰਭੂਤਾ 'ਤੇ ਸਵਾਲ ਉਠਾਉਂਦਾ ਹੈ।

### ਵਿਰੋਧੀ ਧਿਰ ਦਾ ਮੋਦੀ ਉਪਰ ਸਿਆਸੀ ਹਮਲਾ

ਟਰੰਪ ਦੇ "ਡੈਡ ਇਕਾਨਮੀ" ਵਾਲੇ ਬਿਆਨ ਨੇ ਭਾਰਤ ਵਿਚ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇਸ ਨੂੰ ਸਹੀ ਠਹਿਰਾਇਆ ਅਤੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਨੋਟਬੰਦੀ, ਜੀਐਸਟੀ, ਅਤੇ "ਅਡਾਨੀ-ਮੋਦੀ ਸਾਂਝੇਦਾਰੀ" ਨੂੰ ਅਰਥਵਿਵਸਥਾ ਦੀ "ਮੌਤ" ਦਾ ਕਾਰਨ ਦੱਸਿਆ।

ਸੁਪ੍ਰਿਆ ਸ਼੍ਰੀਨੇਤ ਨੇ ਕਿਹਾ ਕਿ ਟੈਕਸ ਨਾਲ ਦਵਾਈਆਂ ਮਹਿੰਗੀਆਂ ਹੋਣਗੀਆਂ, ਜਿਸ ਨਾਲ ਨੌਕਰੀਆਂ ਅਤੇ ਉਤਪਾਦਨ 'ਤੇ ਅਸਰ ਪਵੇਗਾ। ਅਖਿਲੇਸ਼ ਯਾਦਵ ਨੇ ਇਸ ਨੂੰ "ਬੁਰੇ ਦਿਨਾਂ ਦੀ ਸ਼ੁਰੂਆਤ" ਕਿਹਾ, ਜਦਕਿ ਸ਼ਸ਼ੀ ਥਰੂਰ ਨੇ ਵਪਾਰਕ ਬਾਜ਼ਾਰਾਂ 'ਚ ਵਿਭਿੰਨਤਾ ਦੀ ਸਲਾਹ ਦਿੱਤੀ।

ਦੂਜੇ ਪਾਸੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਆਪਣੇ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗਾ। ਉਨ੍ਹਾਂ ਨੇ ਰੂਸ ਨਾਲ ਸਬੰਧਾਂ ਨੂੰ "ਸਮੇਂ ਦੀ ਕਸੌਟੀ 'ਤੇ ਖਰਾ" ਦੱਸਿਆ ਅਤੇ ਕਿਹਾ ਕਿ ਇਹ ਸਬੰਧ ਕਿਸੇ ਤੀਜੇ ਦੇਸ਼ ਦੀ ਨਜ਼ਰ ਨਾਲ ਨਹੀਂ ਦੇਖੇ ਜਾਣੇ ਚਾਹੀਦੇ। ਵਣਜ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਭਾਰਤ ਨੇ ਪਿਛਲੇ ਦਹਾਕੇ ਵਿਚ "ਫਰੇਜਾਈਲ ਫਾਈਵ" ਤੋਂ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥਵਿਵਸਥਾ ਦਾ ਸਫਰ ਤੈਅ ਕੀਤਾ ਹੈ।

### ਭਾਰਤ ਦੇ ਅਗਲੇ ਬਦਲ ਕੀ ਹਨ

ਭਾਰਤ ਕੋਲ ਜਵਾਬੀ ਟੈਕਸ ਲਾਉਣ ਦਾ ਬਦਲ ਹੈ, ਪਰ ਸਰਕਾਰ ਗੱਲਬਾਤ ਅਤੇ ਕੂਟਨੀਤੀ ਨੂੰ ਤਰਜੀਹ ਦੇ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਚੀਨ, ਵੀਅਤਨਾਮ ਅਤੇ ਹੋਰ ਬਾਜ਼ਾਰਾਂ ਵੱਲ ਵਧਣਾ ਚਾਹੀਦਾ। ਸ਼ਸ਼ੀ ਥਰੂਰ ਨੇ ਸੁਝਾਅ ਦਿੱਤਾ ਕਿ ਨਿਰਯਾਤ ਬਾਜ਼ਾਰਾਂ ਵਿਚ ਵਿਭਿੰਨਤਾ ਲਿਆਉਣ ਨਾਲ ਅਜਿਹੇ ਝਟਕਿਆਂ ਨੂੰ ਘੱਟ ਕੀਤਾ ਜਾ ਸਕਦਾ ਹੈ।

ਟਰੰਪ ਦੇ ਟੈਕਸ ਅਤੇ ਟਿੱਪਣੀਆਂ ਨੇ ਭਾਰਤ ਦੀ ਅਰਥਵਿਵਸਥਾ ਅਤੇ ਵਿਦੇਸ਼ ਨੀਤੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਜੇ ਭਾਰਤ ਅਮਰੀਕੀ ਦਬਾਅ ਅੱਗੇ ਝੁਕਦਾ ਹੈ, ਤਾਂ ਰੂਸ ਵਰਗੇ ਸਾਥੀਆਂ ਨਾਲ ਸਬੰਧ ਖਰਾਬ ਹੋ ਸਕਦੇ ਹਨ। ਜੇ ਟਕਰਾਅ ਦੀ ਨੀਤੀ ਅਪਣਾਈ, ਤਾਂ ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਨੁਕਸਾਨ ਪਹੁੰਚੇਗਾ।

ਭਾਰਤ ਨੂੰ ਹੁਣ ਸੰਜਮ, ਕੂਟਨੀਤੀ ਅਤੇ ਨਵੇਂ ਬਾਜ਼ਾਰਾਂ ਦੀ ਖੋਜ ਨਾਲ ਅੱਗੇ ਵਧਣਾ ਹੋਵੇਗਾ, ਨਹੀਂ ਤਾਂ ਅਰਥਵਿਵਸਥਾ ਅਤੇ ਸਿਆਸੀ ਮਾਹੌਲ 'ਤੇ ਇਸ ਦਾ ਲੰਬੇ ਸਮੇਂ ਦਾ ਅਸਰ ਪੈ ਸਕਦਾ ਹੈ।

ਭਾਰਤੀ ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਹੀ ਨਹੀਂ, ਬ੍ਰਾਜ਼ੀਲ ਤੇ ਦੱਖਣੀ ਅਫਰੀਕਾ ਨੇ ਵੀ ਟਰੰਪ ਦੀਆਂ ਧਮਕੀਆਂ ਦੀ ਪਰਵਾਹ ਨਹੀਂ ਕੀਤੀ। ਸਭ ਤੋਂ ਵੱਧ ਟੈਰਿਫ ਲਾਏ ਜਾਣ ਦੇ ਬਾਵਜੂਦ ਉਹ ਉਸ ਦੀਆਂ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੋਏ। ਇਸ ਵਿਸ਼ਵ ਵਿਵਸਥਾ ਵਿੱਚ ਜਿਹੜੇ ਦੇਸ਼ ਆਪਣੀ ਸੋਚ 'ਤੇ ਦ੍ਰਿੜ ਰਹਿਣਗੇ, ਉਹ ਸਫਲ ਹੋਣਗੇ।

ਭਾਰਤ ਨੂੰ ਅਮਰੀਕਾ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਆਪਣੇ ਕਿਸਾਨਾਂ ਤੇ ਛੋਟੇ ਕਾਰਖਾਨੇਦਾਰਾਂ ਦੀ ਕੀਮਤ 'ਤੇ ਉਸ ਨਾਲ ਵਪਾਰ ਸਮਝੌਤਾ ਕਤਈ ਨਹੀਂ ਕਰੇਗਾ। ਮੋਦੀ ਦਾ ਕਾਰਪੋਰੇਟ ਪ੍ਰੇਮ ਭਾਰਤ ਦੇ ਸਟੈਂਡ ਨੂੰ ਕਮਜ਼ੋਰ ਕਰ ਸਕਦਾ ਹੈ, ਪਰ ਸਮੇਂ ਦਾ ਤਕਾਜ਼ਾ ਇਹੀ ਹੈ ਕਿ ਜੇ ਕੌਮੀ ਹਿੱਤਾਂ ਦੀ ਰਾਖੀ ਕਰਨੀ ਹੈ ਤਾਂ ਟਰੰਪ ਖਿਲਾਫ ਚੀਨ ਵਰਗਾ ਸਟੈਂਡ ਲੈਣਾ ਹੀ ਪੈਣਾ ਹੈ ।

## ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦਾ ਦਿਹਾਂਤ



ਨਵੀਂ ਦਿੱਲੀ-ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ (79) ਦਾ ਬੀਤੇ ਦਿਨੀਂ ਦਿੱਲੀ ਵਿੱਚ ਲੰਬੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਉਨ੍ਹਾਂ ਨੂੰ 11 ਮਈ ਨੂੰ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਿਆ।

ਸੱਤਿਆਪਾਲ ਮਲਿਕ 23 ਅਗਸਤ, 2018 ਤੋਂ 30 ਅਕਤੂਬਰ, 2019 ਤੱਕ ਜੰਮੂ-ਕਸ਼ਮੀਰ ਦੇ ਰਾਜਪਾਲ ਰਹੇ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ 5 ਅਗਸਤ, 2019 ਨੂੰ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਈ ਗਈ ਸੀ। ਉਨ੍ਹਾਂ ਨੇ ਗੋਆ, ਬਿਹਾਰ ਅਤੇ ਮੇਘਾਲਿਆ ਦੇ ਰਾਜਪਾਲ ਵਜੋਂ ਵੀ ਸੇਵਾਵਾਂ ਦਿੱਤੀਆਂ। ਆਪਣੇ ਬਾਅਦ ਦੇ ਸਮੇਂ ਵਿੱਚ, ਉਹ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਆਲੋਚਕ ਬਣ ਗਏ ਸਨ। ਉਨ੍ਹਾਂ ਨੇ ਖਾਸ ਤੌਰ 'ਤੇ ਕਿਸਾਨਾਂ ਦੇ ਅੰਦੋਲਨ ਅਤੇ ਪੁਲਵਾਮਾ ਹਮਲੇ ਵਰਗੇ ਮੁੱਦਿਆਂ 'ਤੇ ਸਰਕਾਰ ਉੱਤੇ ਸਵਾਲ ਚੁੱਕੇ ਸਨ। ਜਥੇਦਾਰ ਗੜਗੱਜ ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਨਿਧੜਕ ਹੋ ਕੇ ਪੰਜਾਬ ਅਤੇ ਸਿੱਖਾਂ ਲਈ ਆਵਾਜ਼ ਉਠਾਈ ਸੀ।

## ਯੂਥ ਅਕਾਲੀ ਆਗੂ ਦੇ ਘਰ 'ਤੇ ਲੁਟੇਰਿਆਂ ਨੇ ਗੋਲੀ ਚਲਾਈ

ਗੁਰਦਾਸਪੁਰ ਦੇ ਪਿੰਡ ਵੈਰੋਕੇ ਵਿੱਚ ਯੂਥ ਅਕਾਲੀ ਦਲ ਦੇ ਸਰਕਲ ਪ੍ਰਧਾਨ ਹਰਸਿਮਰਤ ਸਿੰਘ ਬਾਜਵਾ ਦੇ ਘਰ 'ਤੇ ਤੜਕੇ ਅਣਪਛਾਤੇ ਲੋਕਾਂ ਨੇ ਗੋਲੀਆਂ ਚਲਾਈਆਂ। ਹਮਲਾਵਰ ਗੇਟ 'ਤੇ ਕਈ ਰਾਊਂਡ ਫਾਇਰ ਕਰਕੇ ਭੱਜ ਗਏ। ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਰਸਿਮਰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ ਕੁਝ ਦਿਨਾਂ ਤੋਂ 50 ਲੱਖ ਰੁਪਏ ਦੀ ਫਿਰੌਤੀ ਲਈ ਫੋਨ ਆ ਰਹੇ ਸਨ, ਜਿਸਦੀ ਸੂਚਨਾ ਉਨ੍ਹਾਂ ਨੇ ਪੁਲਿਸ ਨੂੰ ਪਹਿਲਾਂ ਹੀ ਦੇ ਦਿੱਤੀ ਸੀ। ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ।

# ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ: ਤਖ਼ਤ ਸਾਹਿਬਾਨ ਦੀ ਮਰਿਆਦਾ ਲਈ ਅਹਿਮ ਮਤਾ ਪਾਸ

## ✪ ਵਿਦਿਅਕ ਅਦਾਰਿਆਂ ਵਿਚ ਸੰਘ ਪਰਿਵਾਰ ਦੇ ਸਰਕਾਰੀ ਪ੍ਰਭਾਵ ਉਪਰ ਚਿੰਤਾ ਦਾ ਪ੍ਰਗਟਾਵਾ
## ✪ ਅਕਾਲ ਤਖਤ ਸਾਹਿਬ ਨੂੰ ਸਰਵਉਚ ਤਖਤ ਮੰਨਿਆ, ਬਾਕੀ ਤਖਤਾਂ ਨੂੰ ਇਸ ਅਧੀਨ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸੱਦਿਆ ਗਿਆ ਵਿਸ਼ੇਸ਼ ਜਨਰਲ ਇਜਲਾਸ ਬੀਤੇ ਦਿਨੀਂ ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸੰਪੰਨ ਹੋਇਆ। ਇਸ ਇਜਲਾਸ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਪ੍ਰਧਾਨ ਧਾਮੀ ਸਮੇਤ ਲਗਪਗ 100 ਮੈਂਬਰ ਸ਼ਾਮਲ ਹੋਏ। ਇਜਲਾਸ ਦਾ ਮੁੱਖ ਮਕਸਦ ਤਖ਼ਤ ਸਾਹਿਬਾਨ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣਾ ਅਤੇ ਪੰਥਕ ਮਸਲਿਆਂ 'ਤੇ ਵਿਚਾਰ-ਚਰਚਾ ਸੀ। ਮੈਂਬਰਾਂ ਨੇ ਸਰਬਸੰਮਤੀ ਨਾਲ ਤਖ਼ਤ ਸਾਹਿਬਾਨ ਦੀ ਮਰਿਆਦਾ ਸੰਬੰਧੀ ਮਤਾ ਪਾਸ ਕੀਤਾ ਅਤੇ ਜਥੇਦਾਰਾਂ ਨੂੰ ਪੰਥਕ ਰਵਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।



### ਤਖ਼ਤ ਸਾਹਿਬਾਨ ਦੀ ਮਰਿਆਦਾ ਅਤੇ ਪੰਥਕ ਮਸਲਿਆਂ 'ਤੇ ਵਿਚਾਰ

ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸਾਹਿਬਾਨ ਦੀ ਮਰਿਆਦਾ ਸੰਬੰਧੀ ਮਤਾ ਪੇਸ਼ ਕੀਤਾ, ਜਿਸ 'ਤੇ ਮੈਂਬਰਾਂ ਨੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ। ਮਤੇ ਵਿੱਚ ਜਥੇਦਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਫੈਸਲੇ ਲੈਂਦੇ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਕਾਇਮ ਰੱਖਣ। ਧਾਮੀ ਨੇ ਕਿਹਾ, "ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸੁਪਰੀਮ ਅਥਾਰਟੀ ਹੈ, ਜਿਸ ਦੇ ਫੈਸਲਿਆਂ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਪਰ ਬਾਕੀ ਚਾਰ ਤਖ਼ਤ ਸਾਹਿਬਾਨ ਵੀ ਸਤਿਕਾਰਯੋਗ ਹਨ, ਅਤੇ ਸਥਾਨਕ ਮਾਮਲਿਆਂ ਵਿੱਚ ਸਲਾਹ-ਮਸ਼ਵਰੇ ਬਿਨਾਂ ਦਖ਼ਲ ਨਹੀਂ ਦੇਣਾ ਚਾਹੀਦਾ।"

ਇਜਲਾਸ ਵਿੱਚ ਹੋਰ ਮਸਲਿਆਂ 'ਤੇ ਵੀ ਚਰਚਾ ਹੋਈ, ਜਿਵੇਂ:

ਆਰ.ਐਸ.ਐਸ. ਦਾ ਯੂਨੀਵਰਸਿਟੀਆਂ ਵਿਚ ਦਖ਼ਲ: ਮੈਂਬਰਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦਾ ਵਿਦਿਅਕ ਅਦਾਰਿਆਂ ਵਿਚ ਵਧਦਾ ਸਰਕਾਰੀ ਪ੍ਰਭਾਵ ਸਿੱਖ ਵਿਰਸੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਬੇਅਦਬੀਆਂ ਸੰਬੰਧੀ ਪੰਜਾਬ ਸਰਕਾਰ ਦਾ ਬਿੱਲ: ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਲਿਆਂਦੇ ਬਿੱਲ 'ਤੇ ਵੀ ਵਿਚਾਰ ਹੋਏ।

350 ਸਾਲਾ ਸ਼ਹੀਦੀ ਸ਼ਤਾਬਦੀ: ਪੰਜਾਬ ਸਰਕਾਰ ਦੀ ਵੱਖਰੇ ਗੁਰਮਤਿ ਸਮਾਗਮ ਕਰਨ ਦੀ ਜ਼ਿੱਦ ਨੂੰ ਸ਼੍ਰੋਮਣੀ ਕਮੇਟੀ ਤੇ ਸਿੱਖ ਸੰਸਥਾਵਾਂ ਦੇ ਮੁਕਾਬਲੇ ਵਜੋਂ ਦੇਖਿਆ ਗਿਆ।

### ਮੈਂਬਰਾਂ ਦੀ ਸਰਗਰਮ ਸ਼ਮੂਲੀਅਤ ਅਤੇ ਜਥੇਦਾਰਾਂ ਦੀ ਗੈਰ-ਹਾਜ਼ਰੀ

ਇਜਲਾਸ ਵਿੱਚ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਬੀਬੀ ਕਿਰਨਜੋਤ ਕੌਰ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਜਸਵੰਤ ਸਿੰਘ ਪੁੜੈਣ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ , ਕੁਲਵੰਤ ਸਿੰਘ ਮੰਨਣ ਆਦਿ ਸਮੇਤ ਕਈ ਮੈਂਬਰਾਂ ਨੇ ਵਿਚਾਰ ਪੇਸ਼ ਕੀਤੇ। ਬੀਬੀ ਜਗੀਰ ਕੌਰ ਨੇ ਕਿਹਾ, "ਸ਼੍ਰੋਮਣੀ ਕਮੇਟੀ ਨੂੰ ਆਪਣੀ ਤਾਕਤ ਪਛਾਣ ਕੇ ਸਹੀ ਵਰਤੋਂ ਕਰਨੀ ਚਾਹੀਦੀ।"

ਬੀਬੀ ਕਿਰਨਜੋਤ ਕੌਰ ਨੇ ਸੁਝਾਅ ਦਿੱਤਾ ਕਿ ਅਜਿਹੇ ਇਜਲਾਸ ਸਾਲ ਵਿੱਚ ਇੱਕ ਵਾਰ ਜ਼ਰੂਰ ਹੋਣੇ ਚਾਹੀਦੇ। ਬਾਬਾ ਗੁਰਪ੍ਰੀਤ ਸਿੰਘ ਰੰਧਾਵਾ ਨੇ ਸੰਸਥਾਵਾਂ 'ਤੇ ਸਿਆਸੀ ਦਖ਼ਲਅੰਦਾਜ਼ੀ 'ਤੇ ਚਿੰਤਾ ਜ਼ਾਹਿਰ ਕੀਤੀ ਅਤੇ ਕਿਹਾ, "ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦਾ ਪਹਿਲਾਂ ਵਾਲਾ ਪ੍ਰਭਾਵ ਹੁਣ ਸਿਰਫ਼ ਯਾਦਾਂ 'ਚ ਰਹਿ ਗਿਆ ਹੈ।"

### ਹੋਰ ਪਾਸ ਮਤੇ ਅਤੇ ਸੁਝਾਅ


ਇਜਲਾਸ ਵਿੱਚ ਤਖ਼ਤ ਸਾਹਿਬਾਨ ਦੀ ਮਰਿਆਦਾ ਸੰਬੰਧੀ ਮੁੱਖ ਮਤੇ ਤੋਂ ਇਲਾਵਾ ਹੋਰ ਮਸਲਿਆਂ 'ਤੇ ਵੀ ਮਤੇ ਪਾਸ ਕੀਤੇ ਗਏ। ਇਨ੍ਹਾਂ ਵਿੱਚ ਸਿੱਖ ਵਿਰਸੇ ਨੂੰ ਸੁਰੱਖਿਅਤ ਰੱਖਣ, ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਕਦਮ ਅਤੇ ਸਰਕਾਰੀ ਦਖ਼ਲਅੰਦਾਜ਼ੀ ਨੂੰ ਘਟਾਉਣ ਦੀ ਮੰਗ ਸ਼ਾਮਲ ਸੀ। ਮੈਂਬਰ ਬਲਵਿੰਦਰ ਸਿੰਘ ਬੈਂਸ ਨੇ ਇਜਲਾਸ ਦੀ ਪ੍ਰਕਿਰਿਆ 'ਤੇ ਸਵਾਲ ਉਠਾਇਆ, ਕਿਹਾ ਕਿ "ਵਿਚਾਰ ਸਾਰਿਆਂ ਦੇ ਲਏ ਗਏ, ਪਰ ਮਤਾ ਪਹਿਲਾਂ ਤਿਆਰ ਕਰਕੇ ਪੜ੍ਹਿਆ ਗਿਆ, ਜੋ ਗਲਤ ਹੈ।"

ਇਜਲਾਸ ਨੇ ਸਿੱਖ ਸੰਸਥਾਵਾਂ ਦੀ ਮਜ਼ਬੂਤੀ ਅਤੇ ਪੰਥਕ ਏਕਤਾ 'ਤੇ ਜ਼ੋਰ ਦਿੱਤਾ। 11 ਅਗਸਤ ਨੂੰ ਪੰਜ ਮੈਂਬਰੀ ਭਰਤੀ ਕਮੇਟੀ ਦੇ ਇਜਲਾਸ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੀ ਮੰਗ ਸੰਬੰਧੀ ਪੱਤਰ ਜਥੇਦਾਰ ਸਾਹਿਬ ਨੂੰ ਵਿਚਾਰ ਲਈ ਭੇਜਿਆ ਗਿਆ।

# ਪੰਜਾਬ ਨੇ ਸਤਲੁਜ-ਯਮੁਨਾ ਲਿੰਕ ਨਹਿਰ ਮਾਮਲਾ ਕੇਂਦਰ ਦੇ ਪਾਲੇ ਵਿਚ ਸੁੱਟਿਆ

## ✪ ਕੇਂਦਰ ਸਰਕਾਰ 13 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਹੋਣ ਵਾਲੀ ਅਗਲੀ ਸੁਣਵਾਈ ਵਿੱਚ ਰਿਪੋਰਟ ਪੇਸ਼ ਕਰੇਗੀ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਵਿਚਕਾਰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਚੱਲ ਰਹੀ ਲੰਬੀ ਲੜਾਈ ਵਿੱਚ ਇੱਕ ਨਵਾਂ ਮੋੜ ਆਇਆ ਹੈ। ਹਾਲ ਹੀ ਵਿੱਚ ਹੋਈ ਪੰਜਵੇਂ ਗੇੜ ਦੀ ਦੁਵੱਲੀ ਬੈਠਕ ਵਿੱਚ ਪੰਜਾਬ ਨੇ ਇਸ ਮਾਮਲੇ ਦਾ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਨਵੀਂ ਤਜਵੀਜ਼ ਪੇਸ਼ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਤੋਂ ਬਾਅਦ ਕਿਹਾ ਕਿ ਜੇ ਕੇਂਦਰ ਸਰਕਾਰ ਸਿੰਧੂ ਜਲ ਸੰਧੀ ਰੱਦ ਹੋਣ ਤੋਂ ਬਾਅਦ ਚਨਾਬ ਨਦੀ ਦਾ ਪਾਣੀ ਪੰਜਾਬ ਨੂੰ ਦੇਣ ਲਈ ਰਾਜ਼ੀ ਹੋ ਜਾਂਦੀ ਹੈ, ਤਾਂ ਇਸ ਮਸਲੇ ਦਾ ਪੱਕਾ ਹੱਲ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸੁਪਰੀਮ ਕੋਰਟ ਵਿੱਚ ਆਪਣੀ ਅਗਲੀ ਸੁਣਵਾਈ ਦੌਰਾਨ ਇਹ ਪੱਖ ਵੀ ਰੱਖੇਗਾ ਕਿ ਹਰਿਆਣਾ ਬਣਨ ਤੋਂ ਪਹਿਲਾਂ ਪੰਜਾਬ ਨੂੰ ਯਮੁਨਾ ਦੇ ਪਾਣੀ ਵਿੱਚੋਂ ਵੀ ਹਿੱਸਾ ਮਿਲਦਾ ਸੀ।



### ਅਗਲੇਰੀ ਕਾਰਵਾਈ ਅਤੇ ਸੁਪਰੀਮ ਕੋਰਟ ਦੀ ਭੂਮਿਕਾ

ਕੇਂਦਰ ਸਰਕਾਰ, ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤਹਿਤ ਪੰਜਾਬ ਅਤੇ ਹਰਿਆਣਾ ਵਿਚਕਾਰ ਵਿਚੋਲੇ ਦੀ ਭੂਮਿਕਾ ਨਿਭਾ ਰਹੀ ਹੈ। ਮੀਟਿੰਗ ਵਿੱਚ ਦੋਵਾਂ ਸੂਬਿਆਂ ਨੇ ਮਾਮਲੇ ਨੂੰ ਸੁਲਝਾਉਣ ਲਈ ਸਕਾਰਾਤਮਕ ਰਵੱਈਆ ਦਿਖਾਇਆ। ਹੁਣ ਕੇਂਦਰ ਸਰਕਾਰ 13 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਹੋਣ ਵਾਲੀ ਅਗਲੀ ਸੁਣਵਾਈ ਵਿੱਚ ਇਸ ਮੀਟਿੰਗ ਦੀ ਰਿਪੋਰਟ ਪੇਸ਼ ਕਰੇਗੀ। ਇਹ ਵੀ ਸੰਭਾਵਨਾ ਹੈ ਕਿ ਸੁਪਰੀਮ ਕੋਰਟ ਦੀ ਸੁਣਵਾਈ ਤੋਂ ਪਹਿਲਾਂ ਦੋਵਾਂ ਸੂਬਿਆਂ ਵਿਚਕਾਰ ਇੱਕ ਹੋਰ ਬੈਠਕ ਹੋ ਸਕਦੀ ਹੈ। ਇਹ ਤਜਵੀਜ਼ ਹੁਣ ਕੇਂਦਰ ਸਰਕਾਰ ਲਈ ਇੱਕ ਚੁਣੌਤੀ ਬਣ ਗਈ ਹੈ, ਕਿਉਂਕਿ ਇਸ ਦਾ ਸਿੱਧਾ ਅਸਰ ਸਿੰਧੂ ਜਲ ਸੰਧੀ ਅਤੇ ਪਾਣੀ ਦੀ ਵੰਡ ਨਾਲ ਜੁੜੇ ਹੋਰ ਮਾਮਲਿਆਂ 'ਤੇ ਪੈ ਸਕਦਾ ਹੈ।

# ਈ.ਡੀ. ਵੱਲੋਂ ਅਨਿਲ ਅੰਬਾਨੀ ਤੋਂ 10 ਘੰਟੇ ਪੁੱਛਗਿੱਛ



ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ (66) ਤੋਂ ਲਗਭਗ 10 ਘੰਟੇ ਪੁੱਛਗਿੱਛ ਕੀਤੀ। ਇਹ ਪੁੱਛਗਿੱਛ ਕਰੋੜਾਂ ਰੁਪਏ ਦੇ ਕਥਿਤ ਬੈਂਕ ਕਰਜ਼ਾ ਧੋਖਾਧੜੀ ਮਾਮਲਿਆਂ ਨਾਲ ਜੁੜੇ ਇੱਕ ਮਾਮਲੇ ਵਿੱਚ ਹੋਈ।

ਸੂਤਰਾਂ ਅਨੁਸਾਰ, ਅੰਬਾਨੀ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ। ਹਾਲਾਂਕਿ, ਈ.ਡੀ. ਦੇ ਜਾਂਚਕਰਤਾ ਸੰਤੁਸ਼ਟ ਨਹੀਂ ਹਨ ਅਤੇ ਉਨ੍ਹਾਂ ਨੂੰ ਦੁਬਾਰਾ ਬੁਲਾਇਆ ਜਾ ਸਕਦਾ ਹੈ। ਇਹ ਜਾਂਚ ਈ.ਡੀ. ਵੱਲੋਂ ਮੁੰਬਈ ਵਿੱਚ 50 ਕੰਪਨੀਆਂ ਅਤੇ 25 ਲੋਕਾਂ 'ਤੇ ਛਾਪੇਮਾਰੀ ਤੋਂ ਬਾਅਦ ਸ਼ੁਰੂ ਹੋਈ ਸੀ। ਇਸੇ ਨਾਲ ਜੁੜੇ ਇੱਕ ਮਾਮਲੇ ਵਿੱਚ ਈ.ਡੀ. ਨੇ ਓਡੀਸ਼ਾ ਦੀ ਇੱਕ ਕੰਪਨੀ ਦੇ ਐਮ.ਡੀ. ਪਾਰਥ ਸਾਰਥੀ ਬਿਸਵਾਲ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ।

# ਸੌਦਾ ਸਾਧ ਦੀ 14ਵੀਂ ਪੈਰੋਲ: ਕੀ ਬੀਜੇਪੀ ਦਾ ਸੌਦਾ ਸਾਧ ਨਾਲ ਸਿਆਸੀ ਸਮਝੌਤਾ ਹੈ?

## ✪ ਕਿਉਂ ਮਿਲਦੀ ਹੈ ਸੌਦਾ ਸਾਧ ਨੂੰ ਬਾਰ-ਬਾਰ ਰਿਹਾਈ? ✪ ਸਿੱਖ ਸੰਸਥਾਵਾਂ ਵਲੋਂ ਵਿਰੋਧ: ਨਿਆਂ 'ਤੇ ਸਵਾਲ ਅਤੇ ਸਿਆਸੀ ਖੇਡ

### ਕਵਰ ਸਟੋਰੀ

ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ, ਜਿਸ ਨੂੰ ਬਲਾਤਕਾਰ ਅਤੇ ਕਤਲ ਵਰਗੇ ਸੰਗੀਨ ਅਪਰਾਧਾਂ ਵਿੱਚ ਸਜ਼ਾ ਸੁਣਾਈ ਗਈ ਹੈ, ਨੂੰ 5 ਅਗਸਤ 2025 ਨੂੰ ਹਰਿਆਣਾ ਸਰਕਾਰ ਨੇ 40 ਦਿਨਾਂ ਦੀ ਪੈਰੋਲ ਦਿੱਤੀ ਗਈ। ਇਹ ਉਸ ਦੀ 14ਵੀਂ ਵਾਰ ਰਿਹਾਈ ਹੈ। ਇਸ ਰਿਹਾਈ ਨੇ ਸਿਆਸੀ ਹਲਚਲ ਨੂੰ ਜਨਮ ਦਿੱਤਾ ਹੈ, ਜਿਸ ਵਿੱਚ ਭਾਜਪਾ 'ਤੇ ਚੋਣਾਂ ਦੇ ਲਾਭ ਲਈ ਸੌਦਾ ਸਾਧ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦੇ ਇਲਜ਼ਾਮ ਲੱਗ ਰਹੇ ਹਨ।

ਸੌਦਾ ਸਾਧ ਦੇ ਲੱਖਾਂ ਸ਼ਰਧਾਲੂ, ਖਾਸਕਰ ਹਰਿਆਣਾ ਦੀਆਂ 30 ਤੋਂ ਵੱਧ ਵਿਧਾਨ ਸਭਾ ਸੀਟਾਂ 'ਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ। ਪਰ ਸਵਾਲ ਇਹ ਹੈ ਕਿ ਇੰਨੇ ਗੰਭੀਰ ਅਪਰਾਧਾਂ ਦੇ ਦੋਸ਼ੀ ਨੂੰ ਬਾਰ-ਬਾਰ ਪੈਰੋਲ ਕਿਉਂ ਮਿਲ ਰਹੀ ਹੈ, ਜਦਕਿ ਹੋਰ ਕੈਦੀਆਂ ਨੂੰ ਅਜਿਹੀ ਰਾਹਤ ਨਹੀਂ ਦਿੱਤੀ ਜਾਂਦੀ?

### ਸੌਦਾ ਸਾਧ ਦੀ ਬਾਰ-ਬਾਰ ਰਿਹਾਈ: ਪੈਰੋਲ ਦਾ ਸਿਲਸਿਲਾ

ਸੌਦਾ ਸਾਧ ਨੂੰ 2017 ਵਿੱਚ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਤੇ ਡੇਰਾ ਪ੍ਰਬੰਧਕ ਸਮਿਤੀ ਦੇ ਸਾਬਕਾ ਮੈਂਬਰ ਰਣਜੀਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਪਰ 2017 ਤੋਂ ਹੁਣ ਤੱਕ, ਉਸ ਨੇ ਸਜ਼ਾ ਦੇ 295 ਦਿਨਾਂ ਤੋਂ ਵੱਧ ਸਮਾਂ ਜੇਲ੍ਹ ਤੋਂ ਬਾਹਰ ਬਿਤਾਇਆ। ਉਸ ਦੀਆਂ ਰਿਹਾਈਆਂ ਦਾ ਵੇਰਵਾ ਇਸ ਤਰ੍ਹਾਂ ਹੈ:

2020: ਮਾਂ ਨਾਲ ਮੁਲਾਕਾਤ ਲਈ 1 ਦਿਨ ਦੀ ਪੈਰੋਲ।

2022: ਤਿੰਨ ਵਾਰ ਪੈਰੋਲ/ਫਰਲੋ, ਜਿਸ ਵਿੱਚ 40 ਅਤੇ 21 ਦਿਨਾਂ ਦੀਆਂ ਛੁੱਟੀਆਂ ਸ਼ਾਮਲ।

2023: ਪੰਜ ਵਾਰ ਪੈਰੋਲ, ਜਿਸ ਵਿੱਚ 50 ਦਿਨਾਂ ਦੀ ਲੰਮੀ ਪੈਰੋਲ ਵੀ ਸੀ।

2024: 13 ਅਗਸਤ ਨੂੰ 21 ਦਿਨ ਅਤੇ 1 ਅਕਤੂਬਰ ਨੂੰ 20 ਦਿਨ ਦੀ ਫਰਲੋ।

2025: 28 ਜਨਵਰੀ ਨੂੰ 30 ਦਿਨ ਦੀ ਪੈਰੋਲ ਅਤੇ 9 ਅਪ੍ਰੈਲ ਨੂੰ 21 ਦਿਨ ਦੀ ਫਰਲੋ।

5 ਅਗਸਤ 2025: 40 ਦਿਨਾਂ ਦੀ ਪੈਰੋਲ ਮਿਲੀ, ਜਿਸ ਦੌਰਾਨ ਉਹ ਸਿਰਸਾ ਵਿੱਚ ਡੇਰਾ ਸੱਚਾ ਸੌਦਾ ਮੁੱਖ ਮੁਕਾਮ 'ਤੇ ਰਹੇਗਾ ਅਤੇ ਆਪਣਾ ਜਨਮਦਿਨ ਤੇ ਰਖੜੀ ਮਨਾਏਗਾ।

ਜੇਲ੍ਹ ਮੈਨੂਅਲ ਅਨੁਸਾਰ, ਪੈਰੋਲ ਪਰਿਵਾਰਕ ਐਮਰਜੈਂਸੀ (ਜਿਵੇਂ ਵਿਆਹ ਜਾਂ ਮੌਤ) ਲਈ ਦਿੱਤੀ ਜਾਂਦੀ ਹੈ, ਜਦਕਿ ਫਰਲੋ ਕੈਦੀ ਨੂੰ ਸਮਾਜ ਨਾਲ ਜੋੜੀ ਰੱਖਣ ਲਈ ਹੁੰਦੀ ਹੈ, ਜਿਸ ਲਈ ਠੋਸ ਕਾਰਨ ਜ਼ਰੂਰੀ ਨਹੀਂ। 10 ਸਾਲ ਤੋਂ ਵੱਧ ਸਜ਼ਾ ਵਾਲੇ ਕੈਦੀ ਨੂੰ ਸਾਲ ਵਿੱਚ 10 ਹਫਤਿਆਂ ਦੀ ਪੈਰੋਲ ਅਤੇ 4 ਹਫਤਿਆਂ



ਦੀ ਫਰਲੋ ਮਿਲ ਸਕਦੀ ਹੈ। ਪਰ ਸੌਦਾ ਸਾਧ ਨੂੰ ਬਿਨਾਂ ਸਪਸ਼ਟ ਕਾਰਨ ਦੇ ਵਾਰ-ਵਾਰ ਰਿਹਾਈ ਦਿੱਤੀ ਜਾ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ, ਦੇਸ਼ ਵਿੱਚ ਕੋਈ ਹੋਰ ਕੈਦੀ ਨਹੀਂ, ਜਿਸ ਨੂੰ ਇੰਨੇ ਘੱਟ ਸਮੇਂ ਵਿੱਚ ਇੰਨੀਆਂ ਵਾਰ ਰਿਹਾਈ ਮਿਲੀ ਹੋਵੇ।

2024 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਬਿਨਾਂ ਇਜਾਜ਼ਤ ਪੈਰੋਲ ਨਾ ਦੇਣ ਦੀ ਚਿਤਾਵਨੀ ਦਿੱਤੀ ਸੀ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਸੌਦਾ ਸਾਧ ਦੀ ਰਿਹਾਈ ਨੂੰ ਚੁਣੌਤੀ ਦਿੱਤੀ ਸੀ।

### ਸੌਦਾ ਸਾਧ ਦੇ ਅਪਰਾਧ: ਬਲਾਤਕਾਰ ਤੋਂ ਕਤਲ ਤੱਕ

ਬਲਾਤਕਾਰ ਮਾਮਲਾ-2002 ਵਿੱਚ ਇੱਕ ਅਗਿਆਤ ਪੱਤਰ ਨੇ ਡੇਰਾ ਸੌਦਾ ਦੀਆਂ ਕਾਲੀਆਂ ਕਰਤੂਤਾਂ ਨੂੰ ਸਾਹਮਣੇ ਲਿਆਂਦਾ। ਇੱਕ ਸਾਧਵੀ ਨੇ ਦੱਸਿਆ ਕਿ ਸਿਰਸਾ ਸਥਿਤ ਡੇਰਾ ਮੁੱਖ ਮੁਕਾਮ ਵਿੱਚ ਸੌਦਾ ਸਾਧ ਨੇ ਉਸ ਅਤੇ ਹੋਰ ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਕੀਤਾ।

ਇਹ ਪੱਤਰ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਨੂੰ ਭੇਜਿਆ ਗਿਆ। ਸਾਧਵੀ ਮੁਤਾਬਕ, ਰਾਮ ਰਹੀਮ ਆਪਣੀ "ਗੁਫਾ" (ਆਲੀਸ਼ਾਨ ਨਿੱਜੀ ਕਮਰਾ) ਵਿੱਚ ਸਾਧਵੀਆਂ ਨੂੰ ਬੁਲਾਉਂਦਾ ਸੀ, ਜਿੱਥੇ 200 ਤੋਂ ਵੱਧ ਸਾਧਵੀਆਂ ਉਸ ਦੀ ਸੇਵਾ ਕਰਦੀਆਂ ਸਨ। ਵਿਰੋਧ ਕਰਨ 'ਤੇ ਪਰਿਵਾਰ ਨੂੰ ਨੁਕਸਾਨ ਦੀ ਧਮਕੀ ਮਿਲਦੀ ਸੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ। 25 ਅਗਸਤ 2017 ਨੂੰ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸੌਦਾ ਸਾਧ ਨੂੰ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ 20 ਸਾਲ ਦੀ ਸਜ਼ਾ ਸੁਣਾਈ। ਸਜ਼ਾ ਦੇ ਐਲਾਨ ਤੋਂ ਬਾਅਦ ਹਰਿਆਣਾ ਅਤੇ ਪੰਜਾਬ ਵਿੱਚ ਹਿੰਸਾ ਭੜਕੀ, ਜਿਸ ਵਿੱਚ 40 ਲੋਕ ਮਾਰੇ ਗਏ ਅਤੇ 254 ਜ਼ਖਮੀ ਹੋਏ ਸਨ।

### ਰਾਮਚੰਦਰ ਛਤਰਪਤੀ ਦਾ ਕਤਲ

ਸਿਰਸਾ ਦੇ ਛੋਟੇ ਅਖਬਾਰ "ਪੂਰਾ ਸੱਚ" ਦੇ ਸੰਪਾਦਕ ਰਾਮਚੰਦਰ ਛਤਰਪਤੀ ਨੇ 30 ਮਈ 2002 ਨੂੰ ਸਾਧਵੀ ਦੇ ਪੱਤਰ ਨੂੰ "ਧਰਮ ਦੇ ਨਾਂ 'ਤੇ ਸਾਧਵੀਆਂ ਦਾ ਜੀਵਨ ਬਰਬਾਦ" ਸਿਰਲੇਖ ਨਾਲ ਛਾਪਿਆ। ਇਸ ਖਬਰ ਨੇ ਸੌਦਾ ਸਾਧ ਦੇ ਅਕਸ ਨੂੰ ਡੂੰਘਾ ਨੁਕਸਾਨ ਪਹੁੰਚਾਇਆ। ਉਸ ਨੂੰ ਸ਼ੱਕ ਸੀ ਕਿ ਇਹ ਪੱਤਰ ਡੇਰੇ ਦੇ ਸਾਬਕਾ ਮੈਂਬਰ ਰਣਜੀਤ ਸਿੰਘ ਨੇ ਆਪਣੀ ਭੈਣ ਤੋਂ ਲਿਖਵਾਇਆ ਸੀ ਅਤੇ ਛਤਰਪਤੀ ਨੇ ਇਸ ਨੂੰ ਛਾਪ ਕੇ ਸਾਜ਼ਿਸ਼ ਨੂੰ ਹਵਾ ਦਿੱਤੀ ਸੀ। 24 ਅਕਤੂਬਰ 2002 ਨੂੰ ਡੇਰੇ ਦੇ ਦੋ ਸ਼ੂਟਰਾਂ ਨੇ ਛਤਰਪਤੀ 'ਤੇ ਉਸ ਦੇ ਘਰ ਦੇ ਬਾਹਰ ਪੰਜ ਗੋਲੀਆਂ ਚਲਾਈਆਂ ਸਨ। 21 ਨਵੰਬਰ 2002 ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ ਸੀ। ਸੀਬੀਆਈ ਜਾਂਚ ਵਿੱਚ ਸੌਦਾ ਸਾਧ ਨੂੰ ਕਤਲ ਦਾ ਮੁੱਖ ਸਾਜ਼ਿਸ਼ਕਰਤਾ ਪਾਇਆ ਗਿਆ ਸੀ। 11 ਜਨਵਰੀ 2019 ਨੂੰ ਪੰਚਕੂਲਾ ਦੀ ਸੀਬੀਆਈ ਅਦਾਲਤ ਨੇ ਉਸ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਸੀ।

### ਰਣਜੀਤ ਸਿੰਘ ਦਾ ਕਤਲ

ਰਣਜੀਤ ਸਿੰਘ ਡੇਰਾ ਸੌਦਾ ਦੀ ਪ੍ਰਬੰਧਕ ਸਮਿਤੀ ਦਾ ਮੈਂਬਰ ਸੀ। ਸੌਦਾ ਸਾਧ ਨੂੰ ਸ਼ੱਕ ਸੀ ਕਿ ਸਾਧਵੀ ਦਾ ਪੱਤਰ ਰਣਜੀਤ ਨੇ ਆਪਣੀ ਭੈਣ ਤੋਂ ਲਿਖਵਾਇਆ ਸੀ। 10 ਜੁਲਾਈ 2002 ਨੂੰ ਰਣਜੀਤ ਦੀ ਉਸ ਦੇ ਪਿੰਡ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਸੀਬੀਆਈ ਜਾਂਚ ਵਿੱਚ ਸੌਦਾ ਸਾਧ ਨੂੰ ਕਤਲ ਦਾ ਹੁਕਮ ਦੇਣ ਵਾਲਾ ਪਾਇਆ ਗਿਆ। 8 ਅਕਤੂਬਰ 2021 ਨੂੰ ਉਸ ਨੂੰ ਉਮਰਕੈਦ ਦੀ ਸਜ਼ਾ ਮਿਲੀ, ਪਰ 2024 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਸੀ। ਸੀਬੀਆਈ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ, ਅਤੇ 2025 ਵਿੱਚ ਸੌਦਾ ਸਾਧ ਨੂੰ ਨੋਟਿਸ ਜਾਰੀ ਹੋਇਆ ਸੀ।

### ਬੀਜੇਪੀ ਅਤੇ ਡੇਰਾ ਸੌਦਾ: ਸਿਆਸੀ ਸਮਝੌਤੇ ਦੀ ਗੱਲ?

ਸੌਦਾ ਸਾਧ ਦੀ ਬਾਰ-ਬਾਰ ਰਿਹਾਈ ਦੇ ਪਿੱਛੇ ਸਿਆਸੀ ਸਵਾਰਥ ਦੀ ਚਰਚਾ ਤੇਜ਼ ਹੈ। ਹਰਿਆਣਾ ਦੇ 6 ਜ਼ਿਲ੍ਹਿਆਂ-ਸਿਰਸਾ, ਫਤਿਹਾਬਾਦ, ਹਿਸਾਰ, ਕੈਥਲ, ਕੁਰੂਕਸ਼ੇਤਰ ਅਤੇ ਕਰਨਾਲ-ਵਿੱਚ ਡੇਰੇ ਦੇ ਲੱਖਾਂ ਅਨੁਯਾਈ ਹਨ।

ਅੰਦਾਜ਼ਨ 30 ਤੋਂ ਵੱਧ ਵਿਧਾਨ ਸਭਾ ਸੀਟਾਂ 'ਤੇ ਉਹ ਵੋਟਰਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਬੀਜੇਪੀ ਨਾਲ ਡੇਰੇ ਦੇ ਸਬੰਧ 2014 ਤੋਂ ਮਜ਼ਬੂਤ ਹੋਏ ਸਨ।

2014: ਸੌਦਾ ਸਾਧ ਨੇ ਪ੍ਰੇਮੀਆਂ ਨੂੰ ਬੀਜੇਪੀ ਨੂੰ ਵੋਟ ਦੇਣ ਦਾ ਸੱਦਾ ਦਿੱਤਾ। ਬੀਜੇਪੀ ਨੇ ਹਰਿਆਣਾ ਵਿੱਚ ਸਾਰੀਆਂ 10 ਲੋਕ ਸਭਾ ਸੀਟਾਂ ਅਤੇ 40 ਵਿਧਾਨ ਸਭਾ ਸੀਟਾਂ ਜਿੱਤੀਆਂ ਸਨ। ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਡੇਰੇ ਜਾ ਕੇ ਸੌਦਾ ਸਾਧ ਦਾ ਧੰਨਵਾਦ ਕੀਤਾ ਸੀ।

2015: ਦਿੱਲੀ ਅਤੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਡੇਰੇ ਨੇ ਬੀਜੇਪੀ ਦਾ ਸਮਰਥਨ ਕੀਤਾ ਸੀ।

2024: ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰੇ ਨੇ ਪ੍ਰੇਮੀਆਂ ਨੂੰ ਬੀਜੇਪੀ ਲਈ ਵੋਟਾਂ ਪਾਉਣ ਦਾ ਨਿਰਦੇਸ਼ ਦਿੱਤਾ।

ਬੀਜੇਪੀ ਵਿਧਾਇਕ ਸੁਨੀਲ ਸਾਂਗਵਾਨ, ਜੋ ਸੁਨਾਰੀਆ ਜੇਲ੍ਹ ਦੇ ਸਾਬਕਾ ਜੇਲਰ ਰਹੇ, 'ਤੇ ਜੇਲਰ ਹੁੰਦਿਆਂ ਸੌਦਾ ਸਾਧ ਨੂੰ ਵਿਸ਼ੇਸ਼ ਸਹੂਲਤਾਂ ਦੇਣ ਦੇ ਇਲਜ਼ਾਮ ਸਨ। ਉਨ੍ਹਾਂ ਦੇ ਪਿਤਾ ਸਤਪਾਲ ਸਾਂਗਵਾਨ ਬੀਜੇਪੀ ਮੰਤਰੀ ਰਹੇ।

2024 ਵਿੱਚ ਸੁਨੀਲ ਨੂੰ ਸੌਦਾ ਸਾਧ ਦੀ ਸਿਫਾਰਸ਼ 'ਤੇ ਬੀਜੇਪੀ ਨੇ ਟਿਕਟ ਦਿੱਤੀ। 2022 ਵਿੱਚ ਹਰਿਆਣਾ ਸਰਕਾਰ ਨੇ ਜੇਲ੍ਹ ਨਿਯਮਾਂ ਵਿੱਚ ਸੋਧ ਕਰਕੇ ਪੈਰੋਲ ਅਤੇ ਫਰਲੋ ਨੂੰ ਸੌਖਾ ਕੀਤਾ, ਜਿਸ ਦਾ ਸਭ ਤੋਂ ਵੱਡਾ ਲਾਭ ਸੌਦਾ ਸਾਧ ਨੂੰ ਮਿਲਿਆ।

### ਸਿੱਖ ਸੰਸਥਾਵਾਂ ਦਾ ਵਿਰੋਧ ਅਤੇ ਸਮਾਜਿਕ ਪ੍ਰਤੀਕਿਰਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਰਾਮ ਰਹੀਮ ਦੀ ਵਾਰ-ਵਾਰ ਪੈਰੋਲ ਦਾ ਸਖਤ ਵਿਰੋਧ ਕੀਤਾ। ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੌਦਾ ਸਾਧ ਨੂੰ ਸਜ਼ਾ ਅਦਾਲਤ ਨੇ ਦਿੱਤੀ, ਪਰ ਸਰਕਾਰਾਂ ਦੀ ਨਰਮੀ ਕਾਰਨ ਉਹ ਵਾਰ-ਵਾਰ ਬਾਹਰ ਆ ਰਿਹਾ ਹੈ। ਜਦਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਈ ਨਹੀਂ ਮਿਲਦੀ। ਇਹ ਦੋਗਲਾ ਮਾਪਦੰਡ ਕਿਉਂ?"

ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਵੀ ਇਸ ਮੁੱਦੇ 'ਤੇ ਗੁੱਸਾ ਹੈ। ਸੋਸ਼ਲ ਮੀਡੀਆ 'ਤੇ ਲੋਕ ਸਵਾਲ ਉਠਾ ਰਹੇ ਹਨ ਕਿ ਜੇ ਸੌਦਾ ਸਾਧ ਵਰਗੇ ਅਪਰਾਧੀ ਨੂੰ ਬਾਰ-ਬਾਰ ਰਿਹਾਈ ਮਿਲ ਸਕਦੀ ਹੈ, ਤਾਂ ਸਿੱਖ ਬੰਦੀਆਂ ਨੂੰ ਅਜਿਹੀ ਰਾਹਤ ਕਿਉਂ ਨਹੀਂ? ਇਹ ਮੁੱਦਾ ਕਾਨੂੰਨ ਦੀ ਸਮਾਨਤਾ ਅਤੇ ਸਿਆਸੀ ਸਮਝੌਤਿਆਂ 'ਤੇ ਸਵਾਲ ਖੜ੍ਹਾ ਕਰਦਾ ਹੈ।

# ਅਮਰੀਕਾ ਵੱਲੋਂ ਗਰੀਨ ਕਾਰਡ ਨਿਯਮ ਸਖਤ, ਅਮਰੀਕਾ ਜਾਣਾ ਹੋਇਆ ਮਹਿੰਗਾ

## ✪ ਭਾਰਤੀਆਂ 'ਤੇ ਹੋਵੇਗਾ ਅਸਰ: ਸ਼ਾਦੀਸ਼ੁਦਾ ਜੋੜਿਆਂ ਲਈ ਮੁਸ਼ਕਲ ਖੜੀ ਹੋਵੇਗੀ

## ✪ ਵੀਜ਼ਾ ਲਈ ਲੱਖਾਂ ਦਾ ਬਾਂਡ ਭਰਨਾ ਹੋਵੇਗਾ: ਟਰੰਪ ਦੀ ਨਵੀਂ ਨੀਤੀ ਦਾ ਐਲਾਨ

### ਖਾਸ ਖਬਰ

ਅਮਰੀਕਾ ਦੀ ਸਰਕਾਰ ਨੇ ਗਰੀਨ ਕਾਰਡ ਜਾਰੀ ਕਰਨ ਦੇ ਨਿਯਮਾਂ ਨੂੰ ਹੋਰ ਸਖਤ ਕਰ ਦਿੱਤਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਦਾ ਮਕਸਦ ਧੋਖਾਧੜੀ ਵਾਲੇ ਵਿਆਹਾਂ ਨੂੰ ਰੋਕਣਾ ਅਤੇ ਸਿਰਫ ਸੱਚੇ ਰਿਸ਼ਤਿਆਂ ਨੂੰ ਹੀ ਮਾਨਤਾ ਦੇਣਾ ਹੈ। ਇਹ ਨਿਯਮ 1 ਅਗਸਤ 2025 ਤੋਂ ਲਾਗੂ ਹੋ ਗਏ ਹਨ ਅਤੇ ਸਾਰੀਆਂ ਪੁਰਾਣੀਆਂ ਤੇ ਨਵੀਆਂ ਅਰਜੀਆਂ 'ਤੇ ਵੀ ਲਾਗੂ ਹੋਣਗੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਮੁਤਾਬਕ, ਇਹ ਕਦਮ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ 'ਚ ਵਿਸ਼ਵਾਸ ਬਣਾਈ ਰੱਖਣ ਅਤੇ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਜਰੂਰੀ ਹੈ।

ਨਵੇਂ ਨਿਯਮਾਂ ਨੇ ਵਿਆਹ-ਆਧਾਰਿਤ ਗਰੀਨ ਕਾਰਡ ਅਰਜੀਆਂ ਦੀ ਜਾਂਚ ਨੂੰ ਬਹੁਤ ਸਖਤ ਕਰ ਦਿੱਤਾ ਹੈ। ਹੁਣ ਜੋੜਿਆਂ ਨੂੰ ਆਪਣੇ ਰਿਸ਼ਤੇ ਦੀ ਸੱਚਾਈ ਸਾਬਤ ਕਰਨ ਲਈ ਪੁਖਤਾ ਸਬੂਤ ਦੇਣੇ ਪੈਣਗੇ, ਜਿਵੇਂ ਕਿ ਸੰਯੁਕਤ ਵਿੱਤੀ ਵੇਰਵੇ, ਫੋਟੋਆਂ, ਪਰਿਵਾਰਕ ਹਲਫਨਾਮੇ ਅਤੇ ਹੋਰ ਦਸਤਾਵੇਜ। ਨਾਲ ਹੀ, ਜੋੜਿਆਂ ਦੇ ਨਿੱਜੀ ਹਸਤਾਖ਼ਰ ਵੀ ਲਏ ਜਾਣਗੇ, ਜਿਸ ਵਿਚ ਉਨ੍ਹਾਂ ਦੇ ਰਿਸ਼ਤੇ ਦੀ ਪੜਤਾਲ ਹੋਵੇਗੀ। ਜੇ ਕੋਈ ਅਮਰੀਕੀ ਨਾਗਰਿਕ ਭਾਰਤੀ ਜੀਵਨ ਸਾਥੀ ਨੂੰ ਸਪਾਂਸਰ ਕਰਦਾ ਹੈ, ਤਾਂ ਉਸ ਨੂੰ ਸਖਤ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਜਿਹੜੇ ਲੋਕ ਪਹਿਲਾਂ ਹੀ ਕਿਸੇ ਹੋਰ ਵੀਜ਼ੇ 'ਤੇ ਅਮਰੀਕਾ ਵਿਚ ਹਨ ਅਤੇ ਵਿਆਹ ਰਾਹੀਂ ਸਟੇਟਸ ਬਦਲਣਾ ਚਾਹੁੰਦੇ ਹਨ, ਉਨ੍ਹਾਂ ਦੀ ਪਿਛੋਕੜ ਦੀ ਵੀ ਡੂੰਘੀ ਪੜਤਾਲ ਹੋਵੇਗੀ।




### ਯਾਤਰਾ ਲਈ ਲੱਖਾਂ ਦਾ ਬਾਂਡ ਕਿਉਂ ਭਰਨਾ ਪਵੇਗਾ?

ਟਰੰਪ ਪ੍ਰਸ਼ਾਸਨ ਨੇ ਵੀਜ਼ਾ ਨਿਯਮਾਂ ਵਿਚ ਵੱਡੇ ਬਦਲਾਅ ਦਾ ਪ੍ਰਸਤਾਵ ਰੱਖਿਆ ਹੈ, ਜਿਸ 'ਚ ਭਾਰਤ ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਜਾਣ ਲਈ 5,000 ਤੋਂ 15,000 ਡਾਲਰ (ਕਰੀਬ 4.25 ਲੱਖ ਤੋਂ 12.75 ਲੱਖ ਰੁਪਏ) ਦਾ ਬਾਂਡ ਜਮ੍ਹਾ ਕਰਨਾ ਪੈ ਸਕਦਾ ਹੈ। ਇਸ ਬਾਂਡ ਦਾ ਮਕਸਦ ਇਹ ਯਕੀਨੀ ਕਰਨਾ ਹੈ ਕਿ ਵੀਜ਼ਾ ਧਾਰਕ ਅਮਰੀਕਾਵਿੱਚ ਨਿਰਧਾਰਤ ਸਮੇਂ ਤੋਂ ਵੱਧ ਨਾ ਰੁਕਣ ਅਤੇ ਵਾਪਸ ਆਪਣੇ ਦੇਸ਼ ਪਰਤ ਜਾਣ। ਇਹ ਪਾਇਲਟ ਪ੍ਰੋਗਰਾਮ 20 ਅਗਸਤ 2025 ਤੋਂ ਸ਼ੁਰੂ ਹੋ ਸਕਦਾ ਹੈ ਅਤੇ ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਦੇ ਨਾਗਰਿਕ ਅਕਸਰ ਵੀਜ਼ਾ ਮਿਆਦ ਖਤਮ ਹੋਣ 'ਤੇ ਵੀ ਅਮਰੀਕਾ ਵਿਚ ਰਹਿ ਜਾਂਦੇ ਹਨ। ਜੇ ਵੀਜ਼ਾ ਧਾਰਕ ਸਮੇਂ ਸਿਰ ਵਾਪਸ ਪਰਤਦਾ ਹੈ, ਤਾਂ ਇਹ ਰਕਮ ਵਾਪਸ ਮਿਲ ਸਕਦੀ ਹੈ।

### ਭਾਰਤੀਆਂ 'ਤੇ ਕੀ ਹੋਵੇਗਾ ਅਸਰ?

ਅਮਰੀਕਾ ਵਿਚ ਵਸਦੇ ਵਿਦੇਸ਼ੀਆਂ ਵਿਚ ਭਾਰਤੀਆਂ ਦੀ ਗਿਣਤੀ ਕਾਫੀ ਵੱਡੀ ਹੈ, ਇਸ ਲਈ ਇਨ੍ਹਾਂ ਸਖਤ ਨਿਯਮਾਂ ਦਾ ਸਿੱਧਾ ਅਸਰ ਭਾਰਤੀਆਂ 'ਤੇ ਪਵੇਗਾ। ਵਿਆਹ-ਆਧਾਰਿਤ ਗਰੀਨ ਕਾਰਡ ਲਈ ਅਰਜੀ ਕਰਨ ਵਾਲੇ ਭਾਰਤੀ ਜੋੜਿਆਂ ਨੂੰ ਹੁਣ ਵਧੇਰੇ ਸਬੂਤ ਅਤੇ ਸਖਤ ਜਾਂਚ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਪ੍ਰਕਿਰਿਆ ਲੰਮੀ ਅਤੇ ਔਖੀ ਹੋ ਸਕਦੀ ਹੈ। ਨਾਲ ਹੀ, ਨਵੇਂ ਵੀਜ਼ਾ ਬਾਂਡ ਨਿਯਮ ਨੇ ਭਾਰਤੀਆਂ ਲਈ ਅਮਰੀਕਾ ਜਾਣਾ ਮਹਿੰਗਾ ਅਤੇ ਮੁਸ਼ਕਲ ਬਣਾ ਦਿੱਤਾ ਹੈ। ਖਾਸ ਕਰਕੇ ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿਚੋਂ ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਵੱਡੀ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ, ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀਆਂ ਨੂੰ ਵੀ ਡਿਪੋਰਟੇਸ਼ਨ ਦਾ ਡਰ ਸਤਾ ਰਿਹਾ ਹੈ, ਜਿਵੇਂ ਕਿ ਹਾਲ ਹੀ ਵਿਚ 104 ਭਾਰਤੀਆਂ ਨੂੰ ਅਮਰੀਕੀ ਫੌਜੀ ਜਹਾਜ ਰਾਹੀਂ ਵਾਪਸ ਭੇਜਿਆ ਗਿਆ।

ਇਹ ਸਖਤ ਨੀਤੀਆਂ ਭਾਰਤੀਆਂ ਦੇ ਅਮਰੀਕਾ ਵਿਚ ਸਥਾਈ ਨਿਵਾਸ ਜਾਂ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਸ ਨਾਲ ਕਈ ਪਰਿਵਾਰਾਂ ਵਿਚ ਚਿੰਤਾ ਵਧ ਰਹੀ ਹੈ।

## ਪੰਜਾਬ ਸਰਕਾਰ ਨੇ ਕਰਜ਼ੇ ਦੀਆਂ ਹੱਦਾਂ ਕੀਤੀਆਂ ਪਾਰ

# 17,112 ਕਰੋੜ ਰੁਪਏ ਜ਼ਿਆਦਾ ਲਿਆ ਕਰਜ਼ਾ




ਮੋਹਾਲੀ-ਪੰਜਾਬ ਸਰਕਾਰ ਉੱਤੇ ਕਰਜ਼ੇ ਦਾ ਬੋਝ ਲਗਾਤਾਰ ਵੱਧਦਾ ਜਾ ਰਿਹਾ ਹੈ, ਜਿਸ ਕਾਰਨ ਸੂਬੇ ਦੀ ਆਰਥਿਕ ਹਾਲਤ ਚਿੰਤਾਜਨਕ ਬਣ ਗਈ ਹੈ। ਇੱਕ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਸਾਲ 2024-25 ਦੌਰਾਨ ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਤੈਅ ਕੀਤੀ ਕਰਜ਼ਾ ਲੈਣ ਦੀ 23,716 ਕਰੋੜ ਰੁਪਏ ਦੀ ਹੱਦ ਨੂੰ ਪਾਰ ਕਰ ਦਿੱਤਾ ਹੈ। ਸਰਕਾਰ ਨੇ ਓਪਨ ਮਾਰਕੀਟ ਤੋਂ 40,828 ਕਰੋੜ ਰੁਪਏ ਦਾ ਕਰਜ਼ਾ ਲਿਆ, ਜੋ ਕਿ ਤੈਅ ਹੱਦ ਤੋਂ 17,112 ਕਰੋੜ ਰੁਪਏ ਜ਼ਿਆਦਾ ਹੈ। ਇਸ ਵੇਲੇ ਪੰਜਾਬ 'ਤੇ 3.82 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਕਿ 2025-26 ਦੇ ਅੰਤ ਤੱਕ ਵਧ ਕੇ 4,17,146 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਹੈ। ਪਿਛਲੇ ਸਾਲ 2023-24 ਵਿੱਚ ਇਹ ਕਰਜ਼ਾ 3,46,185 ਕਰੋੜ ਰੁਪਏ ਸੀ। ਕੇਂਦਰ ਸਰਕਾਰ ਨੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਾਰੇ ਰਾਜਾਂ ਲਈ ਕਰਜ਼ਾ ਲੈਣ ਦੀ ਹੱਦ ਜੀਐਸਡੀਪੀ ਦੇ 3 ਪ੍ਰਤੀਸ਼ਤ 'ਤੇ ਨਿਰਧਾਰਿਤ ਕੀਤੀ ਹੋਈ ਹੈ, ਪਰ ਪੰਜਾਬ ਨੇ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਇਸ ਹੱਦ ਨੂੰ ਪਾਰ ਕੀਤਾ ਹੈ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਆਮਦਨੀ ਦੇ ਨਵੇਂ ਸਾਧਨ ਲੱਭਣ ਅਤੇ ਮੁਫ਼ਤ ਸਕੀਮਾਂ 'ਤੇ ਰੋਕ ਲਗਾਉਣ ਦੀ ਲੋੜ ਹੈ। ਪੰਜਾਬ ਵਿੱਚ ਮੁਫ਼ਤ ਬਿਜਲੀ ਸਕੀਮ ਸਰਕਾਰ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਹਰ ਕੁਨੈਕਸ਼ਨ 'ਤੇ 300 ਯੂਨਿਟ ਮੁਫ਼ਤ ਬਿਜਲੀ ਦੇਣ ਨਾਲ ਸਰਕਾਰ ਉੱਤੇ ਸਾਲਾਨਾ 20 ਤੋਂ 22 ਹਜ਼ਾਰ ਕਰੋੜ ਰੁਪਏ ਦਾ ਵਾਧੂ ਬੋਝ ਪੈ ਰਿਹਾ ਹੈ।

ਮਾਹਿਰਾਂ ਅਨੁਸਾਰ, ਜੇਕਰ ਇਸ ਸਥਿਤੀ ਨੂੰ ਸੁਧਾਰਨ ਲਈ ਛੇਤੀ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਸੂਬੇ ਦੀ ਆਰਥਿਕ ਹਾਲਤ ਹੋਰ ਵੀ ਵਿਗੜ ਸਕਦੀ ਹੈ।

## ਲੈਂਡ ਪੂਲਿੰਗ ਖ਼ਿਲਾਫ਼ ਅਕਾਲੀ ਦਲ ਦਾ ਪ੍ਰਦਰਸ਼ਨ

### ✪ ਸੁਖਬੀਰ ਬਾਦਲ ਵੀ ਹੋਏ ਸਰਗਰਮ



ਬਠਿੰਡਾ-ਬਠਿੰਡਾ ਵਿੱਚ ਲੈਂਡ ਪੂਲਿੰਗ ਯੋਜਨਾ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵਿਕਾਸ ਦੇ ਨਾਂ 'ਤੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਹ ਸਕੀਮ ਰੱਦ ਨਾ ਕੀਤੀ ਗਈ ਤਾਂ ਅਕਾਲੀ ਦਲ ਪੰਜਾਬ ਭਰ ਵਿੱਚ ਰੋਸ ਪ੍ਰਦਰਸ਼ਨ ਅਤੇ ਰੈਲੀਆਂ ਕਰੇਗਾ। ਧਰਨੇ ਦੌਰਾਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਸਿਹਤ ਵੀ ਖ਼ਰਾਬ ਹੋ ਗਈ।

## ਸਟੀਫਨ ਹਾਕਿੰਗ ਦੀ ਏਲੀਅਨ ਬਾਰੇ ਭਵਿੱਖਬਾਣੀ ਸਬੰਧੀ ਵਿਗਿਆਨੀ ਚਿੰਤਤ

ਲੰਡਨ-ਮਹਾਨ ਵਿਗਿਆਨੀ ਸਟੀਫਨ ਹਾਕਿੰਗ ਨੇ ਕਈ ਸਾਲ ਪਹਿਲਾਂ ਚੇਤਾਵਨੀ ਦਿੱਤੀ ਸੀ ਕਿ ਏਲੀਅਨਾਂ ਨਾਲ ਸੰਪਰਕ ਕਰਨਾ ਮਨੁੱਖਤਾ ਲਈ ਬਹੁਤ ਖ਼ਤਰਨਾਕ ਹੋ ਸਕਦਾ ਹੈ। ਹੁਣ ਕੁਝ ਵਿਗਿਆਨੀ ਉਸਦੀ ਇਸ ਭਵਿੱਖਬਾਣੀ ਬਾਰੇ ਚਿੰਤਾ ਪ੍ਰਗਟ ਕਰ ਰਹੇ ਹਨ। ਹਾਰਵਰਡ ਦੇ ਖਗੋਲ ਵਿਗਿਆਨੀ ਪ੍ਰੋਫੈਸਰ ਅਵੀ ਲੋਏਬ ਨੇ ਦਾਅਵਾ ਕੀਤਾ ਹੈ ਕਿ ਧਰਤੀ ਦੇ ਕੋਲੋਂ ਲੰਘ ਰਹੀ ਇੱਕ ਰਹੱਸਮਈ ਵਸਤੂ ਇੱਕ ਦੁਸ਼ਮਣ ਯੂਐਫਓ ਹੋ ਸਕਦੀ ਹੈ, ਜੋ ਕਿ ਹਾਕਿੰਗ ਦੀ ਚੇਤਾਵਨੀ ਨੂੰ ਸੱਚ ਸਾਬਿਤ ਕਰ ਸਕਦੀ ਹੈ। ਹਾਕਿੰਗ ਦਾ ਮੰਨਣਾ ਸੀ ਕਿ ਜਿਵੇਂ ਧਰਤੀ 'ਤੇ ਵੱਡੀਆਂ ਸਭਿਅਤਾਵਾਂ ਨੇ ਛੋਟੀਆਂ ਨੂੰ ਖ਼ਤਮ ਕਰ ਦਿੱਤਾ ਸੀ, ਉਸੇ ਤਰ੍ਹਾਂ ਏਲੀਅਨ ਵੀ ਮਨੁੱਖਤਾ ਨਾਲ ਕਰ ਸਕਦੇ ਹਨ।

## ਤੰਤਰ-ਮੰਤਰ ਦੇ ਸ਼ੱਕ 'ਚ ਕਤਲ, ਪੂਰਾ ਪਰਿਵਾਰ ਗ੍ਰਿਫਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਤੰਤਰ-ਮੰਤਰ ਦੇ ਸ਼ੱਕ 'ਤੇ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿੱਚ ਕਤਲ ਕਰਨ ਵਾਲੇ ਵਿਅਕਤੀ, ਉਸਦੀ ਪਤਨੀ, ਪੁੱਤਰ ਅਤੇ ਧੀ ਸਮੇਤ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਮ੍ਰਿਤਕ ਵਿੱਕੀ, ਜੋ ਕਿਰਾਏ ਦਾ ਕੰਮ ਕਰਦਾ ਸੀ, ਉੱਤੇ ਦੋਸ਼ ਸੀ ਕਿ ਉਸਨੇ ਨਰਿੰਦਰ ਕੁਮਾਰ ਦੀ ਧੀ ਦੇ ਇਲਾਜ ਲਈ ਤੰਤਰ-ਮੰਤਰ ਦੀ ਸਲਾਹ ਦਿੱਤੀ ਅਤੇ ਉਸ ਉੱਤੇ ਗਲਤ ਨਜ਼ਰ ਰੱਖੀ। ਇਸ ਕਾਰਨ ਦੋਵਾਂ ਵਿਚਾਲੇ ਤਕਰਾਰ ਹੋਈ, ਜਿਸ ਵਿੱਚ ਨਰਿੰਦਰ ਨੇ ਤਲਵਾਰ ਨਾਲ ਵਿੱਕੀ ਦਾ ਕਤਲ ਕਰ ਦਿੱਤਾ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ 5 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਮੁੱਖ ਤੌਰ ਤੇ ਮੌਜੂਦਾ ਕਾਬਜ਼ ਧਿਰ ਪੰਥਕ ਗਰੁੱਪ ਅਤੇ ਸ਼ੇਰ ਗਰੁੱਪ ਆਹਮੋ ਸਾਹਮਣੇ ਨਜ਼ਰ ਆ ਰਹੇ ਹਨ। ਪਰ ਪੰਥਕ ਗਰੁੱਪ ਨਾਲ ਪਿਛਲੀਆਂ ਚੋਣਾਂ ਵਿੱਚ ਜੁੜੇ ਤੇਰਾ ਪੰਥ ਵਸੇ ਨੇ ਇਸ ਵਾਰ ਮੁੜ ਇਕੱਲੇ ਤੌਰ ਤੇ ਸਰਗਰਮ ਹੋਣ ਦੀ ਗੱਲ ਕਹੀ ਹੈ। । ਇਸ ਸਬੰਧੀ ਗਰੁੱਪ ਦੇ ਆਗੂ ਹਰਜਾਪ ਸਿੰਘ ਭੰਗਲ ਅਤੇ ਰਣਦੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀ ਸੰਗਤਾਂ ਵੱਲੋਂ ਵਾਰ ਵਾਰ ਕਹਿਣ ਤੇ ਇੱਕ ਮੀਟਿੰਗ ਕੀਤੀ ਗਈ ਹੈ ਜਿਸ ਵਿੱਚ ਨੌਜਵਾਨਾਂ ਅਤੇ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੀ ਬੀਤੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਅਤੇ ਹੁਣ ਸ਼ੋਸ਼ਲ ਮੀਡੀਆ 'ਤੇ ਚੱਲ ਰਹੀ ਚਰਚਾ ਬਾਰੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ। ਉਹਨਾਂ ਨੇ ਕਿਹਾ ਕਿ ਤੇਰਾ ਪੰਥ ਵਸੇ ਨੌਜਵਾਨਾਂ ਦਾ ਗਰੁੱਪ ਹੈ ਜੋ 2014 ਤੋਂ ਸਰਗਰਮ ਹੈ। ਭਾਵੇਂ ਹਰਜਾਪ ਸਿੰਘ ਭੰਗਲ ਨੇ ਇਹਨਾਂ ਚੋਣਾਂ ਵਿੱਚ ਤੇਰਾ ਪੰਥ ਵਸੇ ਵੱਲੋਂ ਅਜ਼ਾਦ ਤੌਰ ਤੇ ਮੁੜ ਚੋਣਾਂ ਲੜ੍ਹਨ ਬਾਰੇ ਖੁੱਲ੍ਹ ਕੇ ਕੁਝ ਨਹੀਂ ਕਿਹਾ ਪਰ ਉਹਨਾਂ ਸੰਕੇਤ ਦਿੱਤਾ ਕਿ ਅਗਲੇ ਦਿਨਾਂ ਵਿੱਚ ਇਸ ਬਾਰੇ ਸੰਗਤਾਂ ਨਾਲ ਮਿਲ ਕੇ ਜਲਦੀ ਕੋਈ ਫੈਸਲਾ ਲਿਆ ਜਾਵੇਗਾ। ਹਰਜਾਪ ਸਿੰਘ ਭੰਗਲ ਅਤੇ ਰਣਦੀਪ ਸਿੰਘ ਨੇ ਸ਼ਪਸ਼ਟ ਕੀਤਾ ਕਿ ਸਾਡਾ ਮੁੱਖ ਉਦੇਸ਼ ਸ੍ਰੀ ਗੁਰੂ ਸਿੰਘ ਸਭਾ ਦੀ ਚੜ੍ਹਦੀ ਕਲਾ ਲਈ ਸੇਵਾ ਕਰਨਾ ਹੈ।



## ਦੂਸ਼ਣਬਾਜ਼ੀਆਂ ਦਾ ਦੌਰ ਜੋਰਾਂ 'ਤੇ

ਸ਼ੇਰ ਗਰੁੱਪ ਵੱਲੋਂ ਮੌਜੂਦਾ ਪੰਥਕ ਗਰੁੱਪ ਤੇ ਵੱਡਾ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਬੀਤੇ ਸਮੇਂ ਵਿੱਚ ਟਰੱਸਟੀਆਂ ਦੀ ਚੋਣ ਗੈਰ ਸੰਵਿਧਾਨਿਕ ਤੌਰ ਕੀਤੀ ਗਈ ਹੈ, ਜਿਸ ਨੂੰ ਕਾਨੂੰਨੀ ਚਣੌਤੀ ਵੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸ਼ੇਰ ਗਰੁੱਪ ਵੱਲੋਂ ਇੱਕ ਤਸਵੀਰ ਸ਼ੋਸ਼ਲ ਮੀਡੀਆ ਤੇ ਸਾਂਝੀ ਕੀਤੀ ਗਈ ਹੈ ਜਿਸ ਵਿੱਚ ਕੁਝ ਟਰੱਸਟੀਆਂ ਦੇ ਆਪਸੀ ਰਿਸ਼ਤੇ ਅਤੇ ਲਿਹਾਜ਼ਦਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਥੇ ਹੀ ਬੱਸ ਨਹੀਂ ਸ: ਗੁਰਮੇਲ ਸਿੰਘ ਮੱਲੀ ਅਤੇ ਸਾਥੀਆਂ ਵੱਲੋਂ ਸ਼ਪਸ਼ਟ ਤੌਰ ਤੇ ਦੋਸ਼ ਲਗਾਏ ਜਾ ਰਹੇ ਹਨ ਕਿ ਨਵੇਂ ਚੁਣੇ ਗਏ ਟਰੱਸਟੀਆਂ ਦੇ ਨਾਮ ਸਭਾ ਦੀਆਂ ਜਾਇਦਾਦਾਂ ਕੀਤੀਆਂ ਗਈਆਂ ਹਨ, ਜੋ ਕਿ ਸੁਰੱਖਿਅਤ ਨਹੀਂ ਹਨ ਅਤੇ ਉਹਨਾਂ ਨੂੰ ਖਦਸ਼ਾ ਹੈ ਕਿ ਭਵਿੱਖ ਵਿੱਚ ਇਸ ਦੇ ਨਤੀਜੇ ਗਲਤ ਨਿਕਲ ਸਕਦੇ ਹਨ। ਸਭਾ ਨੂੰ ਨੁਕਸਾਨ ਹੋ ਸਕਦਾ ਹੈ। ਜਦ ਕਿ ਸਭਾ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਦਾ ਕਹਿਣਾ ਹੈ ਕਿ ਟਰੱਸਟੀਆਂ ਦੇ ਨਾਮ ਜਾਇਦਾਦ ਦਾ ਕਰਨਾ ਨਿਯਮਾਂ ਦੇ ਤੌਰ ਤੇ ਜਰੂਰੀ ਹੈ, ਲੇਕਨ ਕੋਈ ਵੀ ਟਰੱਸਟੀ ਸਭਾ ਦਾ ਨੁਕਸਾਨ ਨਹੀਂ ਕਰ ਸਕਦਾ।

ਇਥੇ ਹੀ ਬੱਸ ਨਹੀਂ ਮੌਜੂਦਾ ਪ੍ਰਬੰਧਕ ਕਮੇਟੀ ਦੇ ਕਈ ਮੈਂਬਰ ਮੁੜ ਸ਼ੇਰ ਗਰੁੱਪ ਵਿੱਚ ਸ਼ਾਮਿਲ ਹੋ ਗਏ ਹਨ। ਜਿਹਨਾਂ ਵਿੱਚ ਮਨਜੀਤ ਸਿੰਘ ਬੁੱਟਰ ਪੂਰੀ ਸਰਗਰਮੀ ਨਾਲ ਵਿਚਰ ਰਹੇ ਹਨ। ਖਜ਼ਾਨਚੀ ਜੀਤਪਾਲ ਸਿੰਘ ਸਹੋਤਾ ਵੀ ਆਪਣੀ ਕਮੇਟੀ ਤੇ ਜਨਰਲ ਬਾਡੀ ਦੀ ਮੀਟਿੰਗ ਵਿੱਚ ਸਵਾਲ ਖੜ੍ਹੇ ਕਰ ਚੁੱਕੇ ਹਨ। ਇਸ ਦੇ ਨਾਲ ਹੀ ਲੰਮੇਂ ਸਮੇਂ ਤੋਂ ਬਾਜ਼ ਗਰੁੱਪ ਦੇ ਹਮਾਇਤੀ ਰਹੇ ਸ਼ਰਨਬੀਰ ਸਿੰਘ ਸੰਘਾ ਇਸ ਵਾਰ ਖੁੱਲ੍ਹ ਕੇ ਸ਼ੇਰ ਗਰੁੱਪ ਦਾ ਪ੍ਰਚਾਰ ਕਰ ਰਹੇ ਹਨ, ਉਹ ਤਾਂ ਇਥੋਂ ਤੱਕ ਕਿ ਰੋਜ਼ਾਨਾ ਸ਼ੋਸ਼ਲ ਮੀਡੀਆ ਰਾਹੀਂ ਬੀਤੇ ਸਮੇਂ ਵਾਪਰੀਆਂ ਕਈ ਘਟਨਾਵਾਂ ਨੂੰ ਉਜਾਗਰ ਕਰਦੇ ਹੋਏ ਪੰਥਕ ਗਰੁੱਪ ਦੀ ਮੌਜੂਦਾ ਕਮੇਟੀ ਤੇ ਸਵਾਲ ਉਠਾ ਰਹੇ ਹਨ।

ਪੰਥਕ ਗਰੁੱਪ ਦੇ ਹਮਾਇਤੀਆਂ ਵੱਲੋਂ ਵੀ ਸ਼ੋਸ਼ਲ ਮੀਡੀਆ ਤੇ ਕੁਝ ਅਜੇਹੀਆਂ ਹੀ ਵੀਡੀਓ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।

## ਸਰਬ ਸੰਮਤੀ ਨਾਲ ਚੋਣ

ਭਾਵੇਂ ਕਿ ਸਿੱਖ ਸਿਧਾਂਤਾਂ ਵਿੱਚ ਮਿਲ ਬੈਠ ਕੇ ਵਿਚਾਰ ਕਰਨ ਦੀ ਸਿੱਖਿਆ ਗੁਰੂ ਸਾਹਿਬਾਨ ਵੱਲੋਂ ਦਿੱਤੀ ਗਈ ਹੈ, ਪਰ ਚੋਣਾਂ ਤੋਂ ਪਹਿਲਾਂ ਕਦੇ ਵੀ ਕੋਈ ਧਿਰ ਸਰਬ ਸੰਮਤੀ ਲਈ ਖੁੱਲ੍ਹ ਕੇ ਕੰਮ ਨਹੀਂ ਕਰਦੀ। ਭਾਵੇਂ ਕਿ ਅੰਦਰ ਖਾਤੇ ਹਰ ਕੋਈ ਸਰਬ ਸੰਮਤੀ ਕਰਨ ਦੀ ਗੱਲ ਕਰਦਾ ਹੈ। ਕੁਝ ਲੋਕ ਅਜੇ ਵੀ ਸੁਹਿਰਦਤਾ ਨਾਲ ਚੋਣਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਨਿੱਤ ਦੇ ਕਲੇਸ਼ ਨੂੰ ਖ਼ਤਮ ਕਰਨ ਲਈ ਸਰਬ ਸੰਮਤੀ ਨਾਲ ਚੋਣ ਕਰਵਾਉਣ ਦੇ ਹਾਮੀ ਹਨ। ਪਰ ਜੋ ਹਾਲਾਤ ਬਣੇ ਹੋਏ ਹਨ ਅਜੇਹਾ ਸੰਭਵ ਹੁੰਦਾ ਨਜ਼ਰ ਨਹੀਂ ਆ ਰਿਹਾ। ਸਿੱਖ ਕੌਮ ਦੇ ਦੁਨੀਆਂ ਭਰ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਪੈਦਾ ਹੋ ਰਹੇ ਝਗੜੇ ਹੀ ਸਿੱਖ ਕੌਮ ਦਾ ਸਭ ਤੋਂ ਵੱਡਾ ਨੁਕਸਾਨ ਕਰ ਰਹੇ ਹਨ। ਨਵੀਂ ਪੀੜੀ ਦਾ ਬਹਾਨਾ ਜਾਂ ਪ੍ਰਚਾਰ ਕਰਨ ਵਾਲਿਆਂ ਨੂੰ ਸ਼ਾਇਦ ਇਹ ਨਹੀਂ ਦਿਖਾਈ ਦੇ ਰਿਹਾ ਕਿ ਰੋਜ਼ਾਨਾ ਗੁਰਦੁਆਰਿਆਂ ਵਿੱਚ ਨਵੀਂ ਪੀੜੀ ਦਾ ਆਉਣਾ ਘਟ ਰਿਹਾ ਹੈ।

# ਪ੍ਰੋਫੈਸਰ ਰਵੀਕਾਂਤ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮਾਮਲਾ ਦਰਜ

## ✪ ਸਾਧ ਧੀਰੇਂਦਰ ਸ਼ਾਸਤਰੀ 'ਤੇ ਧਰਮ ਦੀ ਆੜ ਵਿੱਚ ਮਹਿਲਾ ਤਸਕਰੀ ਕਰਨ ਦਾ ਲਗਾਇਆ ਸੀ ਦੋਸ਼

ਲਖਨਊ-ਬਾਗੇਸ਼ਵਰ ਧਾਮ ਦੇ ਮੁਖੀ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਲਖਨਊ ਯੂਨੀਵਰਸਿਟੀ ਦੇ ਪ੍ਰੋਫੈਸਰ ਰਵੀਕਾਂਤ ਦੀਆਂ ਮੁਸੀਬਤਾਂ ਵੱਧ ਗਈਆਂ ਹਨ। ਉਨ੍ਹਾਂ ਖ਼ਿਲਾਫ਼ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦੇ ਬਮੀਠਾ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ ਕੁਝ ਦਿਨ ਪਹਿਲਾਂ ਛਤਰਪੁਰ ਵਿੱਚ ਹੋਈ ਇੱਕ ਘਟਨਾ ਨਾਲ ਸ਼ੁਰੂ ਹੋਇਆ ਸੀ, ਜਿੱਥੇ ਪੁਲਿਸ ਨੇ ਇੱਕ ਐਂਬੂਲੈਂਸ ਵਿੱਚ ਸਵਾਰ ਕੁਝ ਔਰਤਾਂ ਨੂੰ ਰੋਕਿਆ ਸੀ। ਜਾਂਚ ਵਿੱਚ ਪਤਾ ਲੱਗਾ ਕਿ ਇਹ



ਔਰਤਾਂ ਆਪਣੀ ਪਛਾਣ ਲੁਕਾ ਕੇ ਬਾਗੇਸ਼ਵਰ ਧਾਮ ਵਿੱਚ ਰਹਿ ਰਹੀਆਂ ਸਨ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਸਨ। ਇਸ ਘਟਨਾ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ, ਪ੍ਰੋਫੈਸਰ ਰਵੀਕਾਂਤ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਪਾਈ, ਜਿਸ ਵਿੱਚ ਉਨ੍ਹਾਂ ਨੇ ਧੀਰੇਂਦਰ ਸ਼ਾਸਤਰੀ 'ਤੇ ਧਰਮ ਦੀ ਆੜ ਵਿੱਚ ਮਹਿਲਾ ਤਸਕਰੀ ਕਰਨ ਦਾ ਦੋਸ਼ ਲਗਾਇਆ।

ਪ੍ਰੋਫੈਸਰ ਦੀ ਇਸ ਪੋਸਟ ਤੋਂ ਬਾਅਦ, ਬਾਗੇਸ਼ਵਰ ਧਾਮ ਕਮੇਟੀ ਦੇ ਮੈਂਬਰ ਧੀਰੇਂਦਰ ਕੁਮਾਰ ਗੌਰ ਨੇ ਬਮੀਠਾ ਥਾਣੇ ਵਿੱਚ ਪ੍ਰੋਫੈਸਰ ਰਵੀਕਾਂਤ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਪ੍ਰੋਫੈਸਰ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਹੈ ਅਤੇ ਹੁਣ ਇਸ ਮਾਮਲੇ ਦੀ ਜਾਂਚ ਕਰੇਗੀ। ਇਸ ਜਾਂਚ ਦੌਰਾਨ ਪ੍ਰੋਫੈਸਰ ਤੋਂ ਪੁੱਛਗਿੱਛ ਵੀ ਕੀਤੀ ਜਾਵੇਗੀ

# ਲੰਡਨ ਵਿੱਚ ਸਿੱਖ ਖੇਡਾਂ 2025 ਹੋਈਆਂ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਬਰਨਿਲ ਯੂਨੀਵਰਸਿਟੀ ਹੇਜ਼ ਵਿਖੇ ਦੂਜੀਆਂ ਸਿੱਖ ਖੇਡਾਂ 2025 ਕਰਵਾਈਆਂ ਗਈਆਂ। ਉਦਘਾਟਨੀ ਸਮਾਰੋਹ ਮੌਕੇ ਸਭ ਤੋਂ ਪਹਿਲਾਂ ਕੀਰਤਨੀ ਜੱਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਗੱਤਕਾ ਅਖਾੜੇ ਦੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਵਿਖਾਏ। ਧਾਰਮਿਕ ਗੀਤ ਸੰਗੀਤ ਪ੍ਰੋਗਰਾਮ ਵਿੱਚ ਉੱਘੇ ਗਾਇਕ ਨਿਰਮਲ ਸਿੱਧੂ ਅਤੇ ਨਵ ਸਿੱਧੂ ਨੇ ਧਾਰਮਿਕ ਗੀਤਾਂ ਰਾਹੀਂ ਖੂਬ ਰੰਗ ਬੰਨਿਆ। ਖੇਡਾਂ ਦੀ ਮੁੱਖ ਪ੍ਰਬੰਧਕ ਮਨਦੀਪ ਕੌਰ ਮੋਰ ਨੇ ਖੇਡਾਂ ਵਿੱਚ ਹਿੱਸਾ ਲੈ ਰਹੇ ਖਿਡਾਰੀਆਂ ਨੂੰ ਸੁਭਕਾਮਾਨਾਂ ਦਿੱਤੀਆਂ।* ਸਾਬਕਾ ਵਾਲੀਵਾਲ ਖਿਡਾਰੀ ਅਜਾਇਬ ਸਿੰਘ ਗਰਚਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਖੇਡਾਂ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜ੍ਹਨ ਲਈ ਹੋਰ ਵੀ ਯਤਨ ਕਰਨੇ ਚਾਹੀਦੇ ਹਨ। ਤਿੰਨ ਦਿਨਾਂ ਇਸ ਖੇਡ ਮੇਲੇ ਵਿੱਚ 1000 ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ ਅਤੇ ਹਾਕੀ, ਕ੍ਰਿਕਟ, ਫੁਟਬਾਲ, ਕੁਸ਼ਤੀਆਂ, ਸਾਈਕਲ ਦੌੜ, ਬੈਡਮੈਂਟਨ, ਦੌੜਾਂ ਅਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਏ ਗਏ।



ਸਿੱਖ ਖੇਡਾਂ 2025 ਦਾ ਅਗਾਜ਼ ਸਮਾਰੋਹ ਦੌਰਾਨ, ਕੀਰਤਨੀ ਜੱਥਾ, ਨਵ ਸਿੱਧੂ, ਨਿਰਮਲ ਸਿੱਧੂ ਅਤੇ ਹੋਰ

ਸੰਪਾਦਕੀ

ਵਿਚਾਰ :– ਸਬਰ, ਦੋਸਤੀ ਅਤੇ ਹਮਦਰਦੀ ਦੀ ਪਰਖ ਦੁੱਖ ਜਾਂ ਔਖੇ ਵੇਲੇ ਵਿਚ ਹੀ ਹੁੰਦੀ ਹੈ।



ਰਜਿੰਦਰ ਸਿੰਘ ਪੁਰੇਵਾਲ

# ਸਾਧਾਂ ਤੇ ਡੇਰਿਆਂ ਤੋਂ ਸੁਚੇਤ ਰਹੋ

ਪੰਜਾਬ ਦੇ ਪਿੰਡ, ਜੋ ਸਿੱਖੀ ਦੀਆਂ ਜੜ੍ਹਾਂ ਅਤੇ ਸੱਭਿਆਚਾਰਕ ਵਿਰਸੇ ਦਾ ਮਾਣ ਹਨ, ਅੱਜ ਇੱਕ ਵੱਡੇ ਸੰਕਟ ਵਿੱਚ ਫਸ ਰਹੇ ਹਨ। ਤਲਵੰਡੀ ਧਾਮ ਦੇ ਸਵਾਮੀ ਸ਼ੰਕਰਾਨੰਦ ਵਰਗੇ ਝੂਠੇ ਸਾਧਾਂ ਦੀਆਂ ਅਸ਼ਲੀਲ ਹਰਕਤਾਂ ਨੇ ਸਾਡੇ ਸਮਾਜ ਦੇ ਵਿਸ਼ਵਾਸ ਨੂੰ ਤੋੜਿਆ ਹੈ। ਸਾਬਕਾ ਸਰਪੰਚ ਹਰਬੰਸ ਸਿੰਘ ਖਾਲਸਾ ਦੇ ਦਾਅਵਿਆਂ ਅਤੇ ਲੈਬ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਕਿ ਇਹ ਵੀਡੀਓਜ਼, ਜਿਨ੍ਹਾਂ ਨੂੰ ਸਾਧ ਦੇ ਕਈ ਸ਼ਰਧਾਲੂ ਫੇਕ ਦੱਸ ਰਹੇ ਸਨ, ਅਸਲ ਵਿੱਚ ਸੱਚ ਹਨ। ਇਹ ਸਿਰ਼ਫ ਇੱਕ ਵਿਅਕਤੀ ਦੀ ਗੱਲ ਨਹੀਂ, ਸਗੋਂ ਸਾਡੇ ਪਿੰਡਾਂ ਵਿੱਚ ਫੈਲ ਰਹੇ ਅਜਿਹੇ ਡੇਰਿਆਂ ਦੀ ਗੰਭੀਰ ਸਮੱਸਿਆ ਦਾ ਪ੍ਰਤੀਕ ਹੈ। ਪੰਜਾਬ ਦੇ ਪਿੰਡਾਂ ਵਿੱਚ ਅਜਿਹੇ ਸਾਧਾਂ ਅਤੇ ਡੇਰਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਲੋਕਾਂ ਦੀ ਸਰਲਤਾ ਅਤੇ ਭਾਵੁਕਤਾ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਇਹ ਝੂਠੇ ਸਾਧ ਧਰਮ ਦੇ ਨਾਂ ’ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ, ਉਨ੍ਹਾਂ ਦੀ ਜਾਇਦਾਦ, ਸਮੇਂ ਅਤੇ ਸਤਿਕਾਰ ਨੂੰ ਲੁੱਟਦੇ ਹਨ। ਸ਼ੰਕਰਾਨੰਦ ਵਰਗੇ ਲੋਕ, ਜਿਨ੍ਹਾਂ ਨੇ ਮਹਿਲਾ ਸ਼ਰਧਾਲੂਆਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ, ਸਾਡੇ ਸਮਾਜ ਦੀ ਨੀਂਹ ਨੂੰ ਕਮਜ਼ੋਰ ਕਰ ਰਹੇ ਹਨ। ਅਜਿਹੇ ਲੋਕਾਂ ਨੂੰ ਸਾਡੇ ਪਿੰਡਾਂ ਵਿੱਚ ਪਨਾਹ ਦੇਣਾ, ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਇੱਕ ਖਤਰਨਾਕ ਰਾਹ ’ਤੇ ਧੱਕਣ ਦੇ ਬਰਾਬਰ ਹੈ। ਪੰਜਾਬੀਓ, ਸਾਨੂੰ ਜਾਗਣ ਦੀ ਲੋੜ ਹੈ। ਸਾਡੇ ਪਿੰਡਾਂ ਨੂੰ ਅਜਿਹੇ ਡੇਰਿਆਂ ਦੀ ਲੋੜ ਨਹੀਂ, ਜੋ ਸਾਡੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਕਲੰਕਿਤ ਕਰਨ। ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਸਿੱਖਿਆ ਦਿੱਤੀ ਸੀ ਕਿ ਸੱਚ, ਮਿਹਨਤ ਅਤੇ ਸੇਵਾ ਨਾਲ ਜੀਵਨ ਜਿਉਣਾ ਹੈ। ਪਰ ਅਜਿਹੇ ਝੂਠੇ ਸਾਧ ਸਾਡੀਆਂ ਇਨ੍ਹਾਂ ਮੁੱਲਾਂ ਨੂੰ ਪੈਰਾਂ ਹੇਠ ਰੋਲਦੇ ਹਨ। ਸਾਨੂੰ ਆਪਣੇ ਪਿੰਡਾਂ ਵਿੱਚ ਅਜਿਹੇ ਡੇਰਿਆਂ ਨੂੰ ਬਣਨ ਤੋਂ ਰੋਕਣਾ ਹੋਵੇਗਾ। ਇਸ ਲਈ ਸਭ ਤੋਂ ਪਹਿਲਾਂ, ਸਾਨੂੰ ਆਪਣੀ ਸੰਗਤ ਨੂੰ ਜਾਗਰੂਕ ਕਰਨਾ ਪਵੇਗਾ। ਆਪਣੇ ਬੱਚਿਆਂ, ਬਜ਼ੁਰਗਾਂ ਅਤੇ ਹਰ ਵਰਗ ਨੂੰ ਸਮਝਾਉਣਾ ਹੋਵੇਗਾ ਕਿ ਅਸਲ ਧਰਮ ਅੰਦਰੋਂ ਆਉਂਦਾ ਹੈ, ਨਾ ਕਿ ਕਿਸੇ ਬਾਬੇ ਜਾਂ ਸਾਧ ਦੀ ਚਰਨ-ਛੋਹ ਨਾਲ।

ਦੂਜਾ, ਪਿੰਡਾਂ ਦੀਆਂ ਪੰਚਾਇਤਾਂ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਕਿਸੇ ਵੀ ਅਜਿਹੇ ਡੇਰੇ ਨੂੰ ਪਿੰਡ ਵਿੱਚ ਜਗ੍ਹਾ ਨਹੀਂ ਦੇਣੀ ਚਾਹੀਦੀ। ਜੇਕਰ ਕੋਈ ਸਾਧ ਜਾਂ ਬਾਬਾ ਪਿੰਡ ਵਿੱਚ ਆਉਂਦਾ ਹੈ, ਤਾਂ ਉਸ ਦੀ ਪੂਰੀ ਪੜਤਾਲ ਕੀਤੀ ਜਾਵੇ। ਉਸ ਦੇ ਇਰਾਦਿਆਂ ਅਤੇ ਪਿਛੋਕੜ ਦੀ ਜਾਂਚ ਕੀਤੀ ਜਾਵੇ। ਜੇਕਰ ਕੋਈ ਸ਼ੱਕੀ ਗਤੀਵਿਧੀ ਨਜ਼ਰ ਆਉਂਦੀ ਹੈ, ਤਾਂ ਤੁਰੰਤ ਪੁਲਿਸ ਅਤੇ ਪ੍ਰਸ਼ਾਸਨ ਨੂੰ ਸੂਚਿਤ ਕਰੋ। ਸਾਡੇ ਪਿੰਡਾਂ ਦੀ ਸ਼ਾਂਤੀ ਅਤੇ ਸੁਰੱਖਿਆ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਤੀਜਾ, ਸਾਨੂੰ ਸਮਾਜਿਕ ਜਾਗਰੂਕਤਾ ਲਈ ਸੋਸ਼ਲ ਮੀਡੀਆ ਦੀ ਤਾਕਤ ਨੂੰ ਵਰਤਣਾ ਚਾਹੀਦਾ। ਸਾਬਕਾ ਸਰਪੰਚ ਵਾਂਗ, ਜਿਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਲਾਈਵ ਹੋ ਕੇ ਸੱਚਾਈ ਸਾਹਮਣੇ ਲਿਆਂਦੀ, ਸਾਨੂੰ ਵੀ ਅਜਿਹੇ ਮੰਚਾਂ ’ਤੇ ਸਰਗਰਮ ਹੋਣਾ ਪਵੇਗਾ। ਸਾਡੀ ਅਵਾਜ਼ ਨੂੰ ਬੁਲੰਦ ਕਰਕੇ ਅਸੀਂ ਹੋਰ ਲੋਕਾਂ ਨੂੰ ਵੀ ਜਾਗਰੂਕ ਕਰ ਸਕਦੇ ਹਾਂ। ਅੰਤ ਵਿੱਚ, ਪੰਜਾਬ ਦੀ ਸੰਗਤ ਨੂੰ ਸੁਨੇਹਾ ਹੈ ਕਿ ਅਸੀਂ ਆਪਣੇ ਗੁਰੂ ਸਾਹਿਬਾਨ ਦੇ ਦੱਸੇ ਰਾਹ ’ਤੇ ਚੱਲੀਏ। ਅਸੀਂ ਅਜਿਹੇ ਝੂਠੇ ਸਾਧਾਂ ਦੇ ਚੁੰਗਲ ਵਿੱਚ ਨਾ ਫਸੀਏ। ਸਾਡੇ ਪਿੰਡਾਂ ਨੂੰ ਸੁਰੱਖਿਅਤ ਅਤੇ ਸੁਚੱਜਾ ਰੱਖਣ ਲਈ ਸਾਂਝੇ ਤੌਰ ’ਤੇ ਮਿਲ ਕੇ ਕੰਮ ਕਰੀਏ। ਪੁਲਿਸ ਅਤੇ ਅਦਾਲਤਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹੇ ਮਾਮਲਿਆਂ ’ਚ ਸਖ਼ਤੀ ਨਾਲ ਕਾਰਵਾਈ ਕਰਨ, ਤਾਂ ਜੋ ਸਵਾਮੀ ਸ਼ੰਕਰਾਨੰਦ ਵਰਗੇ ਲੋਕਾਂ ਨੂੰ ਸਜ਼ਾ ਮਿਲੇ ਅਤੇ ਸਮਾਜ ਵਿੱਚ ਇਨਸਾਫ ਦੀ ਉਮੀਦ ਕਾਇਮ ਰਹੇ।

## ਪੰਜਾਬੀ ਮਾਂ ਬੋਲੀ ਦੀ ਰਾਖੀ ਲਈ ਇਕਜੁੱਟ ਹੋਵੋ

ਪੰਜਾਬ, ਸਾਡੀ ਮਿੱਟੀ, ਸਾਡੇ ਵਿਰਸੇ ਦੀ ਜੜ੍ਹ, ਜਿੱਥੇ ਪੰਜਾਬੀ ਭਾਸ਼ਾ ਸਾਡੀ ਪਛਾਣ ਅਤੇ ਸਾਡੇ ਦਿਲਾਂ ਦੀ ਧੜਕਣ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਛੇ ਦਹਾਕਿਆਂ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਸਾਡੀ ਮਾਂ ਬੋਲੀ ਪੰਜਾਬੀ ਨੂੰ ਉਹ ਮਾਣ-ਸਤਿਕਾਰ ਨਹੀਂ ਮਿਲ ਸਕਿਆ, ਜਿਸ ਦੀ ਉਹ ਹੱਕਦਾਰ ਹੈ। ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂ. ਆਈ. ਡੀ. ਏ. ਆਈ.) ਵੱਲੋਂ ਆਧਾਰ ਕਾਰਡ ’ਤੇ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਹਟਾ ਕੇ ਸਾਡੀ ਪਛਾਣ ’ਤੇ ਸਿੱਧਾ ਹਮਲਾ ਕੀਤਾ ਗਿਆ ਹੈ। ਇਹ ਸਿਰ਼ਫ ਇੱਕ ਭਾਸ਼ਾ ਦੀ ਗੱਲ ਨਹੀਂ, ਸਗੋਂ ਸਾਡੀ ਸਭਿਅਤਾ, ਸੱਭਿਆਚਾਰ ਅਤੇ ਅਸਮਿਤਾ ’ਤੇ ਵਾਰ ਹੈ। ਪਹਿਲਾਂ ਆਧਾਰ ਕਾਰਡ ’ਤੇ ਪੰਜਾਬੀ ਵਿੱਚ ਨਾਂ, ਪਤਾ, ਜਨਮ ਮਿਤੀ ਅਤੇ ‘ਮੇਰਾ ਆਧਾਰ-ਮੇਰੀ ਪਹਿਚਾਣ’ ਵਰਗੇ ਸਲੋਗਨ ਉੱਕਰੇ ਹੁੰਦੇ ਸਨ। ਇਹ ਸਾਡੇ ਲਈ ਮਾਣ ਵਾਲੀ ਗੱਲ ਸੀ, ਕਿਉਂਕਿ ਘੱਟ ਪੜ੍ਹਿਆ-ਲਿਖਿਆ ਵਿਅਕਤੀ ਵੀ ਆਪਣੀ ਮਾਂ ਬੋਲੀ ਵਿੱਚ ਆਪਣੀ ਪਹਿਚਾਣ ਨੂੰ ਸਮਝ ਸਕਦਾ ਸੀ। ਪਰ ਹੁਣ ਅੰਗਰੇਜ਼ੀ ਅਤੇ ਹਿੰਦੀ ਨੇ ਪੰਜਾਬੀ ਦੀ ਜਗ੍ਹਾ ਖੋਹ ਲਈ ਹੈ। ਇਹ ਸਾਡੇ ਘਰ ਵਿੱਚ ਸਾਡੀ ਮਾਂ ਬੋਲੀ ਨੂੰ ਬੇਗਾਨਾ ਕਰਨ ਦੀ ਸਾਜ਼ਿਸ਼ ਹੈ। ਸਮਾਜ ਸੇਵੀ ਲੱਖਾ ਸਿਧਾਣਾ ਨੇ ਸਹੀ ਕਿਹਾ ਹੈ ਕਿ ਮਾਂ ਬੋਲੀ ਦਾ ਖਾਤਮਾ ਕਿਸੇ ਵੀ ਕੌਮ ਦਾ ਖਾਤਮਾ ਹੁੰਦਾ ਹੈ। ਪੰਜਾਬੀ, ਜੋ ਦੁਨੀਆਂ ਦੀ 10ਵੀਂ ਸਭ ਤੋਂ ਵੱਡੀ ਭਾਸ਼ਾ ਹੈ, ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕਰਨਾ ਸਾਡੀ ਸਭਿਅਤਾ ’ਤੇ ਹਮਲਾ ਹੈ। ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਦੀ ਚੁੱਪੀ ਵੀ ਘੱਟ ਦੁਖਦਾਈ ਨਹੀਂ। ਪੰਜਾਬ ਵਿੱਚ ਕਾਨੂੰਨ ਹੈ ਕਿ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਦੇ ਬੋਰਡਾਂ ’ਤੇ ਪੰਜਾਬੀ ਨੂੰ ਪਹਿਲ ਦਿੱਤੀ ਜਾਵੇ, ਪਰ ਆਧਾਰ ਕਾਰਡ ਵਰਗੇ ਅਹਿਮ ਦਸਤਾਵੇਜ਼ ’ਤੇ ਪੰਜਾਬੀ ਦਾ ਨਾਂ-ਨਿਸ਼ਾਨ ਮਿਟਾਉਣ ’ਤੇ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਇਹ ਸਾਡੇ ਸਾਰਿਆਂ ਲਈ ਸੋਚਣ ਦਾ ਵਿਸ਼ਾ ਹੈ। ਅਸੀਂ ਕਦੋਂ ਤੱਕ ਆਪਣੀ ਮਾਂ ਬੋਲੀ ਦੀ ਬੇਇੱਜ਼ਤੀ ਸਹਿੰਦੇ ਰਹਾਂਗੇ ? *(ਬਾਕੀ ਹਿਸਾ ਸਫਾ 9 ਤੇ ਪੜ੍ਹੋ)*

NEWS & VIEWS

# CONNECTING THE DOTS AS WE COMMEMORATE 350TH *SHAHEEDI* ANNIVERSARY OF GURU TEGH BAHADUR



Gurmukh Singh
OBE

In Guru Tegh Bahadur, the Sikhs have a most remarkable story to tell the world torn apart by religious conflict. It is the story of a great saint-warrior martyr who gave his life for the religious freedom of all. It was in that sense that, in the history of martyrdoms for worthy causes, the martyrdom of Guru Tegh Bahadur was described as unique by Nanak X, Guru Gobind Singh.

As a central theme for marking the 350th *Shaheedi* Anniversary of Guru Tegh Bahadur, we should continue to research and discover the *True Story* of His life, mission and martyrdom. Much that has been written about His life, has been either influenced by Brahmanical thought or distorted by biased historians. Of the latter category, the historians of National Council of Educational Research and Training (NCERT) of India, have relied on highly biased and even hostile non-Sikh evidence from Mughal reports and Persian sources. My attention was drawn to this distortion of Sikh history by Dr M S Rahi, a Chandigrah based lawyer, visiting UK in August 1998. As requested, I sent a formal Affidavit in the form of an "Opinion" to the High Court of India, dated 9 May 1998.

Recently, I was amazed to read a study about Lohgarh Fort in Haryana (*Lohgharh The World's Largest Fort (The Capital of the Sikh Kingdom)* by Harjinder Singh Dilgeer Gagandeep Singh Gurvinder Singh 2017.) It connects many dots in the Guru history (Guru *Jote-Jugat* continuity) from Guru Hargobind to Guru Gobind Singh and brings out the great contribution of *vanjara and sikligar* Sikhs. Together with evidence from Bhatt Vahis and Assamese Buranjis, the *True Story* begins to emerge. For example, the devious role of Brahmins and Ulema (Muslim clergy) of northern India is exposed by the Buranjis.

Guru Tegh Bahadur provided the continuity from Guru Hargobind to Guru Gobind Singh and played a pivotal role in the Miri-Piri journey of the Guiding Guru *Jote*. The two Guruships of Guru Har Rai (Guruship 1644-1661) and Guru Har Krishan, (Guruship 1661-1664) stabilised the Sikh defensive posture after the battles of Guru Hargobind. A strong defensive force was retained by Guru Har Rai, and, not disbanded by Gur Har Krishan. Such, strengthening of Sikh facilities and organisation was low profile and did not attract too much Mughal attention. They were not prepared for Baba Banda Singh Bahadur who took over Panjab in a very short time and defied the Mughal might for many years. Lohgarh Fort discovery adds another important dimension to the study of this period.

My own quest for the *True Story* started in April 2016, when I was mandated by the Sikh Missionary Society UK to sift through historical sources to present some sort of coherent picture. It took about one year and the study was published by the Society as *Guru Tegh Bahadur, The True Story* and printed by Panjab Times UK in April 2017. It attracted much attention. (It is one of the most widely read research study on ResearchGate with over 60,500 reads to date.)


As encouraged by renowned scientist/scholar Dr Hardev Singh Virk in his favourable review, an updated second edition was published by Sikh Youth Australia. However, the *True Story* of Guru Tegh Bahadur remains very much a work-in-progress. Continuation of that work can be the theme of 350th Shaheedi Anniversary of Guru Tegh Bahadur.

Further reading:
https://www.sikhmissionarysociety.org/
https://library.gurmat.info/download/guru-tegh-bahadur-ji-the-true-story-gurmukh-singh.pdf

Gurmukh Singh OBE, Ret'd Principal Civil Servant (UK) sewauk2005@yahoo.co.uk

# ਆਰ.ਐਸ.ਐਸ. ਮੁਖੀ ਦੀ ਹਾਜ਼ਰੀ ਵਿਚ ਜੀ.ਐਨ.ਡੀ.ਯੂ. ਵੀਸੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਨਾਲ ਜੋੜਿਆ

## ✪ ਵਾਇਰਲ ਵੀਡੀਓ ਉਪਰ ਸਿਖ ਪੰਥ ਦਾ ਤਿੱਖਾ ਪ੍ਰਤੀਕਰਮ ✪ ਸ਼੍ਰੋਮਣੀ ਕਮੇਟੀ ਨੇ ਵਾਈਸ ਚਾਂਸਲਰ ਨੂੰ ਕਮੇਟੀ 'ਚੋਂ ਹਟਾਇਆ ✪ ਸੱਥ ਅਤੇ ਬੁੱਧੀਜੀਵੀਆਂ ਦੀ ਮੰਗ: ਅਕਾਲ ਤਖਤ ਤੋਂ ਸਖਤ ਕਾਰਵਾਈ ਦੀ ਅਪੀਲ



ਅੰਮ੍ਰਿਤਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐਨ.ਡੀ.ਯੂ.) ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਮੋਹਨ ਭਾਗਵਤ ਨੂੰ ਸੰਬੋਧਨ ਕਰਦਿਆਂ ਇੱਕ ਵਿਵਾਦਤ ਵੀਡੀਓ ਗੁਰੂ ਗ੍ਰੰਥ ਸਾਹਿਬ ਤੇ ਵੇਦਾਂ ਦੀ ਸਾਂਝ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਣ ਸਿੱਖ ਪੰਥ ਵਿੱਚ ਵਿਵਾਦ ਨੂੰ ਜਨਮ ਦਿੱਤਾ ਹੈ। ਇਸ ਮਾਮਲੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਇਸੇ ਕਾਰਣ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਬਾਰੇ ਬਣਾਈ ਕਮੇਟੀ ਵਿੱਚੋਂ ਹਟਾ ਦਿੱਤਾ ਹੈ।

### ਵੀਡੀਓ ਦਾ ਮਾਮਲਾ ਅਤੇ ਵਿਵਾਦ

ਵਾਇਰਲ ਵੀਡੀਓ ਵਿੱਚ ਡਾ. ਕਰਮਜੀਤ ਸਿੰਘ ਅੰਮ੍ਰਿਤਾ ਯੂਨੀਵਰਸਿਟੀ, ਕੋਚੀ ਵਿਖੇ ਇੱਕ ਸਮਾਗਮ ਦੌਰਾਨ ਮੋਹਨ ਭਾਗਵਤ ਨੂੰ ਸੰਬੋਧਨ ਕਰਦੇ ਦਿਖਾਈ ਦੇ ਰਹੇ ਹਨ। ਉਹ ਜੀ.ਐਨ.ਡੀ.ਯੂ. ਵਿੱਚ ਪ੍ਰੀ-ਪੀਐਚਡੀ ਕੋਰਸ ਵਿੱਚ 'ਭਾਰਤੀ ਗਿਆਨ ਪ੍ਰੰਪਰਾ' ਸ਼ੁਰੂ ਕਰਨ, ਰਿਗਵੇਦ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਜੋੜਦੀ ਇੱਕ ਚੇਅਰ ਸਥਾਪਤ ਕਰਨ ਦੀ ਗੱਲ ਕਰਦੇ ਹਨ।

ਇਸ ਨੇ ਸਿੱਖ ਭਾਈਚਾਰੇ ਵਿੱਚ ਇਹ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਸਿੱਖ ਧਰਮ ਦੀ ਵਿਲੱਖਣਤਾ ਨੂੰ ਵੈਦਿਕ ਪ੍ਰੰਪਰਾਵਾਂ ਨਾਲ ਜੋੜਨ ਦੀ ਕੋਸ਼ਿਸ਼ ਸਿੱਖ ਮਰਿਆਦਾ ਦੀ ਉਲੰਘਣਾ ਨਹੀਂ ? ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ, "ਸਿੱਖ ਧਰਮ ਦੀ ਮਰਿਆਦਾ ਵੱਖਰੀ ਹੈ। ਕਿਸੇ ਨੂੰ ਅਧਿਕਾਰ ਨਹੀਂ ਕਿ ਉਹ ਸਿੱਖ ਪ੍ਰੰਪਰਾਵਾਂ ਨੂੰ ਛੁਟਿਆਵੇ।"

### ਸ਼੍ਰੋਮਣੀ ਕਮੇਟੀ ਦਾ ਐਕਸ਼ਨ

ਸਿੱਖ ਬੁੱਧੀਜੀਵੀਆਂ ਅਤੇ ਵਿਦਿਆਰਥੀ ਜਥੇਬੰਦੀ ਸੱਥ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਨਾਕਾਫੀ ਦੱਸਿਆ। ਸੱਥ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਡਾ. ਕਰਮਜੀਤ ਸਿੰਘ ਨੂੰ ਅਕਾਲ ਤਖਤ ਵਿਖੇ ਤਲਬ ਕਰਕੇ ਪੂਰੀ ਪੜਤਾਲ ਕੀਤੀ ਜਾਵੇ। ਉਨ੍ਹਾਂ ਮੁਤਾਬਕ, ਆਰ.ਐਸ.ਐਸ. ਸਿੱਖ ਪੰਥ ਦੀ ਵਿਲੱਖਣ ਪਛਾਣ ਨੂੰ ਹਿੰਦੂ ਸੱਭਿਆਚਾਰ ਵਿੱਚ ਜਜ਼ਬ ਕਰਨ ਦੀ ਕੋਸ਼ਿਸ਼ ਕਰਦੀ ਹੈ। ਸੱਥ ਨੇ 2001, 2002 ਅਤੇ 2004 ਦੇ ਅਕਾਲ ਤਖਤ ਦੇ ਹੁਕਮਨਾਮਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਘ ਨੂੰ "ਪੰਥ ਵਿਰੋਧੀ" ਸੰਸਥਾ ਘੋਸ਼ਿਤ ਕੀਤਾ ਗਿਆ ਸੀ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਲੰਮਾ ਸਿਆਸੀ ਗਠਜੋੜ ਰਿਹਾ ਹੈ।

ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਸਿਰਫ਼ ਇੱਕ ਦਿਖਾਵਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਆਰ. ਐਸ. ਐਸ. ਦਾ ਸਿੱਖ ਸੰਸਥਾਵਾਂ 'ਤੇ ਪ੍ਰਭਾਵ ਵਧ ਰਿਹਾ ਹੈ, ਜਿਸ ਨੂੰ ਸ਼੍ਰੋਮਣੀ ਕਮੇਟੀ ਨੂੰ ਰੋਕਣ ਲਈ ਪੁਖਤਾ ਕਦਮ ਚੁੱਕਣੇ ਚਾਹੀਦੇ ਹਨ। ਸੱਥ ਨੇ ਸਵਾਲ ਉਠਾਇਆ ਕਿ ਅਕਾਲ ਤਖਤ ਦੇ ਜਥੇਦਾਰ ਇਸ ਮਾਮਲੇ 'ਤੇ ਸਖਤ ਐਕਸ਼ਨ ਕਿਉਂ ਨਹੀਂ ਲੈ ਰਹੇ। ਉਨ੍ਹਾਂ ਮੁਤਾਬਕ, ਆਰ.ਐਸ.ਐਸ. ਸਿੱਖ ਸੰਸਥਾਵਾਂ ਵਿੱਚ ਸਿੱਖ ਚਿਹਰਿਆਂ ਨੂੰ ਵਰਤ ਕੇ ਆਪਣੀ ਵਿਚਾਰਧਾਰਾ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ। ਸਿੱਖ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦੇ ਦੋਸ਼ ਵੀ ਲੱਗ ਰਹੇ ਹਨ। ਸੱਥ ਨੇ ਮੰਗ ਕੀਤੀ ਕਿ ਸਿੱਖ ਵਿਦਵਾਨਾਂ ਦੀ ਕਮੇਟੀ ਬਣਾ ਕੇ ਅਜਿਹੀਆਂ ਗਤੀਵਿਧੀਆਂ ਦੀ ਪੜਤਾਲ ਕੀਤੀ ਜਾਵੇ ਅਤੇ ਪੰਜਾਬ ਸਰਕਾਰ ਵੀ ਸਖਤ ਕਾਰਵਾਈ ਕਰੇ।

### ਯੂਨੀਵਰਸਿਟੀ ਦਾ ਗੋਲ ਮੋਲ ਪ੍ਰਤੀਕਰਮ

ਜੀ.ਐਨ.ਡੀ.ਯੂ. ਦੇ ਲੋਕ ਸੰਪਰਕ ਵਿਭਾਗ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਅੰਮ੍ਰਿਤਾ ਯੂਨੀਵਰਸਿਟੀ, ਕੋਚੀ ਵੱਲੋਂ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਡਾ. ਕਰਮਜੀਤ ਸਿੰਘ ਨੂੰ ਇੰਡੀਅਨ ਐਜੂਕੇਸ਼ਨ ਸੋਸਾਇਟੀ ਦੇ ਸੱਦੇ 'ਤੇ ਸ਼ਾਮਲ ਹੋਣ ਲਈ ਬੁਲਾਇਆ ਗਿਆ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਡਿਜੀਟਾਈਜ਼ੇਸ਼ਨ, ਵਾਤਾਵਰਣ ਮੁਹਿੰਮਾਂ ਅਤੇ ਸਿੱਖ ਚੇਤਨਾ ਨੂੰ ਫੈਲਾਉਣ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ। ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਕਿ ਸਮਾਗਮ ਦੇ ਸੱਦੇ ਅਤੇ ਪ੍ਰਬੰਧ ਅੰਮ੍ਰਿਤਾ ਯੂਨੀਵਰਸਿਟੀ ਵੱਲੋਂ ਸਨ, ਜਿਸ ਵਿੱਚ ਜੀ.ਐਨ.ਡੀ.ਯੂ. ਦੀ ਕੋਈ ਸਿੱਧੀ ਭੂਮਿਕਾ ਨਹੀਂ ਸੀ। ਡਾ. ਕਰਮਜੀਤ ਸਿੰਘ ਦੇ ਬਿਆਨ, ਜਿਸ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਰਿਗਵੇਦ ਨਾਲ ਜੋੜਨ ਦੀ ਗੱਲ ਕੀਤੀ, ਨੇ ਸਿੱਖ ਧਰਮ ਦੀ ਵਿਲੱਖਣਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਸਿੱਖ ਮਾਹਿਰਾਂ ਮੁਤਾਬਕ, ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਨਿਆਰੇ ਫਲਸਫੇ 'ਤੇ ਟਿਕੀ ਹੈ, ਜੋ ਵੈਦਿਕ ਪ੍ਰੰਪਰਾਵਾਂ ਤੋਂ ਵੱਖਰੀ ਅਤੇ ਸੁਤੰਤਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਵਿੱਚ ਇੱਕ ਪਰਮਾਤਮਾ, ਸਮਾਜਕ ਸਮਾਨਤਾ ਅਤੇ ਨਿਆਂ ਦੀ ਗੱਲ ਕੀਤੀ ਗਈ ਹੈ, ਜੋ ਵੈਦਿਕ ਪ੍ਰੰਪਰਾਵਾਂ ਦੇ ਜਾਤ-ਪਾਤ ਅਤੇ ਰਸਮੀ ਕਰਮਕਾਂਡਾਂ ਤੋਂ ਵੱਖ ਹੈ।

ਇਹ ਮਾਮਲਾ ਸਿੱਖ ਸੰਸਥਾਵਾਂ ਵਿੱਚ ਆਰ.ਐਸ.ਐਸ. ਦੀ ਵਧਦੀ ਦਖਲਅੰਦਾਜ਼ੀ ਅਤੇ ਸਿੱਖ ਮਰਿਆਦਾ ਦੀ ਸੁਰੱਖਿਆ ਦਾ ਸਵਾਲ ਉਠਾਉਂਦਾ ਹੈ। ਸ਼੍ਰੋਮਣੀ ਕਮੇਟੀ ਦਾ ਫੈਸਲਾ ਸਹੀ ਦਿਸ਼ਾ ਵਿੱਚ ਹੈ, ਪਰ ਸੱਥ ਅਤੇ ਬੁੱਧੀਜੀਵੀਆਂ ਦੀ ਮੰਗ ਹੈ ਕਿ ਪੂਰੀ ਪੜਤਾਲ ਅਤੇ ਸਖਤ ਕਾਰਵਾਈ ਜ਼ਰੂਰੀ ਹੈ। ਅਕਾਲ ਤਖਤ ਨੂੰ ਇਸ ਮਾਮਲੇ 'ਤੇ ਸਪੱਸ਼ਟ ਸਟੈਂਡ ਲੈਣ ਦੀ ਲੋੜ ਹੈ, ਤਾਂ ਜੋ ਸਿੱਖ ਅਦਾਰਿਆਂ ਦੀ ਵਿਲੱਖਣਤਾ ਅਤੇ ਸੁਤੰਤਰਤਾ ਬਰਕਰਾਰ ਰਹੇ।

## ਪੰਜਾਬੀ ਮਾਂ ਬੋਲੀ- 

8 ਸਫ਼ੇ ਦਾ ਬਾਕੀ ਹਿਸਾ

ਪੰਜਾਬੀਓ, ਹੁਣ ਜਾਗਣ ਦਾ ਵਕਤ ਹੈ। ਸਾਨੂੰ ਇਕਜੁੱਟ ਹੋ ਕੇ ਆਪਣੀ ਮਾਂ ਬੋਲੀ ਦੀ ਰਾਖੀ ਲਈ ਲੜਨਾ ਪਵੇਗਾ। ਸਭ ਤੋਂ ਪਹਿਲਾਂ, ਸਾਨੂੰ ਸਰਕਾਰ ਅਤੇ ਯੂ.ਆਈ.ਡੀ.ਏ.ਆਈ. 'ਤੇ ਦਬਾਅ ਪਾਉਣਾ ਹੋਵੇਗਾ ਕਿ ਆਧਾਰ ਕਾਰਡ 'ਤੇ ਪੰਜਾਬੀ ਨੂੰ ਮੁੜ ਸਥਾਪਿਤ ਕੀਤਾ ਜਾਵੇ। ਇਸ ਲਈ ਸੋਸ਼ਲ ਮੀਡੀਆ 'ਤੇ ਮੁਹਿੰਮਾਂ ਚਲਾਈਆਂ ਜਾਣ, ਜਨਤਕ ਰੋਸ ਪ੍ਰਦਰਸ਼ਨ ਕੀਤੇ ਜਾਣ ਅਤੇ ਸਰਕਾਰ ਨੂੰ ਚਿੱਠੀਆਂ ਲਿਖੀਆਂ ਜਾਣ।

ਦੂਜਾ, ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਨ, ਲਿਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ ਹੋਵੇਗਾ। ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਕਰਨੀ ਹੋਵੇਗੀ। ਸਾਡੇ ਘਰਾਂ ਵਿੱਚ, ਗੁਰਦੁਆਰਿਆਂ ਵਿੱਚ ਅਤੇ ਸਮਾਜ ਵਿੱਚ ਪੰਜਾਬੀ ਦੀ ਵਰਤੋਂ ਨੂੰ ਵਧਾਉਣਾ ਹੋਵੇਗਾ।

ਤੀਜਾ, ਪੰਜਾਬ ਦੇ ਸਿਆਸੀ ਆਗੂਆਂ, ਸਮਾਜ ਸੇਵੀਆਂ ਅਤੇ ਸਾਹਿਤਕਾਰਾਂ ਨੂੰ ਮਿਲ ਕੇ ਇੱਕ ਸਾਂਝੀ ਮੁਹਿੰਮ ਚਲਾਉਣੀ ਪਵੇਗੀ। ਜਿਵੇਂ ਦੱਖਣੀ ਭਾਰਤ ਦੇ ਲੋਕ ਆਪਣੀਆਂ ਭਾਸ਼ਾਵਾਂ ਦੀ ਰਾਖੀ ਲਈ ਇਕਜੁੱਟ ਹੁੰਦੇ ਹਨ, ਉਸੇ ਤਰ੍ਹਾਂ ਸਾਨੂੰ ਵੀ ਆਪਣੀ ਮਾਂ ਬੋਲੀ ਲਈ ਲੜਨਾ ਹੋਵੇਗਾ।

ਅੰਤ ਵਿੱਚ, ਪੰਜਾਬੀਓ ਨੂੰ ਸੁਨੇਹਾ ਹੈ ਕਿ ਸਾਡੀ ਮਾਂ ਬੋਲੀ ਸਾਡੀ ਪਛਾਣ ਹੈ, ਸਾਡਾ ਮਾਣ ਹੈ। ਇਸ ਨੂੰ ਬਚਾਉਣ ਲਈ ਸਾਨੂੰ ਹਰ ਸੰਭਵ ਕੋਸ਼ਿਸ਼ ਕਰਨੀ ਪਵੇਗੀ। ਆਓ, ਮਿਲ ਕੇ ਪ੍ਰਣ ਕਰੀਏ ਕਿ ਅਸੀਂ ਪੰਜਾਬੀ ਨੂੰ ਆਪਣੇ ਘਰ ਵਿੱਚ, ਆਧਾਰ ਕਾਰਡ 'ਤੇ ਅਤੇ ਸਾਡੇ ਦਿਲਾਂ ਵਿੱਚ ਜਿਉਂਦਾ ਰੱਖਾਂਗੇ। ਸਾਡੀ ਭਾਸ਼ਾ, ਸਾਡੀ ਹੋਂਦ ਨੂੰ ਕੋਈ ਨਹੀਂ ਖੋਹ ਸਕਦਾ।

-ਰਜਿੰਦਰ ਸਿੰਘ ਪੁਰੇਵਾਲ

## ਨੌਜਵਾਨ ਨੂੰ ਅਗਵਾ ਕਰਕੇ ਕੁੱਟਮਾਰ, 75 ਹਜ਼ਾਰ ਰੁਪਏ ਲੁੱਟੇ

ਲੁਧਿਆਣਾ-ਗਿਆਸਪੁਰਾ ਦੇ ਇੱਕ ਦੁਕਾਨਦਾਰ ਸਨੀ ਨੂੰ ਅਗਵਾ ਕਰਕੇ ਕੁੱਟਮਾਰ ਕਰਨ ਅਤੇ 75 ਹਜ਼ਾਰ ਰੁਪਏ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਮੰਗਲਵਾਰ ਦੁਪਹਿਰ ਨੂੰ ਵਾਪਰੀ ਜਦੋਂ ਸਨੀ ਆਪਣੇ ਦੋਸਤ ਨੂੰ ਮਿਲਣ ਜਾ ਰਿਹਾ ਸੀ। ਰੇਲਵੇ ਕਾਲੋਨੀ ਸ਼ੈੱਡ ਨੇੜੇ ਸਿਗਰਟ ਪੀਣ ਲਈ ਰੁਕਿਆ ਤਾਂ ਇੱਕ ਕਾਰ ਵਿੱਚ ਸਵਾਰ ਤਿੰਨ ਨੌਜਵਾਨਾਂ ਨੇ ਉਸ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ। ਉਸ ਨੂੰ ਰੇਲਵੇ ਕੁਆਰਟਰ ਵਿੱਚ ਲੈ ਜਾ ਕੇ ਬੇਰਹਿਮੀ ਨਾਲ ਕੁੱਟਿਆ ਅਤੇ ਪੈਸੇ ਦੇਣ ਲਈ ਦਬਾਅ ਪਾਇਆ। ਉਨ੍ਹਾਂ ਨੇ ਸਨੀ ਦੀ ਜੇਬ 'ਚੋਂ 25 ਹਜ਼ਾਰ ਰੁਪਏ ਕੱਢ ਲਏ ਅਤੇ ਉਸਦੇ ਭਰਾ ਤੋਂ ਗੂਗਲ ਪੇਅ ਰਾਹੀਂ 50 ਹਜ਼ਾਰ ਰੁਪਏ ਮੰਗਵਾਏ। ਪੈਸੇ ਮਿਲਣ ਤੋਂ ਬਾਅਦ ਉਨ੍ਹਾਂ ਨੇ ਸਨੀ ਨੂੰ ਨੰਗਾ ਕਰਕੇ ਕਮਰੇ ਵਿੱਚੋਂ ਬਾਹਰ ਕੱਢ ਦਿੱਤਾ। ਸਨੀ ਨੇ ਬਾਅਦ ਵਿੱਚ ਪੁਲਿਸ ਨੂੰ ਸ਼ਿਕਾਇਤ ਦਿੱਤੀ ਹੈ, ਜੋ ਮਾਮਲੇ ਦੀ ਜਾਂਚ ਕਰ ਰਹੀ ਹੈ।

## ਮੰਗਣੀ ਕਰਵਾ ਕੇ ਆਸਟ੍ਰੇਲੀਆ ਭੇਜਣ ਦੇ ਨਾਂ 'ਤੇ 23.50 ਲੱਖ ਦੀ ਠੱਗੀ

ਮਖੂ-ਮਖੂ ਵਿੱਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਕੁੜੀ ਅਤੇ ਉਸਦੇ ਪਰਿਵਾਰ ਨੇ ਵਿਦੇਸ਼ ਜਾਣ ਦੇ ਚਾਹਵਾਨ ਇੱਕ ਨੌਜਵਾਨ ਨਾਲ ਵੱਡੀ ਠੱਗੀ ਮਾਰੀ। ਮੋਗਾ ਦੇ ਪਿੰਡ ਧੱਲੇ ਕੇ ਦੇ ਨਛੱਤਰ ਸਿੰਘ, ਉਸਦੀ ਪਤਨੀ ਭੁਪਿੰਦਰ ਕੌਰ ਅਤੇ ਬੇਟੀ ਸਿਮਰ ਰੰਧਾਵਾ ਨੇ ਪਿੰਡ ਸੂਦਾ ਦੇ ਹਰਪ੍ਰੀਤ ਸਿੰਘ ਨਾਲ ਸਿਮਰ ਦੀ ਮੰਗਣੀ ਕਰਵਾਈ। ਮੰਗਣੀ ਤੋਂ ਬਾਅਦ ਉਨ੍ਹਾਂ ਨੇ ਹਰਪ੍ਰੀਤ ਨੂੰ ਆਸਟ੍ਰੇਲੀਆ ਭੇਜਣ ਦਾ ਝਾਂਸਾ ਦੇ ਕੇ 23 ਲੱਖ 50 ਹਜ਼ਾਰ ਰੁਪਏ ਲਏ। ਪੈਸੇ ਲੈਣ ਤੋਂ ਬਾਅਦ ਉਹ ਨਾ ਤਾਂ ਉਸਨੂੰ ਵਿਦੇਸ਼ ਭੇਜ ਸਕੇ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੁਲਿਸ ਨੇ ਹਰਪ੍ਰੀਤ ਦੀ ਮਾਂ ਦੀ ਸ਼ਿਕਾਇਤ 'ਤੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ।

# ਆਈਏਐੱਸ ਅਫ਼ਸਰਾਂ ਦੀਆਂ ਮਨਮਰਜ਼ੀ ਵਾਲੀਆਂ ਵਿਦੇਸ਼ੀ ਯਾਤਰਾਵਾਂ ਕਰਕੇ ਸਰਕਾਰੀ ਖਜਾਨੇ ਦੀ ਕੀਤੀ ਲੁੱਟ

ਖੋਜ ਖਬਰ

## ✪ ਪ੍ਰਾਈਵੇਟ ਏਜੰਟਾਂ ਦੀ ਚੋਣ ਕਰਕੇ ਕੇਂਦਰੀ ਨਿਯਮਾਂ ਦੀ ਕੀਤੀ ਉਲੰਘਣਾ ✪ ਕੈਗ ਨੇ ਖੋਲੇ ਭੇਦ, ਪੰਜਾਬ ਸਰਕਾਰ ਦੀ ਭੇਦਭਰੀ ਚੁੱਪ

ਪੰਜਾਬ ਦੇ ਕੁਝ ਆਈਏਐੱਸ ਅਫ਼ਸਰਾਂ ਦੀਆਂ ਵਿਦੇਸ਼ੀ ਉਡਾਰੀਆਂ ਨੇ ਇਕ ਵਾਰ ਫਿਰ ਸਰਕਾਰੀ ਖ਼ਜ਼ਾਨੇ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਹੈ। ਕੰਪਟਰੋਲਰ ਐਂਡ ਆਡਿਟਰ ਜਨਰਲ (ਕੈਗ) ਨੇ ਪੰਜਾਬ ਦੇ ਕਈ ਆਈਏਐੱਸ ਅਫ਼ਸਰਾਂ ਵੱਲੋਂ ਹਵਾਈ ਟਿਕਟਾਂ ਦੀ ਖਰੀਦ 'ਤੇ ਵਾਧੂ ਖਰਚਾ ਕਰਨ ਦਾ ਮੁੱਦਾ ਉਠਾਇਆ ਹੈ। ਇਨ੍ਹਾਂ ਅਫ਼ਸਰਾਂ ਨੇ ਕੇਂਦਰੀ ਵਿੱਤ ਮੰਤਰਾਲੇ ਦੀਆਂ ਹਦਾਇਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਪ੍ਰਾਈਵੇਟ ਏਜੰਟਾਂ ਤੋਂ ਮਹਿੰਗੀਆਂ ਟਿਕਟਾਂ ਖਰੀਦੀਆਂ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਸੀ। ਇਸ ਤੋਂ ਪਹਿਲਾਂ ਵੀ ਚੰਡੀਗੜ੍ਹ ਯੂਟੀ ਵਿਚ ਤਾਇਨਾਤ ਤਿੰਨ ਆਈਏਐੱਸ ਅਫ਼ਸਰਾਂ ਦੀ ਪੈਰਿਸ ਯਾਤਰਾ ਦੌਰਾਨ 6.71 ਲੱਖ ਰੁਪਏ ਦੇ ਵਾਧੂ ਖਰਚੇ ਨੇ ਸੁਰਖੀਆਂ ਬਟੋਰੀਆਂ ਸਨ। ਉਸ ਵਕਤ ਵੀ ਅਫ਼ਸਰਾਂ ਨੇ ਬਿਜ਼ਨਸ ਕਲਾਸ ਵਿਚ ਸਫ਼ਰ ਕੀਤਾ ਸੀ ਅਤੇ ਸਰਕਾਰੀ ਨਿਯਮਾਂ ਦੀ ਉਲੰਘਣਾ ਕੀਤੀ ਸੀ। ਹੁਣ ਫਿਰ ਤੋਂ ਅਜਿਹੇ ਮਾਮਲਿਆਂ ਨੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

### ਕੇਂਦਰੀ ਨਿਯਮਾਂ ਦੀ ਉਲੰਘਣਾ: ਪ੍ਰਾਈਵੇਟ ਏਜੰਟਾਂ ਦੀ ਚੋਣ

ਕੇਂਦਰੀ ਵਿੱਤ ਮੰਤਰਾਲੇ ਨੇ 16 ਜੂਨ 2022 ਨੂੰ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਸਾਰੇ ਸਰਕਾਰੀ ਅਧਿਕਾਰੀਆਂ ਨੂੰ ਹਵਾਈ ਟਿਕਟਾਂ ਦੀ ਬੁਕਿੰਗ ਸਿਰਫ ਤਿੰਨ ਅਧਿਕਾਰਤ ਟਰੈਵਲ ਏਜੰਟਾਂ - ਮੈਸਰਜ਼ ਬਾਲਮਰ ਲਾਰੀ ਐਂਡ ਕੰਪਨੀ ਲਿਮਟਿਡ, ਮੈਸਰਜ਼ ਅਸ਼ੋਕ ਟਰੈਵਲਜ਼ ਐਂਡ ਟੂਰਜ਼ ਅਤੇ ਇੰਡੀਅਨ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ ਲਿਮਟਿਡ - ਰਾਹੀਂ ਕਰਨੀਆਂ ਹਨ। ਇਨ੍ਹਾਂ ਏਜੰਟਾਂ ਤੋਂ ਟਿਕਟਾਂ ਖਰੀਦਣ 'ਤੇ ਕੋਈ ਸਰਵਿਸ ਫੀਸ ਜਾਂ ਵਾਧੂ ਚਾਰਜ ਨਹੀਂ ਲਗਦਾ। ਪਰ ਪੰਜਾਬ ਦੇ ਕੁਝ ਆਈਏਐੱਸ ਅਫ਼ਸਰਾਂ ਨੇ ਇਨ੍ਹਾਂ ਨਿਰਧਾਰਤ ਏਜੰਟਾਂ ਨੂੰ ਛੱਡ ਕੇ ਪ੍ਰਾਈਵੇਟ ਏਜੰਟਾਂ ਤੋਂ ਟਿਕਟਾਂ ਖਰੀਦੀਆਂ, ਜਿਨ੍ਹਾਂ ਨੇ ਸਰਵਿਸ ਫੀਸ ਅਤੇ ਹੋਰ ਚਾਰਜ ਵਸੂਲ ਕੀਤੇ ਸਨ। ਇਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਵਾਧੂ ਬੋਝ ਪਿਆ ਸੀ। ਨਾਲ ਹੀ, ਇਨ੍ਹਾਂ ਅਫ਼ਸਰਾਂ ਨੇ ਨਿਰਧਾਰਤ ਫਾਰਮ ਤੇ ਬਿੱਲ ਜਮਹਾਂ ਨਹੀਂ ਕਰਵਾਏ, ਜੋ ਕਿ ਸਿੱਧੀ ਤੌਰ 'ਤੇ ਨਿਯਮਾਂ ਦੀ ਉਲੰਘਣਾ ਹੈ।

### ਪੰਜਾਬ ਸਰਕਾਰ ਕਾਰਵਾਈ ਕਿਉਂ ਨਹੀਂ ਕਰ ਰਹੀ?

ਕੈਗ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਇਸ ਮਾਮਲੇ 'ਤੇ ਸਪਸ਼ਟੀਕਰਨ ਮੰਗਿਆ



ਹੈ, ਪਰ ਸਰਕਾਰ ਵੱਲੋਂ ਹੁਣ ਤੱਕ ਕੋਈ ਠੋਸ ਜਵਾਬ ਨਹੀਂ ਦਿੱਤਾ ਗਿਆ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਅਫ਼ਸਰਸ਼ਾਹੀ ਦੀਆਂ ਅਜਿਹੀਆਂ ਹਰਕਤਾਂ ਸਾਹਮਣੇ ਆਈਆਂ ਹਨ। ਪਹਿਲਾਂ ਪੈਰਿਸ ਯਾਤਰਾ ਦੇ ਮਾਮਲੇ ਵਿਚ ਵੀ ਸਰਕਾਰ ਨੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਅਫ਼ਸਰਾਂ ਦੀ ਮਨਮਾਨੀ ਵਧਦੀ ਜਾ ਰਹੀ ਹੈ। ਸਵਾਲ ਇਹ ਉੱਠਦਾ ਹੈ ਕਿ ਪੰਜਾਬ ਸਰਕਾਰ ਅਜਿਹੇ ਮਾਮਲਿਆਂ 'ਤੇ ਚੁੱਪ ਕਿਉਂ ਹੈ? ਕੀ ਸਰਕਾਰੀ ਅਧਿਕਾਰੀਆਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਜਾ ਰਹੀ ਹੈ? ਇਸ ਚੁੱਪੀ ਨੇ ਸਰਕਾਰ ਦੀ ਜਵਾਬਦੇਹੀ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

### ਸਰਕਾਰੀ ਖ਼ਜ਼ਾਨੇ ਨੂੰ ਨੁਕਸਾਨ: ਸਰਕਾਰੀ ਖ਼ਜ਼ਾਨੇ ਦੀ ਬਰਬਾਦੀ

ਇਹ ਮਾਮਲਾ ਸਿਰਫ਼ ਨਿਯਮਾਂ ਦੀ ਉਲੰਘਣਾ ਹੀ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੇ ਪੈਸੇ ਦੀ ਬਰਬਾਦੀ ਦਾ ਵੀ ਸਵਾਲ ਹੈ। ਸਰਕਾਰੀ ਖ਼ਜ਼ਾਨੇ 'ਚੋਂ ਨਿਕਲਣ ਵਾਲਾ ਹਰ ਪੈਸਾ ਲੋਕਾਂ ਦੇ ਟੈਕਸ ਦਾ ਹਿੱਸਾ ਹੁੰਦਾ ਹੈ। ਜਦੋਂ ਅਫ਼ਸਰ ਮਹਿੰਗੀਆਂ ਟਿਕਟਾਂ ਅਤੇ ਬਿਜ਼ਨਸ ਕਲਾਸ 'ਚ ਸਫਰ ਕਰਕੇ ਲੱਖਾਂ ਰੁਪਏ ਦਾ ਵਾਧੂ ਖਰਚਾ ਕਰਦੇ ਹਨ, ਤਾਂ ਇਹ ਸਿੱਧੇ ਤੌਰ 'ਤੇ ਲੋਕਾਂ ਦੇ ਪੈਸੇ ਨਾਲ ਖਿਲਵਾੜ ਹੈ। ਪੰਜਾਬ ਦੀ ਆਰਥਿਕ ਸਥਿਤੀ ਪਹਿਲਾਂ ਹੀ ਨਾਜ਼ੁਕ ਹੈ, ਅਤੇ ਅਜਿਹੇ ਵਿੱਚ ਸਰਕਾਰੀ ਅਫ਼ਸਰਾਂ ਦੀ ਮਨਮਾਨੀ ਨੇ ਸਰਕਾਰ ਦੀ ਸਾਖ ਨੂੰ ਹੋਰ ਢਾਹ ਲਾਈ ਹੈ। ਕੈਗ ਦੀ ਰਿਪੋਰਟ ਨੇ ਸਪੱਸ਼ਟ ਕੀਤਾ ਹੈ ਕਿ ਇਹ ਅਫ਼ਸਰ ਨਿਯਮਾਂ ਦੀ ਪਾਲਣਾ ਕਰਨ ਦੀ ਬਜਾਏ ਆਪਣੀ ਸਹੂਲਤ ਨੂੰ ਤਰਜੀਹ ਦਿੰਦੇ ਹਨ, ਜਿਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਵਾਧੂ ਬੋਝ ਪੈਂਦਾ ਹੈ। ਮਾਹਿਰ ਆਖਦੇ ਹਨ ਕਿ ਪੰਜਾਬ ਸਰਕਾਰ ਦੀ ਚੁੱਪੀ ਅਤੇ ਕਾਰਵਾਈ ਦੀ ਘਾਟ ਨੇ ਇਸ ਮਾਮਲੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਜੇਕਰ ਸਰਕਾਰ ਨੇ ਸਮੇਂ ਸਿਰ ਸਖ਼ਤ ਕਦਮ ਨਾ ਚੁੱਕੇ, ਤਾਂ ਅਜਿਹੀਆਂ ਹਰਕਤਾਂ ਨਾਲ ਲੋਕਾਂ ਦਾ ਸਰਕਾਰ 'ਤੇ ਭਰੋਸਾ ਘਟਦਾ ਜਾਵੇਗਾ।

# ਜ਼ਿਲ੍ਹਾ ਜੇਲ੍ਹ ਸੰਗਰੂਰ ਵਿੱਚ ਖਾਲਿਸਤਾਨੀ ਕੈਦੀ ਦੀ ਮੌਤ

## ✪ ਪਰਿਵਾਰ ਨੇ ਲਾਏ ਕਤਲ ਦੇ ਦੋਸ਼, ਜੇਲ੍ਹ ਸੁਪਰਡੈਂਟ ਦਾ ਤਬਾਦਲਾ

ਸੰਗਰੂਰ-ਜ਼ਿਲ੍ਹਾ ਜੇਲ੍ਹ ਸੰਗਰੂਰ ਵਿੱਚ ਇੱਕ ਕੈਦੀ ਦੀ ਕਥਿਤ ਖੁਦਕੁਸ਼ੀ ਤੋਂ ਬਾਅਦ ਜੇਲ੍ਹ ਸੁਪਰਡੈਂਟ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਪਰਿਵਾਰ ਨੇ ਇਸਨੂੰ ਖੁਦਕੁਸ਼ੀ ਨਹੀਂ ਬਲਕਿ ਕਤਲ ਦੱਸਿਆ ਹੈ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਮ੍ਰਿਤਕ ਦੀ ਪਛਾਣ ਤਰਨਤਾਰਨ ਜ਼ਿਲ੍ਹੇ ਦੇ ਨੌਸ਼ਹਿਰਾ ਦੇ ਰਹਿਣ ਵਾਲੇ ਗੁਰਵਿੰਦਰ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਜਗੀਰ ਸਿੰਘ ਅਨੁਸਾਰ, ਗੁਰਵਿੰਦਰ ਇੱਕ ਖਾਲਿਸਤਾਨ ਸਮਰਥਕ ਸੀ ਅਤੇ ਉਸ ਖਿਲਾਫ਼ ਯੂਏਪੀਏ ਤਹਿਤ ਕੇਸ ਦਰਜ ਸੀ।

ਉਹਨਾਂ ਦਾ ਕਹਿਣਾ ਹੈ ਕਿ ਗੁਰਵਿੰਦਰ ਪਿਛਲੇ ਸੱਤ ਸਾਲਾਂ ਤੋਂ ਜੇਲ੍ਹ ਵਿੱਚ ਸੀ ਅਤੇ ਉਸਨੂੰ ਕਪੂਰਥਲਾ ਜੇਲ੍ਹ ਤੋਂ ਸੰਗਰੂਰ ਤਬਦੀਲ ਕੀਤਾ ਗਿਆ ਸੀ। ਪਰਿਵਾਰ ਦਾ ਦੋਸ਼ ਹੈ ਕਿ ਜੇਲ੍ਹ ਪ੍ਰਸ਼ਾਸਨ ਉਸਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ ਅਤੇ ਉਸਨੇ ਕਈ ਵਾਰ ਫ਼ੋਨ 'ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਆਪਣੀ ਜਾਨ ਨੂੰ ਖ਼ਤਰੇ ਬਾਰੇ ਦੱਸਿਆ ਸੀ। ਕੈਦੀ ਦੀ ਮੌਤ ਤੋਂ ਬਾਅਦ ਜੇਲ੍ਹ ਸੁਪਰਡੈਂਟ ਦਾ ਤਬਾਦਲਾ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਦੀ ਥਾਂ ਰਮਨਦੀਪ ਸਿੰਘ ਭੰਗੂ ਨੂੰ ਨਵਾਂ ਸੁਪਰਡੈਂਟ ਨਿਯੁਕਤ ਕੀਤਾ ਗਿਆ ਹੈ।

ਰਮਨਦੀਪ ਸਿੰਘ ਭੰਗੂ ਨੇ ਚਾਰਜ ਸੰਭਾਲਣ ਤੋਂ ਬਾਅਦ ਜੇਲ੍ਹ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਅਤੇ ਅਨੁਸ਼ਾਸਨ ਬਣਾਈ ਰੱਖਣ ਦਾ ਭਰੋਸਾ ਦਿੱਤਾ ਹੈ। ਇਸ ਦੌਰਾਨ, ਪੁਲਿਸ ਥਾਣਾ ਸਿਟੀ ਸੰਗਰੂਰ-1 ਨੇ ਖੁਦਕੁਸ਼ੀ ਦੇ ਮਾਮਲੇ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਗੁਰਵਿੰਦਰ ਸਿੰਘ ਦਾ ਪੋਸਟਮਾਰਟਮ ਸ਼ਨੀਵਾਰ ਦੇਰ ਸ਼ਾਮ ਇੱਕ ਜੁਡੀਸ਼ੀਅਲ ਮੈਜਿਸਟਰੇਟ ਦੀ ਨਿਗਰਾਨੀ ਹੇਠ ਕੀਤਾ ਗਿਆ। ਪਰਿਵਾਰ ਨੇ ਇਸਨੂੰ ਇੱਕ ਸਾਜਿਸ਼ ਦੱਸਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

# ਫਿਰੋਜ਼ਪੁਰ ਜੇਲ੍ਹ ਵਿਚੋਂ ਫਿਰ ਮਿਲੇ ਮੋਬਾਈਲ ਫ਼ੋਨ, 7 ਖ਼ਿਲਾਫ਼ ਕੇਸ ਦਰਜ

ਫਿਰੋਜ਼ਪੁਰ-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚੋਂ ਕੈਦੀਆਂ ਕੋਲੋਂ ਮੋਬਾਈਲ ਫ਼ੋਨ ਮਿਲਣ ਦਾ ਸਿਲਸਿਲਾ ਜਾਰੀ ਹੈ। ਪਿਛਲੇ ਕੁਝ ਦਿਨਾਂ ਵਿੱਚ ਇਹ ਦੂਜੀ ਵੱਡੀ ਕਾਰਵਾਈ ਹੈ। ਤਲਾਸ਼ੀ ਦੌਰਾਨ ਜੇਲ੍ਹ ਦੇ ਵੱਖ-ਵੱਖ ਬੈਰਕਾਂ ਤੋਂ 10 ਮੋਬਾਈਲ ਫ਼ੋਨ ਬਰਾਮਦ ਕੀਤੇ ਗਏ ਹਨ। ਜੇਲ੍ਹ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ 6 ਹਵਾਲਾਤੀਆਂ ਅਤੇ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਹਨਾਂ ਵਿੱਚ ਪ੍ਰੇਮ ਸਿੰਘ, ਨਿਰਵੈਰ ਸਿੰਘ, ਬੌਬੀ ਉਰਫ਼ ਗੁੱਲੀ, ਮਿੰਟੂ, ਭੀਮ ਕੁਮਾਰ ਠੁਕਰਾਲ ਅਤੇ ਅੰਗਰੇਜ਼ ਸਿੰਘ ਸ਼ਾਮਲ ਹਨ। ਇਸ ਘਟਨਾ ਨੇ ਜੇਲ੍ਹ ਦੀ ਸੁਰੱਖਿਆ ਉੱਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

# ਬੰਦੀ ਸਿੰਘਾਂ ਦੀ ਰਿਹਾਈ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਫੂਕਿਆ ਪੁਤਲਾ



ਜਲੰਧਰ-ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਜਲੰਧਰ ਵਿੱਚ ਸਰਕਾਰ ਦਾ ਪੁਤਲਾ ਫੂਕਿਆ। ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੂੰ ਨਜ਼ਰਬੰਦ ਕੀਤੇ ਜਾਣ ਦੇ ਬਾਵਜੂਦ, ਕਮੇਟੀ ਦੇ ਵਰਕਰ ਪੁਲਿਸ ਨੂੰ ਚਕਮਾ ਦੇ ਕੇ ਡੀ.ਸੀ. ਦਫ਼ਤਰ ਸਾਹਮਣੇ ਪਹੁੰਚਣ ਵਿੱਚ ਸਫ਼ਲ ਰਹੇ ਅਤੇ ਉਨ੍ਹਾਂ ਨੇ ਆਪਣਾ ਰੋਸ ਪ੍ਰਗਟ ਕੀਤਾ।

# ਸ਼੍ਰੋਮਣੀ ਕਮੇਟੀ ਨੂੰ ਅਕਾਲੀ ਦਲ ਦੀ ਭਰਤੀ ਕਮੇਟੀ ਦੀ ਅਪੀਲ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਲਈ ਬਣੀ ਪੰਜ ਮੈਂਬਰੀ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਹੈ। ਕਮੇਟੀ ਨੇ 11 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੀ ਵਰਤੋਂ ਦੀ ਇਜਾਜ਼ਤ ਮੰਗੀ ਹੈ। ਕਮੇਟੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤਹਿਤ ਉਨ੍ਹਾਂ ਨੇ ਸੂਬਾਈ ਤੇ ਜ਼ਿਲ੍ਹਾ ਡੈਲੀਗੇਟਸ ਦੀ ਚੋਣ ਮੁਕੰਮਲ ਕਰ ਲਈ ਹੈ ਅਤੇ ਹੁਣ ਪ੍ਰਧਾਨ ਚੁਣਨ ਲਈ ਇਤਿਹਾਸਕ ਹਾਲ ਦੀ ਵਰਤੋਂ ਜ਼ਰੂਰੀ ਹੈ।

# ਲੁਧਿਆਣਾ ਵਿੱਚ ਵੀਡੀਓ ਵਾਇਰਲ ਕਰਕੇ ਕੁੜੀ ਦੀ ਮੰਗਣੀ ਤੁੜਵਾਈ

ਲੁਧਿਆਣਾ ਵਿੱਚ ਸੋਸ਼ਲ ਮੀਡੀਆ ਟੈਲੀਗਰਾਮ 'ਤੇ ਹੋਈ ਦੋਸਤੀ ਤੋਂ ਬਾਅਦ ਇੱਕ ਨੌਜਵਾਨ ਨੇ ਕੁੜੀ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਅਤੇ ਉਸਦੀ ਵੀਡੀਓ ਬਣਾ ਲਈ। ਜਦੋਂ ਕੁੜੀ ਦੀ ਮੰਗਣੀ ਹੋ ਗਈ ਤਾਂ ਨੌਜਵਾਨ ਨੇ ਉਸਦੇ ਮੰਗੇਤਰ ਅਤੇ ਪਰਿਵਾਰ ਨੂੰ ਉਹ ਵੀਡੀਓ ਭੇਜ ਕੇ ਮੰਗਣੀ ਤੁੜਵਾ ਦਿੱਤੀ। ਪੁਲਿਸ ਨੇ ਕਾਰਵਾਈ ਕਰਦੇ ਹੋਏ ਆਸ਼ੂ ਨਾਂ ਦੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਮੈਂਬਰਸ਼ਿਪ ਦਾ ਕੰਮ ਪੂਰਾ, ਮੈਂਬਰਾਂ ਦੀ ਕੁੱਲ ਗਿਣਤੀ 8446 ਤੱਕ ਅੱਪੜੀ

## 5 ਅਕਤੂਬਰ ਨੂੰ ਖਾਲਸਾ ਪ੍ਰਾਇਮਰੀ ਸਕੂਲ ਨੌਰਵੁੱਡ ਗਰੀਨ ਵਿਖੇ ਹੋਵੇਗੀ ਚੋਣ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਨੂੰ ਲੈ ਕੇ ਮੈਂਬਰ ਬਣਨ ਦਾ ਕੰਮ ਪੂਰਾ ਹੋ ਗਿਆ ਹੈ। ਚੋਣ ਕਮੇਟੀ ਦੇ ਚੇਅਰਮੈਨ ਟਰੱਸਟੀ ਮਨਜੀਤ ਸਿੰਘ ਬੁੱਟਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ ਮੈਂਬਰਾਂ ਦੀ ਕੁੱਲ ਗਿਣਤੀ 8446 ਹੋ ਗਈ ਹੈ। ਜਿਹਨਾਂ ਵਿੱਚੋਂ 3588 ਨਵੇਂ ਆਮ ਮੈਂਬਰ ਬਣੇ ਹਨ, ਜਦ ਕਿ 1357 ਨਵੇਂ ਉਮਰ ਭਰ ਲਈ ਮੈਂਬਰ ਬਣੇ ਹਨ। ਇਸ ਨਾਲ ਉਮਰ ਭਰ ਦੇ ਮੈਂਬਰਾਂ ਦੀ ਕੁੱਲ ਗਿਣਤੀ ਗਿਣਤੀ 4858 ਤੱਕ ਪਹੁੰਚ ਗਈ ਹੈ।*



ਮੈਂਬਰਸ਼ਿਪ ਪ੍ਰਕਿਰਿਆ ਸਮਾਪਤ ਹੋਣ ਸਮੇਂ ਚੋਣ ਕਮੇਟੀ ਦੀ ਪੂਰੀ ਟੀਮ

ਸ: ਬੁੱਟਰ ਨੇ ਇਹ ਵੀ ਦੱਸਿਆ ਕਿ ਸਾਰੀ ਮੈਂਬਰਸ਼ਿਪ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ ਅਤੇ ਹੁਣ ਚੋਣ ਪ੍ਰਕਿਰਿਆ ਵੀ ਪਾਰਦਰਸ਼ੀ ਤਰੀਕੇ ਨਾਲ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਭਰਤੀ ਤੋਂ ਬਾਅਦ ਐਤਵਾਰ 3 ਅਗਸਤ ਰਾਤੀਂ 9:50 ਵਜੇ ਪੂਰਾ ਸਿਸਟਮ ਤਾਲਾਬੰਦ ਕਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ 5 ਅਕਤੂਬਰ ਨੂੰ ਹੋਣ ਵਾਲੀ ਪ੍ਰਬੰਧਕ ਕਮੇਟੀ ਦੀ ਚੋਣ ਲਈ ਉਮੀਦਵਾਰ 12 ਅਗਸਤ ਸ਼ਾਮੀ 5 ਵਜੇ ਤੱਕ ਨਾਮਜ਼ਦਗੀ ਦਾਖਲ ਕਰ ਸਕਦੇ ਹਨ ਅਤੇ 14 ਅਗਸਤ ਨੂੰ ਨਾਮ ਵਾਪਸੀ ਹੋਵੇਗੀ। ਉਪਰੰਤ ਉਮੀਦਵਾਰਾਂ ਦੀ ਸੂਚੀ 15 ਅਗਸਤ ਨੂੰ ਜਾਰੀ ਕਰ ਦਿੱਤੀ ਜਾਵੇਗੀ। ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਜਾਂਚ ਦੀ ਪੁਸ਼ਟੀ ਕਰਦੀ ਡੀ ਬੀ ਐਸ ਰਿਪੋਰਟ ਠੀਕ ਹੋਣ ਵਾਲਿਆਂ ਨੂੰ ਹੀ ਚੋਣ ਲੜਨ ਦਾ ਅਧਿਕਾਰ ਹੋਵੇਗਾ। ਦੱਸਣਯੋਗ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ 5 ਅਗਸਤ ਨੂੰ ਖਾਲਸਾ ਪ੍ਰਾਇਮਰੀ ਸਕੂਲ ਨੌਰਵੁੱਡ ਗਰੀਨ, ਸਾਊਥਾਲ ਯੂ ਬੀ 2 2 ਐਲ ਏ ਵਿਖੇ ਸਵੇਰੇ 8 ਵਜੇ ਤੋਂ ਸ਼ਾਮੀ 8 ਵਜੇ ਤੱਕ ਪੈਣਗੀਆਂ।

# ਬਾਬਾ ਫੌਜਾ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਉਣ ਦੀ ਮੰਗ



ਬਾਬਾ ਫੌਜਾ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਭਗਵਾਨ ਸਿੰਘ ਜੌਹਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਾਬਾ ਫੌਜਾ ਸਿੰਘ ਨੇ ਦੇਸ਼ ਵਿਦੇਸ਼ ਵਿੱਚ ਸਿੱਖ ਕੌਮ ਦਾ ਨਾਮ ਰੌਸ਼ਣ ਕੀਤਾ ਹੈ ਅਤੇ ਦਸਤਾਰ ਬੰਨ ਕੇ ਵਡੇਰੀ ਉਮਰ ਵਿੱਚ ਮੈਰਾਥਨ ਦੌੜਾਂ ਦੌੜ੍ਹਨ ਦਾ ਇਤਿਹਾਸ ਰਚਿਆ ਹੈ। ਜਿਸ ਕਰਕੇ ਉਹਨਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੱਗਣੀ ਚਾਹੀਦੀ ਹੈ ਇਹ ਵਿਚਾਰ ਸਿੱਖ ਆਗੂ ਸ: ਰਾਜਿੰਦਰ ਸਿੰਘ ਪੁਰੇਵਾਲ, ਡਾ: ਦਲਜੀਤ ਸਿੰਘ ਵਿਰਕ, ਸਿੱਖ ਚਿੰਤਕ ਸ: ਭਗਵਾਨ ਸਿੰਘ ਜੌਹਲ ਨੇ ਪ੍ਰਗਟ ਕੀਤੇ।

ਉਹਨਾਂ ਕਿਹਾ ਕਿ ਬਾਬਾ ਫੌਜਾ ਸਿੰਘ ਹਰ ਉਮਰ ਦੇ ਲੋਕਾਂ ਲਈ ਪ੍ਰੇਰਣਾ ਸਰੋਤ ਸਨ, ਉਹਨਾਂ ਉਸ ਸਮੇਂ ਦੌੜਨਾ ਸ਼ੁਰੂ ਕੀਤਾ ਜਦੋਂ ਅਕਸਰ ਹੀ ਲੋਕ ਘਰਾਂ ਵਿੱਚ ਬੈਠ ਜਾਂਦੇ ਹਨ, ਸਿਹਤ ਦੀ ਤੰਦਰੁਸਤੀ ਦੌੜਨਾ ਬਹੁਤ ਲਾਹੇਵੰਦ ਹੁੰਦਾ ਹੈ। ਇਸ ਦਾ ਪ੍ਰਤੱਖ ਸਬੂਤ ਬਾਬਾ ਫੌਜਾ ਸਿੰਘ ਨੇ ਦਿੱਤਾ ਹੈ। ਸ: ਪੁਰੇਵਾਲ ਅਤੇ ਸ: ਜੌਹਲ ਨੇ ਕਿਹਾ ਕਿ ਬਾਬਾ ਫੌਜਾ ਸਿੰਘ ਨੇ ਯੂ ਕੇ ਦੀ ਧਰਤੀ ਤੋਂ ਦੌੜਨਾ ਸ਼ੁਰੂ ਕਰਕੇ ਇਤਿਹਾਸ ਰਚਿਆ ਸੀ ਕੇਂਦਰ ਸਿੱਖ ਅਜਾਇਬ ਘਰ ਵਿੱਚ ਉਹਨਾਂ ਦੀ ਤਸਵੀਰ ਸਾਡੀਆਂ ਅਗਲੀਆਂ ਪੀੜੀਆਂ ਦੀ ਜਾਣਕਾਰੀ ਲਈ ਬਹੁਤ ਜਰੂਰੀ ਹੈ।

# ਲਾਸ ਏਂਜਲਸ ਵਿੱਚ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 6 ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਲਾਸ ਏਂਜਲਸ ਵਿੱਚ ਅੱਧੀ ਰਾਤ ਤੋਂ ਬਾਅਦ ਸਥਾਨਕ ਸਮੇ ਅਨੁਸਾਰ ਤਕਰੀਬਨ 1 ਵਜੇ ਦੇ ਆਸ ਪਾਸ ਇੱਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 2 ਲੋਕਾਂ ਦੇ ਮਾਰੇ ਜਾਣ ਤੇ 6 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲਾਸ ਏਂਜਲਸ ਪੁਲਿਸ ਵਿਭਾਗ ਦੇ ਸੂਚਨਾ ਅਫਸਰ ਨੋਰਮਾ ਈਸੈਨਮੈਨ ਨੇ ਮੀਡੀਆ ਨੂੰ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਘਟਨਾ ਸਥਾਨ 'ਤੇ ਪੁੱਜੇ ਤਾਂ ਉਥੇ ਉਨਾਂ ਨੂੰ 2 ਵਿਅਕਤੀ ਮ੍ਰਿਤਕ ਹਾਲਤ ਵਿੱਚ ਮਿਲੇ ਜਦ ਕਿ 6 ਹੋਰ ਜ਼ਖਮੀ ਹਾਲਤ ਵਿੱਚ ਸਨ। ਇਨਾਂ ਸਾਰਿਆਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਪੁਲਿਸ ਨੇ ਕਿਹਾ ਹੈ ਕਿ ਇਸ ਤੋਂ ਪਹਿਲਾਂ ਰਾਤ 11 ਵਜੇ ਦੇ ਆਸਪਾਸ ਵੀ ਪੁਲਿਸ ਇਸੇ ਹੀ ਜਗਾ ਉਪਰ ਗਈ ਸੀ ਤੇ ਉਸ ਨੇ ਇੱਕ ਹੱਥਿਆਰਬੰਦ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਸੀ। ਉਨਾਂ ਕਿਹਾ ਕਿ ਮ੍ਰਿਤਕਾਂ ਵਿੱਚ ਇੱਕ ਵਿਅਕਤੀ ਦੀ ਉਮਰ 20 ਤੋਂ 30 ਸਾਲ ਦੇ ਦਰਮਿਆਨ ਹੈ ਜਦ ਕਿ ਦੂਸਰੀ ਮ੍ਰਿਤਕ ਔਰਤ ਹੈ ਜਿਸ ਦੀ ਉਮਰ 50 ਸਾਲ ਦੀ ਕਰੀਬ ਹੈ। ਉਨਾਂ ਕਿਹਾ ਕਿ ਸਾਰੇ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ ਹੈ।


ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388



LEASE FOR SALE

ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ

ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)

Lease Price - £1,10,000

EST: 35 YEARS

Gary of GREENFORD

Open 7 Days a week: 1:00pm to 10:00pm

Collection Only

Buy One Pizza Get One FREE

ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ





Weddings - Anniversaries, Birthdays-Engagements, Receptions - Corporate Events, Exhibitions, Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:

SS DHALIWAL CATERING

Tel: 0208 575 3600 / Mo: 07910 922 879

65 MARNHAM CRESCENT, GREENFORD, MIDDX, UB6 9SP

# ਭਾਰਤ ਵਿੱਚ ਕਿਸਾਨਾਂ ਦਾ ਕਰਜ਼ਾ ਸੰਕਟ: ਪੰਜਾਬ ਸਭ ਤੋਂ ਅੱਗੇ, ਪ੍ਰਤੀ ਕਿਸਾਨ 2.77 ਲੱਖ

## ✪ ਕਰਜ਼ੇ ਦਾ ਕਾਰਨ: ਵਧਦੀ ਲਾਗਤ, ਸੀਮਤ ਆਮਦਨ, ਐਮਐਸਪੀ ਗਾਰੰਟੀ ਅਤੇ ਵਿਆਜ ਮੁਕਤ ਕਰਜ਼ੇ ਦੇਣ ਦੀ ਲੋੜ

ਖਾਸ ਖ਼ਬਰ

ਭਾਰਤ ਦੇ ਕਿਸਾਨ, ਜੋ ਦੇਸ਼ ਦੀ ਖ਼ੁਰਾਕ ਸੁਰੱਖਿਆ ਦੀ ਨੀਂਹ ਹਨ, ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਖਾਸ ਤੌਰ 'ਤੇ ਪੰਜਾਬ ਦੇ ਕਿਸਾਨ, ਜੋ ਦੇਸ਼ ਦੇ ਸਿਰਫ 2% ਖੇਤਰਫਲ 'ਤੇ ਖੇਤੀਬਾੜੀ ਕਰਦੇ ਹਨ, ਪ੍ਰਤੀ ਕਿਸਾਨ ਸਭ ਤੋਂ ਵੱਧ ਕਰਜ਼ੇ ਦੇ ਸੰਕਟ ਨਾਲ ਜੂਝ ਰਹੇ ਹਨ। ਲੋਕ ਸਭਾ ਵਿੱਚ ਵਿੱਤ ਮੰਤਰਾਲੇ ਦੇ ਰਾਜ ਮੰਤਰੀ ਪੰਕਜ ਚੌਧਰੀ ਨੇ ਹਾਲ ਹੀ ਵਿੱਚ ਦੱਸਿਆ ਕਿ ਪੰਜਾਬ ਦੇ 37.62 ਲੱਖ ਕਿਸਾਨ ਖਾਤਾ ਧਾਰਕਾਂ 'ਤੇ 1,04,353 ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਪ੍ਰਤੀ ਕਿਸਾਨ ਔਸਤਨ 2.77 ਲੱਖ ਰੁਪਏ ਬਣਦਾ ਹੈ। ਇਹ ਅੰਕੜਾ ਪੰਜਾਬ ਨੂੰ ਪ੍ਰਤੀ ਕਿਸਾਨ ਕਰਜ਼ੇ ਦੇ ਮਾਮਲੇ ਵਿੱਚ ਦੇਸ਼ ਵਿੱਚ ਸਭ ਤੋਂ ਅੱਗੇ ਰੱਖਦਾ ਹੈ, ਜਦਕਿ ਗੁਜਰਾਤ (2.58 ਲੱਖ) ਅਤੇ ਹਰਿਆਣਾ (2.57 ਲੱਖ) ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ।

### ਕਿਸਾਨਾਂ ਦੀ ਕਰਜ਼ੇ ਦੀ ਸਥਿਤੀ

ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ, ਦੇਸ਼ ਦੇ 37 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 1762.96 ਲੱਖ ਕਿਸਾਨ ਖਾਤਾ ਧਾਰਕਾਂ 'ਤੇ ਕੁੱਲ 28,50,779 ਕਰੋੜ ਰੁਪਏ ਦਾ ਕਰਜ਼ਾ ਹੈ। ਸਭ ਤੋਂ ਵੱਧ ਕੁੱਲ ਕਰਜ਼ਾ ਤਮਿਲਨਾਡੂ ਵਿੱਚ ਹੈ, ਜਿੱਥੇ 252.45 ਲੱਖ ਕਿਸਾਨਾਂ 'ਤੇ 4,03,367 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਤੋਂ ਬਾਅਦ ਆਂਧਰਾ ਪ੍ਰਦੇਸ਼ (3,08,716 ਕਰੋੜ) ਅਤੇ ਮਹਾਰਾਸ਼ਟਰ (2,60,799 ਕਰੋੜ) ਦਾ ਨੰਬਰ ਆਉਂਦਾ ਹੈ। ਪਰ ਪ੍ਰਤੀ ਕਿਸਾਨ ਕਰਜ਼ੇ ਦੇ ਮਾਮਲੇ ਵਿੱਚ ਪੰਜਾਬ ਸਭ ਤੋਂ ਅੱਗੇ ਹੈ, ਜੋ ਇਸ ਸੂਬੇ ਦੀ ਖੇਤੀਬਾੜੀ ਅਰਥਚਾਰੇ ਦੀ ਨਾਜ਼ੁਕ ਸਥਿਤੀ ਨੂੰ ਦਰਸਾਉਂਦਾ ਹੈ।

ਪੰਜਾਬ ਦੇ ਨਾਲ-ਨਾਲ ਹਰਿਆਣਾ ਵੀ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਹਰਿਆਣਾ ਵਿੱਚ 38.52 ਲੱਖ ਕਿਸਾਨ ਖਾਤਾ ਧਾਰਕਾਂ 'ਤੇ 99,026 ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਪੰਜਾਬ ਦੇ ਮੁਕਾਬਲੇ ਥੋੜ੍ਹਾ ਘੱਟ ਹੈ। ਹਾਲਾਂਕਿ, ਹਰਿਆਣਾ ਦਾ ਖੇਤਰਫਲ ਪੰਜਾਬ ਨਾਲੋਂ ਛੋਟਾ ਹੈ, ਪਰ ਇੱਥੇ ਕਿਸਾਨ ਖਾਤਿਆਂ ਦੀ ਗਿਣਤੀ ਪੰਜਾਬ ਨਾਲੋਂ ਵੱਧ ਹੈ, ਜੋ ਸੂਬੇ ਦੀ ਖੇਤੀਬਾੜੀ 'ਤੇ ਨਿਰਭਰਤਾ ਨੂੰ ਦਰਸਾਉਂਦੀ ਹੈ।

### ਕਰਜ਼ੇ ਦੇ ਕਾਰਨ ਕੀ ਹਨ

ਪੰਜਾਬ ਵਿੱਚ ਖੇਤੀਬਾੜੀ ਦੀ ਮਕੈਨੀਕੀਕਰਨ ਅਤੇ ਸਿੰਚਾਈ 'ਤੇ ਜ਼ਿਆਦਾ ਨਿਰਭਰਤਾ ਨੇ ਵੀ ਕਰਜ਼ੇ ਦੇ ਬੋਝ ਨੂੰ ਵਧਾਇਆ ਹੈ। ਛੋਟੇ ਅਤੇ ਸੀਮਾਂਤ ਕਿਸਾਨ, ਜਿਨ੍ਹਾਂ ਦੀ ਜ਼ਮੀਨ ਦਾ ਆਕਾਰ ਘੱਟ ਹੈ, ਖੇਤੀ ਦੀ ਉੱਚ ਲਾਗਤ ਨੂੰ ਪੂਰਾ ਕਰਨ ਲਈ ਅਕਸਰ ਬੈਂਕਾਂ ਅਤੇ ਸ਼ਾਹੂਕਾਰਾਂ ਤੋਂ ਕਰਜ਼ਾ ਲੈਂਦੇ ਹਨ। ਇਸ ਦੇ ਨਾਲ ਹੀ, ਫਸਲਾਂ ਦੀ ਘੱਟ ਕੀਮਤ ਅਤੇ ਮੰਡੀਆਂ ਵਿੱਚ ਸਹੀ ਸਮਰਥਨ ਮੁੱਲ (ਐਮਐਸਪੀ) ਦੀ ਗਾਰੰਟੀ ਦੀ ਘਾਟ ਵੀ



**ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਸੰਕਟ ਦੇਸ਼ ਦੀ ਖੇਤੀਬਾੜੀ ਅਰਥਚਾਰੇ ਦੀਆਂ ਜੜ੍ਹਾਂ ਨੂੰ ਹਿਲਾ ਰਿਹਾ ਹੈ। ਕਰਜ਼ਾ ਮੁਆਫੀ ਵਰਗੇ ਅਸਥਾਈ ਹੱਲਾਂ ਦੀ ਬਜਾਏ, ਸਰਕਾਰ ਨੂੰ ਵਿਆਪਕ ਅਤੇ ਸਥਾਈ ਨੀਤੀਆਂ ਅਪਣਾਉਣ ਦੀ ਜ਼ਰੂਰਤ ਹੈ। ਜੇਕਰ ਸਹੀ ਸਮੇਂ 'ਤੇ ਸਹੀ ਕਦਮ ਨਾ ਚੁੱਕੇ ਗਏ, ਤਾਂ ਕਿਸਾਨਾਂ ਦਾ ਇਹ ਸੰਕਟ ਹੋਰ ਗੰਭੀਰ ਹੋ ਸਕਦਾ ਹੈ, ਜਿਸ ਦਾ ਅਸਰ ਨਾ ਸਿਰਫ ਪੰਜਾਬ, ਸਗੋਂ ਪੂਰੇ ਦੇਸ਼ ਦੀ ਅਰਥਵਿਵਸਥਾ 'ਤੇ ਪਵੇਗਾ।**

ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚ ਧੱਕਦੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਅਤੇ ਆਰਥਿਕ ਮਾਮਲਿਆਂ ਦੇ ਮਾਹਰ ਕੇਸਰ ਸਿੰਘ ਭੰਗੂ ਦੱਸਦੇ ਹਨ ਕਿ ਕਿਸਾਨਾਂ ਦੇ ਕਰਜ਼ੇ ਦਾ ਸਭ ਤੋਂ ਵੱਡਾ ਕਾਰਨ ਖੇਤੀਬਾੜੀ ਦੀ ਲਾਗਤ ਵਿੱਚ ਲਗਾਤਾਰ ਵਾਧਾ ਹੈ। ਪਿਛਲੇ ਕੁਝ ਸਾਲਾਂ ਵਿੱਚ ਖਾਦ, ਬੀਜ, ਕੀਟਨਾਸ਼ਕਾਂ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਦਕਿ ਕਿਸਾਨਾਂ ਦੀ ਆਮਦਨ ਲਗਭਗ ਸਥਿਰ ਹੀ ਰਹੀ ਹੈ। ਜਦੋਂ ਖਰਚ ਵਧਦੇ ਹਨ ਅਤੇ ਆਮਦਨ ਸੀਮਤ ਰਹਿੰਦੀ ਹੈ, ਤਾਂ ਕਿਸਾਨਾਂ ਨੂੰ ਨਿੱਜੀ ਜ਼ਰੂਰਤਾਂ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ।

ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਪੂਰਨ ਕਰਜ਼ਾ ਮੁਆਫੀ ਅਤੇ ਐਮਐਸਪੀ ਦੀ ਮੰਗ ਨੂੰ ਕਿਸਾਨਾਂ ਦੀ ਆਰਥਿਕ ਸੁਰੱਖਿਆ ਦਾ ਇਕਮਾਤਰ ਹੱਲ ਦੱਸਿਆ ਹੈ।

ਪਿਛਲੇ ਸਮੇਂ ਵਿੱਚ ਵੀ ਕਿਸਾਨ ਅੰਦੋਲਨਾਂ, ਖਾਸ ਤੌਰ 'ਤੇ 2020-21 ਦੇ ਦਿੱਲੀ ਅੰਦੋਲਨ, ਵਿੱਚ ਕਰਜ਼ਾ ਮੁਆਫੀ ਅਤੇ ਐਮਐਸਪੀ ਦਾ ਮੁੱਦਾ ਛਾਇਆ ਰਿਹਾ ਸੀ। ਹਾਲਾਂਕਿ, ਕੇਂਦਰ ਸਰਕਾਰ ਨੇ ਸਦਨ ਵਿੱਚ ਸਪੱਸ਼ਟ ਕੀਤਾ ਹੈ ਕਿ ਕਿਸਾਨਾਂ ਦੇ ਕਰਜ਼ੇ ਮਾਫ ਕਰਨ ਦਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ।

### ਕਰਜ਼ਾ ਮੁਆਫੀ ਦਾ ਇਤਿਹਾਸ

ਕੇਂਦਰ ਸਰਕਾਰ ਨੇ ਪਿਛਲੇ ਸਮੇਂ ਵਿੱਚ ਸਿਰਫ ਦੋ ਵਾਰ ਕਿਸਾਨਾਂ ਦੇ ਕਰਜ਼ੇ ਮਾਫ ਕਰਨ ਦਾ ਐਲਾਨ ਕੀਤਾ ਸੀ। ਪਹਿਲੀ ਵਾਰ 1990 ਵਿੱਚ ਅਤੇ ਦੂਜੀ ਵਾਰ 2008 ਵਿੱਚ ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਕਰਜ਼ਾ ਮੁਆਫੀ ਸਕੀਮ ਲਾਗੂ ਕੀਤੀ ਗਈ। ਪੰਜਾਬ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਸੀ ਅਤੇ ਸਰਕਾਰ ਬਣਨ ਤੋਂ ਬਾਅਦ 1 ਲੱਖ ਰੁਪਏ ਤੱਕ ਦੇ ਖੇਤੀਬਾੜੀ ਕਰਜ਼ੇ ਮਾਫ ਕੀਤੇ ਗਏ ਸਨ। ਹਾਲਾਂਕਿ, ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਇਸ ਸਕੀਮ ਲਈ ਮੰਡੀ ਬੋਰਡ ਦੇ ਆਰਡੀਐਫ ਫੰਡ ਦੀ ਦੁਰਵਰਤੋਂ ਕੀਤੀ ਗਈ, ਜਿਸ ਕਾਰਨ ਕੇਂਦਰ ਸਰਕਾਰ ਨੇ ਪੰਜਾਬ ਦੇ ਫੰਡ ਰੋਕ ਦਿੱਤੇ। ਇਸ ਮੁੱਦੇ 'ਤੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਹੈ।

### ਕੀ ਕਰਜ਼ਾ ਮੁਆਫੀ ਹੱਲ ਹੈ ?

ਆਰਥਿਕ ਮਾਹਰ ਕੇਸਰ ਸਿੰਘ ਭੰਗੂ ਮੰਨਦੇ ਹਨ ਕਿ ਕਰਜ਼ਾ ਮੁਆਫੀ ਇੱਕ ਅਸਥਾਈ ਰਾਹਤ ਹੋ ਸਕਦੀ ਹੈ, ਪਰ ਇਹ ਕਿਸਾਨੀ ਸੰਕਟ ਦਾ ਸਥਾਈ ਹੱਲ ਨਹੀਂ ਹੈ। "ਕਰਜ਼ਾ ਮੁਆਫੀ ਦੀ ਵੱਡੀ ਰਕਮ ਨੂੰ ਸਹੀ ਢੰਗ ਨਾਲ ਵਰਤਣ ਲਈ ਪਹਿਲਾਂ ਵਿਸਤ੍ਰਿਤ ਅਧਿਐਨ ਦੀ ਲੋੜ ਹੈ, ਤਾਂ ਜੋ ਇਹ ਉਨ੍ਹਾਂ ਕਿਸਾਨਾਂ ਤੱਕ ਪਹੁੰਚੇ ਜਿਨ੍ਹਾਂ ਨੂੰ ਸਭ ਤੋਂ ਵੱਧ ਜ਼ਰੂਰਤ ਹੈ। ਪਿਛਲੀਆਂ ਸਕੀਮਾਂ ਵਿੱਚ ਅਜਿਹਾ ਨਹੀਂ ਹੋਇਆ, ਜਿਸ ਕਾਰਨ ਇਸ ਦਾ ਪੂਰਾ ਲਾਭ ਨਹੀਂ ਮਿਲਿਆ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਅਤੇ ਪੰਜਾਬ ਫਾਰਮਜ਼ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦਾ ਮੰਨਣਾ ਹੈ ਕਿ ਕਰਜ਼ਾ ਮੁਆਫੀ ਦੇ ਨਾਲ-ਨਾਲ ਖੇਤੀਬਾੜੀ ਸੈਕਟਰ 'ਤੇ ਵਿਆਪਕ ਧਿਆਨ ਦੇਣ ਦੀ ਲੋੜ ਹੈ। ਕਿਸਾਨਾਂ ਨੂੰ ਫਸਲਾਂ ਦੀ ਸਹੀ ਕੀਮਤ, ਲਾਗਤ ਘਟਾਉਣ ਦੇ ਯਤਨ ਅਤੇ ਸਹਾਇਕ ਧੰਦਿਆਂ ਨਾਲ ਜੋੜਨ ਦੀ ਜ਼ਰੂਰਤ ਹੈ। ਸਹੀ ਨੀਤੀਆਂ ਰਾਹੀਂ ਹੀ ਕਿਸਾਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਮੁੜ ਫਸਣ ਤੋਂ ਬਚਾਇਆ ਜਾ ਸਕਦਾ ਹੈ।

### ਹੱਲ ਲਈ ਸੁਝਾਅ

ਮਾਹਿਰਾਂ ਅਤੇ ਕਿਸਾਨ ਨੇਤਾਵਾਂ ਦਾ ਮੰਨਣਾ ਹੈ ਕਿ ਕਿਸਾਨੀ ਸੰਕਟ ਦੇ ਹੱਲ ਲਈ ਸਰਕਾਰ ਨੂੰ ਬਹੁ-ਪੱਖੀ ਰਣਨੀਤੀ ਅਪਣਾਉਣ ਦੀ ਲੋੜ ਹੈ। ਕੁਝ ਮੁੱਖ ਸੁਝਾਅ ਇਸ ਪ੍ਰਕਾਰ ਹਨ:

ਐਮਐਸਪੀ ਦੀ ਕਾਨੂੰਨੀ ਗਾਰੰਟੀ: ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਨਾਲ ਕਿਸਾਨਾਂ ਨੂੰ ਆਮਦਨ ਦੀ ਸੁਰੱਖਿਆ ਮਿਲ ਸਕਦੀ ਹੈ।

ਵਿਆਜ ਮੁਕਤ ਕਰਜ਼ੇ: ਖੇਤੀਬਾੜੀ ਲਈ ਵਿਆਜ ਮੁਕਤ ਜਾਂ ਘੱਟ ਵਿਆਜ ਦਰ 'ਤੇ ਕਰਜ਼ੇ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ।


ਸਹਾਇਕ ਧੰਦੇ: ਕਿਸਾਨਾਂ ਨੂੰ ਡੇਅਰੀ, ਮੱਛੀ ਪਾਲਣ, ਅਤੇ ਹੋਰ ਸਹਾਇਕ ਧੰਦਿਆਂ ਵੱਲ ਪ੍ਰੇਰਿਤ ਕਰਕੇ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ।

ਖੇਤੀਬਾੜੀ 'ਤੇ ਨਿਵੇਸ਼: ਖੇਤੀਬਾੜੀ ਵਿਭਾਗ ਅਤੇ ਯੂਨੀਵਰਸਿਟੀਆਂ ਨੂੰ ਫੰਡ ਮੁਹੱਈਆ ਕਰਵਾ ਕੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਅਤੇ ਸਲਾਹ ਪ੍ਰਦਾਨ ਕੀਤੀ ਜਾਣੀ ਚਾਹੀਦੀ।

ਸਿਹਤ ਅਤੇ ਸਿੱਖਿਆ: ਕਿਸਾਨਾਂ ਦੇ ਪਰਿਵਾਰਾਂ ਲਈ ਸਿਹਤ ਅਤੇ ਸਿੱਖਿਆ ਸਹੂਲਤਾਂ ਨੂੰ ਬਿਹਤਰ ਕਰਕੇ ਉਨ੍ਹਾਂ ਦੀਆਂ ਨਿੱਜੀ ਜ਼ਰੂਰਤਾਂ ਲਈ ਕਰਜ਼ਾ ਲੈਣ ਦੀ ਜ਼ਰੂਰਤ ਨੂੰ ਘਟਾਇਆ ਜਾ ਸਕਦਾ ਹੈ।

### ਸਰਕਾਰਾਂ ਨੂੰ ਕੀ ਕਰਨਾ ਚਾਹੀਦਾ ?

ਪੰਜਾਬ ਅਤੇ ਕੇਂਦਰ ਸਰਕਾਰ ਨੂੰ ਸਾਂਝੇ ਤੌਰ 'ਤੇ ਕਿਸਾਨਾਂ ਦੇ ਕਰਜ਼ੇ ਦੇ ਸੰਕਟ ਨੂੰ ਹੱਲ ਕਰਨ ਲਈ ਠੋਸ ਨੀਤੀਆਂ ਬਣਾਉਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਖੇਤੀਬਾੜੀ ਨੂੰ ਲਾਭਕਾਰੀ ਬਣਾਉਣ ਲਈ ਸਥਾਨਕ ਪੱਧਰ 'ਤੇ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ, ਜਦਕਿ ਕੇਂਦਰ ਸਰਕਾਰ ਨੂੰ ਐਮਐਸਪੀ ਦੀ ਗਾਰੰਟੀ ਅਤੇ ਵਿਆਜ ਮੁਕਤ ਕਰਜ਼ਿਆਂ 'ਤੇ ਧਿਆਨ ਦੇਣਾ ਚਾਹੀਦਾ।



# ਭਾਰਤ ਸਮੇਤ 12 ਦੇਸ਼ ਯੂ ਕੇ ਵਿੱਚ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਚੁੱਪ ਕਰਾਉਣ ਅਤੇ ਡਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ- ਸੰਸਦੀ ਪੈਨਲ ਦੀ 'ਅੰਤਰਰਾਸ਼ਟਰੀ ਜ਼ਬਰ'-ਰਿਪੋਰਟ ਵਿੱਚ ਖੁਲਾਸਾ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੱਕ ਬ੍ਰਿਟਿਸ਼ ਸੰਸਦੀ ਪੈਨਲ ਨੇ ਚੇਤਾਵਨੀ ਦਿੱਤੀ ਕਿ ਵਿਦੇਸ਼ੀ ਸਰਕਾਰਾਂ ਯੂ ਕੇ ਵਿੱਚ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਚੁੱਪ ਕਰਾਉਣ ਅਤੇ ਡਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਮਨੁੱਖੀ ਅਧਿਕਾਰਾਂ ਦੀ ਸਾਂਝੀ ਕਮੇਟੀ (ਜੇ ਸੀ ਐਚ ਆਰ) ਦੀ 'ਯੂ ਕੇ ਵਿੱਚ ਅੰਤਰਰਾਸ਼ਟਰੀ ਜ਼ਬਰ' ਰਿਪੋਰਟ ਵਿੱਚ ਭਾਰਤ ਨੂੰ ਉਨ੍ਹਾਂ 12 ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਵਿਰੁੱਧ ਇਸਨੂੰ ਅੰਤਰਰਾਸ਼ਟਰੀ ਜ਼ਬਰ (ਟੀ ਐਨ ਆਰ) ਦੇ ਸਬੂਤ ਮਿਲੇ ਹਨ। ਭਾਰਤ ਵੱਲੋਂ ਰਿਪੋਰਟ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ।*

ਸੰਸਦ ਦੇ ਕਰਾਸ-ਪਾਰਟੀ ਮੈਂਬਰਾਂ ਦਾ ਗਰੁੱਪ ਜੇ ਸੀ ਐਚ ਆਰ, ਯੂ ਕੇ ਦੇ ਅੰਦਰ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰਨ ਅਤੇ ਮਨੁੱਖੀ ਅਧਿਕਾਰਾਂ ਨਾਲ ਇਸਦੀ ਅਨੁਕੂਲਤਾ ਲਈ ਸਰਕਾਰੀ ਕਾਨੂੰਨਾਂ ਦੀ ਜਾਂਚ ਕਰਨ ਦਾ ਇੰਚਾਰਜ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕਮੇਟੀ ਨੂੰ "ਭਰੋਸੇਯੋਗ ਸਬੂਤ" ਮਿਲੇ ਹਨ ਕਿ ਕਈ ਦੇਸ਼ ਯੂ ਕੇ ਦੀ ਧਰਤੀ 'ਤੇ ਅਜਿਹੀਆਂ ਕਾਰਵਾਈਆਂ ਵਿੱਚ ਸ਼ਾਮਲ ਸਨ ਜਿਨ੍ਹਾਂ ਦਾ ਨਿਸ਼ਾਨਾ ਬਣਾਏ ਗਏ ਲੋਕਾਂ 'ਤੇ ਗੰਭੀਰ ਪ੍ਰਭਾਵ ਪਿਆ, ਉਹਨਾਂ ਅੰਦਰ ਡਰ ਪੈਦਾ ਹੋਇਆ, ਉਨ੍ਹਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਆਵਾਜਾਈ ਨੂੰ ਸੀਮਤ ਕੀਤਾ ਗਿਆ ਅਤੇ ਉਨ੍ਹਾਂ ਦੀ ਸੁਰੱਖਿਆ ਦੀ ਭਾਵਨਾ ਨੂੰ ਕਮਜ਼ੋਰ ਕੀਤਾ ਗਿਆ।

ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਦੀ ਸੁਰੱਖਿਆ ਏਜੰਸੀ, ਐਮ ਆਈ 5 ਦੁਆਰਾ ਚਲਾਈਆਂ ਜਾ ਰਹੀਆਂ ਰਾਜ-ਖ਼ਤਰੇ ਦੀਆਂ ਜਾਂਚਾਂ ਦੀ ਗਿਣਤੀ 2022 ਤੋਂ 48 ਪ੍ਰਤੀਸ਼ਤ ਵਧੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਾਂਚ ਵਿੱਚ ਸਬੂਤ ਮਿਲੇ ਹਨ ਕਿ ਕਈ ਦੇਸ਼ਾਂ ਨੇ ਯੂ ਕੇ ਦੀ ਧਰਤੀ 'ਤੇ ਟੀ ਐਨ ਆਰ ਗਤੀਵਿਧੀਆਂ ਕੀਤੀਆਂ ਸਨ। ਜਿਸ ਵਿੱਚ ਬਹਿਰੀਨ, ਚੀਨ, ਮਿਸਰ, ਏਰੀਟ੍ਰੀਆ, ਭਾਰਤ, ਈਰਾਨ, ਪਾਕਿਸਤਾਨ, ਰੂਸ, ਰਵਾਂਡਾ, ਸਾਊਦੀ ਅਰਬ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ 'ਤੇ ਯੂ ਕੇ ਵਿੱਚ ਟੀ ਐਨ ਆਰ ਕਰਨ ਦਾ ਦੋਸ਼ ਲਗਾਇਆ ਹੈ।

ਭਾਰਤ ਦਾ ਹਵਾਲਾ ਦੇਣ ਵਾਲੀ ਰਿਪੋਰਟ ਦੇ ਨਾਲ ਪ੍ਰਕਾਸ਼ਿਤ ਸਬੂਤ ਸਿੱਖਸ ਫਾਰ ਜਸਟਿਸ ਨਾਲ ਸਬੰਧਤ ਹਨ, ਜੋ ਕਿ ਇੱਕ ਖਾਲਿਸਤਾਨੀ ਪੱਖੀ ਸੰਗਠਨ ਹੈ ਜਿਸ ਨੂੰ ਭਾਰਤ ਦੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੇ ਤਹਿਤ "ਗੈਰ-ਕਾਨੂੰਨੀ ਸੰਗਠਨ" ਘੋਸ਼ਿਤ ਕੀਤਾ ਗਿਆ ਹੈ।

ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇੰਟਰਪੋਲ ਵਿਧੀਆਂ ਦੀ "ਯੋਜਨਾਬੱਧ ਦੁਰਵਰਤੋਂ" ਵੀ ਹੋਈ ਹੈ। ਚੇਅਰਮੈਨ ਲਾਰਡ ਡੇਵਿਡ ਅਲਟਨ ਨੇ ਕਿਹਾ ਕਿ ਜਾਂਚ ਵਿੱਚ ਮਿਲੇ ਸਬੂਤ ਚਿੰਤਾ ਦਾ ਵਿਸ਼ਾ ਹਨ ਅਤੇ ਯੂ ਕੇ ਦੇ ਕੂਟਨੀਤਕ ਸਬੰਧਾਂ ਵਿੱਚ ਅੰਤਰਰਾਸ਼ਟਰੀ ਦਮਨ ਨੂੰ "ਪਹਿਲ" ਦੇਣ ਦੀ ਮੰਗ ਕੀਤੀ। ਯੂ ਕੇ ਦੇ ਗ੍ਰਹਿ ਦਫਤਰ ਨੇ ਕਿਹਾ ਕਿ ਉਹ ਅੰਤਰਰਾਸ਼ਟਰੀ ਦਮਨ ਦੇ ਖ਼ਤਰੇ ਨੂੰ "ਬਹੁਤ ਗੰਭੀਰਤਾ ਨਾਲ" ਲੈਂਦਾ ਹੈ। ਕਿਸੇ ਵਿਦੇਸ਼ੀ ਦੇਸ਼ ਦੁਆਰਾ ਯੂ ਕੇ ਦੀ ਧਰਤੀ 'ਤੇ ਵਿਅਕਤੀਆਂ ਨੂੰ ਡਰਾਉਣ, ਪਰੇਸ਼ਾਨ ਕਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਕੋਈ ਵੀ ਕੋਸ਼ਿਸ਼ਾਂ ਸਾਡੀ ਰਾਸ਼ਟਰੀ ਸੁਰੱਖਿਆ ਅਤੇ ਪ੍ਰਭੂਸੱਤਾ ਲਈ ਖ਼ਤਰਾ ਮੰਨਿਆ ਜਾਂਦਾ ਹੈ, ਅਤੇ ਇਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਛਤੀਸਗੜ ਵਿੱਚ ਨੰਨਜ ਦੀ ਗ੍ਰਿਫਤਾਰੀ ਦੀ ਨਿੰਦਾ



ਤਰਸੇਮ ਮਸੀਹ ਕਾਹਨੂੰਵਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਛਤੀਸਗੜ ਵਿਖੇ ਵਾਪਰੀ ਘਟਨਾਂ ਦੇ ਸਬੰਧ ਵਿੱਚ ਨੰਨਜ ਦੀ ਕੀਤੀ ਗ੍ਰਿਫਤਾਰੀ ਦੀ ਪੰਜਾਬ ਕ੍ਰਿਸਚੀਅਨ ਮੂਵਮੈਂਟ ਦੇ ਸੂਬਾ ਜਨਰਲ ਸਕੱਤਰ ਤਰਸੇਮ ਮਸੀਹ ਕਾਹਨੂੰਵਾਨ ਵੱਲੋਂ ਨਿੰਦਾ ਕੀਤੀ ਗਈ ਹੈ। ਯੂ ਕੇ ਦੌਰੇ ਤੇ ਆਏ ਤਰਸੇਮ ਕਾਹਨੂੰਵਾਨ ਨੇ ਕਿਹਾ ਕਿ ਭਾਰਤ ਵਿੱਚ ਜਦੋਂ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਘੱਟ ਗਿਣਤੀਆਂ ਅਸੁਰੱਖਿਅਤ ਹਨ। ਘੱਟ ਗਿਣਤੀਆਂ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਉਹਨਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਕੀਤੀਆਂ ਨੰਨਜ ਖਿਲਾਫ ਕੋਈ ਸਬੂਤ ਨਹੀਂ ਮਿਲਿਆ ਕਿ ਉਹਨਾਂ ਕੁਝ ਵੀ ਗਲਤ ਕੀਤਾ ਹੈ। ਫਿਰ ਵੀ ਸਰਕਾਰ ਵੱਲੋਂ ਕੁਝ ਲੋਕਾਂ ਨੂੰ ਖੁਸ਼ ਕਰਨ ਲਈ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਹਨਾਂ ਦੇਸ਼ ਦੇ ਰਾਸ਼ਟਰਪਤੀ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ।

## ਗੁਰੂ ਸਾਹਿਬ ਦੀ ਸ਼ਹਾਦਤ ਨੂੰ "ਮਾਨਵਤਾ ਦੀ ਚਾਦਰ" ਵਜੋਂ ਪ੍ਰਚਾਰਿਆ ਤੇ ਪ੍ਰਸਾਰਿਆ ਜਾਣਾ ਚਾਹੀਦਾ - ਸ: ਭਗਵਾਨ ਸਿੰਘ ਜੌਹਲ



ਸ: ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਉੱਘੇ ਸਿੱਖ ਚਿੰਤਕ ਸ: ਭਗਵਾਨ ਸਿੰਘ ਜੌਹਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਸਮੁੱਚਾ ਸਿੱਖ ਜਗਤ ਮਾਨਵਤਾ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਵਰ੍ਹੇ ਦੇ ਵੱਡੇ ਵੱਡੇ ਗੁਰਮਤਿ ਸਮਾਗਮ ਕਰਵਾ ਰਿਹਾ ਹੈ। ਭਾਰਤ ਦੇ ਵੱਖ ਵੱਖ ਸੂਬਿਆਂ ਅਤੇ ਪੰਜਾਬ ਦੇ ਸਾਰੇ ਉਹ ਅਸਥਾਨ ਜੋ ਨੌਵੇਂ ਪਾਤਸ਼ਾਹ ਦੇ ਚਰਨਛੋਹ ਪ੍ਰਾਪਤ ਅਸਥਾਨ ਹਨ, ਉਨ੍ਹਾਂ ਸਾਰੇ ਗੁਰਦੁਆਰਾ ਸਾਹਿਬਾਨ ਵਿਖੇਉਹ ਚਿਰ ਸਥਾਈ ਅਤੇ ਸਦੀਵੀਂ ਯਾਦਗਰ ਸ਼ਤਾਬਦੀ ਗੁਰਮਤਿ ਸਮਾਗਮ ਕਰਵਾ ਕੇ ਇਤਿਹਾਸਕ ਹਵਾਲਿਆਂ ਮੁਤਾਬਿਕ ਗੁਰੂ ਸਾਹਿਬ ਦੀ ਸ਼ਾਹਦਤ ਸਬੰਧੀ ਭਰਮ ਭੁਲੇਖਿਆ ਅਤੇ ਇਤਿਹਾਸਕ ਤਰੁੱਟੀਆਂ ਨੂੰ ਦੂਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਰੀ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀ ਕਮੇਰੀ ਬਣਾ ਕੇ, ਵੱਖ ਵੱਖ ਭਾਸ਼ਾਵਾਂ ਵਿੱਚ ਛਾਪਿਆ ਜਾਣਾ ਜਰੂਰੀ ਬਣਾਵੇ। ਉਹਨਾਂ ਇਹ ਵੀ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਅਤੇ ਵਿਸ਼ੇਸ਼ ਕਰਕੇ ਨੌਵੇਂ ਮਹਲੇ ਦੇ ਸਲੋਕਾਂ ਨੂੰ ਦੁਨੀਆਂ ਦੀਆਂ ਵੱਖ ਵੱਖ ਭਾਸ਼ਾਵਾਂ ਵਿੱਚ ਅਰਥਾਂ ਸਮੇਤ ਛਪਵਾ ਕੇ ਵੰਡਿਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਆਪੋ ਆਪਣੇ ਵਖਰੇਵਿਆਂ ਨੂੰ ਭੁੱਲ ਕੇ ਦੇਸ਼ ਅਤੇ ਵਿਦੇਸ਼ਾਂ ਵਿੱਚ ਗੁਰਮਤਿ ਸਮਾਗਮ, ਵਿਚਾਰ ਗੋਸ਼ਟੀਆਂ, ਸੈਮੀਨਾਰ ਕਰਵਾਉਣ ਅਤੇ ਦੂਜੇ ਧਰਮਾਂ ਦੇ ਵਿਦਵਾਨਾਂ ਨੂੰ ਸੱਦਾ ਪੱਤਰ ਦੇ ਕੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਮਾਨਵਤਾ ਦੀ ਚਾਦਰ ਵਜੋਂ ਪ੍ਰਚਾਰਿਆ ਤੇ ਪ੍ਰਸਾਰਿਆ ਜਾਣਾ ਚਾਹੀਦਾ ਹੈ। ਇਸ ਮੌਕੇ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ, ਜਨਰਲ ਸਕੱਤਰ ਹਰਮੀਤ ਸਿੰਘ ਗਿੱਲ, ਸਖਦੀਪ ਸਿੰਘ ਗਿੱਲ, ਬਿੰਦੀ ਸੋਹੀ, ਭੁਪਿੰਦਰ ਸਿੰਘ ਸੋਹੀ, ਰਵਿੰਦਰ ਸਿੰਘ ਰਵੀ ਆਦਿ ਹਾਜ਼ਰ ਸਨ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਸਰਦਾਰ ਫੌਜਾ ਸਿੰਘ ਜੀ ਦੇ ਨਿਧਨ 'ਤੇ ਸ਼ੋਕ ਸੰਦੇਸ਼

ਅਸੀਂ ਬਹੁਤ ਹੀ ਦੁੱਖ ਅਤੇ ਗਹਿਰੀ ਸ਼ਰਧਾਂਜਲੀ ਨਾਲ ਸਰਦਾਰ ਫੌਜਾ ਸਿੰਘ ਜੀ ਦੇ ਨਿਧਨ ਦੀ ਖ਼ਬਰ ਸਾਂਝੀ ਕਰ ਰਹੇ ਹਾਂ, ਜੋ 14 ਜੁਲਾਈ 2025 ਨੂੰ 114 ਸਾਲ ਦੀ ਉਮਰ ਵਿੱਚ ਇਸ ਸੰਸਾਰ ਤੋਂ ਵਿਦਾ ਹੋ ਗਏ।

ਯਾਰਕਸ਼ਾਇਰ ਸਿੱਖ ਫੋਰਮ ਦੇ ਸਮੂਹ ਮੈਂਬਰਾਂ ਵਲੋਂ, ਅਤੇ ਸੰਸਥਾਪਕ ਤੇ ਚੇਅਰਮੈਨ ਡਾ. ਨਿਰਮਲ ਸਿੰਘ ਸੇਖੋਂ MBE, FRSA, Hon. Fellow (Uinveristy of Bradford) ਵਜੋਂ, ਅਸੀਂ ਉਨ੍ਹਾਂ ਦੇ ਪਰਿਵਾਰ, ਸਨਮਾਨੀਅਤ ਪ੍ਰਸ਼ੰਸਕਾਂ ਅਤੇ ਪੂਰੇ ਭਾਈਚਾਰੇ ਪ੍ਰਤੀ ਦਿਲੋਂ ਸੰਵੇਦਨਾ ਪ੍ਰਗਟ ਕਰਦੇ ਹਾਂ।



ਡਾ. ਨਿਰਮਲ ਸਿੰਘ ਸੇਖੋਂ

ਸ: ਫੌਜਾ ਸਿੰਘ ਜੀ ਨੇ ਇਕ ਅਸਧਾਰਣ ਜੀਵਨ ਜੀਆ ਜੋ ਅਨੁਸ਼ਾਸਨ, ਨਿਮਰਤਾ ਅਤੇ ਅਟੂਟ ਆਤਮਬਲ ਦਾ ਪ੍ਰਤੀਕ ਸੀ। ਉਨ੍ਹਾਂ ਨੇ 89 ਸਾਲ ਦੀ ਉਮਰ ਵਿੱਚ ਮੈਰਾਥਨ ਦੌੜਾਂ ਦੀ ਸ਼ੁਰੂਆਤ ਕੀਤੀ, ਅਤੇ 100 ਸਾਲ ਦੀ ਉਮਰ ਵਿੱਚ ਪੂਰੀ ਮੈਰਾਥਨ ਦੌੜ ਪੂਰੀ ਕਰਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਨੂੰ ਪਿਆਰ ਨਾਲ "ਟਰਬਨਡ ਟੋਰਨੇਡੋ" ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਨ੍ਹਾਂ ਦੀ ਦ੍ਰਿੜ ਨੀਤੀ ਅਤੇ ਆਚਰਨ ਨੇ ਉਮਰ ਦੀਆਂ ਹੱਦਾਂ ਨੂੰ ਤੋੜਿਆ ਅਤੇ ਪੂਰੀ ਦੁਨੀਆਂ ਵਿੱਚ ਸਿੱਖ ਭਾਈਚਾਰੇ ਦਾ ਮਾਣ ਵਧਾਇਆ।

ਅਸੀਂ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਚਿਰ ਸ਼ਾਂਤੀ ਬਖ਼ਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਤੇ ਪ੍ਰੇਮੀਜਨਾਂ ਨੂੰ ਇਹ ਅਕਥ ਦੁੱਖ ਸਹਿਣ ਦੀ ਤਾਕਤ ਦੇਵੇ।ਉਨ੍ਹਾਂ ਦੀ ਜੀਵਨ ਯਾਤਰਾ ਸਦਾ ਲਈ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ।

# ਸੋਸ਼ਲ ਮੀਡੀਆ ਰਾਹੀਂ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਗਿਰੋਹਾਂ ਨੂੰ ਕਾਬੂ ਕਰਨ ਲਈ ਯੂ ਕੇ ਵੱਲੋਂ ਨਵਾਂ ਕਾਨੂੰਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੋਸ਼ਲ ਮੀਡੀਆ ਰਾਹੀਂ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਗਿਰੋਹਾਂ ਨੂੰ ਕਾਬੂ ਕਰਨ ਲਈ ਯੂ ਕੇ ਵੱਲੋਂ ਨਵਾਂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਜਿਸ ਰਾਹੀਂ ਦੇਸ਼ ਵਿੱਚ ਖਤਰਨਾਕ ਛੋਟੀਆਂ ਕਿਸ਼ਤੀਆਂ ਪਾਰ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਹੋਰ ਰੂਪਾਂ ਨੂੰ ਉਤਸ਼ਾਹਿਤ ਕਰਨ ਵਾਲੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕਰਨ ਵਾਲੇ ਅਪਰਾਧਿਕ ਗਿਰੋਹਾਂ 'ਤੇ ਕਾਰਵਾਈ ਕੀਤੀ ਜਾਵੇਗੀ।

ਸਰਹੱਦੀ ਸੁਰੱਖਿਆ, ਸ਼ਰਣ ਅਤੇ ਇਮੀਗ੍ਰੇਸ਼ਨ ਬਿੱਲ ਵਿੱਚ ਸੋਧ ਕਰਕੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਰਦੀ ਔਨਲਾਈਨ ਪ੍ਰਕਾਸ਼ਨ ਸਮੱਗਰੀ ਨੂੰ ਅਪਰਾਧ ਬਣਾਉਣ ਲਈ ਪੇਸ਼ ਕੀਤਾ ਜਾਵੇਗਾ। ਇੰਗਲਿਸ਼ ਚੈਨਲ ਨੂੰ ਛੋਟੀਆਂ ਕਿਸ਼ਤੀਆਂ ਰਾਹੀਂ ਪਾਰ ਕਰਨਾ, ਪਾਸਪੋਰਟ ਜਾਂ ਵੀਜ਼ਾ ਵਰਗੇ ਜਾਅਲੀ ਯਾਤਰਾ ਦਸਤਾਵੇਜ਼ ਬਣਾਉਣਾ, ਜਾਂ ਯੂ ਕੇ ਵਿੱਚ ਗੈਰ-ਕਾਨੂੰਨੀ ਕੰਮ ਦੇਣ ਦੀ ਪੇਸ਼ਕਸ਼ ਕਰਨ ਵਾਲੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਤਸਕਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਵੇਂ ਨਿਯਮਾਂ ਤਹਿਤ ਫੜੇ ਗਏ ਅਪਰਾਧੀਆਂ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਭਾਰੀ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ।

ਯੂਕੇ ਦੀ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕਿਹਾ ਕਿ "ਯੂ ਕੇ ਆਉਣ ਅਤੇ ਇਸ ਦੇਸ਼ ਵਿੱਚ ਚੰਗੀ ਜ਼ਿੰਦਗੀ ਦਾ ਔਨਲਾਈਨ ਜਾਂ ਔਫਲਾਈਨ ਝੂਠਾ ਵਾਅਦਾ ਕਰਨ ਵਾਲੇ ਲੋਕਾਂ ਦਾ ਮਕਸਦ ਸਿਰਫ਼ ਪੈਸਾ ਕਮਾਉਣਾ ਹੈ।

"ਇਨ੍ਹਾਂ ਅਪਰਾਧੀਆਂ ਨੂੰ ਸੋਸ਼ਲ ਮੀਡੀਆ 'ਤੇ ਬੇਸ਼ਰਮੀ ਭਰੇ ਤਰੀਕਿਆਂ ਨਾਲ ਪ੍ਰਵਾਸੀਆਂ ਦੀ ਜ਼ਿੰਦਗੀ ਖ਼ਤਰੇ ਵਿੱਚ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਸੀਂ ਉਨ੍ਹਾਂ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਦ੍ਰਿੜ ਹਾਂ, ਭਾਵੇਂ ਉਹ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਕੰਮ ਕਰਦੇ ਹੋਣ।

ਉਹਨਾਂ ਕਿਹਾ ਕਿ "ਸਾਨੂੰ ਲੋਕਾਂ ਦੀ ਤਸਕਰੀ ਕਰਨ ਵਾਲੇ ਗਿਰੋਹਾਂ ਦੀਆਂ ਲਗਾਤਾਰ ਵਿਕਸਤ ਹੋ ਰਹੀਆਂ ਚਾਲਾਂ ਤੋਂ ਇੱਕ ਕਦਮ ਅੱਗੇ ਰਹਿਣਾ ਪਵੇਗਾ ਅਤੇ ਇਹ ਕਦਮ, ਸਰਹੱਦੀ ਸੁਰੱਖਿਆ ਨੂੰ ਵਧਾਉਣ ਲਈ ਸਾਡੀ ਤਬਦੀਲੀ ਯੋਜਨਾ ਦਾ ਹਿੱਸਾ, ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਇਨ੍ਹਾਂ ਚਾਲਾਂ ਨੂੰ ਤੇਜ਼ੀ ਨਾਲ ਅਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਅਯੋਗ ਕਰਨ ਲਈ ਸ਼ਕਤੀ ਪ੍ਰਦਾਨ ਕਰੇਗਾ, ਇਹ ਯਕੀਨੀ ਬਣਾਵੇਗਾ ਕਿ ਲੋਕਾਂ ਨੂੰ ਢੁਕਵੇਂ ਜੁਰਮਾਨੇ ਦਾ ਸਾਹਮਣਾ ਕਰਨਾ ਪਵੇ,"।

ਗ੍ਰਹਿ ਵਿਭਾਗ ਨੇ ਕਿਹਾ ਕਿ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲੇ ਫੜੇ ਗਏ ਲੋਕਾਂ ਦੀਆਂ ਗ੍ਰਿਫਤਾਰੀਆਂ ਵਿੱਚ 50 ਪ੍ਰਤੀਸ਼ਤ ਵਾਧਾ ਹੋਇਆ ਹੈ ਅਤੇ ਯੂ ਕੇ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲਗਭਗ 35,000 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਛੇਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



ਪਾਠ 14

ਯ ਰ ਲ ਵ ੜ


Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

Rahrhaa ........ ........ ........
Yaiyyaa ........ ........ ........
Vavvaa ........ ........ ........
Lallaa ........ ........ ........
Raaraa ........ ........ ........

ਸਿੱਖਿਆ - ਗੁਰਮੁਖੀ Page 29 Level I


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**PANJAB TIMES**, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਮਾਲੇਗਾਓਂ ਬੰਬ ਧਮਾਕਾ: 17 ਸਾਲਾਂ ਦੀ ਉਡੀਕ ਬਾਅਦ ਵੀ ਨਿਆਂ ਨਹੀਂ ਮਿਲਿਆ

**✪ ਪੀੜਤਾਂ ਦੀਆਂ ਉਮੀਦਾਂ ਟੁੱਟੀਆਂ, ਹਿੰਦੂਤਵ ਦੀ ਜਿੱਤ ਦਾ ਐਲਾਨ ✪ ਐਨਆਈਏ ਦੀ ਜਾਂਚ 'ਤੇ ਸਵਾਲ ਖੜੇ ਹੋਏ: ਸਬੂਤਾਂ ਦੀ ਘਾਟ ਅਤੇ ਗਾਇਬ ਦਸਤਾਵੇਜ਼ਾਂ ਨੇ ਕਮਜ਼ੋਰ ਕੀਤਾ ਕੇਸ ✪ ਪੀੜਤ ਪਰਿਵਾਰ ਬੰਬੇ ਹਾਈ ਕੋਰਟ ਵਿਚ ਅਪੀਲ ਕਰਨਗੇ**

## ਨਿਊਜ਼ ਰਿਪੋਟ

29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਸ਼ਹਿਰ ਦੇ ਭੀਕੂ ਚੌਕ ਵਿੱਚ ਇੱਕ ਖੌਫਨਾਕ ਬੰਬ ਧਮਾਕਾ ਹੋਇਆ ਸੀ, ਜਿਸ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ, ਜਦੋਂ ਲੋਕ ਇਫਤਾਰ ਦੀਆਂ ਤਿਆਰੀਆਂ ਕਰ ਰਹੇ ਸਨ, ਇੱਕ ਮੋਟਰਸਾਈਕਲ 'ਤੇ ਲੱਗੇ ਬੰਬ ਨੇ ਛੇ ਮੁਸਲਮਾਨਾਂ ਦੀ ਜਾਨ ਲੈ ਲਈ ਸੀ ਅਤੇ 100 ਤੋਂ ਵੱਧ ਜਣੇ ਜ਼ਖਮੀ ਹੋ ਗਏ ਸਨ। 17 ਸਾਲਾਂ ਦੀ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ, ਵਿਸ਼ੇਸ਼ ਐਨਆਈਏ ਅਦਾਲਤ ਨੇ ਸੱਤ ਮੁਲਜ਼ਮਾਂ-ਨੂੰ ਸਬੂਤਾਂ ਦੀ ਘਾਟ ਅਤੇ ਜਾਂਚ ਵਿੱਚ ਗੰਭੀਰ ਖਾਮੀਆਂ ਦੇ ਆਧਾਰ 'ਤੇ ਸੱਤ ਮੁਲਜ਼ਮਾਂ ਸਾਧਵੀ ਪ੍ਰਗਿਆ ਸਿੰਘ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ, ਮੇਜਰ ਰਮੇਸ਼ ਉਪਾਧਿਆਏ, ਅਜੈ ਰਹੀਰਕਰ, ਸੁਧਾਕਰ ਦਿਵੇਦੀ, ਸੁਧਾਕਰ ਚਤੁਰਵੇਦੀ ਅਤੇ ਸਮੀਰ ਕੁਲਕਰਨੀ ਨੂੰ ਬਰੀ ਕਰ ਦਿੱਤਾ, ਜਿਸ ਨਾਲ ਪੀੜਤ ਪਰਿਵਾਰਾਂ ਦੀਆਂ ਨਿਆਂ ਦੀਆਂ ਉਮੀਦਾਂ ਚਕਨਾਚੂਰ ਹੋ ਗਈਆਂ। ਅਦਾਲਤ ਅਨੁਸਾਰ ਇਸਤਗਾਸਾ ਪੱਖ ਮੁਲਜ਼ਮਾਂ ਖਿਲਾਫ ਦੋਸ਼ ਸਾਬਤ ਨਹੀਂ ਕਰ ਸਕਿਆ।

ਅਦਾਲਤ ਦੇ ਜੱਜ ਏ.ਕੇ. ਲਾਹੋਟੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਜਾਂਚ ਵਿੱਚ ਮੁੱਢਲੇ ਸਬੂਤਾਂ ਨਾਲ ਛੇੜਛਾੜ ਕੀਤੀ ਗਈ, ਮਹੱਤਵਪੂਰਨ ਦਸਤਾਵੇਜ਼ ਗਾਇਬ ਹੋਏ ਹਨ ਅਤੇ ਗਵਾਹਾਂ ਦੇ ਮੂਲ ਬਿਆਨ ਗੁਆਚ ਗਏ ਹਨ। ਟਾਈਮਜ਼ ਆਫ ਇੰਡੀਆ ਅਤੇ ਇੰਡੀਅਨ ਐਕਸਪ੍ਰੈਸ ਦੀਆਂ ਰਿਪੋਰਟਾਂ ਮੁਤਾਬਕ, ਸੀਆਰਪੀਸੀ 164 ਅਤੇ ਮਕੋਕਾ ਦੇ ਤਹਿਤ ਦਰਜ 13 ਗਵਾਹਾਂ ਅਤੇ ਦੋ ਮੁਲਜ਼ਮਾਂ ਦੇ ਇਕਬਾਲੀਆ ਬਿਆਨ 2016 ਤੱਕ ਅਦਾਲਤੀ ਰਿਕਾਰਡ ਵਿੱਚੋਂ ਗਾਇਬ ਹੋ ਗਏ ਹਨ। ਇਨ੍ਹਾਂ ਵਿੱਚ ਪ੍ਰਗਿਆ ਠਾਕੁਰ ਅਤੇ ਫਰਾਰ ਮੁਲਜ਼ਮ ਰਾਮਜੀ ਕਲਸੰਗਰਾ ਵਿਚਕਾਰ ਧਮਾਕੇ ਦੀ ਸਾਜ਼ਿਸ਼ ਨਾਲ ਜੁੜੀਆਂ ਮੀਟਿੰਗਾਂ ਦੇ ਵੇਰਵੇ ਸ਼ਾਮਲ ਸਨ। ਅਦਾਲਤ ਨੇ ਫੋਟੋਕਾਪੀਆਂ ਦੀ ਵਰਤੋਂ ਦੀ ਇਜਾਜ਼ਤ ਤਾਂ ਦੇ ਦਿੱਤੀ, ਪਰ ਨਵੇਂ ਬਿਆਨ ਪੁਰਾਣੇ ਬਿਆਨਾਂ ਦੇ ਉਲਟ ਸਨ, ਜਿਸ ਕਾਰਨ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ।

ਅਦਾਲਤ ਅਨੁਸਾਰ ਜਾਂਚ ਦੀਆਂ ਖਾਮੀਆਂ ਵੀ ਸਾਹਮਣੇ ਆਈਆਂ ਸਨ। ਅਦਾਲਤ ਨੇ ਕਿਹਾ ਕਿ ਆਰਡੀਐਕਸ ਦੇ ਸਰੋਤ ਦਾ ਕੋਈ ਸਬੂਤ ਨਹੀਂ ਮਿਲਿਆ, ਪੰਚਨਾਮਾ ਸਹੀ ਨਹੀਂ ਸੀ, ਅਤੇ ਮੀਟਿੰਗਾਂ ਦੇ ਰਿਕਾਰਡ ਸਾਬਤ ਨਹੀਂ ਹੋ ਸਕੇ। 323 ਗਵਾਹਾਂ ਦੀ ਜਾਂਚ ਹੋਈ, ਪਰ 34 ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ ਸਨ। ਕੁਝ ਗਵਾਹਾਂ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਦੇ ਅੱਤਵਾਦ ਵਿਰੋਧੀ ਦਸਤੇ (ਏਟੀਐਸ) ਨੇ ਉਨ੍ਹਾਂ ਨੂੰ ਤਸੀਹੇ ਦੇ ਕੇ ਪ੍ਰਗਿਆ ਅਤੇ ਪੁਰੋਹਿਤ ਦੇ



ਨਾਂ ਲੈਣ ਲਈ ਮਜਬੂਰ ਕੀਤਾ ਸੀ। ਇਹ ਸਭ ਖਾਮੀਆਂ ਨੇ ਇਸਤਗਾਸਾ ਪੱਖ ਦੇ ਕੇਸ ਨੂੰ ਕਮਜ਼ੋਰ ਕਰ ਦਿੱਤਾ।

ਮੁੱਖ ਮੁਲਜ਼ਮ ਪ੍ਰਗਿਆ ਸਿੰਘ ਠਾਕੁਰ ਨੇ ਇਸ ਫੈਸਲੇ ਨੂੰ "ਹਿੰਦੂਤਵ ਦੀ ਜਿੱਤ" ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸਾਜ਼ਿਸ਼ ਅਧੀਨ ਫਸਾਇਆ ਗਿਆ ਅਤੇ 13 ਦਿਨ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਤਸੀਹੇ ਦਿੱਤੇ ਗਏ। ਕਰਨਲ ਪੁਰੋਹਿਤ ਨੇ ਵੀ ਕਿਹਾ ਕਿ ਉਹ ਹੁਣ ਫੌਜ ਅਤੇ ਦੇਸ਼ ਦੀ ਸੇਵਾ ਜਾਰੀ ਰੱਖਣਗੇ। ਪ੍ਰਗਿਆ ਦਾ "ਹਿੰਦੂਤਵ ਦੀ ਜਿੱਤ" ਵਾਲਾ ਬਿਆਨ ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਸੀ, ਜਿਸ ਨੇ ਉਨ੍ਹਾਂ ਦੇ ਸਮਰਥਕਾਂ ਨੂੰ ਇਹ ਸੁਨੇਹਾ ਦਿੱਤਾ ਕਿ ਇਹ ਮਾਮਲਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਵਿਚਾਰਧਾਰਕ ਜਿੱਤ ਵੀ ਸੀ।

ਜਦਕਿ ਪੀੜਤ ਮੁਸਲਮਾਨਾਂ ਨੇ ਨਿਆਂ ਪ੍ਰਣਾਲੀ 'ਤੇ ਸਵਾਲ ਖੜ੍ਹੇ ਕੀਤੇ। ਇਹ ਫੈਸਲਾ ਨਾ ਸਿਰਫ਼ ਕਾਨੂੰਨੀ ਪ੍ਰਕਿਰਿਆ ਦੀਆਂ ਖਾਮੀਆਂ ਨੂੰ ਉਜਾਗਰ ਕਰਦਾ ਹੈ, ਸਗੋਂ ਇਹ ਵੀ ਦਰਸਾਉਂਦਾ ਹੈ ਕਿ ਘੱਟ ਗਿਣਤੀ ਭਾਈਚਾਰਿਆਂ ਨੂੰ ਭਾਰਤ ਵਿੱਚ ਨਿਆਂ ਮਿਲਣਾ ਕਿੰਨਾ ਔਖਾ ਹੈ।

### ਜਿੰਮੇਵਾਰ ਕੌਣ ?

ਇਸ ਮਾਮਲੇ ਦੀ ਜਾਂਚ ਸ਼ੁਰੂ ਵਿੱਚ ਏਟੀਐਸ ਨੇ ਕੀਤੀ, ਜਿਸ ਦੀ ਅਗਵਾਈ ਹੇਮੰਤ ਕਰਕਰੇ ਨੇ ਕੀਤੀ ਸੀ। ਏਟੀਐਸ ਨੇ ਦਾਅਵਾ ਕੀਤਾ ਸੀ ਕਿ ਧਮਾਕੇ ਵਿੱਚ ਵਰਤੀ ਮੋਟਰਸਾਈਕਲ ਪ੍ਰਗਿਆ ਠਾਕੁਰ ਦੀ ਸੀ ਅਤੇ ਕਰਨਲ ਪੁਰੋਹਿਤ ਨੇ ਸੱਜੇ-ਪੱਖੀ ਸਮੂਹ 'ਅਭਿਨਵ ਭਾਰਤ' ਰਾਹੀਂ ਆਰਡੀਐਕਸ ਦਾ ਪ੍ਰਬੰਧ ਕੀਤਾ ਸੀ। ਪਰ 2011 ਵਿੱਚ ਕੇਸ ਐਨਆਈਏ ਨੂੰ ਸੌਂਪੇ ਜਾਣ ਤੋਂ ਬਾਅਦ ਜਾਂਚ ਦੀ ਦਿਸ਼ਾ ਬਦਲ ਗਈ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ, 2014 ਵਿੱਚ ਕੇਂਦਰ ਵਿੱਚ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰੀ ਪੱਖ ਦਾ ਰਵੱਈਆ ਬਦਲ ਗਿਆ ਸੀ। ਸ਼ੁਰੂਆਤੀ ਵਿਸ਼ੇਸ਼ ਸਰਕਾਰੀ ਵਕੀਲ ਰੋਹਿਣੀ ਸਾਲਿਆਨ ਨੇ 2015 ਵਿੱਚ ਖੁਲਾਸਾ ਕੀਤਾ ਸੀ ਕਿ ਐਨਆਈਏ ਅਧਿਕਾਰੀਆਂ ਨੇ ਉਨ੍ਹਾਂ ਨੂੰ ਮੁਲਜ਼ਮਾਂ ਪ੍ਰਤੀ "ਨਰਮ ਰੁਖ" ਅਪਣਾਉਣ ਦੇ ਨਿਰਦੇਸ਼ ਦਿੱਤੇ ਸਨ। ਜਦੋਂ ਉਨ੍ਹਾਂ ਨੇ ਇਨਕਾਰ ਕੀਤਾ, ਤਾਂ ਉਨ੍ਹਾਂ ਨੂੰ ਹਟਾ ਕੇ ਅਵਿਨਾਸ਼ ਰਸਾਲ ਨੂੰ ਨਿਯੁਕਤ ਕੀਤਾ ਗਿਆ।

ਐਨਆਈਏ ਦੀ 2016 ਦੀ ਸਪਲੀਮੈਂਟਰੀ ਚਾਰਜਸ਼ੀਟ ਨੇ ਏਟੀਐਸ ਦੇ ਕੇਸ ਨੂੰ ਕਮਜ਼ੋਰ ਕਰ ਦਿੱਤਾ, ਮਕੋਕਾ ਹਟਾ ਦਿੱਤਾ ਗਿਆ, ਅਤੇ ਏਟੀਐਸ ਦੀ ਹਿਰਾਸਤ ਵਿੱਚ ਲਏ ਇਕਬਾਲੀਆ ਬਿਆਨਾਂ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ ਸਨ। ਮੁਲਜ਼ਮਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਬਿਆਨ ਜ਼ਬਰਦਸਤੀ ਲਏ ਗਏ ਸਨ, ਅਤੇ ਐਨਆਈਏ ਇਸ ਨਾਲ ਸਹਿਮਤ ਜਾਪਦੀ ਸੀ। ਹਾਲਾਂਕਿ, ਏਟੀਐਸ ਦੀ ਜਾਂਚ ਤੇ ਤਸੀਹਿਆਂ ਦੇ ਦੋਸ਼ਾਂ ਦੀ ਕੋਈ ਸਰਕਾਰੀ ਜਾਂਚ ਨਹੀਂ ਹੋਈ।

### ਅਭਿਨਵ ਭਾਰਤ ਦੀ ਸਾਜ਼ਿਸ਼ 'ਤੇ ਚੁੱਪ

ਏਟੀਐਸ ਨੇ ਜ਼ੋਰਦਾਰ ਦਾਅਵਾ ਕੀਤਾ ਸੀ ਕਿ ਅਭਿਨਵ ਭਾਰਤ ਇੱਕ ਕੱਟੜਪੰਥੀ ਹਿੰਦੂਤਵ ਸੰਗਠਨ ਸੀ, ਜੋ ਹਿੰਸਕ ਸਾਜ਼ਿਸ਼ਾਂ ਰਚ ਰਿਹਾ ਸੀ। ਮੀਡੀਆ ਰਿਪੋਰਟਾਂ ਮੁਤਾਬਕ, ਸਵਾਮੀ ਦਯਾਨੰਦ ਪਾਂਡੇ ਦੁਆਰਾ ਰਿਕਾਰਡ ਕੀਤੀਆਂ ਮੀਟਿੰਗਾਂ ਦੇ ਟੇਪਾਂ ਵਿੱਚ "ਹਿੰਦੂ ਰਾਸ਼ਟਰ" ਦੀ ਸਥਾਪਨਾ, ਆਪਣਾ ਝੰਡਾ, ਸੰਵਿਧਾਨ ਅਤੇ ਸੈਨਾ ਬਣਾਉਣ ਦੀਆਂ ਯੋਜਨਾਵਾਂ ਸਨ। ਨਾਸਿਕ ਦੇ ਭੋਂਸਲਾ ਮਿਲਟਰੀ ਸਕੂਲ, ਜਿੱਥੇ ਕਥਿਤ ਤੌਰ 'ਤੇ ਕਾਡਰ ਨੂੰ ਸਿਖਲਾਈ ਦਿੱਤੀ ਜਾਂਦੀ ਸੀ, ਨੂੰ ਜਾਂਚ ਤੋਂ ਬਚਾਇਆ ਗਿਆ। ਸੀਨੀਅਰ ਸੈਨਾ ਅਧਿਕਾਰੀਆਂ ਨੂੰ ਮੁਲਜ਼ਮ ਨਹੀਂ, ਸਗੋਂ ਗਵਾਹ ਵਜੋਂ ਸੂਚੀਬੱਧ ਕੀਤਾ ਗਿਆ ਸੀ। ਅਦਾਲਤ ਨੇ ਮੰਨਿਆ ਕਿ ਸੰਗਠਨ ਦਾ ਢਾਂਚਾ ਅੱਤਵਾਦੀ ਜਾਂ ਸਾਜ਼ਿਸੀ ਸਾਬਤ ਨਹੀਂ ਹੋ ਸਕਿਆ।

### ਭਾਜਪਾ ਤੇ ਵਿਰੋਧੀਆਂ ਦੀ ਪ੍ਰਤੀਕਿਰਿਆ

ਭਾਜਪਾ ਨੇ ਇਸ ਫੈਸਲੇ ਨੂੰ ਕਾਂਗਰਸ ਦੇ "ਹਿੰਦੂ ਅੱਤਵਾਦ" ਦੇ ਝੂਠੇ ਨੈਰੇਟਿਵ ਦੇ ਖਿਲਾਫ ਜਿੱਤ ਦੱਸਿਆ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਕਿਹਾ ਕਿ ਇਹ ਫੈਸਲਾ ਕਾਂਗਰਸ ਦੀ "ਸਨਾਤਨ ਵਿਰੋਧੀ" ਨੀਤੀਆਂ ਨੂੰ ਬੇਨਕਾਬ ਕਰਦਾ ਹੈ। ਸ਼ਿਵ ਸੈਨਾ (ਸ਼ਿੰਦੇ ਗੁੱਟ) ਦੇ ਨੇਤਾ ਸ਼੍ਰੀਕਾਂਤ ਸ਼ਿੰਦੇ ਨੇ ਕਾਂਗਰਸ ਨੂੰ "ਸੈਫਰਨ ਅੱਤਵਾਦ" ਦੇ ਨੈਰੇਟਿਵ ਲਈ ਮੁਆਫੀ ਮੰਗਣ ਦੀ ਮੰਗ ਕੀਤੀ।

ਦੂਜੇ ਪਾਸੇ, ਏਆਈਐਮਆਈਐਮ ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਮਹਾਰਾਸ਼ਟਰ ਸਰਕਾਰ ਨੂੰ ਇਸ ਫੈਸਲੇ ਨੂੰ ਬੰਬੇ ਹਾਈ ਕੋਰਟ ਵਿੱਚ ਚੁਣੌਤੀ ਦੇਣ ਦੀ ਮੰਗ ਕੀਤੀ। ਉਨ੍ਹਾਂ ਨੇ ਪੁੱਛਿਆ, "ਕੀ ਨਰਿੰਦਰ ਮੋਦੀ ਅਤੇ ਦੇਵੇਂਦਰ ਫੜਨਵੀਸ ਸਰਕਾਰ ਸੁਪਰੀਮ ਕੋਰਟ ਵਿੱਚ ਅਪੀਲ ਕਰੇਗੀ?" ਕਾਂਗਰਸ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਿਥਵੀਰਾਜ ਚਵਾਨ ਨੇ ਕਿਹਾ, "ਇਹ ਫੈਸਲਾ ਐਨਆਈਏ ਦੀ ਅਸਫਲਤਾ ਨੂੰ ਦਰਸਾਉਂਦਾ ਹੈ, ਜੋ 2014 ਤੋਂ ਅਮਿਤ ਸ਼ਾਹ ਦੇ ਅਧੀਨ ਕੰਮ ਕਰ ਰਹੀ ਸੀ।"

### ਪੀੜਤਾਂ ਦੀ ਅਗਲੀ ਲੜਾਈ

ਪੀੜਤ ਪਰਿਵਾਰ, ਜਿਵੇਂ ਨਿਸਾਰ ਬਿਲਾਲ ਅਤੇ ਹੁਸੈਨ ਸ਼ਾਹ, ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆਇਆ, ਹੁਣ ਬੰਬੇ ਹਾਈ ਕੋਰਟ ਵਿੱਚ ਅਪੀਲ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦੇ ਵਕੀਲ ਸ਼ਾਹਿਦ ਨਦੀਮ ਨੇ ਕਿਹਾ, "ਇਹ ਮੁਕੱਦਮਾ ਸਿਰਫ਼ ਮੁਲਜ਼ਮਾਂ ਖਿਲਾਫ ਨਹੀਂ, ਸਗੋਂ ਪੀੜਤਾਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ।" ਪੀੜਤਾਂ ਦੀ ਲੜਾਈ ਔਖੀ ਹੈ, ਕਿਉਂਕਿ ਮੁਲਜ਼ਮਾਂ ਕੋਲ ਵੱਡੇ ਵਕੀਲ ਅਤੇ ਰਾਜਨੀਤਕ ਸਮਰਥਨ ਹੈ, ਜਦਕਿ ਪੀੜਤਾਂ ਨੂੰ ਅਦਾਲਤੀ ਚੱਕਰਾਂ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਲੇਗਾਓਂ ਬੰਬ ਧਮਾਕੇ ਦਾ ਫੈਸਲਾ ਮਹਾਰਾਸ਼ਟਰ ਦੀ ਸਿਆਸਤ ਵਿੱਚ ਨਵਾਂ ਮੋੜ ਲਿਆ ਸਕਦਾ ਹੈ। ਇਹ ਮਾਮਲਾ "ਹਿੰਦੂ ਅੱਤਵਾਦ" ਅਤੇ "ਸੈਫਰਨ ਅੱਤਵਾਦ" ਦੇ ਨੈਰੇਟਿਵ ਨੂੰ ਮੁੜ ਜਨਮ ਦੇ ਰਿਹਾ ਹੈ। ਸਭ ਦੀਆਂ ਨਜ਼ਰਾਂ ਹੁਣ ਬੰਬੇ ਹਾਈ ਕੋਰਟ ਅਤੇ ਸੁਪਰੀਮ ਕੋਰਟ 'ਤੇ ਟਿਕੀਆਂ ਹਨ। ਕੀ ਮਹਾਰਾਸ਼ਟਰ ਸਰਕਾਰ ਇਸ ਨੂੰ ਚੁਣੌਤੀ ਦੇਵੇਗੀ? ਕੀ ਐਨਆਈਏ ਨਵੀਂ ਜਾਂਚ ਸ਼ੁਰੂ ਕਰੇਗੀ? ਇਹ ਸਵਾਲ ਅਜੇ ਅਣਸੁਲਝੇ ਹਨ, ਪਰ ਇਹ ਤੈਅ ਹੈ ਕਿ ਮਾਲੇਗਾਓਂ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਰੰਗ ਲਵੇਗਾ। ਪੀੜਤਾਂ ਦੀ ਆਸ ਅਜੇ ਵੀ ਜਿਉਂਦੀ ਹੈ, ਪਰ ਨਿਆਂ ਦਾ ਰਾਹ ਔਖਾ ਅਤੇ ਲੰਮਾ ਹੈ।

# ਟਰੰਪ ਦੀ ਸੁਰੱਖਿਆ ਵਿੱਚ ਫਿਰ ਸੰਨ੍ਹ !

## ✪ ਅਮਰੀਕੀ ਏਅਰਫੋਰਸ ਨੂੰ ਲਾਉਣੇ ਪਏ ਫਾਈਟਰ ਜੈੱਟ



ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਵਿੱਚ ਇੱਕ ਵਾਰ ਫਿਰ ਵੱਡੀ ਕੁਤਾਹੀ ਸਾਹਮਣੇ ਆਈ ਹੈ। ਨਿਊਜਰਸੀ ਵਿਚ ਟਰੰਪ ਦੇ ਗੋਲਫ ਕਲੱਬ, ਬੈੱਡਮਿੰਸਟਰ, ਦੇ ਉੱਪਰ ਪਾਬੰਦੀਸ਼ੁਦਾ ਏਅਰਸਪੇਸ ਵਿੱਚ ਇੱਕ ਨਿੱਜੀ ਜਹਾਜ਼ ਦੇ ਦਾਖਲ ਹੋਣ 'ਤੇ ਹੜਕੰਪ ਮਚ ਗਿਆ। ਇਹ ਘਟਨਾ ਬੀਤੇ ਦਿਨੀਂ ਵਾਪਰੀ, ਜਦੋਂ ਟਰੰਪ ਆਪ ਉੱਥੇ ਮੌਜੂਦ ਸਨ।

ਅਮਰੀਕੀ ਰੱਖਿਆ ਏਜੰਸੀਆਂ ਦੀ ਚੁਸਤੀ ਨਾਲ ਜਹਾਜ਼ ਨੂੰ ਸਮੇਂ ਸਿਰ ਰੋਕ ਲਿਆ ਗਿਆ, ਪਰ ਇਸ ਘਟਨਾ ਨੇ ਰਾਸ਼ਟਰਪਤੀ ਦੀ ਸੁਰੱਖਿਆ 'ਤੇ ਫਿਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਵੀ ਟਰੰਪ ਦੀ ਮੌਜੂਦਗੀ ਵਿੱਚ ਅਜਿਹੀ ਘੁਸਪੈਠ ਹੋ ਚੁੱਕੀ ਹੈ, ਜਿਸ ਕਰਕੇ ਇਹ ਮਾਮਲਾ ਹੋਰ ਵੀ ਗੰਭੀਰ ਹੋ ਜਾਂਦਾ ਹੈ। ਘਟਨਾ ਬਾਰੇ ਪਤਾ ਲੱਗਦਿਆਂ ਹੀ ਨਾਰਥ ਅਮਰੀਕਨ ਏਅਰੋਸਪੇਸ ਡਿਫੈਂਸ ਕਮਾਂਡ ਤੁਰੰਤ ਹਰਕਤ ਵਿੱਚ ਆਈ। ਨਾਰਥ ਅਮਰੀਕਨ ਏਅਰੋਸਪੇਸ ਡਿਫੈਂਸ ਕਮਾਂਡ ਦੇ ਫਾਈਟਰ ਜੈੱਟ ਨੇ ਉਸ ਜਹਾਜ਼ ਨੂੰ ਤੁਰੰਤ ਘੇਰ ਲਿਆ ਤੇ ਪਾਇਲਟ ਨੂੰ ਫਲੇਅਰਜ਼ (ਵਿਸ਼ੇਸ਼ ਕਿਸਮ ਦੇ ਚਿਤਾਵਨੀ ਸੰਕੇਤ) ਰਾਹੀਂ ਏਅਰਸਪੇਸ ਤੋਂ ਬਾਹਰ ਨਿਕਲਣ ਦਾ ਹੁਕਮ ਦਿੱਤਾ। ਇਸ ਤੋਂ ਬਾਅਦ ਜਹਾਜ਼ ਨੂੰ ਸੁਰੱਖਿਅਤ ਢੰਗ ਨਾਲ ਪਾਬੰਦੀਸ਼ੁਦਾ ਖੇਤਰ ਤੋਂ ਬਾਹਰ ਕੱਢ ਲਿਆ ਗਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਟਰੰਪ ਦੀ ਸੁਰੱਖਿਆ ਵਿੱਚ ਇਹ ਪਹਿਲੀ ਵਾਰ ਕੁਤਾਹੀ ਨਹੀਂ ਹੋਈ। 5 ਜੁਲਾਈ ਨੂੰ ਵੀ ਅਜਿਹੀ ਹੀ ਇੱਕ ਘਟਨਾ ਸਾਹਮਣੇ ਆਈ ਸੀ, ਜਦੋਂ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਛੁੱਟੀਆਂ ਮਨਾਉਣ ਨਿਊਜਰਸੀ ਆਏ ਸਨ ਤੇ ਇੱਕ ਨਿੱਜੀ ਜਹਾਜ਼ ਨੇ ਉਸੇ ਪਾਬੰਦੀਸ਼ੁਦਾ ਖੇਤਰ ਵਿੱਚ ਘੁਸਪੈਠ ਕੀਤੀ ਸੀ।

# ਚੋਣ ਕਮਿਸ਼ਨ ਵੋਟਾਂ ਦੀ ਚੋਰੀ ਕਰਾ ਰਿਹਾ ਹੈ

## ✪ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਉਪਰ ਲਗਾਏ ਦੋਸ਼



ਨਵੀਂ ਦਿੱਲੀ-ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇੱਕ ਵਾਰ ਫਿਰ ਚੋਣ ਕਮਿਸ਼ਨ ਨੂੰ ਚੇਤਾਵਨੀ ਦਿੱਤੀ ਸੀ ਕਿ ਚੋਣ ਕਮਿਸ਼ਨ ਵੋਟਾਂ ਦੀ ਚੋਰੀ ਕਰਾ ਰਿਹਾ ਹੈ। ਸਾਡੇ ਕੋਲ ਐਟਮ ਬੰਬ ਹੈ। ਜਦੋਂ ਇਹ ਫਟੇਗਾ ਤਾਂ ਚੋਣ ਕਮਿਸ਼ਨ ਬਚੇਗਾ ਨਹੀਂ। ਰਾਹੁਲ ਨੇ ਚੋਣ ਕਮਿਸ਼ਨ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਮੈਂ ਇਹ ਹਲਕੇ ਵਿੱਚ ਨਹੀਂ, ਸਗੋਂ ਸੌ ਫੀਸਦੀ ਸਬੂਤਾਂ ਨਾਲ ਕਹਿ ਰਿਹਾ ਹਾਂ। ਜਿਵੇਂ ਹੀ ਅਸੀਂ ਇਸ ਨੂੰ ਜਾਰੀ ਕਰਾਂਗੇ, ਪੂਰੇ ਦੇਸ਼ ਨੂੰ ਪਤਾ ਲੱਗ ਜਾਵੇਗਾ ਕਿ ਚੋਣ ਕਮਿਸ਼ਨ ਭਾਜਪਾ ਲਈ ਵੋਟਾਂ ਚੋਰੀ ਕਰਨ ਦਾ ਕੰਮ ਕਰ ਰਿਹਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ "ਸਾਨੂੰ ਮੱਧ ਪ੍ਰਦੇਸ਼ ਚੋਣਾਂ, ਲੋਕ ਸਭਾ ਚੋਣਾਂ ਵਿੱਚ ਸ਼ੱਕ ਸੀ, ਮਹਾਰਾਸ਼ਟਰ ਚੋਣਾਂ ਦੌਰਾਨ ਸਾਡਾ ਸ਼ੱਕ ਹੋਰ ਵਧ ਗਿਆ।" ਰਾਹੁਲ ਨੇ ਕਿਹਾ ਕਿ "ਚੋਣ ਕਮਿਸ਼ਨ ਨੇ ਕਰਨਾਟਕ ਦੀ ਇੱਕ ਸੀਟ 'ਤੇ ਧੋਖਾਧੜੀ ਕਰਵਾਈ ਸੀ। ਸਾਡੇ ਕੋਲ ਇਸ ਦੇ ਸੌ ਫੀਸਦੀ ਸਬੂਤ ਹਨ। ਇੱਕੋ ਚੋਣ ਖੇਤਰ ਵਿੱਚ 50, 60 ਅਤੇ 65 ਸਾਲ ਦੇ ਹਜ਼ਾਰਾਂ ਨਵੇਂ ਵੋਟਰਾਂ ਨੂੰ ਸੂਚੀ ਵਿੱਚ ਜੋੜਿਆ ਗਿਆ ਹੈ ਅਤੇ 18 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਸੂਚੀ ਤੋਂ ਹਟਾ ਦਿੱਤਾ ਗਿਆ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਤੁਸੀਂ ਹਿੰਦੁਸਤਾਨ ਦੇ ਖਿਲਾਫ ਕੰਮ ਕਰ ਰਹੇ ਹੋ, ਜੋ ਦੇਸ਼ਧ੍ਰੋਹ ਹੈ। ਤੁਸੀਂ ਕਿਤੇ ਵੀ ਹੋਵੋ, ਭਾਵੇਂ ਤੁਸੀਂ ਸੇਵਾਮੁਕਤ ਵੀ ਹੋ ਜਾਓ, ਅਸੀਂ ਤੁਹਾਨੂੰ ਲੱਭ ਲਵਾਂਗੇ।" ਬਾਅਦ ਵਿੱਚ, ਚੋਣ ਕਮਿਸ਼ਨ ਨੇ ਇਸ 'ਤੇ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਅਜਿਹੇ ਬੇਬੁਨਿਆਦ ਅਤੇ ਗੈਰ-ਜ਼ਿੰਮੇਵਾਰਾਨਾ ਦੋਸ਼ਾਂ 'ਤੇ ਉਨ੍ਹਾਂ ਨੂੰ ਕੁਝ ਨਹੀਂ ਕਹਿਣਾ।

# ਹਾਈਕੋਰਟ ਵਲੋਂ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਕੰਗਨਾ ਰਣੌਤ ਦੀ ਪਟੀਸ਼ਨ ਰੱਦ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਇਹ ਕੇਸ ਬਠਿੰਡਾ ਦੀ ਅਦਾਲਤ ਵਿੱਚ ਚੱਲ ਰਿਹਾ ਸੀ, ਜਿਸਨੂੰ ਰਣੌਤ ਨੇ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 11 ਅਗਸਤ ਨੂੰ ਬਠਿੰਡਾ ਦੀ ਅਦਾਲਤ ਵਿੱਚ ਹੋਵੇਗੀ। ਇਹ ਮਾਮਲਾ ਉਦੋਂ ਸ਼ੁਰੂ ਹੋਇਆ ਸੀ ਜਦੋਂ ਕਿਸਾਨ ਅੰਦੋਲਨ ਦੌਰਾਨ ਕੰਗਨਾ ਨੇ ਇੱਕ ਬਜ਼ੁਰਗ ਔਰਤ ਮਹਿੰਦਰ ਕੌਰ ਨੂੰ "ਭਾੜੇ ਦੀ ਔਰਤ" ਕਿਹਾ ਸੀ।

# ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ 'ਆਪ' ਆਗੂ ਨੇ ਦਿਤਾ ਅਸਤੀਫਾ



ਮੋਗਾ-ਪੰਜਾਬ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਹੁਣ ਸਿਆਸੀ ਹਲਕਿਆਂ ਵਿੱਚ ਵੀ ਪਹੁੰਚ ਗਿਆ ਹੈ। ਮੋਗਾ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਮਨਜੀਤ ਸਿੰਘ ਬਰਾੜ ਦੀਦਾਰ ਵਾਲਾ ਨੇ ਇਸ ਨੀਤੀ ਦੇ ਵਿਰੋਧ ਵਿੱਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇੱਕ ਕਿਸਾਨ ਹੋਣ ਦੇ ਨਾਤੇ ਉਹ ਆਪਣੇ ਕਿਸਾਨ ਭਰਾਵਾਂ ਨਾਲ ਖੜ੍ਹੇ ਹਨ। ਉਨ੍ਹਾਂ ਨੇ ਸਰਕਾਰ ਨੂੰ ਇਸ ਨੀਤੀ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।


# ਮਸ਼ਹੂਰ ਗਾਇਕ ਹਰਭਜਨ ਮਾਨ ਦੀ ਕਾਰ ਹਾਦਸਾਗ੍ਰਸਤ, ਵਾਲ ਵਾਲ ਬਚੇ



ਕੁਰੁਕਸ਼ੇਤਰ-ਮਸ਼ਹੂਰ ਪੰਜਾਬੀ ਗਾਇਕ ਹਰਭਜਨ ਮਾਨ ਦੀ ਕਾਰ ਹਰਿਆਣਾ ਦੇ ਕੁਰੁਕਸ਼ੇਤਰ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਘਟਨਾ ਸੋਮਵਾਰ ਸਵੇਰੇ ਵਾਪਰੀ ਜਦੋਂ ਉਹ ਦਿੱਲੀ ਤੋਂ ਚੰਡੀਗੜ੍ਹ ਜਾ ਰਹੇ ਸਨ। ਪਿਪਲੀ ਫਲਾਈਓਵਰ 'ਤੇ ਅਚਾਨਕ ਇੱਕ ਗਾਂ ਉਨ੍ਹਾਂ ਦੀ ਕਾਰ ਦੇ ਅੱਗੇ ਆ ਗਈ, ਜਿਸ ਕਾਰਨ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ। ਹਰਭਜਨ ਮਾਨ ਇਸ ਹਾਦਸੇ ਵਿੱਚ ਵਾਲ-ਵਾਲ ਬਚ ਗਏ, ਜਦਕਿ ਉਨ੍ਹਾਂ ਦੇ ਸੁਰੱਖਿਆ ਗਾਰਡ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ ਤੋਂ ਬਾਅਦ ਉਹ ਦੂਜੀ ਕਾਰ ਰਾਹੀਂ ਚੰਡੀਗੜ੍ਹ ਲਈ ਰਵਾਨਾ ਹੋ ਗਏ।

# ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਕਤਲ

## ✪ ਗੁਆਂਢੀ ਨੇ ਤੇਜ਼ਧਾਰ ਹਥਿਆਰਾਂ ਨਾਲ ਦਿੱਤਾ ਅੰਜਾਮ



ਅੰਮ੍ਰਿਤਸਰ-ਅੰਮ੍ਰਿਤਸਰ ਦੇ ਕਿਸ਼ਨਕੋਟ ਦੇ ਨਵੀਂ ਆਬਾਦੀ ਇਲਾਕੇ ਵਿਚ 38 ਸਾਲਾ ਵਿੱਕੀ ਦਾ ਉਸ ਦੇ ਗੁਆਂਢੀਆਂ ਨੇ ਕਤਲ ਕਰ ਦਿੱਤਾ। ਦੋਸ਼ੀਆਂ ਨੂੰ ਸ਼ੱਕ ਸੀ ਕਿ ਵਿੱਕੀ ਦੇ ਉਨ੍ਹਾਂ ਦੇ ਪਰਿਵਾਰ ਦੀ ਧੀ ਨਾਲ ਨਾਜਾਇਜ਼ ਸਬੰਧ ਸਨ, ਜਿਸ ਕਰਕੇ ਉਨ੍ਹਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰ ਦਿੱਤਾ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਵਾਲਮੀਕਿ ਸਮਾਜ ਖਿਲਾਫ ਗਲਤ ਸ਼ਬਦਾਵਲੀ ਵਰਤਣ 'ਤੇ ਕੇਸ ਦਰਜ

ਲੁਧਿਆਣਾ-ਲੁਧਿਆਣਾ ਵਿੱਚ, ਇੱਕ ਵਿਅਕਤੀ ਖਿਲਾਫ ਵਾਲਮੀਕਿ ਸਮਾਜ ਅਤੇ ਔਰਤਾਂ ਖਿਲਾਫ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਹ ਐਫਆਈਆਰ ਭਗਵਾਨ ਵਾਲਮੀਕਿ ਧਰਮ ਸਮਾਜ ਸੰਸਥਾ ਦੇ ਪ੍ਰਧਾਨ ਵਿਪਿਨ ਕਲਿਆਣ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ। ਸ਼ਿਕਾਇਤ ਅਨੁਸਾਰ, ਸ਼ਮਸ਼ੇਰ ਸਿੰਘ ਪਰਵਾਨਾ ਨਾਂ ਦਾ ਵਿਅਕਤੀ ਵੀਡੀਓ ਵਿੱਚ ਸਮਾਜ ਖਿਲਾਫ ਗਲਤ ਸ਼ਬਦਾਂ ਦੀ ਵਰਤੋਂ ਕਰਦਾ ਦਿਖਾਈ ਦੇ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਅਧਿਆਪਕਾ ਮਾਨਸੀ ਸ਼ਰਮਾ ਦੀ ਲਾਸ਼ ਨਹਿਰ ਵਿਚੋਂ ਮਿਲੀ

## ✪ ਦੋ ਸਕੂਲ ਕਰਮਚਾਰੀਆਂ ਖਿਲਾਫ ਕੇਸ ਦਰਜ



ਨੰਗਲ-ਨੰਗਲ ਦੇ ਮਾਣਕਪੁਰ ਸਰਕਾਰੀ ਸਕੂਲ ਦੀ ਅਧਿਆਪਕਾ ਮਾਨਸੀ ਸ਼ਰਮਾ, ਜੋ 26 ਜੁਲਾਈ ਤੋਂ ਲਾਪਤਾ ਸੀ, ਦੀ ਲਾਸ਼ ਗੰਗੂਵਾਲ ਨਹਿਰ ਤੋਂ ਮਿਲੀ ਹੈ। ਪੁਲਿਸ ਨੂੰ ਮਿਲੇ ਸੁਸਾਈਡ ਨੋਟ ਦੇ ਆਧਾਰ 'ਤੇ ਦੋ ਸਕੂਲ ਕਰਮਚਾਰੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਜਾਂਚ ਜਾਰੀ ਹੈ।

# ਅੰਮ੍ਰਿਤਸਰ ਵਿਚ ਇਮੀਗ੍ਰੇਸ਼ਨ ਕਾਰੋਬਾਰੀ ਦੇ ਘਰ ਐਨਆਈਏ ਦੀ ਰੇਡ

ਅੰਮ੍ਰਿਤਸਰ-ਰਾਸ਼ਟਰੀ ਜਾਂਚ ਏਜੰਸੀ ਨੇ ਅੰਮ੍ਰਿਤਸਰ ਦੇ ਸ਼ਾਸਤਰੀ ਨਗਰ ਵਿੱਚ ਇੱਕ ਇਮੀਗ੍ਰੇਸ਼ਨ ਕਾਰੋਬਾਰੀ ਵਿਸ਼ਾਲ ਸ਼ਰਮਾ ਦੇ ਘਰ ਛਾਪਾ ਮਾਰਿਆ ਹੈ। ਰਾਸ਼ਟਰੀ ਜਾਂਚ ਏਜੰਸੀ ਨੂੰ ਸ਼ੱਕ ਹੈ ਕਿ ਕਾਰੋਬਾਰੀ ਹਵਾਲਾ ਕਾਰੋਬਾਰ ਵਿੱਚ ਸ਼ਾਮਲ ਹੈ। ਛਾਪੇਮਾਰੀ ਦੌਰਾਨ ਕਈ ਦਸਤਾਵੇਜ਼ ਜ਼ਬਤ ਕੀਤੇ ਗਏ ਹਨ। ਸੂਤਰਾਂ ਮੁਤਾਬਕ ਅੰਮ੍ਰਿਤਸਰ ਵਿੱਚ ਚਾਰ ਹੋਰ ਥਾਵਾਂ 'ਤੇ ਵੀ ਛਾਪੇਮਾਰੀ ਕੀਤੀ ਗਈ ਹੈ।

# ਨਸ਼ੇ ਦੀ ਓਵਰਡੋਜ਼ ਨਾਲ ਕਬੱਡੀ ਖਿਡਾਰੀ ਦੀ ਮੌਤ

## ✪ ਪੁਲਿਸ ਨੇ ਦੋ ਦੋਸ਼ੀ ਕੀਤੇ ਗ੍ਰਿਫਤਾਰ

ਬਠਿੰਡਾ-ਬਠਿੰਡਾ ਦੇ ਪਿੰਡ ਹਰਰਾਏਪੁਰ ਵਿਚ 21 ਸਾਲਾ ਖਿਡਾਰੀ ਅਕਾਸ਼ਦੀਪ ਸਿੰਘ ਦੀ ਨਸ਼ੇ ਦੀ ਓਵਰਡੋਜ਼ ਨਾਲ ਹੋਈ ਮੌਤ ਦੇ ਮਾਮਲੇ ਵਿਚ ਪੁਲਿਸ ਨੇ ਦੋ ਦੋਸ਼ੀਆਂ ਵੀਰਪਾਲ ਸਿੰਘ ਅਤੇ ਬਲਵੰਤ ਸਿੰਘ ਨੂੰ 24 ਘੰਟਿਆਂ ਅੰਦਰ ਗ੍ਰਿਫਤਾਰ ਕਰ ਲਿਆ ਹੈ। ਇਹ ਦੋਵੇਂ ਪਿੰਡ ਵਿਚ ਨਸ਼ਾ ਵੇਚਣ ਦਾ ਕੰਮ ਕਰਦੇ ਸਨ। ਪੁਲਿਸ ਨੇ ਦੋਸ਼ੀਆਂ ਨੂੰ ਰਿਮਾਂਡ 'ਤੇ ਲੈ ਕੇ ਹੋਰ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

# ’84 ਸਿੱਖ ਨਸਲਕੁਸ਼ੀ: ਅਰਰੀਆ ਵਿੱਚ ਪੀੜਤਾਂ ਵਲੋਂ 41 ਸਾਲ ਬਾਅਦ ਵੀ ਮੁਆਵਜ਼ੇ ਦੀ ਉਡੀਕ

## ✪ ਬਿਹਾਰ ਵਿੱਚ ਨਿਆਂ ਦੀ ਰਾਹ ਵਿੱਚ ਅੜਚਨਾਂ, ਦੋਸ਼ੀਆਂ ਨੂੰ ਸਜ਼ਾ ਨਾ ਮਿਲੀ
## ✪ ਘੱਟ ਗਿਣਤੀ ਕਮਿਸ਼ਨ ਅਤੇ ਅਦਾਲਤਾਂ ਦੀ ਭੂਮਿਕਾ ਸਾਰਥਕ ਨਹੀਂ ਰਹੀ

1984 ਦੇ ਸਿੱਖ ਵਿਰੋਧੀ ਕਤਲੇਆਮ, ਜਿਨ੍ਹਾਂ ਨੂੰ ਸਿੱਖ ਨਸਲਕੁਸ਼ੀ ਵਜੋਂ ਵੀ ਜਾਣਿਆ ਜਾਂਦਾ ਹੈ, ਭਾਰਤੀ ਇਤਿਹਾਸ ਦਾ ਇੱਕ ਕਾਲਾ ਅਧਿਆਇ ਹੈ। 1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਹੱਤਿਆ ਤੋਂ ਬਾਅਦ, ਭਾਰਤ ਦੇ ਕਈ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਕਤਲੇਆਮ ਸਾਜਿਸ਼ ਤਹਿਤ ਫਿਰਕੂ ਰਾਜਨੀਤੀ ਨੇ ਭੜਕਾਇਆ। ਇਸ ਦੌਰਾਨ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਸਿੱਖ ਭਾਈਚਾਰੇ ਨਾਲ ਅਣਮਨੁੱਖੀ ਅਤਿਆਚਾਰ ਕੀਤੇ ਗਏ। ਬਿਹਾਰ ਦੇ ਅਰਰੀਆ ਜ਼ਿਲ੍ਹੇ ਵਿੱਚ ਵੀ ਇਸ ਨਸਲਕੁਸ਼ੀ ਦੀ ਅੱਗ ਨੇ ਸਿੱਖ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਝੰਬਿਆ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਉਹ ਅਰਸ਼ ਤੋਂ ਫਰਸ਼ ’ਤੇ ਆ ਗਏ। ਉਨ੍ਹਾਂ ਦੀਆਂ ਜਾਇਦਾਦਾਂ, ਜੋ ਸਿੱਖ ਭਾਈਚਾਰੇ ਦੀ ਮਿਹਨਤ ਅਤੇ ਸੰਘਰਸ਼ ਦੀ ਨਿਸ਼ਾਨੀ ਸਨ, ਮਿੰਟਾਂ ਵਿੱਚ ਫਿਰਕੂ ਗੁੰਡਿਆਂ ਵਲੋਂ ਤਬਾਹ ਕਰ ਦਿੱਤੀਆਂ ਗਈਆਂ। ਕਈ ਪਰਿਵਾਰਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆਇਆ ਅਤੇ ਜਿਨ੍ਹਾਂ ਨੇ ਜਾਨ ਬਚਾਈ, ਉਹ ਅੱਜ ਵੀ ਉਸ ਦਰਦ ਨੂੰ ਯਾਦ ਕਰਕੇ ਦੁਖੀ ਹੋ ਉੱਠਦੇ ਹਨ।

41 ਸਾਲ ਬੀਤ ਜਾਣ ਦੇ ਬਾਵਜੂਦ, ਅਰਰੀਆ ਦੇ ਪੀੜਤ ਸਿੱਖ ਪਰਿਵਾਰਾਂ ਨੂੰ ਅਜੇ ਵੀ ਸਰਕਾਰੀ ਮੁਆਵਜ਼ਾ ਨਹੀਂ ਮਿਲਿਆ। ਇਹ ਪੀੜਤ ਪਰਿਵਾਰ ਅੱਜ ਵੀ ਇਨਸਾਫ਼ ਅਤੇ ਮੁਆਵਜ਼ੇ ਦੀ ਉਡੀਕ ਵਿੱਚ ਹਨ। ਹਾਲ ਹੀ ਵਿੱਚ, ਬਿਹਾਰ ਰਾਜ ਘੱਟ ਗਿਣਤੀ ਕਮਿਸ਼ਨ ਕਮਿਸ਼ਨ ਦੇ ਉਪ-ਚੇਅਰਮੈਨ ਲਖਬੀਰ ਸਿੰਘ ਲੱਖਾ ਨੇ ਅਰਰੀਆ ਦਾ ਦੌਰਾ ਕੀਤਾ ਅਤੇ ਪੀੜਤ ਸਿੱਖ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਅੱਜ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ। ਨਾ ਸਿਰਫ਼ ਅਰਰੀਆ, ਸਗੋਂ ਬਿਹਾਰ ਦੇ ਹੋਰ



ਜ਼ਿਲ੍ਹਿਆਂ ਵਿੱਚ ਵੀ ਸਿੱਖ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਅਤੇ ਮੁਆਵਜ਼ੇ ਦੀ ਉਡੀਕ ਵਿੱਚ ਹਨ। ਅਰਰੀਆ ਦੇ ਸਿੱਖ ਭਾਈਚਾਰੇ ਨੇ ਘੱਟ ਗਿਣਤੀ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਦੇ ਕੇ ਮੰਗ ਕੀਤੀ ਕਿ 1984 ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਮੁਆਵਜ਼ਾ ਅਤੇ ਨਿਆਂ ਦਿੱਤਾ ਜਾਵੇ।

ਯਾਦ ਰਹੇ ਕਿ ਢਿੱਲੋਂ ਕਮੇਟੀ, ਜਿਸ ਦੀ ਸਥਾਪਨਾ 1985 ਵਿੱਚ ਪੀੜਤਾਂ ਦੇ ਪੁਨਰਵਾਸ ਲਈ ਕੀਤੀ ਗਈ ਸੀ, ਨੇ ਸਿਫਾਰਸ਼ ਕੀਤੀ ਸੀ ਕਿ ਜਿਨ੍ਹਾਂ ਦੇ ਵਪਾਰਕ ਅਦਾਰਿਆਂ ਦੇ ਬੀਮੇ ਦੇ ਦਾਅਵੇ ਰੱਦ ਕਰ ਦਿੱਤੇ ਗਏ ਸਨ, ਉਨ੍ਹਾਂ ਨੂੰ ਸਰਕਾਰੀ ਮੁਆਵਜ਼ਾ ਦਿੱਤਾ ਜਾਵੇ। ਪਰ ਸਰਕਾਰ ਨੇ ਇਸ ਸਿਫਾਰਸ਼ ਨੂੰ ਸਵੀਕਾਰ ਨਹੀਂ ਕੀਤਾ, ਅਤੇ ਬਹੁਤ ਸਾਰੇ ਪੀੜਤ ਪਰਿਵਾਰ ਅਜੇ ਵੀ ਆਰਥਿਕ ਸੰਕਟ ਵਿੱਚ ਜੀਵਨ ਬਤੀਤ ਕਰ ਰਹੇ ਹਨ।

ਅਰਰੀਆ ਦੇ ਸਿੱਖ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਸਿਰਫ਼ ਮੁਆਵਜ਼ੇ ਦੀ ਘਾਟ ਸੀ, ਸਗੋਂ ਸਰਕਾਰੀ ਅਧਿਕਾਰੀਆਂ ਦੀ ਅਣਦੇਖੀ ਨੇ ਵੀ ਉਨ੍ਹਾਂ ਦੇ ਜ਼ਖਮਾਂ ਨੂੰ ਹੋਰ ਡੂੰਘਾ ਕੀਤਾ। ਕਈ ਪਰਿਵਾਰਾਂ ਨੇ ਸਰਕਾਰੀ ਦਫਤਰਾਂ ਦੇ ਚੱਕਰ ਕੱਟੇ, ਪਰ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ।

1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਬਿਹਾਰ ਵਿੱਚ ਵੀ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਦਿੱਲੀ ਦੀ ਤੁਲਨਾ ਵਿੱਚ ਬਿਹਾਰ ਵਿੱਚ ਮੌਤਾਂ ਦੀ ਗਿਣਤੀ ਘੱਟ ਸੀ, ਪਰ ਸਿੱਖ ਪਰਿਵਾਰਾਂ ਨੂੰ ਜਾਨ-ਮਾਲ ਦਾ ਵੱਡਾ ਨੁਕਸਾਨ ਸਹਿਣਾ ਪਿਆ। ਸਰਕਾਰੀ ਅੰਕੜਿਆਂ ਅਨੁਸਾਰ, ਦੇਸ਼ ਭਰ ਵਿੱਚ 3,350 ਸਿੱਖ ਮਾਰੇ ਗਏ, ਜਿਨ੍ਹਾਂ ਵਿੱਚੋਂ ਬਿਹਾਰ ਦਾ ਹਿੱਸਾ ਵੀ ਸ਼ਾਮਲ ਸੀ। ਸੁਤੰਤਰ ਸਰੋਤਾਂ ਅਨੁਸਾਰ, ਬਿਹਾਰ ਵਿੱਚ ਸੈਂਕੜੇ ਸਿੱਖ ਮਾਰੇ ਗਏ ਸਨ ਅਤੇ ਹਜ਼ਾਰਾਂ ਦੀ ਜਾਇਦਾਦ ਤਬਾਹ ਹੋਈ ਸੀ।

ਅਰਰੀਆ ਵਿੱਚ ਮੌਤਾਂ ਦੀ ਸਹੀ ਗਿਣਤੀ ਬਾਰੇ ਸਪਸ਼ਟ ਅੰਕੜੇ ਉਪਲਬਧ ਨਹੀਂ ਹਨ, ਕਿਉਂਕਿ ਸਰਕਾਰੀ ਰਿਕਾਰਡਾਂ ਵਿੱਚ ਬਹੁਤ ਸਾਰੇ ਮਾਮਲਿਆਂ ਨੂੰ ਦਰਜ ਨਹੀਂ ਕੀਤਾ ਗਿਆ। ਪੀੜਤ ਪਰਿਵਾਰਾਂ ਦੇ ਬਿਆਨਾਂ ਅਨੁਸਾਰ, ਅਰਰੀਆ ਦੇ ਫਾਰਬਿਸਗੰਜ ਅਤੇ ਹਲਹਲੀਆ ਖੇਤਰਾਂ ਵਿੱਚ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਗਿਆਸ, ਅਤੇ ਕਈ ਸਿੱਖਾਂ ਦੀ ਹੱਤਿਆ ਕੀਤੀ ਗਈ ਸੀ।

ਦੋਸ਼ੀਆਂ ਨੂੰ ਸਜ਼ਾ ਦੇ ਮਾਮਲੇ ਵਿੱਚ, ਬਿਹਾਰ ਵਿੱਚ ਸਥਿਤੀ ਕਾਫੀ ਨਿਰਾਸ਼ਾਜਨਕ ਹੈ। ਦਿੱਲੀ ਵਿੱਚ 1984 ਦੇ ਕਤਲੇਆਮ ਨਾਲ ਜੁੜੇ ਕੁਝ ਮੁੱਖ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਸੀ। ਪਰ ਬਿਹਾਰ ਵਿੱਚ ਅਜਿਹੇ ਮਾਮਲਿਆਂ ਵਿੱਚ ਨਿਆਂ ਪ੍ਰਕਿਰਿਆ ਬਹੁਤ ਹੌਲੀ ਰਹੀ ਹੈ। ਅਰਰੀਆ ਵਿੱਚ ਕਤਲੇਆਮ ਨਾਲ ਜੁੜੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿੱਚ ਕੋਈ ਮਹੱਤਵਪੂਰਨ ਪ੍ਰਗਤੀ ਨਹੀਂ ਹੋਈ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਪੁਲਿਸ ਅਤੇ ਪ੍ਰਸ਼ਾਸਨ ਨੇ ਕਤਲੇਆਮ ਦੌਰਾਨ ਅਤੇ ਬਾਅਦ ਵਿੱਚ ਵੀ ਉਨ੍ਹਾਂ ਦੀ ਸਹਾਇਤਾ ਨਹੀਂ ਕੀਤੀ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਘੱਟਗਿਣਤੀ ਕਮਿਸ਼ਨ ਦੀਆਂ ਕੋਸ਼ਿਸ਼ਾਂ ਅਜੇ ਵੀ ਨਾਕਾਫੀ ਹਨ। ਕਮਿਸ਼ਨ ਨੇ ਪੀੜਤਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ ਹੈ, ਪਰ 41 ਸਾਲ ਬੀਤ ਜਾਣ ਦੇ ਬਾਵਜੂਦ ਮੁਆਵਜ਼ੇ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ।ਕਈ ਮਾਮਲਿਆਂ ਵਿੱਚ, ਪੁਲਿਸ ਨੇ ਜਾਂਚ ਵਿੱਚ ਢਿੱਲ-ਮੱਠ ਕੀਤੀ ਅਤੇ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਪੀੜਤ ਪਰਿਵਾਰਾਂ ਨੇ ਅਦਾਲਤਾਂ ਵਿੱਚ ਨਿਆਂ ਦੀ ਗੁਹਾਰ ਲਗਾਈ, ਪਰ ਜ਼ਿਆਦਾਤਰ ਮਾਮਲਿਆਂ ਵਿੱਚ ਨਿਆਂ ਨਹੀਂ ਮਿਲਿਆ।

# ਡਰਗ ਸਮਗਲਰਾਂ ਤੇ ਪਿੰਡ ਵਾਸੀਆਂ ਖ਼ਿਲਾਫ਼ ਹੋਇਆ ਝਗੜਾ

## ✪ ਪਿੰਡ ਦਬੁਰਜੀ ਵਿਚ ਸਮਗਲਰਾਂ ਵੱਲੋਂ ਚਲਾਈਆਂ ਗੋਲ਼ੀਆਂ ਵਿਚ ਨਾਗਰਿਕ ਜ਼ਖ਼ਮੀ

ਮਜੀਠਾ-ਹਲਕਾ ਮਜੀਠਾ ਦੇ ਪਿੰਡ ਦਬੁਰਜੀ ਵਿਖੇ ਨਸ਼ਿਆਂ ਨੂੰ ਲੈਕੇ ਦੋ ਗੁੱਟਾਂ ਦੀ ਆਪਸੀ ਲੜਾਈ ਦੌਰਾਨ ਗੋਲ਼ੀਆਂ ਚੱਲਣ ਨਾਲ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਅਤੇ ਨਾਲ ਹੀ ਇੱਟਾਂ ਰੋੜੇ ਚੱਲਣ ਨਾਲ ਕੁਝ ਹੋਰ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਪਿੰਡ ਵਾਸੀ ਸਤਪਾਲ ਅਤੇ ਤਲਵਿੰਦਰ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਪਿੰਡ ਵਿਚ ਨਸ਼ਾ ਵੱਡੀ ਪੱਧਰ ’ਤੇ ਵਿਕਦਾ ਆ ਰਿਹਾ ਹੈ।

ਬੀਤੇ ਦਿਨੀਂ ਦੁਪਹਿਰ ਵਕਤ ਦੋ ਗੁੱਟ ਜਿਹੜੇ ਨਸ਼ਾ ਵੇਚਣ ਦਾ ਧੰਦਾ ਕਰਦੇ ਹਨ ਜਿਨ੍ਹਾਂ ਵਿਚ ਗੁਰਪ੍ਰੀਤ ਸਿੰਘ, ਸ਼ੁਭਪ੍ਰੀਤ ਸਿੰਘ ਅਤੇ ਦੂਸਰੀ ਧਿਰ ਕਰਨ ਅਤ ਕਵਲਪ੍ਰੀਤ ਸਿੰਘ ਵਾਸੀਆਨ ਦਬੁਰਜੀ ਜਿਹੜੇ ਕਿ ਨਸ਼ੇ ਦੇ ਕਾਰੋਬਾਰ ਵਿਚ ਲੈਣ ਦੇਣ ਤੋਂ ਆਪਸ ਵਿਚ ਝਗੜ ਪਏ ਅਤੇ ਨੌਬਤ ਗੋਲ਼ੀ ਚੱਲਣ ਤੱਕ ਪਹੁੰਚ ਗਈ। ਉਨ੍ਹਾਂ ਦੇ ਦੱਸਣ ਅਨੁਸਾਰ ਦੋਹਾਂ ਧਿਰਾਂ ਵਲੋਂ ਚੱਲੀ ਗੋਲ਼ੀ ਵਿਚ ਸਤਪਾਲ ਸਿੰਘ ਦਾ ਕਾਮਾ ਜਿਹੜਾ ਕਿ ਖੇਤਾਂ ਵਲੋਂ ਪੱਠੇ ਲੈਕੇ ਆ ਰਿਹਾ ਸੀ ਉਸ ਦੇ ਤਿੰਨ ਗੋਲ਼ੀਆਂ ਇੱਕ ਉਸਦੇ ਕੰਨ ਤੇ, ਦੂਸਰੀ ਮੋਢੇ ਉੱਪਰ ਅਤੇ ਤੀਸਰੀ ਗੋਲ਼ੀ ਉਸਦੇ ਚੂਲੇ ’ਤੇ ਲੱਗੀ।

ਇਹ ਕੰਮ ਇਥੇ ਹੀ ਨਹੀਂ ਰੁਕਿਆ ਫੇਰ ਦੋਹਾਂ ਧਿਰਾਂ ਵਲੋ ਇੱਕ ਦੂਸਰੇ ਤੇ ਇਟਾਂ ਰੋੜਿਆਂ ਆਦਿ ਨਾਲ ਵੀ ਹਮਲਾ ਕਰ ਦਿੱਤਾ ਗਿਆ। ਜਿਸ ਨਾਲ ਕੁਝ ਵਿਅਕਤੀ ਫੱਟੜ ਹੋ ਗਏ। ਗੋਲ਼ੀ ਲੱਗਣ ਵਾਲੇ ਵਿਅਕਤੀ ਸਵਰਨ ਸਿੰਘ ਨੂੰ ਮਜੀਠਾ ਦੇ ਸਰਕਾਰੀ ਹਸਤਪਾਲ ਵਿਚ ਇਲਾਜ ਵਾਸਤੇ ਲਿਆਂਦਾ ਗਿਆ ਜਿਥੇ ਉਸਨੂੰ ਮੁੱਢਲੀ ਸਹਾਇਤਾ ਦੇਕੇ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਇਸ ਦੌਰਾਨ ਮਜੀਠਾ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਅਗਲੀ ਕਾਰਵਾਈ ਆਰੰਭ ਦਿਤੀ। ਪਿੰਡ ਵਾਸੀਆਂ ਅਨੁਸਾਰ ਉਨ੍ਹਾਂ ਦੇ ਪਿੰਡ ਵਿਚ ਨਸ਼ਾ ਤਸਕਰ ਨਸ਼ਾ ਬੇਖੌਫ ਹੋ ਕੇ ਵੇਚ ਰਹੇ ਹਨ।

# 40 ਸਾਲਾ ਅਧਿਆਪਕ ਨੇ ਅੱਠਵੀਂ ਦੀ ਵਿਦਿਆਰਥਣ ਨਾਲ ਕੀਤਾ ਵਿਆਹ

## ✪ ਪੁਲਿਸ ਨੇ ਲਾੜੇ ਤੇ ਪੁਜਾਰੀ ’ਤੇ ਕੀਤਾ ਕੇਸ ਦਰਜ

ਨਵੀਂ ਦਿੱਲੀ-ਤੇਲੰਗਾਨਾ ਦੇ ਨੰਦੀਗਾਮਾ ਇਲਾਕੇ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 40 ਸਾਲਾ ਅਧਿਆਪਕ ਨੇ ਅੱਠਵੀਂ ਜਮਾਤ ਦੀ ਨਾਬਾਲਗ ਵਿਦਿਆਰਥਣ ਨਾਲ ਵਿਆਹ ਕਰਵਾ ਲਿਆ। ਇਸ ਘਟਨਾ ਬਾਰੇ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਅਧਿਆਪਕ ਅਤੇ ਵਿਆਹ ਕਰਵਾਉਣ ਵਾਲੇ ਪੁਜਾਰੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਇਹ ਖ਼ਬਰ ਉਦੋਂ ਸਾਹਮਣੇ ਆਈ ਜਦੋਂ ਸੋਸ਼ਲ ਮੀਡੀਆ ’ਤੇ ਵਿਆਹ ਦੀਆਂ ਤਸਵੀਰਾਂ ਵਾਇਰਲ ਹੋ ਗਈਆਂ। ਇਨ੍ਹਾਂ ਤਸਵੀਰਾਂ ਵਿੱਚ 13 ਸਾਲਾ ਵਿਦਿਆਰਥਣ 40 ਸਾਲਾ ਅਧਿਆਪਕ ਨਾਲ ਮਾਲਾ ਪਹਿਨ ਕੇ ਖੜ੍ਹੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦੇ ਨਾਲ ਇੱਕ ਔਰਤ, ਜਿਸਨੂੰ ਅਧਿਆਪਕ ਦੀ ਪਤਨੀ ਮੰਨਿਆ ਜਾ ਰਿਹਾ ਹੈ, ਅਤੇ ਇੱਕ ਪੁਜਾਰੀ ਵੀ



ਨਜ਼ਰ ਆ ਰਿਹਾ ਹੈ।

ਇਹ ਘਟਨਾ ਬਾਲ ਵਿਆਹ ਰੋਕੂ ਐਕਟ, 2006 ਦੀ ਸਿੱਧੀ ਉਲੰਘਣਾ ਹੈ। ਪੁਲਿਸ ਨੇ ਦੋਵਾਂ ਮੁਲਜ਼ਮਾਂ ’ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੇ ਸਮਾਜ ਵਿੱਚ ਬਾਲ ਵਿਆਹ ਦੀ ਸਮੱਸਿਆ ਅਤੇ ਇਸ ਦੇ ਪ੍ਰਭਾਵਾਂ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

## ਕਰਾਈਮ ਨਿਊਜ਼

# ਪੁਲਿਸ ਨੇ ਨਸ਼ਾ ਤਸਕਰੀ ਤੋਂ ਬਣੀ 70 ਲੱਖ ਦੀ ਜਾਇਦਾਦ ਕੀਤੀ ਜ਼ਬਤ



ਜਲੰਧਰ-ਇਥੇ ਪੁਲਿਸ ਨੇ ਨਸ਼ਾ ਤਸਕਰੀ ਰਾਹੀਂ ਬਣਾਈ ਗਈ 70 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ। ਇਹ ਜਾਇਦਾਦ ਜਗੀਰੋ ਨਾਮ ਦੀ ਔਰਤ ਅਤੇ ਉਸਦੇ ਪੁੱਤਰ ਵਿਜੇ ਕੁਮਾਰ ਦੀ ਹੈ, ਜਿਨ੍ਹਾਂ ਖ਼ਿਲਾਫ਼ ਕਈ ਨਸ਼ਾ ਤਸਕਰੀ ਦੇ ਕੇਸ ਦਰਜ ਹਨ। ਪੁਲਿਸ ਨੇ ਦੱਸਿਆ ਕਿ ਇਹ ਜਾਇਦਾਦ ਗੈਰ-ਕਾਨੂੰਨੀ ਨਸ਼ਾ ਵਪਾਰ ਤੋਂ ਬਣਾਈ ਗਈ ਸੀ। ਜ਼ਬਤ ਕਰਨ ਦੀ ਕਾਰਵਾਈ ਲਈ ਮਨਜ਼ੂਰੀ ਲੈਣ ਤੋਂ ਬਾਅਦ ਪੁਲਿਸ ਨੇ ਦੋਸ਼ੀਆਂ ਦੇ ਘਰ ਜਾ ਕੇ ਨੋਟਿਸ ਲਗਾ ਦਿੱਤਾ ਹੈ। ਪੁਲਿਸ ਨੇ ਕਿਹਾ ਕਿ ਨਸ਼ਾ ਤਸਕਰਾਂ ਖ਼ਿਲਾਫ਼ ਇਹ ਕਾਰਵਾਈ ਲਗਾਤਾਰ ਜਾਰੀ ਰਹੇਗੀ।

## ਪਾਕਿਸਤਾਨ ਨੂੰ ਭਾਰਤੀ ਫੌਜ ਦੀਆਂ ਸੂਚਨਾਵਾਂ ਲੀਕ ਕਰਨ ਵਾਲਾ ਜਸੂਸ ਫੜਿਆ

ਪਟਿਆਲਾ-ਪਟਿਆਲਾ ਪੁਲਿਸ ਨੇ ਪਾਕਿਸਤਾਨ ਨੂੰ ਭਾਰਤੀ ਫੌਜ ਦੀਆਂ ਸੂਚਨਾਵਾਂ ਭੇਜਣ ਵਾਲੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਲਗਪਗ ਡੇਢ ਸਾਲ ਤੋਂ ਗੁਰਪ੍ਰੀਤ ਸਿੰਘ ਨਾਂ ਦਾ ਵਿਅਕਤੀ ਵਲੋਂ ਭਾਰਤੀ ਫੌਜ ਦੀ ਤਸਵੀਰ ਅਤੇ ਹੋਰ ਸੂਚਨਾ ਇੰਟਰਨੈੱਟ ਰਾਹੀਂ ਪਾਕਿਸਤਾਨ ਭੇਜ ਰਿਹਾ ਸੀ। ਇਕ ਲੜਕੀ ਦੀ ਫੇਸਬੁੱਕ ਪ੍ਰੋਫਾਈਲ 'ਤੇ ਸੂਚਨਾਵਾਂ ਭੇਜੀਆਂ ਜਾਂਦੀਆਂ ਸਨ ਤੇ ਇਸ ਬਦਲੇ ਉਸਨੂੰ ਪਾਕਿਸਤਾਨ ਤੋਂ ਪੈਸੇ ਵੀ ਭੇਜੇ ਗਏ ਸਨ। ਮੁਲਜ਼ਮ ਗੁਰਪ੍ਰੀਤ ਨਾਭਾ ਦੇ ਨੇੜਲੇ ਪਿੰਡ ਫਰੀਦਪੁਰ ਦਾ ਰਹਿਣ ਵਾਲਾ ਹੈ।

ਐਸਐਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਚਾਰ ਮੋਬਾਇਲ ਫੋਨ ਬਰਾਮਦ ਹੋਏ ਹਨ। ਮੁਲਜ਼ਮ ਨੇ ਵੱਖ-ਵੱਖ ਤਰੀਕਾਂ 'ਚ ਕਰੀਬ 50 ਹਜ਼ਾਰ ਰੁਪਏ ਹਾਸਿਲ ਕੀਤੇ ਹਨ।

## ਬਠਿੰਡਾ ਵਿਚ ਦੇਹ ਵਪਾਰ ਦਾ ਧੰਦਾ ਚਲਾਉਣ ਵਾਲੇ ਦੋ ਗ੍ਰਿਫ਼ਤਾਰ

ਬਠਿੰਡਾ-ਬਠਿੰਡਾ ਵਿਚ ਪੁਲਿਸ ਨੇ ਇੱਕ ਹੋਟਲ ਵਿਚ ਛਾਪਾ ਮਾਰ ਕੇ ਦੇਹ ਵਪਾਰ ਦਾ ਧੰਦਾ ਚਲਾਉਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਆਦੇਸ਼ ਹੋਟਲ ਦੇ ਮਾਲਕ ਜਸਵਿੰਦਰ ਸਿੰਘ ਅਤੇ ਪਰਵਿੰਦਰ ਕੁਮਾਰ ਗਰੀਬ ਲੜਕੀਆਂ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਉਨ੍ਹਾਂ ਤੋਂ ਦੇਹ ਵਪਾਰ ਕਰਵਾਉਂਦੇ ਸਨ।

ਛਾਪੇਮਾਰੀ ਦੌਰਾਨ ਦੋਵਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵਕੀਲ ਲਖਵਿੰਦਰ ਨੂੰ ਗੋਲ਼ੀ ਮਾਰਨ ਵਾਲੇ ਨਿਕਲੇ ਗੈਂਗਸਟਰ ਹੈਪੀ ਜੱਟ ਦੇ ਗੁੰਡੇ

## ✪ ਦੇਹਰਾਦੂਨ ਤੋਂ ਦੋ ਗੈਂਗਸਟਰ ਗ੍ਰਿਫ਼ਤਾਰ

ਅੰਮ੍ਰਿਤਸਰ-ਵਕੀਲ ਲਖਵਿੰਦਰ ਸਿੰਘ ਨੂੰ ਜੰਡਿਆਲਾ ਇਲਾਕੇ ਵਿਚ ਗੋਲ਼ੀ ਮਾਰਨ ਤੇ ਗੰਭੀਰ ਜ਼ਖ਼ਮੀ ਕਰਨ ਦੇ ਮਾਮਲੇ ਵਿਚ ਪੁਲਿਸ ਨੇ ਬੀਤੇ ਦੀਨੀ ਦੋ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀ ਉੱਤਰਖੰਡ ਦੇ ਦੇਹਰਾਦੂਨ ਵਿਚ ਕੀਤੀ ਗਈ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਖ਼ਤਰਨਾਕ ਗੈਂਗਸਟਰ ਹੈਪੀ ਉਰਫ਼ ਜੱਟ ਦੇ ਸਾਥੀ ਹਨ, ਜੋ ਪੁਲਿਸ ਨੂੰ ਲੋੜੀਂਦਾ ਹੈ। ਹੈਪੀ ਖ਼ਿਲਾਫ਼ ਪੰਜਾਬ ਦੇ ਕਈ ਥਾਣਿਆਂ ਵਿਚ ਕਤਲ, ਕਤਲ ਦੀ ਕੋਸ਼ਿਸ਼ ਤੇ ਜਬਰੀ ਵਸੂਲੀ ਦੇ ਮਾਮਲੇ ਦਰਜ ਹਨ। ਪੁਲਿਸ ਨੇ ਅਪਰਾਧੀਆਂ ਦੇ ਕਬਜ਼ੇ ਵਿੱਚੋਂ ਵਾਰਦਾਤ ਵਿਚ ਵਰਤੇ ਗਏ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ ਪਰ ਮਾਮਲਾ ਹਾਈ ਪ੍ਰੋਫਾਈਲ ਹੋਣ ਕਾਰਨ ਪੁਲਿਸ ਅਧਿਕਾਰੀ ਹੁਣ ਤੱਕ ਬਹੁਤ ਕੁਝ ਨਹੀਂ ਦੱਸ ਰਹੇ ਹਨ।



ਅੰਮ੍ਰਿਤਸਰ ਬਾਰ ਐਸੋਸੀਏਸ਼ਨ ਦੇ ਲਗਾਤਾਰ ਰੋਸ ਮੁਜ਼ਾਹਰਿਆਂ ਕਾਰਨ ਪੁਲਿਸ 'ਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਦਬਾਅ ਸੀ। ਪੁਲਿਸ ਮੁਲਜ਼ਮਾਂ ਦਾ ਲਗਾਤਾਰ ਪਿੱਛਾ ਵੀ ਕਰ ਰਹੀ ਸੀ। ਇਹ ਖੁਲਾਸਾ ਹੋਇਆ ਹੈ ਕਿ ਅਪਰਾਧ ਕਰਨ ਤੋਂ ਬਾਅਦ ਦੋਵੇਂ ਮਾੜੇ ਅਨਸਰ ਪੰਜਾਬ ਤੋਂ ਭੱਜ ਗਏ ਸਨ ਪਰ ਪੁਲਿਸ ਨੇ ਅਖ਼ੀਰ ਦੋਵਾਂ ਦਾ ਪਿੱਛਾ ਕਰ ਕੇ ਕਾਬੂ ਕਰ ਲਏ ਸਨ।

ਜ਼ਿਕਰਯੋਗ ਹੈ ਕਿ ਜੰਡਿਆਲਾ ਗੁਰੂ ਦਾ ਰਹਿਣ ਵਾਲਾ ਵਕੀਲ ਲਖਵਿੰਦਰ ਸਿੰਘ 21 ਜੁਲਾਈ ਦੀ ਸਵੇਰ ਨੂੰ ਇਕ ਕਾਰ ਵਿਚ ਅਦਾਲਤ ਪਹੁੰਚ ਰਿਹਾ ਸੀ। ਰਸਤੇ ਵਿਚ ਦੋ ਬਾਈਕਾਂ 'ਤੇ ਸਵਾਰ ਪੰਜ ਮੁਲਜ਼ਮਾਂ ਨੇ ਉਸ 'ਤੇ ਗੋਲ਼ੀ ਚਲਾ ਦਿੱਤੀ ਸੀ। ਪਰਿਵਾਰ ਨੇ ਦੋਸ਼ ਲਗਾਇਆ ਕਿ ਉਸ 'ਤੇ ਗੋਲ਼ੀ ਚਲਾਉਣ ਵਾਲੇ ਲੋਕਾਂ ਨੂੰ ਸ਼ੱਕ ਸੀ ਕਿ ਲਖਵਿੰਦਰ ਉਨ੍ਹਾਂ ਦੇ ਕੇਸਾਂ ਦੀ ਪੈਰਵੀ ਦੇ ਨਾਲ-ਨਾਲ ਦੂਜੇ ਪੱਖ ਦੀ ਵੀ ਵਕਾਲਤ ਕਰ ਰਿਹਾ ਸੀ।

## ਮਾਮਲਾ ਪੰਚਾਇਤ ਦੇ ਮਤੇ ਖ਼ਿਲਾਫ਼ ਜਾਕੇ ਪ੍ਰੇਮ ਵਿਆਹ, ਕਰਵਾਉਣ ਦਾ

# ਮੁੰਡੇ ਦੀ ਮਾਂ ਤੇ ਪਰਿਵਾਰ ਦੀ ਕੁੱਟਮਾਰ ਕਰਕੇ ਘਰੋਂ ਬਾਹਰ ਕੱਢਿਆ

ਮੋਗਾ-ਮੋਗਾ ਦੇ ਪਿੰਡ ਘਲ ਕਲਾਂ ਦਾ ਇਕ ਬੇਹੱਦ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਹੈ। ਲਵ ਮੈਰਿਜ ਕਰਵਾਉਣ ਵਾਲੇ ਮੁੰਡੇ ਦੀ ਮਾਂ ਅਤੇ ਪਰਿਵਾਰ ਦੀ ਪਹਿਲਾਂ ਤਾਂ ਕੁੱਟਮਾਰ ਕੀਤੀ ਗਈ ਅਤੇ ਫਿਰ ਘਰੋਂ ਬਾਹਰ ਕੱਢ ਕੇ ਘਰ ਨੂੰ ਤਾਲਾ ਲਗਾ ਦਿੱਤਾ। ਪ੍ਰੇਮ ਵਿਆਹ ਕਰਵਾਉਣ ਵਾਲੇ ਮੁੰਡੇ-ਕੁੜੀ ਦੇ ਪਰਿਵਾਰ ਨੇ ਕੋਈ ਕਾਰਵਾਈ ਨਹੀਂ ਕਰਵਾਈ ਪਰ ਦੋਸ਼ ਹੈ ਕਿ ਪਿੰਡ ਦੇ ਲੋਕਾਂ ਅਤੇ ਮਹਿਲਾ ਸਰਪੰਚ ਦੇ ਪਤੀ ਨੇ ਨੌਜਵਾਨ ਦੀ ਮਾਂ ਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਅਤੇ ਲੜਕੇ ਦੇ ਪਿਤਾ ਅਤੇ ਭਰਾ ਨਾਲ ਕੁੱਟਮਾਰ ਕੀਤੀ ਅਤੇ ਫਿਰ ਪਿੰਡ ਤੋਂ ਬਾਹਰ ਕੱਢ ਦਿੱਤਾ।

ਬਾਅਦ ਵਿਚ ਲੋਕਾਂ ਨੇ ਪੀੜਤ ਪਰਿਵਾਰ ਦੇ ਘਰ ਨੂੰ ਤਾਲਾ ਜੜ੍ਹ ਦਿੱਤਾ। ਜ਼ਖਮੀ ਪਰਿਵਾਰ ਨੂੰ 9 ਦਿਨ ਬਾਅਦ ਹਸਪਤਾਲ ਤੋਂ ਛੁੱਟੀ ਮਿਲੀ ਹੈ ਪਰ ਡਰ ਕਾਰਣ ਪਰਿਵਾਰ ਘਰ ਨਹੀਂ ਗਿਆ ਸਗੋਂ ਸੋਮਵਾਰ ਨੂੰ ਮੋਗਾ-ਫਿਰੋਜ਼ਪੁਰ ਰੋਡ ਸਥਿਤ ਪਿੰਡ ਜਗਰੂ ਵਿਚ ਅੰਡਰਬਰਿੱਜ ਦੇ ਹੇਠਾਂ ਰਾਤ ਕੱਟੀ ਅਤੇ ਫਿਰ ਮੰਗਲਵਾਰ ਸਵੇਰੇ ਇਨਸਾਫ ਲਈ ਐੱਸ. ਐੱਸ. ਪੀ. ਦਫਤਰ ਪਹੁੰਚਿਆ। ਮਾਮਲੇ ਨੇ ਜਦੋਂ ਤੂਲ ਫੜ ਲਿਆ ਮਹਿਲਾ ਸਰਪੰਚ ਦਾ ਪਤੀ ਸਿਆਸੀ ਆਗੂਆਂ ਦੀ ਸ਼ਰਨ ਵਿਚ ਚਲਾ ਗਿਆ। ਪਰਿਵਾਰ ਦਾ ਕਹਿਣਾ ਹੈ ਕਿ ਬੇਟੇ ਨੇ 5 ਮਈ ਨੂੰ ਮੋਗਾ ਅਦਾਲਤ ਵਿਚ ਪ੍ਰੇਮ ਵਿਆਹ ਕੀਤਾ ਸੀ। ਫਿਰ ਦੋਵਾਂ (ਕੁੜੀ ਮੁੰਡੇ) ਨੇ ਪਿੰਡ ਛੱਡ ਦਿੱਤਾ। 21 ਜੁਲਾਈ ਰਾਤ ਨੂੰ ਪਿੰਡ ਦੇ ਕੁਝ ਲੋਕਾਂ ਨੇ ਘਰ ਅੰਦਰ ਦਾਖਲ ਹੋ ਕੇ ਕੁੱਟਮਾਰ ਕੀਤੀ ਅਤੇ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ।

ਦੂਜੇ ਪਾਸੇ ਮਹਿਲਾ ਸਰਪੰਚ ਦੇ ਪਤੀ ਸੁਖਚੈਨ ਸਿੰਘ ਦਾ ਕਹਿਣਾ ਹੈ ਕਿ ਅਕਤੂਬਰ 2024 ਵਿਚ ਪਿੰਡ ਵਿਚ ਨਵੀਂ ਪੰਚਾਇਤ ਬਣੀ ਸੀ। ਪੰਚਾਇਤ ਨੇ ਸਰਬ ਸੰਮਤੀ ਨਾਲ ਇਕ ਪ੍ਰਸਤਾਅ ਪਾਸ ਕੀਤਾ ਸੀ ਕਿ ਪਿੰਡ ਦਾ ਕੋਈ ਲੜਕਾ ਪਿੰਡ ਦੀ ਲੜਕੀ ਨਾਲ ਜੇ ਵਿਆਹ ਕਰਵਾਉਂਦਾ ਹੈ ਤਾਂ ਉਸ ਨੂੰ ਪਿੰਡ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਉਸ ਦੀ ਮਦਦ ਕਰਨ ਵਾਲੇ ਨੂੰ ਵੀ ਪਿੰਡ ਵਿਚੋਂ ਬਾਹਰ ਕੱਢਿਆ ਜਾਵੇਗਾ। ਪਰਿਵਾਰ ਦਾ ਪੁੱਤ 4 ਮਹੀਨੇ ਪਹਿਲਾਂ ਲੜਕੀ ਨੂੰ ਆਪਣੇ ਨਾਲ ਲੈ ਗਿਆ ਸੀ ਅਤੇ ਵਿਆਹ ਕਰਵਾ ਲਿਆ। ਚਾਰ ਮਹੀਨੇ ਬਾਅਦ ਜਦੋਂ ਉਕਤ ਲੜਕੀ ਪਰਤੀ ਤਾਂ ਕੁੜੀ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਦਾ ਗੁੱਸਾ ਫੁੱਟ ਗਿਆ ਅਤੇ ਲੋਕਾਂ ਨੇ ਲੜਕੇ ਪਰਿਵਾਰ ਦੀ ਕੁੱਟਮਾਰ ਕੀਤੀ। ਉਕਤ ਨੇ ਕਿਹਾ ਕਿ ਪਰਿਵਾਰ ਨੂੰ ਮੁਆਫੀ ਮੰਗਣ ਦੀ ਵੀ ਗੱਲ ਕਹੀ ਸੀ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

# ਮੁਸਲਮਾਨ ਪਤੀ ਨੇ ਕੀਤੀ ਕਾਲੀ ਕਰਤੂਤ

## ✪ ਪੈਸਿਆਂ ਲਈ ਨੀਂਦ ਦੀਆਂ ਗੋਲ਼ੀਆਂ ਖੁਆ ਕੇ ਬਣਾਉਂਦਾ ਸੀ ਅਸ਼ਲੀਲ ਵੀਡੀਓ

ਕਾਨਪੁਰ-ਕਾਨਪੁਰ ਵਿੱਚ ਇੱਕ ਪਤੀ ਦਾ ਸ਼ਰਮਨਾਕ ਕਾਰਨਾਮਾ ਸਾਹਮਣੇ ਆਇਆ ਹੈ। ਸਹੁਰਿਆਂ ਨੇ 20 ਲੱਖ ਦਾ ਵਾਧੂ ਦਾਜ ਨਾ ਦੇਣ 'ਤੇ ਨਵ-ਵਿਆਹੀ ਔਰਤ ਦੀ ਜ਼ਿੰਦਗੀ ਨੂੰ ਤਰਸਯੋਗ ਬਣਾ ਦਿੱਤਾ। ਪਤਨੀ ਨੇ ਆਪਣੀ ਪਤਨੀ ਨੂੰ ਪੈਸੇ ਲਈ ਨੀਂਦ ਦੀਆਂ ਗੋਲ਼ੀਆਂ ਦੇ ਕੇ ਉਸਦੀ ਅਸ਼ਲੀਲ ਵੀਡੀਓ ਬਣਾਈ। ਇਸ ਤੋਂ ਬਾਅਦ, ਉਸਨੇ ਉਸਨੂੰ ਤਿੰਨ ਤਲਾਕ ਦੇ ਦਿੱਤਾ ਅਤੇ ਘਰੋਂ ਬਾਹਰ ਕੱਢ ਦਿੱਤਾ। ਉਹ ਧਮਕੀ ਵੀ ਦੇ ਰਿਹਾ ਹੈ ਕਿ ਜੇਕਰ ਉਹ ਉਸਨੂੰ ਪੈਸੇ ਨਹੀਂ ਦਿੰਦੀ ਤਾਂ ਉਸਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਕਰ ਦੇਵੇਗਾ। ਪੀੜਤਾ ਨੇ ਕਾਕਾਦੇਵ ਥਾਣੇ ਵਿੱਚ ਮਾਮਲਾ ਦਰਜ ਕਰਵਾਇਆ ਹੈ। ਕਾਕਾਦੇਵ ਦੇ ਨਵੀਨ ਨਗਰ ਦੀ ਰਹਿਣ ਵਾਲੀ ਲੜਕੀ ਦੇ ਅਨੁਸਾਰ, ਉਸਦਾ ਵਿਆਹ 29 ਅਪ੍ਰੈਲ 2024 ਨੂੰ ਇਟਾਵਾ ਦੇ ਭਰਥਾਨਾ ਵਿੱਚ ਰਹਿਣ ਵਾਲੇ ਇੱਕ ਵਪਾਰੀ ਨਾਲ ਹੋਇਆ ਸੀ। ਜਾਣ ਤੋਂ ਪਹਿਲਾਂ ਹੀ ਸਹੁਰਿਆਂ ਨੇ 20 ਲੱਖ ਰੁਪਏ ਦਾ ਵਾਧੂ ਦਾਜ ਮੰਗਿਆ ਸੀ। ਕਿਸੇ ਤਰ੍ਹਾਂ ਪੰਜ ਲੱਖ ਉਧਾਰ ਲੈ ਕੇ ਦੇ ਦਿੱਤੇ ਗਏ। ਫਿਰ ਉਹ ਆਪਣੇ ਸਹੁਰੇ ਘਰ ਚਲੀ ਗਈ, ਪਰ ਉੱਥੇ ਉਸਨੂੰ ਦਾਜ ਦੀ ਮੰਗ ਲਈ ਤੰਗ ਕੀਤਾ ਜਾਂਦਾ ਸੀ।

### ਫੋਨ 'ਤੇ ਕਰਦਾ ਸੀ ਅਸ਼ਲੀਲ ਗੱਲਬਾਤ

ਪਤੀ ਉਸਨੂੰ ਨੀਂਦ ਦੀਆਂ ਗੋਲੀਆਂ ਖੁਆ ਕੇ ਅਸ਼ਲੀਲ ਵੀਡੀਓ ਬਣਾਉਂਦਾ ਸੀ, ਉਸਦਾ ਫੋਨ ਖੋਹ ਲੈਂਦਾ ਸੀ ਅਤੇ ਅਸ਼ਲੀਲ ਚੈਟ ਕਰਦਾ ਸੀ ਅਤੇ ਧਮਕੀ ਦਿੰਦਾ ਸੀ ਕਿ ਜੇਕਰ ਉਸਨੂੰ ਪੈਸੇ ਨਹੀਂ ਮਿਲੇ ਤਾਂ ਉਹ ਵੀਡੀਓ ਪ੍ਰਸਾਰਿਤ ਕਰੇਗਾ ਅਤੇ ਉਸਨੂੰ ਬਦਨਾਮ ਕਰੇਗਾ। ਪੀੜਤਾ ਨੇ ਆਪਣੇ ਜੀਜਾ 'ਤੇ ਮਾੜੇ ਇਰਾਦੇ ਹੋਣ ਦਾ ਵੀ ਦੋਸ਼ ਲਗਾਇਆ। 12 ਜੂਨ 2025 ਨੂੰ, ਉਸਦੀ ਸੱਸ ਨੇ ਉਸਨੂੰ ਘਰ ਵਿੱਚ ਬੰਦ ਕਰ ਦਿੱਤਾ ਅਤੇ ਦੂਜੇ ਘਰ ਚਲੀ ਗਈ। ਉਸਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਵੀ ਦਿੱਤੀ ਗਈ।

ਉਸਨੇ ਮੈਨੂੰ ਤਿੰਨ ਤਲਾਕ ਦੇਣ ਤੋਂ ਬਾਅਦ ਘਰੋਂ ਕੱਢ ਦਿੱਤਾ ਅਤੇ ਖੁਦ ਨੋਇਡਾ ਚਲਾ ਗਿਆ।25 ਜੂਨ ਨੂੰ ਪਤੀ ਨੇ ਉਸਨੂੰ ਤਿੰਨ ਤਲਾਕ ਦੇ ਦਿੱਤਾ ਅਤੇ ਘਰੋਂ ਕੱਢ ਦਿੱਤਾ ਅਤੇ ਨੋਇਡਾ ਚਲੀ ਗਈ। ਪੀੜਤਾ ਆਪਣੇ ਪੇਕੇ ਘਰ ਆਈ ਅਤੇ ਕਾਕਾਦੇਵ ਥਾਣੇ ਵਿੱਚ ਆਪਣੇ ਪਤੀ, ਸੱਸ ਅਤੇ ਸੱਤ ਸਹੁਰਿਆਂ ਵਿਰੁੱਧ ਕੇਸ ਦਰਜ ਕਰਵਾਇਆ। ਥਾਣਾ ਇੰਚਾਰਜ ਮਨੋਜ ਭਦੌਰੀਆ ਨੇ ਕਿਹਾ ਕਿ ਜਾਂਚ ਜਾਰੀ ਹੈ।

# ਇਜਰਾਈਲ ਦੀਆਂ ਜ਼ਾਲਮਾਨਾ ਨੀਤੀਆਂ ਕਾਰਨ ਗਾਜ਼ਾ ਵਿਚ ਭੁੱਖਮਰੀ ਫੈਲੀ

**✪ ਬੱਚਿਆਂ ਦੇ ਹਾਲਾਤ ਮਾੜੇ, ਭੁੱਖਮਰੀ ਕਾਰਣ ਹੋਈਆਂ ਮੌਤਾਂ ✪ ਫਰਾਂਸ-ਬਰਤਾਨੀਆ ਦਾ ਵੱਡਾ ਫੈਸਲਾ: ਫਿਲਸਤੀਨ ਨੂੰ ਮਾਨਤਾ, ਅਮਰੀਕਾ-ਇਜ਼ਰਾਈਲ ਹਕਾ-ਬੱਕਾ ✪ ਵਿਸ਼ਵ ਸਿਆਸਤ ਵਿਚ ਉਥਲ-ਪੁਥਲ: ਗਾਜ਼ਾ ਦੀ ਪੁਕਾਰ, ਇੰਡੀਆ ਚੁਪ,ਯੂਰਪ ਦਾ ਬਦਲਦਾ ਰੁਖ**

ਇਜ਼ਰਾਈਲ-ਗਾਜ਼ਾ ਦੀ ਧਰਤੀ, ਹੁਣ ਬਾਰੂਦ ਦੀ ਬਦਬੂ ਅਤੇ ਭੁੱਖ ਦੀ ਅੱਗ ਵਿਚ ਸੜ ਰਹੀ ਹੈ। ਪਿਛਲੇ ਦੋ ਸਾਲਾਂ ਤੋਂ ਇਜ਼ਰਾਈਲ ਦੀਆਂ ਫੌਜੀ ਕਾਰਵਾਈਆਂ ਨੇ ਇਸ ਨਿੱਕੀ ਜਿਹੀ ਪੱਟੀ ਨੂੰ ਮੌਤ ਦੀ ਵਾਦੀ ਬਣਾ ਦਿੱਤਾ। ਬੱਚੇ ਭੁੱਖ ਨਾਲ ਬਿਲਬਿਲਾ ਰਹੇ ਨੇ, ਮਾਵਾਂ ਦੀਆਂ ਅੱਖੀਆਂ ਵਿਚ ਹੰਝੂ ਅਤੇ ਦਿਲ ਵਿਚ ਮੌਤ ਦਾ ਡਰ ਉਨ੍ਹਾਂ ਦੀ ਮਾੜੀ ਕਿਸਮਤ ਬਣ ਗਿਆ ਹੈ। ਇਜ਼ਰਾਈਲ ਦੀ ਨਾਕਾਬੰਦੀ ਅਤੇ ਬੇਰਹਿਮ ਹਮਲਿਆਂ ਨੇ ਗਾਜ਼ਾ ਨੂੰ ਨਰਕ ਵਿਚ ਬਦਲ ਦਿੱਤਾ ਹੈ, ਜਿੱਥੇ ਨਾ ਖਾਣ ਨੂੰ ਦਾਣਾ, ਨਾ ਸਿਹਤ ਦੀ ਸਹੂਲਤ, ਅਤੇ ਨਾ ਹੀ ਜੀਉਣ ਦੀ ਆਸ।

ਗਾਜ਼ਾ ਦੀ ਇਸ ਤਬਾਹੀ ਦੀ ਜੜ੍ਹ ਵਿੱਚ ਇਜ਼ਰਾਈਲ ਦੀਆਂ ਸਖਤ ਨੀਤੀਆਂ ਅਤੇ ਨਾਕਾਬੰਦੀ ਹੈ। ਅਕਤੂਬਰ 2023 ਤੋਂ ਸ਼ੁਰੂ ਹੋਈਆਂ ਇਜ਼ਰਾਈਲੀ ਬੰਬਾਰੀਆਂ ਨੇ ਗਾਜ਼ਾ ਦੇ ਜੀਵਨ-ਚੱਕਰ ਨੂੰ ਤਹਿਸ-ਨਹਿਸ ਕਰ ਦਿੱਤਾ। ਸੰਯੁਕਤ ਰਾਸ਼ਟਰ ਦੇ ਸੰਗਠਨ ਇੰਟੀਗਰੇਟਡ ਫੂਡ ਸਕਿਓਰਟੀ ਫੇਜ਼ ਕਲਾਸੀਫਿਕੇਸ਼ਨ ਨੇ 29 ਜੁਲਾਈ 2025 ਨੂੰ ਚਿਤਾਵਨੀ ਦਿੱਤੀ ਕਿ ਗਾਜ਼ਾ ਵਿਚ "ਅਕਾਲ ਦੀ ਸਭ ਤੋਂ ਭੈੜੀ ਸਥਿਤੀ" ਸਾਹਮਣੇ ਆ ਰਹੀ ਹੈ। ਗਾਜ਼ਾ ਦੀ 21 ਲੱਖ ਦੀ ਆਬਾਦੀ 'ਵਿਚੋਂ ਇੱਕ ਤਿਹਾਈ ਲੋਕ ਕਈ ਦਿਨ ਬਿਨਾਂ ਖਾਣੇ ਦੇ ਰਹਿ ਰਹੇ ਨੇ। ਮਾਰਚ ਤੋਂ ਮਈ 2025 ਤੱਕ ਇਜ਼ਰਾਈਲ ਨੇ ਗਾਜ਼ਾ ਵਿਚ ਸਾਰੀ ਖੁਰਾਕੀ ਸਪਲਾਈ ਰੋਕ ਦਿੱਤੀ ਹੈ, ਜਿਸ ਨੇ ਭੁੱਖਮਰੀ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ।

ਗਾਜ਼ਾ ਸਿਟੀ ਵਿਚ ਕੁਪੋਸ਼ਣ ਦਾ ਪੱਧਰ ਮਈ 2025 ਵਿਚ 4.4% ਤੋਂ ਵਧ ਕੇ ਜੁਲਾਈ 2025 'ਚ 16.5% ਤੱਕ ਪਹੁੰਚ ਗਿਆ, ਜੋ ਅਕਾਲ ਦੀ ਸੀਮਾ ਨੂੰ ਵੀ ਪਾਰ ਕਰ ਗਿਆ। ਵਰਲਡ ਫੂਡ ਪ੍ਰੋਗਰਾਮ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਵੀ ਇਹੀ ਚਿਤਾਵਨੀ ਦਿੱਤੀ। 2025 ਵਿਚ ਹੁਣ ਤੱਕ 74 ਲੋਕ, ਜਿਨ੍ਹਾਂ ਵਿਚ 63 ਬੱਚੇ ਨੇ, ਕੁਪੋਸ਼ਣ ਕਾਰਨ ਜਾਨ ਗੁਆਈ। ਕੁੱਲ ਮਿਲਾ ਕੇ, 147 ਲੋਕ ਭੁੱਖ ਨਾਲ ਮਰ ਚੁੱਕੇ ਨੇ, ਜਿਨ੍ਹਾਂ ਵਿਚ 88 ਬੱਚੇ ਨੇ। ਇਜ਼ਰਾਈਲ ਦੀ ਨਾਕਾਬੰਦੀ ਨੇ ਖੁਰਾਕ, ਦਵਾਈਆਂ ਅਤੇ ਬੁਨਿਆਦੀ ਸਹੂਲਤਾਂ ਦੀ ਸਪਲਾਈ ਨੂੰ ਲਗਭਗ ਖਤਮ ਕਰ ਦਿੱਤਾ। ਮਾਰਕੀਟਾਂ ਵਿਚ ਅੰਨ ਦਾ ਨਾਮੋ-ਨਿਸ਼ਾਨ ਨਹੀਂ, ਅਤੇ ਜੋ ਥੋੜ੍ਹੀ-ਬਹੁਤ ਸਹਾਇਤਾ ਪਹੁੰਚਦੀ ਹੈ, ਉਸ 'ਤੇ ਵੀ ਇਜ਼ਰਾਈਲੀ ਹਮਲੇ ਹੁੰਦੇ ਨੇ।

ਗਾਜ਼ਾ ਦੇ ਬੱਚੇ ਇਸ ਸੰਕਟ ਦੀ ਸਭ ਤੋਂ ਵੱਡੀ ਮਾਰ ਝੱਲ ਰਹੇ ਨੇ। ਯੂਨੀਸੈਫ ਦੀ ਰਿਪੋਰਟ ਮੁਤਾਬਕ, ਗਾਜ਼ਾ 'ਚ 3 ਤੋਂ 5 ਸਾਲ ਦੇ 60% ਬੱਚੇ ਕੁਪੋਸ਼ਣ ਦਾ ਸ਼ਿਕਾਰ ਨੇ। ਇਹਨਾਂ ਦੇ ਸਰੀਰ ਵਿਚ ਨਾ ਮਾਸ, ਨਾ ਖੂਨ, ਸਿਰਫ ਹੱਡੀਆਂ ਦਾ ਢਾਂਚਾ ਬਚਿਆ। ਗਾਜ਼ਾ ਦੇ ਸਕੂਲ, ਜੋ ਕਦੀ ਪੜ੍ਹਾਈ ਦਾ ਕੇਂਦਰ ਸਨ, ਅੱਜ ਬੇਘਰ ਲੋਕਾਂ ਦੀ ਪਨਾਹਗਾਹ ਬਣੇ ਨੇ। ਪਰ ਇਹਨਾਂ ਸਕੂਲਾਂ 'ਤੇ ਵੀ ਇਜ਼ਰਾਈਲੀ



ਬੰਬਾਰੀ ਨੇ ਕੋਈ ਰਹਿਮ ਨਹੀਂ ਕੀਤਾ। ਸੰਯੁਕਤ ਰਾਸ਼ਟਰ ਦੀ 22 ਜੁਲਾਈ 2025 ਦੀ ਰਿਪੋਰਟ ਮੁਤਾਬਕ, ਗਾਜ਼ਾ ਦੇ 80% ਸਕੂਲ ਤਬਾਹ ਹੋ ਚੁੱਕੇ ਨੇ।

ਡਾਕਟਰਜ਼ ਵਿਦਾਊਟ ਬਾਰਡਰਜ਼ ਅਤੇ ਫਿਜ਼ੀਸ਼ੀਅਨਜ਼ ਫਾਰ ਹਿਊਮਨ ਰਾਈਟਸ ਇਜ਼ਰਾਈਲ ਨੇ ਰਿਪੋਰਟ ਕੀਤਾ ਕਿ ਗਾਜ਼ਾ ਦੇ 90% ਹਸਪਤਾਲ ਅਤੇ ਸਿਹਤ ਕੇਂਦਰ ਜਾਂ ਤਾਂ ਤਬਾਹ ਹੋ ਚੁੱਕੇ ਨੇ ਜਾਂ ਕੰਮ ਨਹੀਂ ਕਰ ਰਹੇ। ਜੋ ਥੋੜ੍ਹੇ-ਜਿਹੇ ਹਸਪਤਾਲ ਬਚੇ ਨੇ, ਉਹਨਾਂ ਵਿਚ ਨਾ ਦਵਾਈਆਂ ਨੇ, ਨਾ ਬਿਜਲੀ, ਅਤੇ ਨਾ ਹੀ ਕਾਫੀ ਡਾਕਟਰ। ਵਿਸ਼ਵ ਸਿਹਤ ਸੰਗਠਨ ਮੁਤਾਬਕ, ਗਾਜ਼ਾ 'ਚ ਸਿਰਫ 15% ਸਿਹਤ ਸਹੂਲਤਾਂ ਅੰਸ਼ਕ ਤੌਰ 'ਤੇ ਚੱਲ ਰਹੀਆਂ ਨੇ।

ਬੱਚਿਆਂ ਅਤੇ ਬੁਜ਼ੁਰਗਾਂ ਨੂੰ ਸਧਾਰਨ ਬੀਮਾਰੀਆਂ ਜਿਵੇਂ ਦਸਤ, ਜੁਕਾਮ ਜਾਂ ਬੁਖਾਰ ਵੀ ਮੌਤ ਦੇ ਮੂੰਹ 'ਚ ਧੱਕ ਰਹੀਆਂ ਨੇ, ਕਿਉਂਕਿ ਦਵਾਈਆਂ ਅਤੇ ਸਾਫ ਪਾਣੀ ਦੀ ਕਮੀ ਨੇ ਜੀਵਨ ਨੂੰ ਜੰਗ ਦਾ ਮੈਦਾਨ ਬਣਾ ਦਿੱਤਾ। ਗਰਭਵਤੀ ਔਰਤਾਂ ਲਈ ਤਾਂ ਹਾਲਾਤ ਹੋਰ ਵੀ ਭੈੜੇ ਨੇ। ਯੂਐਨ ਵੂਮੈਨ ਦੀ ਰਿਪੋਰਟ ਮੁਤਾਬਕ, ਗਾਜ਼ਾ 'ਚ 50,000 ਗਰਭਵਤੀ ਔਰਤਾਂ ਨੂੰ ਬੁਨਿਆਦੀ ਸਿਹਤ ਸੇਵਾਵਾਂ ਨਹੀਂ ਮਿਲ ਰਹੀਆਂ। ਕਈ ਮਾਵਾਂ ਨੇ ਬਿਨਾਂ ਡਾਕਟਰੀ ਸਹਾਇਤਾ ਦੇ ਬੱਚਿਆਂ ਨੂੰ ਜਨਮ ਦਿੱਤਾ, ਅਤੇ ਕਈ ਮੌਤ ਦੀ ਗੋਦ ਵਿਚ ਜਾ ਸੁੱਤੀਆਂ।

## ਯੂਐਨ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਠਾਈ ਆਵਾਜ਼

ਅਮਨੈਸਟੀ ਇੰਟਰਨੈਸ਼ਨਲ ਨੇ ਇਜ਼ਰਾਈਲ 'ਤੇ "ਭੁੱਖ ਨੂੰ ਜੰਗ ਦੇ ਹਥਿਆਰ ਵਜੋਂ ਵਰਤਣ" ਦਾ ਇਲਜ਼ਾਮ ਲਾਇਆ ਹੈ। ਇਜ਼ਰਾਈਲ ਦੀ ਨਾਕਾਬੰਦੀ ਨੇ ਗਾਜ਼ਾ ਨੂੰ ਦੁਨੀਆਂ ਤੋਂ ਕੱਟ ਦਿੱਤਾ। ਨਾ ਸਹਾਇਤਾ ਅੰਦਰ ਆ ਸਕਦੀ ਹੈ, ਨਾ ਲੋਕ ਬਾਹਰ ਜਾ ਸਕਦੇ ਨੇ। ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਇਜ਼ਰਾਈਲ ਦੀਆਂ ਨੀਤੀਆਂ "ਫਿਲਸਤੀਨੀਆਂ ਨੂੰ ਸਮੂਹਿਕ ਸਜ਼ਾ" ਦੇ ਰਹੀਆਂ ਨੇ। ਸੀਐਨਐਨ ਨੇ 29 ਜੁਲਾਈ 2025 ਨੂੰ ਕਿਹਾ, "ਗਾਜ਼ਾ ਵਿਚ ਅਕਾਲ ਦਾ ਸਭ ਤੋਂ ਭੈੜਾ ਮੰਜ਼ਰ ਸਾਹਮਣੇ ਆ ਰਿਹਾ।" ਦਾ ਨਿਊਯਾਰਕ ਟਾਈਮਜ ਨੇ ਲਿਖਿਆ ਕਿ ਗਾਜ਼ਾ "ਅਰਾਜਕਤਾ ਵੱਲ ਵਧ ਰਿਹਾ ਹੈ।" ਦਾ ਗਾਰਡੀਅਨ ਨੇ ਇਸ ਨੂੰ "ਬੇਰੋਕ ਮਨੁੱਖੀ ਤਬਾਹੀ" ਕਿਹਾ ਹੈ। ਸੰਯੁਕਤ ਰਾਸ਼ਟਰ ਦੇ ਮਹਾਸਕੱਤਰ ਐਂਟੋਨੀਓ ਗੁਟੇਰੇਸ ਨੇ ਇਸ ਨੂੰ "ਇਤਿਹਾਸਕ ਪੱਧਰ ਦੀ ਮਨੁੱਖੀ ਆਫਤ" ਦੱਸਿਆ। ਸੰਯੁਕਤ ਰਾਸ਼ਟਰ ਨੇ ਇਹ ਵੀ ਕਿਹਾ ਕਿ ਗਾਜ਼ਾ ਦੇ 70% ਰਿਹਾਇਸ਼ੀ ਇਮਾਰਤਾਂ ਅਤੇ ਹਸਪਤਾਲ ਤਬਾਹ ਹੋ ਚੁੱਕੇ ਨੇ।

## ਯੂਰਪ ਦਾ ਇਜ਼ਰਾਈਲ ਵਿਰੁੱਧ ਸਿਆਸੀ ਰੁਖ

ਫਰਾਂਸ ਅਤੇ ਬਰਤਾਨੀਆ ਦੇ ਫਿਲਸਤੀਨ ਨੂੰ ਮਾਨਤਾ ਦੇਣ ਦੇ ਫੈਸਲੇ ਨੇ ਵਿਸ਼ਵ ਸਿਆਸਤ ਵਿਚ ਤੂਫਾਨ ਖੜ੍ਹਾ ਕਰ ਦਿੱਤਾ। ਬੀਤੇ ਦਿਨੀਂ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ 24 ਜੁਲਾਈ 2025 ਨੂੰ ਐਕਸ 'ਤੇ ਐਲਾਨ ਕੀਤਾ ਸੀ ਕਿ "ਸਤੰਬਰ 2025 ਵਿਚ ਫਰਾਂਸ ਫਿਲਸਤੀਨ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਦੇਵੇਗਾ।" ਉਹਨਾਂ ਨੇ ਹਮਾਸ ਦੇ ਨਿਸ਼ਸਤਰੀਕਰਨ, ਗਾਜ਼ਾ ਦੇ ਪੁਨਰ-ਨਿਰਮਾਣ ਅਤੇ ਜੰਗਬੰਦੀ ਦੀ ਲੋੜ 'ਤੇ ਜ਼ੋਰ ਦਿੱਤਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵੀ ਕਿਹਾ ਕਿ ਜੇ ਇਜ਼ਰਾਈਲ ਨੇ ਜੰਗਬੰਦੀ ਨਾ ਕੀਤੀ, ਤਾਂ ਬਰਤਾਨੀਆ ਵੀ ਫਿਲਸਤੀਨ ਨੂੰ ਮਾਨਤਾ ਦੇਵੇਗਾ।

ਇਹ ਫੈਸਲੇ ਯੂਰਪ ਵਿਚ ਵਧਦੇ ਜਨਤਕ ਦਬਾਅ ਦਾ ਨਤੀਜਾ ਨੇ। ਫਰਾਂਸ ਅਤੇ ਬਰਤਾਨੀਆ ਵਿਚ ਵੱਡੀ ਮੁਸਲਮਾਨ ਆਬਾਦੀ ਹੈ, ਜੋ ਗਾਜ਼ਾ ਵਿਚ ਹੋ ਰਹੇ ਜ਼ੁਲਮ ਖਿਲਾਫ ਸੜਕਾਂ 'ਤੇ ਹੈ। ਸਪੇਨ, ਆਇਰਲੈਂਡ, ਨਾਰਵੇ ਅਤੇ ਸਲੋਵੇਨੀਆ ਵਰਗੇ ਯੂਰਪੀ ਮੁਲਕ ਪਹਿਲਾਂ ਹੀ ਫਿਲਸਤੀਨ ਨੂੰ ਮਾਨਤਾ ਦੇ ਚੁੱਕੇ ਨੇ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਮੈਕਰੋਂ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ, "ਦੋ-ਮੁਲਕੀ ਹੱਲ ਹੀ ਅਮਨ ਦਾ ਰਾਹ ਹੈ।" ਇਹ ਬਦਲਾਅ ਯੂਰਪ ਵਿਚ ਅਮਰੀਕੀ ਪ੍ਰਭਾਵ ਤੋਂ ਦੂਰ ਜਾਣ ਦੀਆਂ ਕੋਸ਼ਿਸ਼ਾਂ ਨੂੰ ਵੀ ਦਰਸਾਉਂਦਾ ਹੈ, ਜੋ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਵਪਾਰਕ ਜੰਗ ਕਾਰਨ ਵਧ ਰਿਹਾ ਹੈ।

## ਫਿਲਸਤੀਨ ਦੀ ਹਮਾਇਤ 'ਚ ਮੁਲਕ

ਫਿਲਸਤੀਨ ਨੂੰ ਮਾਨਤਾ ਦੇਣ ਵਾਲੇ 140 ਤੋਂ ਵੱਧ ਮੁਲਕਾਂ ਵਿਚ ਸਪੇਨ, ਆਇਰਲੈਂਡ, ਨਾਰਵੇ, ਸਲੋਵੇਨੀਆ, ਕਤਰ, ਜਾਰਡਨ ਅਤੇ ਸਾਊਦੀ ਅਰਬ ਸ਼ਾਮਲ ਨੇ। ਫਰਾਂਸ ਦਾ ਫੈਸਲਾ ਜੀ7 ਮੁਲਕਾਂ 'ਚ ਪਹਿਲਾ ਹੈ, ਜਿਸ ਨੇ ਵਿਸ਼ਵ ਸਿਆਸਤ 'ਚ ਨਵਾਂ ਮੋੜ ਲਿਆਂਦਾ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ, ਕਹਿੰਦਿਆਂ ਕਿ "ਦੋ-ਮੁਲਕੀ ਹੱਲ" ਹੀ ਅਮਨ ਦਾ ਰਾਹ ਹੈ।

ਭਾਰਤ ਨੇ 1988 ਵਿਚ ਫਿਲਸਤੀਨ ਨੂੰ ਮਾਨਤਾ ਦਿੱਤੀ ਸੀ ਅਤੇ ਹਮੇਸ਼ਾ ਦੋ-ਮੁਲਕੀ ਹੱਲ ਦਾ ਸਮਰਥਨ ਕੀਤਾ। ਪਰ ਮੋਦੀ ਸਰਕਾਰ ਦੀ ਚੁੱਪੀ ਅਤੇ ਇਜ਼ਰਾਈਲ ਨਾਲ ਮਜ਼ਬੂਤ ਸਬੰਧਾਂ ਨੇ ਫਿਲਸਤੀਨ ਦੇ ਸਮਰਥਕਾਂ ਨੂੰ ਨਿਰਾਸ਼ ਕੀਤਾ ਹੈ। ਕਾਂਗਰਸ ਦੀ ਸੀਨੀਅਰ ਸੁਪਰੀਮੋ ਨੇਤਾ ਸੋਨੀਆ ਗਾਂਧੀ ਨੇ ਗਾਜ਼ਾ ਵਿਚ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ "ਨਰਸੰਘਾਰ" ਦੱਸ ਕੇ ਮੋਦੀ ਸਰਕਾਰ ਦੀ ਚੁੱਪੀ 'ਤੇ ਸਵਾਲ ਉਠਾਏ। ਉਹਨਾਂ ਨੇ ਕਿਹਾ ਕਿ ਇਜ਼ਰਾਈਲ ਨੇ 55,000 ਤੋਂ ਵੱਧ ਫਿਲਸਤੀਨੀਆਂ ਦੀ ਜਾਨ ਲਈ, ਜਿਨ੍ਹਾਂ ਵਿਚ 17,000 ਬੱਚੇ ਨੇ।

ਸੋਨੀਆ ਗਾਂਧੀ ਨੇ ਆਪਣੇ ਲੇਖ 'ਚ ਮੋਦੀ ਸਰਕਾਰ ਦੀ ਇਸ ਚੁੱਪੀ ਨੂੰ "ਮਨੁੱਖਤਾ ਵਿਰੁੱਧ ਅਪਰਾਧ" ਅਤੇ "ਭਾਰਤ ਦੇ ਸੰਵਿਧਾਨਕ ਮੁੱਲਾਂ ਨਾਲ ਧੋਖਾ" ਦੱਸਿਆ। ਉਹਨਾਂ ਨੇ ਕਿਹਾ ਕਿ ਗਾਜ਼ਾ 'ਚ ਜ਼ਿਆਦਾਤਰ ਰਿਹਾਇਸ਼ੀ ਇਮਾਰਤਾਂ ਅਤੇ ਹਸਪਤਾਲ ਤਬਾਹ ਹੋ ਚੁੱਕੇ ਨੇ, ਅਤੇ ਇਜ਼ਰਾਈਲ ਦੀਆਂ ਨੀਤੀਆਂ ਨੇ ਫਿਲਸਤੀਨੀਆਂ ਨੂੰ ਭੁੱਖ ਅਤੇ ਬੀਮਾਰੀ ਦੇ ਮੂੰਹ 'ਚ ਧੱਕ ਦਿੱਤਾ। ਜਦੋਂ ਸਾਰੀ ਦੁਨੀਆਂ 'ਚ ਇਜ਼ਰਾਈਲ ਵਿਰੁੱਧ ਅਵਾਜ਼ ਉੱਠ ਰਹੀ ਹੈ, ਭਾਰਤ ਦੀ ਚੁੱਪੀ ਉਸ ਦੀ ਮਨੁੱਖਤਾ ਅਤੇ ਨਿਆਂ ਦੀ ਵਿਰਾਸਤ ਨੂੰ ਸਵਾਲਾਂ ਹੇਠ ਲਿਆ ਰਹੀ ਹੈ।

ਗਾਜ਼ਾ ਦੀ ਇਹ ਤਬਾਹੀ ਸਿਰਫ ਇੱਕ ਖੇਤਰ ਦੀ ਕਹਾਣੀ ਨਹੀਂ, ਸਗੋਂ ਮਨੁੱਖਤਾ ਦੀ ਅਜਮਾਇਸ਼ ਹੈ। ਇਜ਼ਰਾਈਲ ਦੀਆਂ ਜ਼ੁਲਮੀ ਨੀਤੀਆਂ, ਅਮਰੀਕਾ ਦੀ ਅਜੀਬ ਚੁੱਪੀ, ਅਤੇ ਯੂਰਪ ਦਾ ਬਦਲਦਾ ਰੁਖ-ਇਹ ਸਭ ਵਿਸ਼ਵ ਸਿਆਸਤ 'ਚ ਨਵੇਂ ਗਠਜੋੜ ਅਤੇ ਟਕਰਾਅ ਦੀਆਂ ਸੰਭਾਵਨਾਵਾਂ ਨੂੰ ਜਨਮ ਦੇ ਰਹੇ ਨੇ। ਫਰਾਂਸ ਅਤੇ ਬਰਤਾਨੀਆ ਦੇ ਫੈਸਲੇ ਨੇ ਅਮਰੀਕੀ ਪ੍ਰਭਾਵ ਨੂੰ ਚੁਣੌਤੀ ਦਿੱਤੀ ਹੈ, ਅਤੇ ਸਪੇਨ, ਕਤਰ ਵਰਗੇ ਮੁਲਕਾਂ ਦੀ ਹਮਾਇਤ ਨੇ ਫਿਲਸਤੀਨ ਦੀ ਆਵਾਜ਼ ਨੂੰ ਹੋਰ ਬੁਲੰਦ ਕੀਤਾ ਹੈ।

## ਅਮਰੀਕਾ ਇਜਰਾਈਲ ਦੇ ਜ਼ੁਲਮਾਂ ਬਾਰੇ ਚੁਪ ਕਿਉਂ ?

ਅਮਰੀਕਾ, ਜੋ ਇਜ਼ਰਾਈਲ ਦਾ ਸਭ ਤੋਂ ਵੱਡਾ ਸਮਰਥਕ ਹੈ, ਗਾਜ਼ਾ ਦੇ ਸੰਕਟ 'ਤੇ ਅਜੀਬ ਚੁੱਪੀ ਸਾਧੀ ਹੋਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 28 ਜੁਲਾਈ 2025 ਨੂੰ ਸਕਾਟਲੈਂਡ ਵਿਚ ਕਿਹਾ, "ਗਾਜ਼ਾ ਵਿਚ ਸੱਚਮੁਚ ਭੁੱਖਮਰੀ ਹੈ। ਮੈਂ ਟੀਵੀ 'ਤੇ ਬੱਚਿਆਂ ਨੂੰ ਵੇਖਿਆ, ਉਹ ਭੁੱਖੇ ਨਜ਼ਰ ਆਏ।" ਉਹਨਾਂ ਨੇ ਗਾਜ਼ਾ 'ਚ "ਖੁਰਾਕ ਕੇਂਦਰ" ਬਣਾਉਣ ਦੀ ਗੱਲ ਕੀਤੀ, ਪਰ ਅਮਰੀਕਾ ਨੇ ਇਜ਼ਰਾਈਲ 'ਤੇ ਕੋਈ ਸਖਤ ਦਬਾਅ ਨਹੀਂ ਪਾਇਆ। ਉਲਟਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਫਰਾਂਸ ਵਿਚ ਅਮਰੀਕੀ ਰਾਜਦੂਤ ਚਾਰਲਸ ਕੁਸ਼ਨਰ ਨੇ ਫਰਾਂਸ ਦੇ ਫਿਲਸਤੀਨ ਨੂੰ ਮਾਨਤਾ ਦੇਣ ਦੇ ਫੈਸਲੇ ਦੀ ਸਖਤ ਨਿੰਦਾ ਕੀਤੀ। ਰੂਬੀਓ ਨੇ ਇਸ ਨੂੰ "ਹਮਾਸ ਦੇ ਪ੍ਰਚਾਰ" ਨੂੰ ਵਧਾਉਣ ਵਾਲਾ ਦੱਸਿਆ, ਜਦਕਿ ਕੁਸ਼ਨਰ ਨੇ ਕਿਹਾ ਕਿ ਇਹ "ਅਮਨ ਪ੍ਰਕਿਰਿਆ ਨੂੰ ਝਟਕਾ" ਹੈ। ਅਮਰੀਕਾ ਦੀ ਇਹ ਦੋਗਲੀ ਨੀਤੀ-ਇੱਕ ਪਾਸੇ ਸਹਾਇਤਾ ਦੀ ਗੱਲ, ਦੂਜੇ ਪਾਸੇ ਇਜ਼ਰਾਈਲ ਦਾ ਸਮਰਥਨ-ਗਾਜ਼ਾ ਦੇ ਸੰਕਟ ਨੂੰ ਹੋਰ ਗੰਭੀਰ ਕਰ ਰਹੀ ਹੈ।

# ਦਿੱਲੀ ਦੀ ਬਹੁ-ਸੱਭਿਆਚਾਰਕ ਵਿਭਿੰਨਤਾ ਵਿੱਚ ਸਿੱਖਾਂ ਦੀ ਵਿਲੱਖਣ ਪਛਾਣ ਕਿਵੇਂ ਬਣੀ ?

**✪ ਆਰਥਿਕ, ਸਿੱਖਿਆ ਖੇਤਰ ਵਿੱਚ ਸਿੱਖ ਭਾਈਚਾਰੇ ਦੀ ਮਜ਼ਬੂਤ ਪਕੜ ਕਿਉਂ ? ✪ ਸਿਆਸੀ ਅਤੇ ਅਫਸਰਸ਼ਾਹੀ ਵਿੱਚ ਸਿੱਖਾਂ ਦਾ ਪ੍ਰਭਾਵ ਬਣਿਆ**








## ਵਿਸ਼ਲੇਸ਼ਣ

ਦਿੱਲੀ, ਭਾਰਤ ਦੀ ਰਾਜਧਾਨੀ, ਆਪਣੀ ਬਹੁ-ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾ ਲਈ ਮਸ਼ਹੂਰ ਹੈ। 2011 ਦੀ ਜਨਗਣਨਾ ਮੁਤਾਬਕ, ਦਿੱਲੀ ਦੀ ਕੁੱਲ ਆਬਾਦੀ ਵਿੱਚ ਸਿੱਖ 3.40% ਹਨ, ਜੋ ਮੁਸਲਮਾਨਾਂ (12.86%) ਤੋਂ ਘੱਟ ਪਰ ਹੋਰ ਧਰਮਾਂ ਜਿਵੇਂ ਜੈਨ (0.99%), ਈਸਾਈ (0.87%) ਅਤੇ ਬੋਧ (0.11%) ਨਾਲੋਂ ਜ਼ਿਆਦਾ ਹੈ। ਹਿੰਦੂ (81.68%) ਸਭ ਤੋਂ ਵੱਡਾ ਧਾਰਮਿਕ ਸਮੂਹ ਹਨ। ਭਾਵੇਂ ਸਿੱਖ ਆਬਾਦੀ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਹਨ, ਪਰ ਆਰਥਿਕ, ਵਿੱਦਿਅਕ, ਸਿਆਸੀ ਅਤੇ ਅਫਸਰਸ਼ਾਹੀ ਦੇ ਖੇਤਰਾਂ ਵਿੱਚ ਉਨ੍ਹਾਂ ਦਾ ਪ੍ਰਭਾਵ ਕਿਸੇ ਵੀ ਤਰ੍ਹਾਂ ਘੱਟ ਨਹੀਂ।

### ਆਰਥਿਕ ਖੇਤਰ ਵਿੱਚ ਸਿੱਖਾਂ ਦੀ ਮਜ਼ਬੂਤ ਪਕੜ

ਸਿੱਖ ਭਾਈਚਾਰਾ ਦਿੱਲੀ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਸਿੱਖ ਵਪਾਰੀ ਅਤੇ ਉਦਯੋਗਪਤੀ ਸ਼ਹਿਰ ਦੇ ਬਾਜ਼ਾਰਾਂ ਜਿਵੇਂ ਕਿ ਚਾਂਦਨੀ ਚੌਕ, ਕਰੋਲ ਬਾਗ ਅਤੇ ਸਾਊਥ ਐਕਸਟੈਂਸ਼ਨ ਵਿੱਚ ਪ੍ਰਮੁੱਖਤਾ ਨਾਲ ਦਿਖਾਈ ਦਿੰਦੇ ਹਨ। ਟਰਾਂਸਪੋਰਟ, ਰੀਅਲ ਅਸਟੇਟ, ਹੋਟਲ ਅਤੇ ਖੁਰਾਕ ਸੈਕਟਰ ਵਿੱਚ ਸਿੱਖਾਂ ਦੀਆਂ ਕੰਪਨੀਆਂ ਅਤੇ ਛੋਟੇ-ਵੱਡੇ ਕਾਰੋਬਾਰ ਸ਼ਹਿਰ ਦੀ ਅਰਥ -ਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਹਿੰਦੂਆਂ ਦੀ ਵੱਡੀ ਆਬਾਦੀ ਕਾਰਨ ਉਨ੍ਹਾਂ ਦਾ ਵਪਾਰਕ ਪ੍ਰਭਾਵ ਸਭ ਤੋਂ ਵੱਧ ਹੈ, ਪਰ ਸਿੱਖਾਂ ਦੀ ਮਿਹਨਤ ਅਤੇ ਉੱਦਮ ਨੇ ਉਨ੍ਹਾਂ ਨੂੰ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਅੱਗੇ ਰੱਖਿਆ ਗਿਆ ਹੈ। ਮੁਸਲਮਾਨਾਂ ਦਾ ਵਪਾਰ ਮੁੱਖ ਤੌਰ 'ਤੇ ਪਰੰਪਰਾਗਤ ਕਾਰੀਗਰੀ ਅਤੇ ਛੋਟੇ ਪੈਮਾਨੇ ਦੇ ਕਾਰੋਬਾਰਾਂ ਤੱਕ ਸੀਮਤ ਹੈ, ਜਦਕਿ ਸਿੱਖਾਂ ਨੇ ਆਪਣੀ ਮਿਹਨਤ ਤੇ ਸੰਘਰਸ਼ੀ ਸਮਰਥਾ ਕਾਰਣ ਆਧੁਨਿਕ ਅਤੇ ਪਰੰਪਰਾਗਤ ਵਪਾਰ ਵਿੱਚ ਸੰਤੁਲਨ ਬਣਾਇਆ ਹੋਇਆ ਹੈ।

### ਸਿੱਖਿਆ ਦੇ ਖੇਤਰ ਵਿੱਚ ਸਿੱਖਾਂ ਦਾ ਵਡਮੁੱਲਾ ਯੋਗਦਾਨ

ਸਿੱਖ ਭਾਈਚਾਰੇ ਦੀ ਵਿੱਦਿਅਕ ਪ੍ਰਾਪਤੀ ਦਿੱਲੀ ਵਿੱਚ ਸਤਿਕਾਰਯੋਗ ਹੈ। ਸਿੱਖ ਸਕੂਲ, ਜਿਵੇਂ ਕਿ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਤੇ ਖਾਲਸਾ ਕਾਲਜ, ਸ਼ਹਿਰ ਦੀ ਸਿੱਖਿਆ ਪ੍ਰਣਾਲੀ ਦਾ ਅਹਿਮ ਹਿੱਸਾ ਹਨ। ਸਿੱਖ ਵਿਦਿਆਰਥੀਆਂ ਦੀ ਸਾਖਰਤਾ ਦਰ ਅਤੇ ਉੱਚ ਸਿੱਖਿਆ ਪ੍ਰਾਪਤੀ ਦਰ ਹਿੰਦੂਆਂ ਦੇ ਮੁਕਾਬਲੇ ਮੁਕਾਬਲਤਨ ਉੱਚੀ ਹੈ। ਮੁਸਲਮਾਨਾਂ ਦੀ ਸਿੱਖਿਆ ਦਰ ਵਿੱਚ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਕਾਰਨ ਕੁਝ ਪਛੜਾਪਣ ਦਿਖਾਈ ਦਿੰਦਾ ਹੈ, ਜਦਕਿ ਸਿੱਖਾਂ ਨੇ ਵਿੱਦਿਅਕ ਸੰਸਥਾਵਾਂ ਅਤੇ ਸਕਾਲਰਸ਼ਿਪ ਪ੍ਰੋਗਰਾਮਾਂ ਰਾਹੀਂ ਆਪਣੀ ਵਿੱਦਿਅਕ ਪਕੜ ਮਜ਼ਬੂਤ ਕੀਤੀ ਹੈ। ਸਿੱਖ ਭਾਈਚਾਰੇ ਦੀਆਂ ਸਿੱਖਿਆ ਸੰਸਥਾਵਾਂ ਨੇ ਨਾ ਸਿਰਫ਼ ਸਿੱਖ ਵਿਦਿਆਰਥੀਆਂ ਨੂੰ, ਸਗੋਂ ਹੋਰ ਧਰਮਾਂ ਦੇ ਵਿਦਿਆਰਥੀਆਂ ਨੂੰ ਵੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕੀਤੀ।

### ਸਿਆਸੀ ਅਤੇ ਅਫਸਰਸ਼ਾਹੀ ਵਿੱਚ ਸਿੱਖਾਂ ਦਾ ਪ੍ਰਭਾਵ

ਸਿੱਖ ਭਾਈਚਾਰੇ ਦਾ ਸਿਆਸੀ ਅਤੇ ਅਫਸਰਸ਼ਾਹੀ ਖੇਤਰ ਵਿੱਚ ਵੀ ਮਹੱਤਵਪੂਰਨ ਸਥਾਨ ਹੈ। ਦਿੱਲੀ ਦੀ ਸਿਆਸਤ ਵਿੱਚ ਸਿੱਖ ਨੇਤਾ ਅਤੇ ਵਿਧਾਇਕ ਅਕਸਰ ਅਹਿਮ ਮੁੱਦਿਆਂ 'ਤੇ ਆਵਾਜ਼ ਉਠਾਉਂਦੇ ਹਨ। ਸਿੱਖ ਸੰਗਤਾਂ ਅਤੇ ਗੁਰਦੁਆਰਿਆਂ ਦੀ ਸਮਾਜ ਸੇਵਾ ਸਿਆਸੀ ਪ੍ਰਭਾਵ ਵਧਾਉਂਦੀ ਹੈ। ਅਫਸਰਸ਼ਾਹੀ ਵਿੱਚ ਸਿੱਖ ਅਧਿਕਾਰੀਆਂ ਦੀ ਮੌਜੂਦਗੀ, ਖਾਸਕਰ ਪੁਲਿਸ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿੱਚ, ਉਨ੍ਹਾਂ ਦੀ ਕਾਬਲੀਅਤ ਨੂੰ ਦਰਸਾਉਂਦੀ ਹੈ। ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੀ ਵੱਡੀ ਆਬਾਦੀ ਕਾਰਨ ਉਨ੍ਹਾਂ ਦਾ ਸਿਆਸੀ ਦਬਦਬਾ ਜ਼ਿਆਦਾ ਹੈ, ਪਰ ਸਿੱਖਾਂ ਨੇ ਆਪਣੀ ਸੰਗਠਿਤ ਦੀ ਸਮਰਥਾ ਅਤੇ ਸਮਾਜ ਸੇਵਾ ਰਾਹੀਂ ਸਿਆਸੀ ਮੁਕਾਮ ਹਾਸਲ ਕੀਤਾ ਹੈ। ਗੁਰਦੁਆਰਾ ਬੰਗਲਾ ਸਾਹਿਬ ਅਤੇ ਰਕਾਬਗੰਜ ਵਰਗੇ ਪਵਿੱਤਰ ਸਥਾਨ ਸਿੱਖਾਂ ਦੀ ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਨੂੰ ਹੋਰ ਮਜ਼ਬੂਤ ਕਰਦੇ ਹਨ। 1984 ਦਾ ਸਿੱਖ ਕਤਲੇਆਮ, ਜੋ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਵਾਪਰਿਆ, ਸਿੱਖ ਭਾਈਚਾਰੇ ਲਈ ਇੱਕ ਦੁਖਦਾਈ ਅਧਿਆਇ ਸੀ। ਹਜ਼ਾਰਾਂ ਸਿੱਖ ਮਾਰੇ ਗਏ, ਘਰ-ਦੁਕਾਨਾਂ ਸਾੜ ਦਿੱਤੀਆਂ ਗਈਆਂ ਸਨ, ਅਤੇ ਜੀਵਨ ਉਜੜ ਗਏ ਸਨ। ਪਰ ਸਿੱਖਾਂ ਦੀ ਅਟੁੱਟ ਹਿੰਮਤ ਅਤੇ ਸੰਘਰਸ਼ ਨੇ ਉਨ੍ਹਾਂ ਨੂੰ ਇਸ ਦੁੱਖ ਵਿੱਚੋਂ ਉਭਰਨ ਦੀ ਤਾਕਤ ਦਿੱਤੀ। ਗੁਰਦੁਆਰਿਆਂ, ਖਾਸਕਰ ਬੰਗਲਾ ਸਾਹਿਬ ਅਤੇ ਰਕਾਬਗੰਜ, ਨੇ ਪੀੜਤ ਪਰਿਵਾਰਾਂ ਨੂੰ ਸਹਾਰਾ ਦਿੱਤਾ ਸੀ।

ਸੰਗਤਾਂ ਤੇ ਸਿੱਖ ਸੰਸਥਾਵਾਂ ਨੇ ਵਿੱਦਿਅਕ ਅਤੇ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਸੀ। ਸਿੱਖ ਧਰਮ ਦੀਆਂ ਸਿੱਖਿਆਵਾਂ, ਜਿਵੇਂ ਸੇਵਾ, ਸਿਮਰਨ ਅਤੇ ਸੰਘਰਸ਼, ਨੇ ਭਾਈਚਾਰੇ ਨੂੰ ਅਧਿਆਤਮਕ ਤਾਕਤ ਦਿੱਤੀ। ਸਿੱਖ ਹਮੇਸ਼ਾਂ ਸੰਘਰਸ਼ਾਂ ਤੇ ਘਲੂਘਾਰਿਆਂ ਕਾਰਣ ਹਮੇਸ਼ਾਂ ਦੁਗਣੀ ਤਾਕਤ ਨਾਲ ਉਭਰੇ ਹਨ। ਇਹ ਇਸ ਕੌਮ ਦਾ ਇਤਿਹਾਸ ਵੀ ਹੈ ਤੇ ਸੁਭਾਅ ਵੀ।

1984 ਦੇ ਕਤਲੇਆਮ ਦੇ ਜ਼ਖ਼ਮਾਂ ਤੋਂ ਬਾਅਦ ਸਿੱਖ ਭਾਈਚਾਰੇ ਨੇ ਮਿਹਨਤ, ਸਿੱਖਿਆ, ਸੰਗਠਨ ਅਤੇ ਅਧਿਆਤਮਕ ਸ਼ਕਤੀ ਨਾਲ ਦਿੱਲੀ ਵਿੱਚ ਤਰੱਕੀ ਦਾ ਰਾਹ ਅਪਣਾਇਆ ਹੈ। ਦੁਖਾਂ ਤੇ ਸੰਕਟ ਵਿਚੋਂ ਆਪਣੀ ਮਿਹਨਤ ਤੇ ਚੜ੍ਹਦੀਕਲਾ ਕਾਰਣ ਮੁੜ ਉਭਰੇ ਹਨ। ਅੱਜ ਸਿੱਖ ਦਿੱਲੀ ਦੀ ਸਮਾਜਿਕ, ਆਰਥਿਕ ਅਤੇ ਸਿਆਸੀ ਜ਼ਿੰਦਗੀ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਸਿੱਖ ਭਾਈਚਾਰਾ ਭਾਵੇਂ ਆਬਾਦੀ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਹੈ, ਪਰ ਆਰਥਿਕ ਮਜ਼ਬੂਤੀ, ਵਿੱਦਿਅਕ ਪ੍ਰਾਪਤੀਆਂ, ਸਿਆਸੀ ਪ੍ਰਭਾਵ ਅਤੇ ਅਫਸਰਸ਼ਾਹੀ ਵਿੱਚ ਯੋਗਦਾਨ ਨੇ ਉਨ੍ਹਾਂ ਨੂੰ ਦਿੱਲੀ ਦੀ ਸਮਾਜਿਕ-ਸੱਭਿਆਚਾਰਕ ਰੰਗਤ ਵਿੱਚ ਵਿਲੱਖਣ ਸਥਾਨ ਦਿੱਤਾ ਹੈ। ਉਨ੍ਹਾਂ ਦੀ ਮਿਹਨਤ, ਸਮਾਜ ਸੇਵਾ ਅਤੇ ਸੰਗਠਨ ਸ਼ਕਤੀ ਨੇ ਸਿੱਖਾਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਇਆ ਹੈ।

# ਤੰਬਾਕੂ ਅਤੇ ਨਸ਼ੇ 'ਤੇ ਕਾਬੂ ਪਾਉਣ ਲਈ ਪਿੰਡ ਕਟੋਰੇਵਾਲਾ ਵਲੋਂ ਕੀਤੀ ਪਹਿਲ



ਮਲੋਟ-ਮਲੋਟ ਦੇ ਪਿੰਡ ਕਟੋਰੇਵਾਲਾ ਦੀ ਪੰਚਾਇਤ ਨੇ ਪਿੰਡ ਨੂੰ ਨਸ਼ਾ-ਮੁਕਤ ਬਣਾਉਣ ਲਈ ਇੱਕ ਵੱਡਾ ਫੈਸਲਾ ਲਿਆ ਹੈ। ਪੰਚਾਇਤ ਨੇ ਸਰਪੰਚ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਮਤਾ ਪਾਸ ਕਰਕੇ ਪਿੰਡ ਵਿੱਚ ਤੰਬਾਕੂ, ਜਰਦਾ, ਬੀੜੀ, ਸਿਗਰਟ, ਕੂਲ ਲਿੱਪ ਅਤੇ ਚੈਨੀ-ਖੈਨੀ ਵਰਗੀਆਂ ਚੀਜ਼ਾਂ ਦੀ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ।

ਇਸ ਫੈਸਲੇ ਦਾ ਮੁੱਖ ਮਕਸਦ ਸਕੂਲੀ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਸ਼ੁਰੂਆਤ ਤੋਂ ਰੋਕਣਾ ਹੈ। ਪੰਚਾਇਤ ਨੇ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਹਨਾਂ ਵਸਤੂਆਂ ਨੂੰ ਨਾ ਵੇਚਣ। ਇਸ ਦੇ ਨਾਲ ਹੀ, ਸਟਿੰਗ ਵਰਗੇ ਐਨਰਜੀ ਡਰਿੰਕ ਵੀ ਨਾ ਵੇਚਣ ਲਈ ਕਿਹਾ ਗਿਆ ਹੈ।

ਜੇ ਕੋਈ ਦੁਕਾਨਦਾਰ ਜਾਂ ਵਿਅਕਤੀ ਇਸ ਨਿਯਮ ਦੀ ਉਲੰਘਣਾ ਕਰਦਾ ਹੈ, ਤਾਂ ਉਸਨੂੰ 11 ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਨਾਲ ਹੀ, ਜੇ ਕੋਈ ਵਿਅਕਤੀ ਪਿੰਡ ਦੇ ਸ਼ਮਸ਼ਾਨ ਘਾਟ, ਵਾਟਰ ਵਰਕਸ ਜਾਂ ਕਿਸੇ ਜਨਤਕ ਥਾਂ 'ਤੇ ਨਸ਼ਾ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਖਿਲਾਫ਼ ਵੀ ਕਾਰਵਾਈ ਹੋਵੇਗੀ।

ਪੰਚਾਇਤ ਨੇ ਇੱਕ ਹੋਰ ਅਹਿਮ ਐਲਾਨ ਕੀਤਾ ਹੈ ਕਿ ਜੇਕਰ ਕੋਈ ਵਿਅਕਤੀ ਨਿਯਮ ਦੀ ਉਲੰਘਣਾ ਕਰਦੇ ਹੋਏ ਦੀ ਵੀਡੀਓ ਬਣਾ ਕੇ ਪੰਚਾਇਤ ਨੂੰ ਦੱਸਦਾ ਹੈ, ਤਾਂ ਉਸਨੂੰ 5 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਹ ਫੈਸਲਾ 1 ਅਗਸਤ ਤੋਂ ਲਾਗੂ ਹੋ ਗਿਆ ਹੈ। ਇਸ ਕਦਮ ਨਾਲ ਪਿੰਡ ਵਾਸੀਆਂ ਨੂੰ ਉਮੀਦ ਹੈ ਕਿ ਉਹ ਨਸ਼ੇ ਨੂੰ ਪਹਿਲੇ ਪੜਾਅ 'ਤੇ ਹੀ ਰੋਕ ਸਕਣਗੇ।

# ਰੂਸ ਤੋਂ ਵੱਡੀ ਮਾਤਰਾ 'ਚ ਤੇਲ ਖਰੀਦ ਕੇ ਅੱਗੇ ਮੁਨਾਫ਼ੇ ਲਈ ਵੇਚ ਰਿਹੈ ਭਾਰਤ: ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਭਾਰਤ ਵੱਲੋਂ ਅਮਰੀਕਾ ਨੂੰ ਅਦਾ ਕੀਤੇ ਜਾਣ ਵਾਲੇ ਟੈਰਿਫ਼ਾਂ ਵਿੱਚ ਕਾਫ਼ੀ ਵਾਧਾ ਕਰਨਗੇ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ, ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦ ਰਿਹਾ ਹੈ ਅਤੇ ਇਸ ਨੂੰ ਵੱਡੇ ਮੁਨਾਫ਼ੇ ਲਈ ਵੇਚ ਰਿਹਾ ਹੈ। ਟਰੰਪ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ, ਭਾਰਤ ਨਾ ਸਿਰਫ਼ ਵੱਡੀ ਮਾਤਰਾ ਵਿੱਚ ਰੂਸੀ ਤੇਲ ਖਰੀਦ ਰਿਹਾ ਹੈ, ਸਗੋਂ ਉਹ ਖਰੀਦੇ ਗਏ ਜ਼ਿਆਦਾਤਰ ਤੇਲ ਨੂੰ ਖੁੱਲ੍ਹੇ ਬਾਜ਼ਾਰ ਵਿੱਚ ਵੱਡੇ ਮੁਨਾਫ਼ੇ ਲਈ ਵੇਚ ਰਹੇ ਹਨ। ਅਮਰੀਕੀ ਸਦਰ ਨੇ ਕਿਹਾ, ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਰੂਸੀ ਜੰਗੀ ਮਸ਼ੀਨ ਨਾਲ ਯੂਕਰੇਨ ਵਿੱਚ ਕਿੰਨੇ ਲੋਕ ਮਾਰੇ ਜਾ ਰਹੇ ਹਨ। ਇਸ ਕਾਰਨ ਮੈਂ ਭਾਰਤ ਵੱਲੋਂ ਅਮਰੀਕਾ ਨੂੰ ਅਦਾ ਕੀਤੇ ਜਾਣ ਵਾਲੇ ਟੈਰਿਫ਼ ਨੂੰ ਕਾਫ਼ੀ ਵਧਾਵਾਂਗਾ।

# ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਇੰਗਲੈਂਡ ਕਰ ਰਹੇ ਹਨ ਸਿੱਖੀ ਦਾ ਪ੍ਰਚਾਰ

***ਪਦਮ ਨੇ ਸਿੱਖ ਜਥੇਬੰਦੀਆਂ ਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਅਸਤੀਆਂ ਕਬਰ ਚੋਂ ਕੱਢ ਕੇ ਸਿੱਖ ਰਵਾਇਤਾਂ ਅਨੁਸਾਰ ਪੰਜਾਬ ਲਿਜਾ ਕੇ ਅੰਤਿਮ ਸੰਸਕਾਰ ਕੀਤੇ ਜਾਣ ਦੇ ਯਤਨ ਕਰਨ ਦੀ ਕੀਤੀ ਮੰਗ**



**ਇੰਗਲੈਂਡ ਫੇਰੀ ਦੌਰਾਨ ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਦਾ ਢਾਡੀ ਜਥਾ**

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਹੁਤ ਹੀ ਬੇਬਾਕੀ ਨਾਲ ਸਮਾਜਿਕ ਬੁਰਾਈਆਂ ਤੇ ਚੋਟ ਕਰਨ ਵਾਲੇ ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਇਹਨੀਂ ਦਿਨੀਂ ਇੰਗਲੈਂਡ ਦੌਰੇ ਤੇ ਹਨ। ਪ੍ਰਸਿੱਧ ਢਾਡੀ ਗੁਰਪ੍ਰਤਾਪ ਸਿੰਘ ਪਦਮ ਜਥੇ ਸਮੇਤ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਦਿਹਾੜੇ ਅਤੇ ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਚ ਹੋ ਰਹੇ ਧਾਰਮਿਕ ਸਮਾਗਮਾਂ ਚ ਢਾਡੀ ਕਲਾ ਰਾਹੀਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।**

ਢਾਡੀ ਗੁਰਪ੍ਰਤਾਪ ਸਿੰਘ ਪਦਮ ਨੇ ਜਿੱਥੇ ਸਿੱਖ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਾਇਆ ਉਥੇ ਵੱਖ ਵੱਖ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਸਿੱਖ ਰਾਜ ਦੇ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਕਬਰ ਚੋਂ ਕੱਢ ਕੇ ਉਨਾ ਦਾ ਸਿੱਖ ਰਵਾਇਤਾਂ ਅਨੁਸਾਰ ਪੰਜਾਬ ਲਿਜਾ ਕੇ ਅੰਤਿਮ ਸੰਸਕਾਰ ਕੀਤੇ ਜਾਣ ਦੇ ਉਪਰਾਲੇ ਕਰਨੇ ਚਾਹੀਦੇ ਹਨ । ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਢਾਡੀ ਗੁਰਪ੍ਰਤਾਪ ਸਿੰਘ ਪਦਮ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੇ ਧੀਆਂ ਪੁੱਤਾਂ ਖਾਸ ਕਰਕੇ ਧੀਆਂ ਨੂੰ ਪੜ੍ਹਾਈ ਕਰਨ ਲਈ ਵਿਦੇਸ਼ ਭੇਜਣ ਤੋਂ ਪਹਿਲਾਂ ਬਹੁਤ ਵਾਰ ਸੋਚਣਾ ਚਾਹੀਦਾ ਹੈ,ਕਿਉਂਕਿ ਵਿਦੇਸ਼ਾਂ ਚ ਕੰਮ ਨਾ ਮਿਲਣ ਕਰਕੇ ਪੰਜਾਬ ਤੋਂ ਆਏ ਚੰਗੇ ਘਰਾਂ ਦੇ ਧੀਆਂ ਪੁੱਤ ਇਸ ਵੇਲੇ ਵਿਦੇਸ਼ਾਂ ਚ ਖੱਜਲ ਖੁਆਰ ਹੋ ਰਹੇ ਹਨ। ਉਹਨਾਂ ਨੇ ਇੰਗਲੈਂਡ ਦੇ ਜੰਮਪਲ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਸਲਾਘਾ ਕਰਦਿਆਂ ਕਿਹਾ ਕਿ ਬਹੁਤ ਸਾਰੇ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਹਰੇਕ ਹਫਤੇ ਗੁਰੂ ਘਰ ਲੈ ਕੇ ਆਉਂਦੇ ਹਨ ਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਯਤਨ ਕਰਦੇ ਹਨ,ਜੋ ਕਿ ਬਹੁਤ ਹੀ ਸਲਾਹੁਣ ਯੋਗ ਹੈ। ਉਹਨਾਂ ਕਿਹਾ ਕਿ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਚ ਨਿਰੰਤਰ ਲੱਗਦੇ ਸਿੱਖੀ ਕੈਂਪ ਵੀ ਇੰਗਲੈਂਡ ਚ ਵੱਸਦੀ ਸਿੱਖਾਂ ਦੀ ਨਵੀਂ ਪੀੜੀ ਨੂੰ ਸਿੱਖੀ ਨਾਲ ਜੋੜਨ ਲਈ ਲੋੜਿੰਦਾ ਯੋਗਦਾਨ ਪਾ ਰਹੇ ਹਨ।

# ਗਲਾਸਗੋ 'ਚ 'ਇੱਕ ਸ਼ਾਮ ਰੰਗ ਮੰਚ ਦੇ ਨਾਮ' ਯਾਦਗਾਰੀ ਹੋ ਨਿੱਬੜਿਆ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਗਲਾਸਗੋ ਦੇ ਮਸ਼ਹੂਰ ਅਤੇ ਆਧੁਨਿਕ ਤਕਨੀਕ ਨਾਲ ਲੈਸ ਈਸਟਵੁੱਡ ਪਾਰਕ ਥੀਏਟਰ ਵਿੱਚ 'ਇੱਕ ਸ਼ਾਮ ਰੰਗਮੰਚ ਦੇ ਨਾਮ' ਪਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂਆਤੀ ਦੌਰ ਵਿੱਚ ਗਲਾਸਗੋ ਦੇ ਕਲਾਕਾਰਾਂ ਮੁਲਖ ਰਾਜ, ਸੁੱਖੀ ਦੁਸਾਂਝ, ਕਰਮਜੀਤ ਮੀਨੀਆ, ਜਤਿੰਦਰ ਸੰਧੂ ਅਤੇ ਦੁਪਿੰਦਰ ਕੌਰ ਵਲੋਂ ਗਾਏ ਗਏ। ਸ਼ਾਇਰ ਅਮਨਦੀਪ ਸਿੰਘ ਅਮਨ ਹੁਰਾਂ ਨੇ ਆਪਣੀਆਂ ਗਜ਼ਲਾਂ ਸਰੋਤਿਆਂ ਨਾਲ ਸਾਝੀਆਂ ਕੀਤੀਆਂ ਗਈਆਂ ਅਤੇ ਉਹਨਾਂ ਦੀ ਕਿਤਾਬ 'ਅਣਦਿਸਦੇ ਅੰਬਰ' ਲੋਕ ਅਰਪਣ ਕੀਤੀ ਗਈ। ਭਾਰਤ ਤੋਂ ਮਹਿਮਾਨ ਸ਼ਾਇਰ ਦੇ ਤੌਰ 'ਤੇ ਪਹੁੰਚੇ ਰਾਸ਼ਟਰੀ ਅਵਾਰਡ ਅਤੇ ਭਾਰਤ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਅਧਿਆਪਕ ਅਤੇ ਸ਼ਾਇਰ ਪਾਲੀ ਖਾਦਿਮ ਨੇ ਆਪਣੀ ਸ਼ਾਇਰੀ, ਲੋਕ ਗੀਤਾਂ ਅਤੇ ਅਲਗੋਜ਼ਿਆਂ ਦੀ ਪੇਸ਼ਕਾਰੀ ਨਾਲ ਵੱਖਰਾ ਰੰਗ ਬੰਨਿਆ। ਸਭਾ ਦੇ ਮੋਢੀ ਮੈਂਬਰ ਦਿਲਬਾਗ ਸਿੰਘ ਸੰਧੂ ਵਲੋਂ ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਇਤਿਹਾਸ ਅਤੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਭਾਰਤ ਤੋਂ ਆਏ ਨਾਟਕਕਾਰ ਡਾ. ਸੋਮਪਾਲ ਹੀਰਾ ਨੇ ਡਾ: ਕੁਲਦੀਪ ਸਿੰਘ ਦੀਪ ਦਾ ਲਿਖਿਆ ਅਤੇ ਡਾ: ਕੰਵਲ ਢਿੱਲੋਂ ਦਾ ਨਿਰਦੇਸ਼ਤ ਕੀਤਾ ਆਪਣਾ ਇੱਕ ਪਾਤਰੀ ਨਾਟਕ 'ਛੱਲਾ' ਖੇਡਿਆ। ਇਸ ਨਾਟਕ ਵਿੱਚ ਪੰਜਾਬ ਵਿਚੋਂ ਹੋ ਰਹੇ ਪਰਵਾਸ, ਬੇਰੁਜ਼ਗਾਰੀ, ਸਿਸਟਮ ਦੀ ਬੇਭਰੋਸਗੀ ਅਤੇ ਹਰੀਕੇ ਪੱਤਣ ਵਿੱਚ ਛੱਲੇ ਦੀ ਬੇੜੀ ਡੁੱਬਣ ਕਹਾਣੀ ਸ਼ੁਰੂ ਹੋਈ। ਮਾਲਟਾ ਵਿੱਚ ਡੁੱਬੇ ਜਹਾਜ਼ ਤੋਂ ਹੁੰਦੀ ਹੋਈ ਮਾਰੂਥਲਾਂ, ਪਨਾਮਾ ਅਤੇ ਮੈਕਸੀਕੋ ਦੇ ਜੰਗਲਾਂ 'ਚੋਂ ਲੰਘਦੀ ਹੋਈ ਮੌਤ ਦੇ ਮੂੰਹ 'ਚ ਗਏ ਛੱਲਿਆਂ ਦੀ ਕਹਾਣੀ ਨੂੰ ਪਿਛਲੇ ਦਿਨੀਂ ਅੰਮ੍ਰਿਤਸਰ ਏਅਰਪੋਰਟ ਤੇ ਅਮਰੀਕਾ ਤੋਂ ਡਿਪੋਟ ਹੋਏ ਤਿੰਨ ਜਹਾਜਾਂ ਤੱਕ ਪਹੁੰਚੀ। ਅਦਾਕਾਰ ਡਾ ਸੋਮਪਾਲ ਹੀਰਾ ਆਪਣੀ ਕਮਾਲ ਦੀ ਪੇਸ਼ਕਾਰੀ ਨਾਲ ਆਪਣਾ ਸੁਨੇਹਾ ਦੇਣ ਵਿੱਚ ਕਾਮਯਾਬ ਹੋਇਆ। ਚੱਲਦੇ ਨਾਟਕ ਦੌਰਾਨ ਦਰਸ਼ਕ ਭਾਵੁਕ ਹੋਏ ਕਿ ਉਨ੍ਹਾਂ ਦੀਆਂ ਨਮ ਅੱਖਾਂ ਦੇ ਨਾਲ ਸਿਸਕੀਆਂ ਸੁਣ ਰਹੀਆਂ ਸਨ। ਦਰਸ਼ਕਾਂ ਵਲੋਂ ਕਲਾਕਾਰਾਂ ਦੀ ਤਾੜੀਆਂ ਨਾਲ ਦਿਲ ਖੋਲ ਕੇ ਹੌਂਸਲਾ ਹਫ਼ਜਾਈ ਕੀਤੀ ਗਈ ਅਤੇ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਸਟੇਜ ਸਕੱਤਰ ਦੀਆਂ ਜ਼ਿੰਮੇਵਾਰੀਆਂ ਦਲਜੀਤ ਸਿੰਘ ਦਿਲਬਰ ਨੇ ਵਾਖੂਬੀ ਨਿਭਾਈਆਂ। ਜਿਕਰਯੋਗ ਹੈ ਕਿ ਪੰਜਾਬੀ ਸਾਹਿਤ ਸਭਾ ਗਲਾਸਗੋ 1992 ਤੋਂ ਲੈ ਕੇ ਲਗਾਤਾਰ ਸਾਹਿਤਕ ਸਮਾਗਮ ਕਰਦੀ ਆ ਰਹੀ ਹੈ। ਪੰਜਾਬੀ ਸਾਹਿਤ ਸਭਾ ਵਲੋ ਹੁਣ ਤੱਕ ਡਾ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਗੁਰਦਿਆਲ ਰੌਸ਼ਨ, ਗੁਰਭਜਨ ਗਿੱਲ, ਇੰਦਰਜੀਤ ਹਸਨਪੁਰੀ, ਸਾਹਿਬ ਸਿੰਘ, ਅਨੀਤਾ ਸ਼ਬਦੀਸ਼, ਫਰਤੂਲ ਚੰਦ ਫ਼ੱਕਰ, ਊਧਮ ਸਿੰਘ ਮੌਜੀ, ਬਾਬਾ ਨਜ਼ਮੀ ਅਤੇ ਸਾਬਰ ਅਲੀ ਸਾਬਰ ਸਮੇਤ ਭਾਰਤ ਅਤੇ ਪਾਕਿਸਤਾਨ ਤੋਂ 35 ਤੋਂ ਵੱਧ ਲੇਖਕ, ਕਵੀ ਅਤੇ ਕਲਾਕਾਰਾਂ ਨੂੰ ਸਕਾਟਲੈਂਡ ਸੱਦਿਆ ਜਾ ਚੁੱਕਾ ਹੈ।

# ਆਇਰਲੈਂਡ ਵਿਚ ਪੰਜਾਬੀ ਟੈਕਸੀ ਡਰਾਈਵਰ 'ਤੇ ਨਸਲੀ ਹਮਲਾ

***ਡਬਲਿਨ : ਮੁਸਾਫ਼ਰ ਬਣ ਕੇ ਟੈਕਸੀ ਵਿਚ ਬੈਠੇ ਦੋ ਜਣਿਆਂ ਨੇ ਲਖਵੀਰ ਸਿੰਘ ਨੂੰ ਜਾਨੋ ਮਾਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਲਖਵੀਰ ਸਿੰਘ ਆਪਣੀ ਜਾਨ ਬਚਾਉਣ ਲਈ ਲੋਕਾਂ ਦੇ ਦਰਵਾਜ਼ੇ ਖੜਕਾਉਂਦਾ ਰਿਹਾ ਪਰ ਕੋਈ ਮਦਦ ਵਾਸਤੇ ਨਾ ਆਇਆ ਅਤੇ ਆਖਰਕਾਰ ਹਮਲਾਵਰ ਉਸ ਨੂੰ ਲਹੂ-ਲੁਹਾਣ ਹਾਲਤ ਵਿਚ ਛੱਡ ਕੇ ਚਲੇ ਗਏ। 23 ਸਾਲ ਤੋਂ ਆਇਰਲੈਂਡ ਵਿਚ ਰਹਿ ਰਹੇ ਲਖਵੀਰ ਸਿੰਘ ਨੇ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ 20-21 ਸਾਲ ਦੇ ਦੋ ਨੌਜਵਾਨ ਉਸ ਦੀ ਟੈਕਸੀ ਵਿਚ ਬੈਠੇ ਅਤੇ ਪੌਪਿਨਟ੍ਰੀ ਇਲਾਕੇ ਵੱਲ ਚੱਲਣ ਲਈ ਆਖਿਆ।***




ਮੰਜ਼ਿਲ ਤੇ ਪੁੱਜਣ ਮਗਰੋਂ ਦੋਵੇਂ ਜਣੇ ਟੈਕਸੀ ਵਿਚੋਂ ਉਤਰੇ ਅਤੇ ਡਰਾਈਵਰ ਸੀਟ ਵਾਲਾ ਦਰਵਾਜ਼ਾ ਖੋਲ੍ਹ ਕੇ ਲਖਵੀਰ ਸਿੰਘ ਨੂੰ ਬਾਹਰ ਖਿੱਚ ਲਿਆ। ਇਸੇ ਦੌਰਾਨ ਇਕ ਹਮਲਾਵਰ ਨੇ ਬੋਤਲ ਨਾਲ ਲਖਵੀਰ ਸਿੰਘ ਦੇ ਸਿਰ ਤੇ ਵਾਰ ਕਰ ਦਿਤਾ। ਦੋਵੇਂ ਜਣੇ ਲਖਵੀਰ ਸਿੰਘ ਨੂੰ ਆਪਣੇ ਮੁਲਕ ਵਾਪਸ ਜਾਣ ਵਾਸਤੇ ਆਖ ਰਹੇ ਸਨ ਅਤੇ ਇਹੋ ਸ਼ਬਦ ਦੁਹਰਾਉਂਦੇ ਹੋਏ ਮੌਕੇ ਤੋਂ ਫ਼ਰਾਰ ਹੋ ਗਏ। ਬੁਰੀ ਤਰ੍ਹਾਂ ਜ਼ਖਮੀ ਲਖਵੀਰ ਸਿੰਘ ਨੇ ਕਿਸੇ ਤਰੀਕੇ 999 ਤੇ ਕਾਲ ਕੀਤੀ ਅਤੇ ਕੁਝ ਦੇਰ ਬਾਅਦ ਪੈਰਮੈਡਿਕਸ ਮੌਕੇ ਤੇ ਪੁੱਜ ਗਏ। ਦੋ ਬੱਚਿਆਂ ਦੇ ਪਿਤਾ ਲਖਵੀਰ ਸਿੰਘ ਨੂੰ ਬਿਊਮੌਂਟ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ ਪਰਵਾਰਕ ਮੈਂਬਰ ਵੀ ਉਥੇ ਪੁੱਜ ਗਏ। ਆਇਰਲੈਂਡ ਪੁਲਿਸ ਵੱਲੋਂ ਡਬਲਿਨ ਦੇ ਪੌਪਿਨਟ੍ਰੀ ਇਲਾਕੇ ਵਿਚ ਵਾਪਰੀ ਵਾਰਦਾਤ ਦੀ ਪੜਤਾਲ ਕੀਤੀ ਜਾ ਰਹੀ ਹੈ।

# ਪੰਜਾਬ ਵਿੱਚ ਵਿਦੇਸ਼ ਜਾਣ ਦਾ ਰੁਝਾਨ ਠੰਢਾ ਪਿਆ

**ਨਿਊਜ਼ ਵਿਸ਼ਲੇਸ਼ਣ**

## ✪ ਪਾਸਪੋਰਟ ਅਰਜ਼ੀਆਂ ਵਿਚ ਗਿਰਾਵਟ, ਨੌਜਵਾਨਾਂ ਦੀ 'ਵਤਨ ਵਾਪਸੀ'

ਪੰਜਾਬ ਦੀ ਧਰਤੀ, ਜਿਥੇ ਕਦੇ ਵਿਦੇਸ਼ ਜਾਣ ਦਾ ਚਾਅ ਸੱਤਵੇਂ ਅਸਮਾਨ 'ਤੇ ਸੀ, ਹੁਣ ਉਸ ਦੀ ਹਵਾ ਨਿਕਲਦੀ ਜਾਪਦੀ ਹੈ। ਕੈਨੇਡਾ, ਆਸਟ੍ਰੇਲੀਆ, ਅਮਰੀਕਾ ਤੇ ਇੰਗਲੈਂਡ ਵਰਗੇ ਮੁਲਕਾਂ ਦੇ ਸੁਪਨੇ ਸਜਾਉਣ ਵਾਲੇ ਪੰਜਾਬੀ ਨੌਜਵਾਨ, ਜਿਹੜੇ ਪਾਸਪੋਰਟ ਦਫਤਰਾਂ ਦੇ ਬੂਹਿਆਂ 'ਤੇ ਲੰਬੀਆਂ ਕਤਾਰਾਂ ਲਾਉਂਦੇ ਸਨ, ਹੁਣ ਉਹ ਸਵੈ ਰੁਜ਼ਗਾਰ ਜਾ ਪ੍ਰਾਈਵੇਟ ਜਾਬਾਂ ਵਲ ਇਪਣੇ ਵਤਨ ਵਿਚ ਧਿਆਨ ਦੇਣ ਲਗੇ ਹਨ। ਵਿਦੇਸ਼ ਮੰਤਰਾਲੇ ਦੇ ਅੰਕੜੇ ਗਵਾਹੀ ਭਰਦੇ ਨੇ ਕਿ ਜਨਵਰੀ ਤੋਂ ਜੂਨ 2025 ਦੌਰਾਨ ਪੰਜਾਬ ਵਿਚ ਰੋਜ਼ਾਨਾ ਸਿਰਫ 1,978 ਪਾਸਪੋਰਟ ਅਰਜ਼ੀਆਂ ਆਈਆਂ, ਜਦੋਂ ਕਿ ਪਿਛਲੇ ਸਾਲ 2024 ਵਿਚ ਇਹ ਅੰਕੜਾ 2,906 ਸੀ। ਇਹ ਗਿਰਾਵਟ ਸਿਰਫ ਅੰਕੜਿਆਂ ਦੀ ਨਹੀਂ, ਸਗੋਂ ਪੰਜਾਬੀ ਨੌਜਵਾਨਾਂ ਦੇ ਸੁਪਨਿਆਂ 'ਵਿਚ ਆਈ ਤਬਦੀਲੀ ਦੀ ਦਾਸਤਾਨ ਵੀ ਸੁਣਾਉਂਦੀ ਹੈ।

ਵਿਦੇਸ਼ ਜਾਣ ਦਾ ਕ੍ਰੇਜ਼ ਕਿਉਂ ਠੰਢਾ ਪਿਆ ?-ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਵਰਗੇ ਮੁਲਕਾਂ ਨੇ ਵੀਜ਼ਾ ਨਿਯਮ ਸਖਤ ਕਰ ਦਿੱਤੇ ਨੇ। ਵੀਜ਼ਾ ਪ੍ਰਕਿਰਿਆ ਜਟਿਲ ਹੋ ਗਈ, ਅਤੇ ਸਥਾਈ ਨਿਵਾਸ ਜਾਂ ਵਰਕ ਪਰਮਿਟ ਲਈ ਨਵੇਂ ਮਾਪਦੰਡ ਲਾਗੂ ਹੋਏ ਹਨ। ਇਸ ਨਾਲ ਨੌਜਵਾਨਾਂ ਦੇ ਸੁਪਨਿਆਂ 'ਤੇ ਜਿਵੇਂ ਪੱਕਾ ਬਰੇਕ ਲੱਗ ਗਿਆ ਹੈ। ਇਸ ਦੇ ਨਾਲ ਹੀ, ਵਿਦੇਸ਼ਾਂ ਵਿਚ ਮਹਿੰਗਾਈ ਤੇ ਬੇਰੁਜ਼ਗਾਰੀ ਦੀ ਮਾਰ ਨੇ ਵੀ ਪੰਜਾਬੀਆਂ ਦੇ ਚਾਅ ਨੂੰ ਠੰਢਾ ਕਰ ਦਿੱਤਾ ਹੈ। ਕੈਨੇਡਾ ਵਿਚ ਜਿਥੇ ਕਦੇ ਨੌਕਰੀਆਂ ਦੀ ਭਰਮਾਰ ਸੀ, ਹੁਣ ਮਹੀਨਿਆਂ ਬੱਧੀ ਨੌਕਰੀ ਨਾ ਮਿਲਣ ਕਾਰਨ ਨੌਜਵਾਨ ਤਣਾਅ ਵਿਚ ਨੇ। ਕਈਆਂ ਨੂੰ ਤਾਂ ਡਿਪਰੈਸ਼ਨ ਦੀ ਬਿਮਾਰੀ ਨੇ ਘੇਰ ਲਿਆ ਸੀ। ਕਈ ਆਤਮ ਹੱਤਿਆਵਾਂ ਕਰ ਚੁਕੇ ਹਨ।ਅਜਿਹੀਆਂ ਸਥਿਤੀਆਂ ਨੇ ਪੰਜਾਬੀ ਨੌਜਵਾਨਾਂ ਨੂੰ ਮੁੜ ਵਤਨ ਵੱਲ ਨਜ਼ਰ ਮਾਰਨ ਲਈ ਮਜਬੂਰ ਕੀਤਾ ਹੈ।

ਰਜਗਾਰ ਦੇ ਹਿੱਤ ਵਿਚ ਕੀ ਕਰ ਰਹੀ ਹੈ ਪੰਜਾਬ ਸਰਕਾਰ-ਪੰਜਾਬ ਸਰਕਾਰ ਇਸ ਗਿਰਾਵਟ ਨੂੰ ਆਪਣੀ ਜਿੱਤ ਦੱਸ ਰਹੀ ਹੈ। 'ਆਪ' ਸਰਕਾਰ ਦਾ ਕਹਿਣਾ ਹੈ ਕਿ ਉਸ ਦੀਆਂ ਨੀਤੀਆਂ ਨੇ ਨੌਜਵਾਨਾਂ ਨੂੰ ਸੂਬੇ ਵਿਚ ਰੁਕਣ ਲਈ ਪ੍ਰੇਰਿਤ ਕੀਤਾ ਹੈ। 2022 ਦੀਆਂ ਚੋਣਾਂ ਵਿਚ 'ਵਤਨ ਵਾਪਸੀ' ਦਾ ਨਾਅਰਾ ਦੇਣ ਵਾਲੀ ਸਰਕਾਰ ਦਾ ਦਾਅਵਾ ਹੈ ਕਿ ਸਥਾਨਕ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀਆਂ ਕੋਸ਼ਿਸ਼ਾਂ ਨੇ ਨੌਜਵਾਨਾਂ ਦਾ ਰੁਝਾਨ ਬਦਲਿਆ। ਪਰ ਸਿਆਸੀ ਤੇ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੱਚਾਈ ਨਹੀਂ ਹੈ।ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਵਿਚ ਜਾਬਾਂ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਨੂੰ ਦਿੱਤੀਆਂ ਗਈਆਂ ਹਨ। ਇਹ ਪੰਜਾਬ ਨੂੰ ਡੈਮੋਗਰਾਫੀ ਬਦਲਣ ਦਾ ਯਤਨ ਹੈ।

ਕਿੰਨੇ ਨੌਜਵਾਨ ਵਾਪਸ ਆਏ ?-ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ ਵਧ ਰਹੀ ਹੈ। ਸਹੀ ਅੰਕੜੇ ਤਾਂ ਸਰਕਾਰੀ ਪੱਧਰ 'ਤੇ ਉਪਲਬਧ ਨਹੀਂ, ਪਰ ਜਲੰਧਰ ਦੇ ਪਾਸਪੋਰਟ ਦਫਤਰ ਦੇ ਅਧਿਕਾਰੀਆਂ ਅਨੁਸਾਰ, ਪਿਛਲੇ ਇਕ ਸਾਲ ਵਿਚ ਵਾਪਸ ਆਏ ਨੌਜਵਾਨਾਂ ਦੀ ਗਿਣਤੀ ਵਿਚ 20-25% ਵਾਧਾ ਹੋਇਆ। ਕਈ ਨੌਜਵਾਨਾਂ ਨੇ ਦੱਸਿਆ ਕਿ ਵਿਦੇਸ਼ ਵਿਚ ਜੀਵਨ ਦੀ ਮਹਿੰਗਾਈ ਅਤੇ ਨੌਕਰੀ ਦੀ ਅਨਿਸ਼ਚਿਤਤਾ ਨੇ ਉਨ੍ਹਾਂ ਨੂੰ ਵਤਨ ਵਾਪਸੀ ਦਾ ਰਾਹ ਚੁਣਨ ਲਈ ਮਜਬੂਰ ਕੀਤਾ ਹੈ।



### ਪੰਜਾਬੀ ਨੌਜਵਾਨਾਂ ਦੇ ਵਿਦੇਸ਼ਾਂ ਵਲ ਰੁਝਾਨ ਦੀ ਅਸਲ ਸਥਿਤੀ ਕੀ ਹੈ ?

ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਭਾਵੇਂ ਕੁਝ ਘਟਿਆ ਹੈ, ਪਰ ਅਜੇ ਵੀ ਕੁਝ ਮੁਲਕ ਉਨ੍ਹਾਂ ਦੀ ਪਹਿਲੀ ਪਸੰਦ ਹਨ। ਸਭ ਤੋਂ ਵੱਧ ਰੁਝਾਨ ਕੈਨੇਡਾ ਵੱਲ ਹੈ, ਕਿਉਂਕਿ ਉੱਥੇ ਪੰਜਾਬੀ ਡਾਇਸਪੋਰਾ ਵੱਡਾ ਹੈ, ਸਟੱਡੀ ਵੀਜ਼ਾ ਮਿਲਣਾ ਅਸਾਨ ਰਿਹਾ ਹੈ (ਹਾਲਾਂਕਿ ਹੁਣ ਨਿਯਮ ਸਖ਼ਤ ਹੋਏ ਨੇ), ਅਤੇ ਪੀਆਰ (ਸਥਾਈ ਨਿਵਾਸ) ਦੀ ਸੰਭਾਵਨਾ ਵੀ ਜ਼ਿਆਦਾ ਹੈ। ਆਸਟ੍ਰੇਲੀਆ ਦੂਜੇ ਨੰਬਰ 'ਤੇ ਹੈ, ਜਿੱਥੇ ਸੁਰੱਖਿਅਤ ਜੀਵਨ, ਵਧੀਆ ਰੁਜ਼ਗਾਰ ਮੌਕੇ ਅਤੇ ਸਿੱਖਿਆ ਦੇ ਮਿਆਰ ਨੇ ਨੌਜਵਾਨਾਂ ਨੂੰ ਖਿੱਚਿਆ। ਯੂਕੇ (ਇੰਗਲੈਂਡ) ਵੀ ਪਸੰਦੀਦਾ ਹੈ, ਖਾਸ ਕਰਕੇ ਸਿੱਖਿਆ ਅਤੇ ਨੌਕਰੀਆਂ ਦੇ ਮੌਕਿਆਂ ਕਰਕੇ। ਅਮਰੀਕਾ ਵੱਲ ਵੀ ਰੁਝਾਨ ਹੈ, ਪਰ ਸਖ਼ਤ ਵੀਜ਼ਾ ਨਿਯਮਾਂ ਕਾਰਨ ਇਹ ਘੱਟ ਪ੍ਰਭਾਵੀ ਹੈ।

ਹਾਲ ਦੀ ਘੜੀ ਵਿੱਚ ਦੁਬਈ ਅਤੇ ਹੋਰ ਖਾੜੀ ਮੁਲਕ (ਸਾਊਦੀ ਅਰਬ, ਕਤਰ) ਵੀ ਨੌਜਵਾਨਾਂ ਨੂੰ ਖਿੱਚ ਰਹੇ ਨੇ, ਖਾਸ ਕਰਕੇ ਉਹ ਜਿਹੜੇ ਉੱਚ ਸਿੱਖਿਆ ਦੀ ਬਜਾਏ ਤੁਰੰਤ ਨੌਕਰੀਆਂ ਚਾਹੁੰਦੇ ਨੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ 2021-23 ਦੀ ਸਟੱਡੀ ਮੁਤਾਬਕ, 42% ਪੰਜਾਬੀ ਮਾਈਗ੍ਰੈਂਟਸ ਨੇ ਕੈਨੇਡਾ, 16% ਨੇ ਦੁਬਈ, ਅਤੇ 10% ਨੇ ਆਸਟ੍ਰੇਲੀਆ ਨੂੰ ਚੁਣਿਆ ਹੈ। ਪਰ, ਸਖ਼ਤ ਵੀਜ਼ਾ ਨਿਯਮਾਂ, ਮਹਿੰਗਾਈ, ਅਤੇ ਵਿਦੇਸ਼ਾਂ ਵਿੱਚ ਬੇਰੁਜ਼ਗਾਰੀ ਕਾਰਨ ਨੌਜਵਾਨ ਹੁਣ ਸਥਾਨਕ ਮੌਕਿਆਂ ਵੱਲ ਵੀ ਨਜ਼ਰ ਮਾਰ ਰਹੇ ਨੇ।

ਪੰਜਾਬ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ-ਪੰਜਾਬ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਦੀ ਗੱਲ ਕਰੀਏ ਤਾਂ ਸਥਿਤੀ ਅਜੇ ਵੀ ਪੂਰੀ ਤਰ੍ਹਾਂ ਸੁਖਾਵੀਂ ਨਹੀਂ। ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ, ਖੇਤੀ ਸੰਕਟ ਵਿਚ ਹੈ। ਪੰਜਾਬ ਦੀ ਭੂਗੋਲਿਕ ਸਥਿਤੀ, ਜੋ ਬੰਦਰਗਾਹਾਂ ਤੋਂ ਦੂਰ ਅਤੇ ਸਰਹੱਦੀ ਖੇਤਰ ਵਿਚ ਹੈ, ਨੇ ਵਪਾਰਕ ਵਿਕਾਸ ਨੂੰ ਸੀਮਤ ਕੀਤਾ। ਪੰਜਾਬ ਸਰਕਾਰ ਨੇ ਵਪਾਰ ਲਈ ਵਾਘਾ ਤੇ ਹੁਸੈਨੀਵਾਲਾ ਬਾਰਡਰ ਖੁਲਵਾਉਣ ਦਾ ਯਤਨ ਨਹੀਂ ਕੀਤਾ।

ਪੰਜਾਬ ਸਰਕਾਰ ਦਾ ਦਾਅਵਾ ਹੈ ਕੀ ਸਵੈ-ਰੁਜ਼ਗਾਰ ਅਤੇ ਉਦਯੋਗਿਕ ਵਿਕਾਸ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਵੇਂ ਮੁਦਰਾ ਯੋਜਨਾ, ਸਟਾਰਟਅਪ ਪੰਜਾਬ, ਅਤੇ ਪੰਜਾਬ ਘਰ-ਘਰ ਰੁਜ਼ਗਾਰ ਮਿਸ਼ਨ। ਇਹ ਸਕੀਮਾਂ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਲਿਆਂਦੀਆਂ ਗਈਆਂ ਸਨ। ਪਰ, ਆਰਥਿਕ ਮਾਹਿਰਾਂ ਅਨੁਸਾਰ ਇਹਨਾਂ ਦਾ ਲਾਭ ਸੀਮਤ ਹੋਇਆ ਹੈ।

ਸਰਕਾਰੀ ਰਿਪੋਟਾਂ ਅਨੁਸਾਰ ਮੁਦਰਾ ਯੋਜਨਾ ਅਧੀਨ ਛੋਟੇ ਕਾਰੋਬਾਰੀਆਂ ਨੂੰ ਸਸਤੇ ਕਰਜ਼ੇ ਮਿਲੇ ਸਨ, ਜਿਸ ਨਾਲ ਕਈ ਨੌਜਵਾਨਾਂ ਨੇ ਆਪਣੇ ਕਾਰੋਬਾਰ ਸ਼ੁਰੂ ਕੀਤੇ ਸਨ। ਪੰਜਾਬ ਘਰ-ਘਰ ਰੁਜ਼ਗਾਰ ਮਿਸ਼ਨ ਨੇ ਰੁਜ਼ਗਾਰ ਮੇਲਿਆਂ ਰਾਹੀਂ ਨੌਕਰੀਆਂ ਅਤੇ ਸਵੈ-ਰੁਜ਼ਗਾਰ ਦੇ ਮੌਕੇ ਦਿੱਤੇ ਸਨ। ਅੰਕੜਿਆਂ ਮੁਤਾਬਕ, 2019 ਵਿੱਚ ਸਰਕਾਰ ਨੇ ਪ੍ਰਾਈਵੇਟ ਸੈਕਟਰ ਵਿੱਚ 2.10 ਲੱਖ ਨੌਕਰੀਆਂ ਅਤੇ 1 ਲੱਖ ਨੌਜਵਾਨਾਂ ਲਈ ਸਵੈ-ਰੁਜ਼ਗਾਰ ਕਰਜ਼ੇ ਦੀ ਪੇਸ਼ਕਸ਼ ਕੀਤੀ ਸੀ। ਸਟਾਰਟਅਪ ਪੰਜਾਬ ਨੇ ਨਵੇਂ ਉੱਦਮੀਆਂ ਨੂੰ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ, ਜਿਵੇਂ ਸਬਸਿਡੀ ਅਤੇ ਸਿਖਲਾਈ।

ਪਰ, ਇਹਨਾਂ ਸਕੀਮਾਂ ਦਾ ਅਸਰ ਸੀਮਤ ਰਿਹਾ। ਪੰਜਾਬ ਦੀ ਖੇਤੀ ਪ੍ਰਧਾਨ ਅਰਥਵਿਵਸਥਾ ਅਤੇ ਸਰਹੱਦੀ ਖੇਤਰ ਹੋਣ ਕਾਰਨ ਵਪਾਰਕ ਵਿਕਾਸ ਵਿੱਚ ਰੁਕਾਵਟਾਂ ਆਈਆਂ। ਬਹੁਤ ਸਾਰੇ ਨੌਜਵਾਨਾਂ ਨੂੰ ਸਕੀਮਾਂ ਦੀ ਪੂਰੀ ਜਾਣਕਾਰੀ ਨਹੀਂ ਮਿਲੀ, ਅਤੇ ਜਿਹੜੇ ਅਰਜ਼ੀਆਂ ਦਿੰਦੇ, ਉਹਨਾਂ ਨੂੰ ਕਰਜ਼ੇ ਜਾਂ ਸਹੂਲਤਾਂ ਮਿਲਣ ਵਿੱਚ ਦੇਰੀ ਹੋਈ ਹੈ। ਨੌਜਵਾਨ ਸਰਕਾਰੀ ਯੋਜਨਾਵਾਂ ਤੋਂ ਸੰਤੁਸ਼ਟ ਨਹੀਂ ।

ਨੌਜਵਾਨਾਂ ਨੂੰ ਕੀ ਕਰਨਾ ਚਾਹੀਦਾ ?-ਪੰਜਾਬੀ ਨੌਜਵਾਨਾਂ ਲਈ ਹੁਣ ਵਕਤ ਹੈ ਕਿ ਉਹ ਵਿਦੇਸ਼ ਦੇ ਸੁਪਨਿਆਂ ਨੂੰ ਛੱਡ ਕੇ ਆਪਣੀ ਧਰਤੀ 'ਤੇ ਨਵੇਂ ਸਿਰੇ ਨਾਲ ਸੋਚਣ। ਸਵੈ-ਰੁਜ਼ਗਾਰ ਦੇ ਮੌਕੇ ਪੰਜਾਬ ਵਿਚ ਬਹੁਤ ਨੇ, ਬਸ਼ਰਤੇ ਸਹੀ ਦਿਸ਼ਾ ਵਿਚ ਕਦਮ ਵਧਾਏ ਜਾਣ। ਮਾਹਿਰ ਸੁਝਾਅ ਦਿੰਦੇ ਨੇ ਕਿ ਨੌਜਵਾਨਾਂ ਨੂੰ ਅਜਿਹੇ ਕਾਰੋਬਾਰਾਂ 'ਤੇ ਧਿਆਨ ਦੇਣਾ ਚਾਹੀਦਾ, ਜਿਹੜੇ ਸਥਾਨਕ ਮੰਗ ਨੂੰ ਪੂਰਾ ਕਰਨ :

ਖੇਤੀ-ਆਧਾਰਿਤ ਸਟਾਰਟਅਪ: ਜੈਵਿਕ ਖੇਤੀ, ਮਸ਼ਰੂਮ ਦੀ ਖੇਤੀ, ਅਤੇ ਫੁੱਲਾਂ ਦੀ ਖੇਤੀ ਵਰਗੇ ਖੇਤਰਾਂ ਵਿਚ ਮੌਕੇ ਨੇ। ਪੰਜਾਬ ਦੀ ਮਿੱਟੀ ਅਜੇ ਵੀ ਸੋਨਾ ਉਗਲ ਸਕਦੀ ਹੈ, ਜੇ ਸਹੀ ਤਕਨੀਕ ਅਤੇ ਮਾਰਕੀਟਿੰਗ ਦੀ ਵਰਤੋਂ ਕੀਤੀ ਜਾਵੇ।

ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ: ਆਨਲਾਈਨ ਵਪਾਰ ਦਾ ਜ਼ਮਾਨਾ ਹੈ। ਸਥਾਨਕ ਉਤਪਾਦਾਂ ਨੂੰ ਆਨਲਾਈਨ ਵੇਚਣ ਦੇ ਪਲੇਟਫਾਰਮ ਸ਼ੁਰੂ ਕਰਕੇ ਨੌਜਵਾਨ ਚੰਗੀ ਕਮਾਈ ਕਰ ਸਕਦੇ ਨੇ।

ਸਕਿੱਲ-ਆਧਾਰਿਤ ਕਾਰੋਬਾਰ: ਮੋਬਾਈਲ ਰਿਪੇਅਰ, ਗਰਾਫਿਕ ਡਿਜ਼ਾਈਨ, ਅਤੇ ਵੈਬ ਡਿਵੈਲਪਮੈਂਟ ਵਰਗੇ ਹੁਨਰ ਸਿੱਖ ਕੇ ਸਵੈ-ਰੁਜ਼ਗਾਰ ਦਾ ਰਾਹ ਚੁਣਿਆ ਜਾ ਸਕਦਾ ਹੈ।

ਫੂਡ ਅਤੇ ਹੋਸਪਿਟੈਲਿਟੀ: ਫੂਡ ਵੈਨ, ਕੈਫੇ, ਜਾਂ ਸਥਾਨਕ ਪੰਜਾਬੀ ਖਾਣਿਆਂ ਦੀ ਡਿਲੀਵਰੀ ਸ਼ੁਰੂ ਕਰਕੇ ਵੀ ਮੌਕੇ ਪੈਦਾ ਕੀਤੇ ਜਾ ਸਕਦੇ ਨੇ।

ਸਰਕਾਰੀ ਸਕੀਮਾਂ ਜਿਵੇਂ ਮੁਦਰਾ ਲੋਨ, ਸਟੈਂਡ-ਅਪ ਇੰਡੀਆ, ਅਤੇ ਪੰਜਾਬ ਸਰਕਾਰ ਦੀਆਂ ਸਟਾਰਟਅਪ ਸਕੀਮਾਂ ਦਾ ਲਾਭ ਲੈ ਕੇ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹ ਸਕਦੇ ਨੇ।

ਪ੍ਰਵਾਸ ਦਾ ਡੈਮੋਗਰਾਫੀ 'ਤੇ ਅਸਰ-ਪੰਜਾਬੀਆਂ ਦੇ ਵਿਦੇਸ਼ ਜਾਣ ਦੀ ਹੋੜ ਨੇ ਸੂਬੇ ਦੀ ਡੈਮੋਗਰਾਫੀ 'ਤੇ ਡੂੰਘਾ ਅਸਰ ਪਾਇਆ। 2014 ਤੋਂ 2025 ਤੱਕ, 95.41 ਲੱਖ ਪਾਸਪੋਰਟ ਬਣੇ, ਜਿਸ ਦਾ ਮਤਲਬ ਹੈ ਕਿ ਹਰ ਤੀਜਾ ਪੰਜਾਬੀ ਵਿਦੇਸ਼ ਜਾਣ ਦੀ ਤਿਆਰੀ ਵਿਚ ਸੀ। ਇਸ ਨਾਲ ਪਿੰਡਾਂ ਵਿਚ ਮਜ਼ਬੂਤ ਮਰਦ ਜਨਸੰਖਿਆ ਘਟੀ ਹੈ, ਅਤੇ ਬਜ਼ੁਰਗਾਂ ਤੇ ਔਰਤਾਂ ਦੀ ਗਿਣਤੀ ਵਧੀ ਹੈ। ਪ੍ਰਵਾਸੀ ਮਜ਼ਦੂਰਾਂ ਦਾ ਵਾਸਾ ਹੋਇਆ ਹੈ।

ਖੇਤੀ ਸੰਕਟ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਵਿਦੇਸ਼ ਵੱਲ ਧੱਕਿਆ ਹੈ, ਜਿਸ ਨਾਲ ਪਿੰਡਾਂ ਵਿਚ ਡੈਮੋਗਰਾਫੀ ਬਦਲ ਰਹੀ ਹੈ। ਪਰ ਹੁਣ, ਵਾਪਸ ਆਉਣ ਵਾਲੇ ਨੌਜਵਾਨਾਂ ਨੇ ਸਥਾਨਕ ਅਰਥਚਾਰੇ ਨੂੰ ਮੁੜ ਜਗਾਉਣ ਦੀ ਆਸ ਪੈਦਾ ਕੀਤੀ ਹੈ। ਪਰ ਸਰਕਾਰ ਨੇ ਇਸ ਬਾਰੇ ਠੋਸ ਉਪਰਾਲੇ ਨਹੀਂ ਕੀਤੇ।

# ਖਾਲਿਸਤਾਨ ਵਿਰੋਧੀ ਸੁੱਖੀ ਚਾਹਿਲ ਦੀ ਕੈਲੀਫੋਰਨੀਆ ਵਿਚ ਸ਼ੱਕੀ ਹਾਲਾਤਾਂ ਵਿਚ ਮੌਤ, ਸਾਜ਼ਿਸ਼ ਦੇ ਦੋਸ਼

## ✪ ਵਾਸ਼ਿੰਗਟਨ ਵਿਚ 17 ਅਗਸਤ ਨੂੰ ਰੈਫਰੈਂਡਮ ਵੋਟਿੰਗ, ਦਾ ਕਰ ਰਿਹਾ ਸੀ ਵਿਰੋਧ ✪ ਅਮਰੀਕੀ ਮੀਡੀਆ ਵਿਚ ਸੁੱਖੀ ਚਾਹਲ ਦੀ ਮੌਤ ਦੀ ਚਰਚਾ ✪ ਪੁਲਿਸ ਜਾਂਚ ਸ਼ੁਰੂ, ਐਫ.ਬੀ.ਆਈ. ਵੀ ਕਰ ਸਕਦੀ ਏ ਜਾਂਚ

ਕੈਲੀਫੋਰਨੀਆ, ਅਮਰੀਕਾ ਦੀ ਧਰਤੀ 'ਤੇ ਵਸਦੇ ਭਾਰਤੀ-ਅਮਰੀਕੀ ਕਾਰੋਬਾਰੀ ਅਤੇ ਸਿੱਖ ਐਕਟਿਵਿਸਟ ਸੁੱਖੀ ਚਾਹਲ ਦੀ ਸ਼ੱਕੀ ਹਾਲਾਤਾਂ ਵਿਚ ਮੌਤ ਨੇ ਸਾਰੇ ਸਿੱਖ ਭਾਈਚਾਰੇ ਨੂੰ ਹੈਰਾਨ-ਪਰੇਸ਼ਾਨ ਕਰ ਦਿੱਤਾ ਹੈ। ਸੁੱਖੀ ਚਾਹਲ, ਜੋ ਖਾਲਿਸਤਾਨੀ ਵਿਚਾਰਧਾਰਾ ਦੇ ਕੱਟੜ ਵਿਰੋਧੀ ਸਨ, ਦੀ ਮੌਤ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਮੌਤ ਉਸ ਸਮੇਂ ਹੋਈ ਜਦੋਂ 17 ਅਗਸਤ 2025 ਨੂੰ ਵਾਸ਼ਿੰਗਟਨ ਡੀ. ਸੀ. ਵਿਚ ਖਾਲਿਸਤਾਨ ਸਮਰਥਕਾਂ ਵੱਲੋਂ ਕਰਵਾਏ ਜਾ ਰਹੇ ਰੈਫਰੈਂਡਮ ਦਾ ਸੁੱਖੀ ਚਾਹਲ ਪੂਰੀ ਤਰ੍ਹਾਂ ਵਿਰੋਧ ਕਰ ਰਹੇ ਸਨ। ਉਨ੍ਹਾਂ ਨੂੰ ਲਗਾਤਾਰ ਖਾਲਿਸਤਾਨੀ ਸਮਰਥਕਾਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ, ਪਰ ਉਹ ਆਪਣੀ ਗੱਲ 'ਤੇ ਅੜੇ ਰਹੇ।

ਸੁੱਖੀ ਚਾਹਲ ਦੀ ਮੌਤ 31 ਜੁਲਾਈ 2025 ਨੂੰ ਅਮਰੀਕੀ ਸ਼ਹਿਰ ਕੈਲੀਫੋਰਨੀਆ ਵਿਚ ਹੋਈ ਸੀ। ਉਨ੍ਹਾਂ ਦੇ ਨਜ਼ਦੀਕੀ ਦੋਸਤ ਜਸਪਾਲ ਸਿੰਘ ਨੇ ਦੱਸਿਆ ਕਿ ਸੁੱਖੀ ਨੂੰ ਇੱਕ ਜਾਣਕਾਰ ਨੇ ਆਪਣੇ ਘਰ ਰਾਤ ਦੇ ਖਾਣੇ 'ਤੇ ਸੱਦਿਆ ਸੀ। ਖਾਣਾ ਖਾਣ ਤੋਂ ਥੋੜ੍ਹੀ ਦੇਰ ਬਾਅਦ ਹੀ ਸੁੱਖੀ ਦੀ ਸਿਹਤ ਅਚਾਨਕ ਵਿਗੜ ਗਈ ਅਤੇ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ।

ਜਸਪਾਲ ਸਿੰਘ ਮੁਤਾਬਕ, ਸੁੱਖੀ ਚਾਹਲ ਪੂਰੀ ਤਰ੍ਹਾਂ ਸਿਹਤਮੰਦ ਸਨ ਅਤੇ ਕੋਈ ਪੁਰਾਣੀ ਬਿਮਾਰੀ ਨਹੀਂ ਸੀ। ਇਸ ਅਚਾਨਕ ਮੌਤ ਨੇ ਸਭ ਨੂੰ ਸੋਚ ਵਿਚ ਪਾ ਦਿੱਤਾ ਕਿ ਇਹ ਕੁਦਰਤੀ ਮੌਤ ਸੀ ਜਾਂ ਕੋਈ ਸਾਜ਼ਿਸ਼? ਸੂਤਰਾਂ ਮੁਤਾਬਕ, ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਪੋਸਟਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।

ਸੁੱਖੀ ਚਾਹਲ 'ਦ ਖਾਲਸਾ ਟੂਡੇ' ਦੇ ਸੰਸਥਾਪਕ ਅਤੇ ਸੀ.ਈ.ਓ. ਸਨ। ਉਹ ਸੋਸ਼ਲ



ਮੀਡੀਆ 'ਤੇ ਕਾਫੀ ਸਰਗਰਮ ਸਨ ਅਤੇ ਖਾਲਿਸਤਾਨੀ ਵਿਚਾਰਧਾਰਾ ਦੀ ਸਖ਼ਤ ਆਲੋਚਨਾ ਕਰਦੇ ਸਨ। ਉਨ੍ਹਾਂ ਨੂੰ ਖਾਲਿਸਤਾਨ ਸਮਰਥਕਾਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਸਨ, ਪਰ ਉਹ ਬਿਨ੍ਹਾਂ ਡਰੇ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਸਨ।

ਸੁੱਖੀ ਦੇ ਨਜ਼ਦੀਕੀ ਸਾਥੀ ਬੂਟਾ ਸਿੰਘ ਕਲੇਰ ਨੇ ਕਿਹਾ, "ਸੁੱਖੀ ਨੇ ਖਾਲਿਸਤਾਨੀਆਂ ਦੀਆਂ ਧਮਕੀਆਂ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ, ਪਰ ਉਹ ਆਪਣੀ ਗੱਲ 'ਤੇ ਅੜੇ ਰਹੇ। ਉਨ੍ਹਾਂ ਦੀ ਮੌਤ ਨੇ ਸਾਡੇ ਸਾਰੇ ਭਾਈਚਾਰੇ ਨੂੰ ਝੰਜੋੜ ਦਿੱਤਾ ਹੈ।"

ਇਸ ਦੇ ਉਲਟ, ਕੁਝ ਖਾਲਿਸਤਾਨ ਜਥੇਬੰਦੀਆਂ ਨੇ ਸੁੱਖੀ ਦੀ ਮੌਤ ਨੂੰ ਭਾਰਤੀ ਏਜੰਸੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਸੁੱਖੀ ਦੀ ਮੌਤ ਵਿਚ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਹੋ ਸਕਦਾ ਹੈ, ਕਿਉਂਕਿ ਸੁੱਖੀ ਨੇ ਖਾਲਿਸਤਾਨੀ ਅੰਦੋਲਨ ਦੀ ਆਲੋਚਨਾ ਕਰਕੇ ਭਾਰਤ ਸਰਕਾਰ ਦੀਆਂ ਨੀਤੀਆਂ ਨੂੰ ਸਮਰਥਨ ਕੀਤਾ ਸੀ। ਭਾਰਤੀ ਏਜੰਸੀਆਂ ਇਸ ਕਤਲ ਦਾ ਖਾਲਿਸਤਾਨੀਆਂ ਉਪਰ ਦੋਸ਼ ਲਗਾਕੇ ਖਾਲਿਸਤਾਨ ਅੰਦੋਲਨ ਨੂੰ ਬਦਨਾਮ ਕਰਨਾ ਚਾਹੁੰਦੀਆਂ ਹਨ।

ਸੁੱਖੀ ਚਾਹਲ ਦੀ ਮੌਤ ਦੀ ਖਬਰ ਨੇ ਅਮਰੀਕੀ ਅਖਬਾਰਾਂ ਵਿਚ ਵੀ ਸੁਰਖੀਆਂ ਬਟੋਰੀਆਂ ਹਨ। 'ਸੈਨ ਫਰਾਂਸਿਸਕੋ ਕ੍ਰੋਨੀਕਲ' ਨੇ ਇਸ ਮਾਮਲੇ ਨੂੰ "ਇੱਕ ਸ਼ੱਕੀ ਅਤੇ ਰਹੱਸਮਈ ਮੌਤ" ਦੱਸਿਆ ਹੈ। ਅਖਬਾਰ ਨੇ ਸੁੱਖੀ ਦੀ ਸਿਹਤ ਨੂੰ ਪੂਰੀ ਤਰ੍ਹਾਂ ਠੀਕ ਦੱਸਦਿਆਂ ਪੁਲਿਸ ਜਾਂਚ 'ਤੇ ਜ਼ੋਰ ਦਿੱਤਾ ਹੈ।

'ਦ ਵਾਸ਼ਿੰਗਟਨ ਪੋਸਟ' ਨੇ ਵੀ ਇਸ ਮੌਤ ਨੂੰ ਖਾਲਿਸਤਾਨੀ ਅੰਦੋਲਨ ਨਾਲ ਜੋੜਦਿਆਂ ਲਿਖਿਆ, "ਚਾਹਲ ਦੀ ਮੌਤ ਅਜਿਹੇ ਸਮੇਂ ਹੋਈ ਹੈ ਜਦੋਂ ਅਮਰੀਕਾ ਵਿਚ ਖਾਲਿਸਤਾਨ ਸਮਰਥਕਾਂ ਅਤੇ ਵਿਰੋਧੀਆਂ ਵਿਚਕਾਰ ਤਣਾਅ ਵਧ ਰਿਹਾ ਹੈ।"

'ਦ ਨਿਊਯਾਰਕ ਟਾਈਮਜ਼' ਨੇ ਇਸ ਮਾਮਲੇ ਵਿਚ ਸੁੱਖੀ ਦੀ ਮੌਤ ਨੂੰ "ਅਮਰੀਕੀ ਸਿੱਖ ਭਾਈਚਾਰੇ ਵਿਚ ਵਧਦੇ ਵਿਵਾਦ ਦਾ ਨਤੀਜਾ" ਦੱਸਿਆ। ਅਖਬਾਰ ਨੇ ਸੁੱਖੀ ਦੇ ਖਾਲਿਸਤਾਨ ਵਿਰੋਧੀ ਸਟੈਂਡ ਅਤੇ ਉਨ੍ਹਾਂ ਨੂੰ ਮਿਲਦੀਆਂ ਧਮਕੀਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਹੈ।

ਸਥਾਨਕ ਪੁਲਿਸ ਨੇ ਹਾਲੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਜੇਕਰ ਮੌਤ ਵਿਚ ਕੋਈ ਅਪਰਾਧਿਕ ਪਹਿਲੂ ਸਾਹਮਣੇ ਆਉਂਦਾ ਹੈ, ਤਾਂ ਐਫ.ਬੀ.ਆਈ. ਨੂੰ ਜਾਂਚ ਵਿਚ ਸ਼ਾਮਲ ਹੋਣਾ ਪੈ ਸਕਦਾ ਹੈ।

ਸੁੱਖੀ ਚਾਹਲ ਸੋਸ਼ਲ ਮੀਡੀਆ 'ਤੇ ਕਾਫੀ ਸਰਗਰਮ ਸਨ ਅਤੇ ਅਕਸਰ ਅਮਰੀਕਾ 'ਚ ਵਸਦੇ ਭਾਰਤੀਆਂ ਨੂੰ ਕਾਨੂੰਨ ਦੀ ਪਾਲਣਾ ਕਰਨ ਦੀ ਸਲਾਹ ਦਿੰਦੇ ਸਨ। ਉਨ੍ਹਾਂ ਦੀ ਆਖਰੀ ਪੋਸਟ, ਜਿਸ ਵਿਚ ਉਨ੍ਹਾਂ ਨੇ ਅਮਰੀਕੀ ਕਾਨੂੰਨਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਸੀ, ਨੇ ਵੀ ਵਿਵਾਦ ਨੂੰ ਜਨਮ ਦਿੱਤਾ। ਉਨ੍ਹਾਂ ਨੇ ਲਿਖਿਆ ਸੀ, "ਅਮਰੀਕਾ ਕਾਨੂੰਨ ਅਤੇ ਵਿਵਸਥਾ ਦਾ ਸਮਾਜ ਹੈ। ਵਿਦੇਸ਼ੀ ਸੈਲਾਨੀਆਂ ਵੱਲੋਂ ਹਮਲੇ ਵਰਗੇ ਅਪਰਾਧ ਬਰਦਾਸ਼ਤ ਨਹੀਂ ਕੀਤੇ ਜਾਣਗੇ। ਜੇਕਰ ਤੁਸੀਂ ਅਮਰੀਕਾ 'ਚ ਕਾਨੂੰਨ ਤੋੜਦੇ ਹੋ, ਤਾਂ ਤੁਹਾਡਾ ਅਮਰੀਕੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਅਮਰੀਕਾ ਵਾਪਸ ਨਹੀਂ ਮੁੜ ਸਕਦੇ।"

ਇਸ ਪੋਸਟ ਨੂੰ ਕੁਝ ਖਾਲਿਸਤਾਨ ਸਮਰਥਕਾਂ ਨੇ ਆਪਣੇ ਵਿਰੁੱਧ ਧਮਕੀ ਵਜੋਂ ਲਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਸੁੱਖੀ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਖਾਲਿਸਤਾਨੀ ਅੰਦੋਲਨ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੇ ਸਨ। ਹਾਲਾਂਕਿ, ਸੁੱਖੀ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਪੋਸਟ ਸਿਰਫ਼ ਅਮਰੀਕੀ ਕਾਨੂੰਨਾਂ ਦੀ ਮਹੱਤਤਾ ਦੱਸਣ ਲਈ ਸੀ, ਨਾ ਕਿ ਕਿਸੇ ਵਿਸ਼ੇਸ਼ ਸਮੂਹ ਨੂੰ ਨਿਸ਼ਾਨਾ ਬਣਾਉਣ ਲਈ।

ਖਾਲਿਸਤਾਨ ਸਮਰਥਕ ਸੰਗਠਨ, ਜਿਵੇਂ ਕਿ 'ਸਿੱਖਸ ਫਾਰ ਜਸਟਿਸ', ਨੇ ਸੁੱਖੀ ਦੀ ਮੌਤ ਨੂੰ ਭਾਰਤੀ ਖੁਫੀਆ ਏਜੰਸੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। 'ਸਿੱਖਸ ਫਾਰ ਜਸਟਿਸ' ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਬਿਆਨ ਵਿਚ ਕਿਹਾ, "ਸੁੱਖੀ ਚਾਹਲ ਦੀ ਮੌਤ ਭਾਰਤੀ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਦਾ ਨਤੀਜਾ ਹੈ, ਜੋ ਸਿੱਖ ਅੰਦੋਲਨ ਨੂੰ ਦਬਾਉਣ ਲਈ ਵਰਤੀਆਂ ਜਾ ਰਹੀਆਂ ਹਨ।"

ਭਾਰਤ ਸਰਕਾਰ ਨੇ ਹਾਲੇ ਸੁੱਖੀ ਚਾਹਲ ਦੀ ਮੌਤ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਜਾਰੀ ਕੀਤਾ। ਪਰ, ਭਾਰਤੀ ਵਿਦੇਸ਼ ਮੰਤਰਾਲੇ ਦੇ ਸੂਤਰਾਂ ਮੁਤਾਬਕ, ਸਰਕਾਰ ਅਮਰੀਕੀ ਅਧਿਕਾਰੀਆਂ ਨਾਲ ਸੰਪਰਕ ਵਿਚ ਹੈ ਅਤੇ ਜਾਂਚ ਦੀ ਪ੍ਰਗਤੀ 'ਤੇ ਨਜ਼ਰ ਰੱਖ ਰਹੀ ਹੈ।

ਸੁੱਖੀ ਚਾਹਲ ਦੀ ਸ਼ੱਕੀ ਮੌਤ ਨੇ ਅਮਰੀਕੀ ਸਿੱਖ ਭਾਈਚਾਰੇ 'ਚ ਇੱਕ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਇਹ ਮੌਤ ਕੁਦਰਤੀ ਸੀ, ਜਾਂ ਇਸ ਪਿੱਛੇ ਕੋਈ ਸਾਜ਼ਿਸ਼ ਹੈ, ਇਸ ਦਾ ਜਵਾਬ ਪੋਸਟਮਾਰਟਮ ਰਿਪੋਰਟ ਅਤੇ ਪੁਲਿਸ ਜਾਂਚ ਤੋਂ ਬਾਅਦ ਹੀ ਮਿਲੇਗਾ।

# ਜ਼ੀਰਕਪੁਰ ਵਿਚ ਆਵਾਰਾ ਕੁੱਤਿਆਂ ਦਾ ਹਮਲਾ

## ✪ ਔਰਤ ਜ਼ਖਮੀ; ਇਲਾਕੇ ਵਿਚ ਸਹਿਮ ਦਾ ਮਾਹੌਲ

ਜ਼ੀਰਕਪੁਰ-ਇੱਥੋਂ ਦੇ ਪਟਿਆਲਾ ਰੋਡ 'ਤੇ ਸਥਿਤ ਏਕੇਐੱਸ-2 ਸੁਸਾਇਟੀ ਵਿਚ ਆਵਾਰਾ ਕੁੱਤਿਆਂ ਨੇ ਇੱਕ ਬਜ਼ੁਰਗ ਔਰਤ 63 ਸਾਲਾ ਸੋਮਾ ਦਾਸ 'ਤੇ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਰਾਤ ਦੌਰਾਨ ਆਟੋ ਤੋਂ ਉਤਰ ਕੇ ਆਪਣੇ ਘਰ ਵੱਲ ਜਾ ਰਹੀ ਸੀ। ਹਮਲੇ ਤੋਂ ਬਾਅਦ ਔਰਤ ਸੜਕ 'ਤੇ ਡਿੱਗ ਗਈ ਅਤੇ ਕੁੱਤਿਆਂ ਨੇ ਉਸ ਨੂੰ ਪੰਜ ਥਾਵਾਂ 'ਤੇ ਵੱਢਿਆ। ਸ਼ੁਕਰ ਹੈ ਕਿ ਇੱਕ ਪਤੀ-ਪਤਨੀ ਨੇ ਹਿੰਮਤ ਕਰਕੇ ਉਸਦੀ ਜਾਨ ਬਚਾਈ। ਜ਼ਖਮੀ ਔਰਤ ਨੂੰ ਤੁਰੰਤ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਤੋਂ ਬਾਅਦ ਉਸਨੂੰ ਛੁੱਟੀ ਦੇ ਦਿੱਤੀ ਗਈ। ਡਾਕਟਰਾਂ ਨੇ ਉਸਨੂੰ ਪੰਜ ਟੀਕੇ ਲਗਵਾਉਣ ਦੀ ਸਲਾਹ ਦਿੱਤੀ ਹੈ। ਸੁਸਾਇਟੀ ਦੇ ਵਸਨੀਕਾਂ ਨੇ ਇਸ ਘਟਨਾ ਤੋਂ ਬਾਅਦ ਡਰ ਅਤੇ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਵਾਰਾ ਕੁੱਤਿਆਂ ਦੀ ਵਧਦੀ ਗਿਣਤੀ ਕਾਰਨ ਬੱਚੇ ਅਤੇ ਬਜ਼ੁਰਗ ਖ਼ਤਰੇ ਵਿੱਚ ਹਨ। ਕੁਝ ਸਮਾਂ ਪਹਿਲਾਂ ਇਸ ਸਬੰਧੀ ਨਗਰ ਪ੍ਰੀਸ਼ਦ ਨੂੰ ਵੀ ਸ਼ਿਕਾਇਤ ਕੀਤੀ ਗਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ।



# ਖੰਨਾ ਵਿਚ ਨਸ਼ਾ ਤਸਕਰਾਂ ਨੇ ਹੌਲਦਾਰ 'ਤੇ ਗੱਡੀ ਚੜ੍ਹਾਉਣ ਦੀ ਕੀਤੀ ਕੋਸ਼ਿਸ਼, ਭੱਜ ਕੇ ਬਚਾਈ ਜਾਨ

ਖੰਨਾ-ਲੁਧਿਆਣਾ ਜ਼ਿਲ੍ਹੇ ਦੇ ਖੰਨਾ ਸ਼ਹਿਰ ਵਿੱਚ ਨਸ਼ਾ ਤਸਕਰਾਂ ਨੇ ਪੁਲਿਸ ਚੈੱਕ ਪੋਸਟ 'ਤੇ ਨਾਕਾਬੰਦੀ ਤੋੜ ਕੇ ਇੱਕ ਹੌਲਦਾਰ ਅਮਰਜੀਤ ਸਿੰਘ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਪਿੰਡ ਰਾਜੇਵਾਲ ਨੇੜੇ ਵਾਪਰੀ ਜਦੋਂ ਪੁਲਿਸ ਪਾਰਟੀ ਨੇ ਸ਼ੱਕੀ ਵਾਹਨਾਂ ਦੀ ਜਾਂਚ ਲਈ ਨਾਕਾ ਲਗਾਇਆ ਹੋਇਆ ਸੀ। ਹੌਲਦਾਰ ਨੇ ਸਮਾਂ ਰਹਿੰਦਿਆਂ ਪਾਸੇ ਹੱਟ ਕੇ ਆਪਣੀ ਜਾਨ ਬਚਾਈ। ਕਾਰ ਬੈਰੀਕੇਡ ਨਾਲ ਟਕਰਾ ਕੇ ਰੁਕ ਗਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਕ੍ਰਿਸਮੀਤ ਸਿੰਘ, ਹਰਪ੍ਰੀਤ ਸਿੰਘ ਅਤੇ ਸੁਖਵੀਰ ਸਿੰਘ ਨਾਮ ਦੇ ਤਿੰਨਾਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 20 ਗ੍ਰਾਮ ਹੈਰੋਇਨ ਵੀ ਬਰਾਮਦ ਹੋਈ। ਪੁਲਿਸ ਨੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਸਰਕਾਰੀ ਡਿਊਟੀ 'ਚ ਰੁਕਾਵਟ ਪਾਉਣ ਅਤੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਚੀਨ ਦੇ ਸਾਹਮਣੇ ਭਾਰਤ ਦੀ ਵਿਦੇਸ਼ ਨੀਤੀ ਠੁੱਸ

## ✪ ਬ੍ਰਹਮਪੁੱਤਰ ਡੈਮ ਬਾਰੇ ਮੋਦੀ ਸਰਕਾਰ ਦੀ ਖਾਮੋਸ਼ੀ ਉਪਰ ਸਵਾਲ ਉਠੇ



19 ਜੁਲਾਈ 2025 ਨੂੰ ਚੀਨ ਨੇ ਐਲਾਨ ਕੀਤਾ ਸੀ ਕਿ ਉਹ ਤਿੱਬਤ ਵਿੱਚ 'ਯਾਰਲੁੰਗ ਸਾਂਗਪੋ' ਨਦੀ 'ਤੇ ਇੱਕ ਅਜਿਹਾ ਡੈਮ ਬਣਾਉਣ ਜਾ ਰਿਹਾ ਹੈ, ਜੋ ਨਾ ਸਿਰਫ਼ ਬਿਜਲੀ ਪੈਦਾ ਕਰੇਗਾ, ਸਗੋਂ ਪੂਰੇ ਪੂਰਬ-ਉੱਤਰੀ ਭਾਰਤ ਅਤੇ ਬੰਗਲਾਦੇਸ਼ ਦੀ ਜੀਵਨ-ਰੇਖਾ ਨੂੰ ਆਪਣੀ ਮੁੱਠੀ ਵਿੱਚ ਜਕੜ ਸਕਦਾ ਹੈ। ਪਰ ਸਵਾਲ ਇਹ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਇਸ ਮਸਲੇ 'ਤੇ ਖਾਮੋਸ਼ ਕਿਉਂ ਹੈ? ਮੋਦੀ ਸਰਕਾਰ ਇਸ ਦਾ ਵਿਰੋਧ ਕਿਉਂ ਨਹੀਂ ਕਰ ਰਹੀ ਹੈ?

ਚੀਨ ਦੀ ਇਹ ਡੈਮ ਪਰਿਯੋਜਨਾ ਕੋਈ ਸਾਧਾਰਣ ਗੱਲ ਨਹੀਂ। ਇਹ 170 ਅਰਬ ਡਾਲਰ ਦੀ ਲਾਗਤ ਵਾਲਾ ਇੱਕ ਅਜਿਹਾ ਪ੍ਰੋਜੈਕਟ ਹੈ, ਜੋ ਸਾਲਾਨਾ 300 ਅਰਬ ਕਿਲੋਵਾਟ ਘੰਟੇ ਬਿਜਲੀ ਪੈਦਾ ਕਰੇਗਾ-ਚੀਨ ਦੇ ਮਸ਼ਹੂਰ 'ਥ੍ਰੀ ਗੋਰਜਸ ਡੈਮ' ਨਾਲੋਂ ਤਿੰਨ ਗੁਣਾ ਵੱਡਾ ਹੈ। ਇਹ ਡੈਮ ਬ੍ਰਹਮਪੁੱਤਰ ਨਦੀ, ਜਿਸ ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਸਿਆਂਗ ਅਤੇ ਅਸਾਮ ਵਿੱਚ ਬ੍ਰਹਮਪੁੱਤਰ ਕਿਹਾ ਜਾਂਦਾ ਹੈ, 'ਤੇ ਬਣ ਰਿਹਾ ਹੈ। ਇਹ ਨਦੀ ਕਰੋੜਾਂ ਲੋਕਾਂ ਲਈ ਜੀਵਨ-ਰੇਖਾ ਹੈ, ਜਿਸ 'ਤੇ ਅਸਾਮ ਦੇ ਖੇਤ, ਬੰਗਲਾਦੇਸ਼ ਦੀ ਖੇਤੀ ਅਤੇ ਲੋਕਾਂ ਦੀ ਰੋਜ਼ੀ-ਰੋਟੀ ਨਿਰਭਰ ਹੈ। ਪਰ ਚੀਨ ਨੇ ਇਸ ਨਦੀ ਨੂੰ ਆਪਣੀ ਮੁੱਠੀ ਵਿੱਚ ਜਕੜਨ ਦੀ ਤਿਆਰੀ ਕਰ ਲਈ ਹੈ। ਇਹ ਡੈਮ ਨਾ ਸਿਰਫ਼ ਪਾਣੀ ਦੇ ਵਹਾਅ ਨੂੰ ਕੰਟਰੋਲ ਕਰੇਗਾ, ਸਗੋਂ ਸੋਕਾ ਲਿਆਉਣ ਜਾਂ ਹੜ੍ਹ ਨਾਲ ਤਬਾਹੀ ਮਚਾਉਣ ਦੀ ਤਾਕਤ ਵੀ ਚੀਨ ਦੇ ਹੱਥ ਵਿੱਚ ਦੇਵੇਗਾ।

ਭਾਰਤ ਦੀ ਖਾਮੋਸ਼ੀ ਇਸ ਮਸਲੇ 'ਤੇ ਸਭ ਤੋਂ ਵੱਡਾ ਸਵਾਲ ਖੜ੍ਹਾ ਕਰਦੀ ਹੈ। ਜੇ ਇਹ ਡੈਮ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨੇੜੇ ਬਣ ਰਿਹਾ ਹੈ, ਜਿਸ 'ਤੇ ਚੀਨ ਆਪਣਾ ਦਾਅਵਾ ਜਤਾਉਂਦਾ ਹੈ, ਤਾਂ ਭਾਰਤ ਦੀ ਸਰਕਾਰ ਚੁੱਪ ਕਿਉਂ ਹੈ? ਕੀ ਇਹ ਗੱਲ ਸਹੀ ਨਹੀਂ ਕਿ ਚੀਨ ਦੀ ਇਸ ਚਾਲ ਨੂੰ ਵੇਖਦਿਆਂ ਭਾਰਤ ਨੂੰ ਅੰਤਰਰਾਸ਼ਟਰੀ ਮੰਚ 'ਤੇ ਇਸ ਦਾ ਸਖਤ ਵਿਰੋਧ ਕਰਨਾ ਚਾਹੀਦਾ ਸੀ? ਪਰ ਇਸ ਦੀ ਬਜਾਏ, ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਮਾਣ ਨਾਲ ਸਾਂਝੀਆਂ ਕਰ ਰਹੇ ਹਨ।

ਵਾਤਾਵਰਨ ਮਾਹਿਰ ਇਸ ਡੈਮ ਨੂੰ ਇੱਕ 'ਵਾਟਰ ਬੰਬ' ਕਹਿ ਰਹੇ ਹਨ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਇਸ ਨੂੰ 'ਸੈਨਿਕ ਖਤਰੇ ਤੋਂ ਵੀ ਵੱਡੀ ਆਫ਼ਤ' ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੀਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਜੇ ਚੀਨ ਨੇ ਪਾਣੀ ਰੋਕ ਲਿਆ, ਤਾਂ ਅਸਾਮ ਅਤੇ ਬੰਗਲਾਦੇਸ਼ ਵਿੱਚ ਸੋਕੇ ਦੀ ਸਥਿਤੀ ਪੈਦਾ ਹੋ ਸਕਦੀ ਹੈ। ਜੇ ਇੱਕੋ ਵਾਰ ਪਾਣੀ ਛੱਡ ਦਿੱਤਾ, ਤਾਂ ਹੜ੍ਹ ਨਾਲ ਸਭ ਕੁਝ ਤਬਾਹ ਹੋ ਸਕਦਾ ਹੈ। ਵਾਤਾਵਰਨ ਮਾਹਿਰ ਅਰਵਿੰਦ ਯੇਲੇਰੀ ਦਾ ਕਹਿਣਾ ਹੈ ਕਿ ਇਹ ਡੈਮ ਨਦੀ ਦੀ ਗਾਰ ਨੂੰ ਰੋਕ ਲਵੇਗਾ, ਜੋ ਅਸਾਮ ਦੀਆਂ ਜ਼ਮੀਨਾਂ ਦੀ ਉਪਜਾਊ ਸ਼ਕਤੀ ਲਈ ਜ਼ਰੂਰੀ ਹੈ। ਅਜਿਹਾ ਕਰਨ ਨਾਲ ਫਸਲਾਂ ਦੀ ਪੈਦਾਵਾਰ ਘਟੇਗੀ, ਅਤੇ ਨਦੀ ਦੇ ਜੀਵ-ਜੰਤੂਆਂ ਦੀ ਸਾਰੀ ਸੰਰਚਨਾ ਤਹਿਸ-ਨਹਿਸ ਹੋ ਜਾਵੇਗੀ।

ਅਰੁਣਾਚਲ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਸਾਫ਼-ਸਾਫ਼ ਕਿਹਾ ਕਿ ਚੀਨ ਦੀ ਇਹ ਚਾਲ 'ਜੀਵਨ ਦੀ ਆਫ਼ਤ' ਹੈ। ਉਹ ਕਹਿੰਦੇ ਹਨ ਕਿ ਚੀਨ ਨੇ ਕੋਈ ਅੰਤਰਰਾਸ਼ਟਰੀ ਪਾਣੀ ਸੰਧੀ 'ਤੇ ਦਸਤਖਤ ਨਹੀਂ ਕੀਤੇ, ਇਸ ਲਈ ਉਹ ਕਿਸੇ ਨਿਯਮ ਦੀ ਪਰਵਾਹ ਨਹੀਂ ਕਰਦਾ। ਸਾਬਕਾ ਰਾਜਦੂਤ ਅਨਿਲ ਵਾਧਵਾ ਦਾ ਸੁਝਾਅ ਹੈ ਕਿ ਭਾਰਤ ਨੂੰ ਅਰੁਣਾਚਲ ਵਿੱਚ ਆਪਣਾ ਡੈਮ ਬਣਾਉਣਾ ਚਾਹੀਦਾ ਹੈ ਅਤੇ ਸਥਾਨਕ ਲੋਕਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ, ਤਾਂ ਜੋ ਵਿਰੋਧ ਨਾ ਹੋਵੇ। ਸਾਬਕਾ ਰਾਜਦੂਤ ਅਜੈ ਬਿਸਾਰੀਆ ਦਾ ਕਹਿਣਾ ਹੈ ਕਿ ਚੀਨ ਪਾਣੀ ਨੂੰ ਹਥਿਆਰ ਵਜੋਂ ਵਰਤਣ ਦੀ ਸੋਚ ਰੱਖਦਾ ਹੈ, ਅਤੇ ਭਾਰਤ ਨੂੰ ਸਭ ਤੋਂ ਬੁਰੇ ਹਾਲਾਤ ਲਈ ਤਿਆਰ ਰਹਿਣਾ ਚਾਹੀਦਾ।

ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਮੋਦੀ ਸਰਕਾਰ ਇਸ ਮਸਲੇ 'ਤੇ ਚੁੱਪ ਕਿਉਂ ਹੈ? ਸੁਬਰਾਮਨੀਅਮ ਸਵਾਮੀ ਵਰਗੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਤਾਂ ਸਿੱਧੇ ਮੋਦੀ 'ਤੇ ਦੋਸ਼ ਲਾਉਂਦੇ ਹਨ ਕਿ ਉਹ ਚੀਨ ਦੇ ਸਾਹਮਣੇ ਗੋਡੇ ਟੇਕ ਰਹੇ ਹਨ। ਭਾਵੇਂ ਅਸੀਂ ਇਹ ਦੋਸ਼ ਇੱਕ ਪਾਸੇ ਰੱਖੀਏ, ਫਿਰ ਵੀ ਇਹ ਸਚਾਈ ਸਾਹਮਣੇ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਚੀਨ ਦੇ ਸਾਹਮਣੇ 'ਠੁਸ ਹੈ।

ਇਸ ਖਾਮੋਸ਼ੀ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਪਹਿਲਾਂ, ਭਾਰਤ ਅਤੇ ਚੀਨ ਦੇ ਸਬੰਧਾਂ ਵਿੱਚ ਹਾਲ ਹੀ ਵਿੱਚ ਕੁਝ ਸੁਧਾਰ ਦੇ ਸੰਕੇਤ ਮਿਲੇ ਹਨ। ਜਨਵਰੀ 2025 ਵਿੱਚ ਦੋਵੇਂ ਦੇਸ਼ਾਂ ਨੇ ਲਗਭਗ ਪੰਜ ਸਾਲ ਬਾਅਦ ਉਡਾਣਾਂ ਸ਼ੁਰੂ ਕੀਤੀਆਂ ਸਨ। ਇਸ ਤੋਂ ਬਾਅਦ ਸਰਹੱਦੀ ਵਪਾਰ ਅਤੇ ਤੀਰਥ ਯਾਤਰਾਵਾਂ ਨੂੰ ਮੁੜ ਸ਼ੁਰੂ ਕਰਨ ਦੀ ਗੱਲ ਹੋਈ। ਸ਼ਾਇਦ ਮੋਦੀ ਸਰਕਾਰ ਇਨ੍ਹਾਂ ਸਬੰਧਾਂ ਨੂੰ ਹੋਰ ਖਰਾਬ ਨਹੀਂ ਕਰਨਾ ਚਾਹੁੰਦੀ। ਦੂਜਾ, ਭਾਰਤ ਦੀ ਵਿਦੇਸ਼ ਨੀਤੀ ਹਮੇਸ਼ਾ ਹੀ ਸੰਤੁਲਨ ਦੀ ਨੀਤੀ ਰਹੀ ਹੈ। ਪਰ ਇਸ ਸੰਤੁਲਨ ਵਿੱਚ ਕਈ ਵਾਰ ਭਾਰਤ ਦੀ ਆਵਾਜ਼ ਬਹੁਤ ਹੀ ਠੁਸ ਹੋ ਜਾਂਦੀ ਹੈ।

ਤੀਜਾ, ਅੰਤਰਰਾਸ਼ਟਰੀ ਮੰਚ 'ਤੇ ਚੀਨ ਦੀ ਤਾਕਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਚੀਨ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ, ਅਤੇ ਉਸ ਦੀ ਆਰਥਿਕ ਤਾਕਤ ਸਾਰੀ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਸ਼ਾਇਦ ਭਾਰਤ ਸੋਚਦਾ ਹੈ ਕਿ ਸਿੱਧੇ ਵਿਰੋਧ ਨਾਲੋਂ ਕੂਟਨੀਤਕ ਗੱਲਬਾਤ ਜ਼ਿਆਦਾ ਫਾਇਦੇਮੰਦ ਹੋਵੇਗੀ। ਪਰ ਇਹ ਸੋਚ ਕਿੰਨੀ ਸਹੀ ਹੈ, ਇਹ ਵਕਤ ਹੀ ਦੱਸੇਗਾ।

ਭਾਰਤ ਨੂੰ ਹੁਣ 'ਚੁਪ ਰਹਿਣ ਦੀ ਬਜਾਏ 'ਅੱਖਾਂ ਖੋਲ੍ਹਣ' ਦੀ ਲੋੜ ਹੈ। ਸਭ ਤੋਂ ਪਹਿਲਾਂ, ਅੰਤਰਰਾਸ਼ਟਰੀ ਮੰਚਾਂ 'ਤੇ ਚੀਨ ਦੀ ਇਸ ਚਾਲ ਦਾ ਵਿਰੋਧ ਕਰਨਾ ਚਾਹੀਦਾ। ਸੰਯੁਕਤ ਰਾਸ਼ਟਰ, ਬਰਿਕਸ, ਜਾਂ ਹੋਰ ਪਲੈਟਫਾਰਮਾਂ 'ਤੇ ਭਾਰਤ ਨੂੰ ਬੰਗਲਾਦੇਸ਼ ਨਾਲ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ। ਦੂਜਾ, ਅਰੁਣਾਚਲ ਪ੍ਰਦੇਸ਼ ਵਿੱਚ ਆਪਣੇ ਡੈਮ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਕਰਨਾ ਚਾਹੀਦਾ, ਜਿਸ ਨਾਲ ਪਾਣੀ ਦੇ ਵਹਾਅ ਨੂੰ ਕੰਟਰੋਲ ਕੀਤਾ ਜਾ ਸਕੇ।

## ਠੱਗੀ ਮਾਰਨ ਆਏ ਬਦਮਾਸ਼ ਨੂੰ ਬਰਗਰ ਵਾਲੇ ਨੇ ਮਾਰ ਮੁਕਾਇਆ

ਬਠਿੰਡਾ-ਬਠਿੰਡਾ ਦੇ ਸੰਗਤ ਮੰਡੀ ਇਲਾਕੇ ਵਿਚ ਇੱਕ ਬਰਗਰ ਵੇਚਣ ਵਾਲੇ ਨੇ ਆਪਣੇ ਪਿਤਾ ਨਾਲ ਮਿਲ ਕੇ ਇੱਕ ਬਦਮਾਸ਼ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ ਘਟਨਾ ਉਦੋਂ ਵਾਪਰੀ ਜਦੋਂ ਲੱਖੀ ਨਾਮ ਦਾ ਬਦਮਾਸ਼, ਜੋ ਹਾਲ ਹੀ ਵਿਚ ਜੇਲ੍ਹ ਤੋਂ ਛੁੱਟਿਆ ਸੀ, ਬਰਗਰ ਵਾਲੇ ਤੋਂ ਜਬਰੀ ਪੈਸੇ ਮੰਗ ਰਿਹਾ ਸੀ। ਵਿਰੋਧ ਕਰਨ 'ਤੇ ਬਦਮਾਸ਼ਾਂ ਨੇ ਬਰਗਰ ਵਾਲੇ ਨਾਲ ਕੁੱਟਮਾਰ ਕੀਤੀ। ਗੁੱਸੇ ਵਿਚ ਆਏ ਬਰਗਰ ਵਾਲੇ ਅਤੇ ਉਸਦੇ ਪਿਤਾ ਨੇ ਲੱਖੀ ਅਤੇ ਉਸਦੇ ਸਾਥੀ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ। ਹਮਲੇ ਵਿਚ ਲੱਖੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸਦਾ ਸਾਥੀ ਗੁਰਪ੍ਰੀਤ ਗੰਭੀਰ ਜ਼ਖਮੀ ਹੈ। ਪੁਲਿਸ ਨੇ ਦੋਵਾਂ ਪਿਓ-ਪੁੱਤ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਗੁਰਦਾਸਪੁਰ ਵਿੱਚ ਕਿਸਾਨ ਆਗੂ ਕੋਲੋਂ ਫਿਰੌਤੀ ਦੀ ਮੰਗ



ਗੁਰਦਾਸਪੁਰ-ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਪੰਜਾਬ ਯੂਥ ਪ੍ਰਧਾਨ ਇੰਦਰਪਾਲ ਸਿੰਘ ਬੈਂਸ ਕੋਲੋਂ ਇੱਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਵਟਸਐਪ ਕਾਲ ਰਾਹੀਂ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਬੈਂਸ ਨੇ ਦੱਸਿਆ ਕਿ ਉਸਨੂੰ ਪਿਛਲੇ ਦੋ ਮਹੀਨਿਆਂ ਤੋਂ ਧਮਕੀਆਂ ਮਿਲ ਰਹੀਆਂ ਹਨ, ਪਰ ਪੁਲਿਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਹੈ। ਉਸਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਸਨੂੰ ਜਾਂ ਉਸਦੇ ਪਰਿਵਾਰ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਪੁਲਿਸ ਜ਼ਿੰਮੇਵਾਰ ਹੋਵੇਗੀ।



## ਕਰਨ ਔਜਲਾ ਦੇ ਨਵੇਂ ਗੀਤ 'ਐਮਐਫ ਗੱਬਰੂ' 'ਤੇ ਅਸ਼ਲੀਲਤਾ ਫੈਲਾਉਣ ਦੇ ਦੋਸ਼ ਲੱਗੇ

### ✪ ਡਾ. ਧਰੇਨਵਰ ਨੇ ਇਸ ਗੀਤ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤਾਂ ਦਰਜ ਕਰਵਾਈਆਂ

ਚੰਡੀਗੜ੍ਹ-ਪੰਜਾਬੀ ਗਾਇਕ ਕਰਨ ਔਜਲਾ ਦੇ ਨਵੇਂ ਗੀਤ 'ਐਮਐਫ ਗੱਬਰੂ' 'ਤੇ ਅਸ਼ਲੀਲਤਾ ਫੈਲਾਉਣ ਦੇ ਇਲਜ਼ਾਮ ਲੱਗੇ ਹਨ। ਡਾ. ਪੰਡਿਤਰਾਓ ਧਰੇਨਵਰ ਨੇ ਇਸ ਗੀਤ ਖ਼ਿਲਾਫ਼ ਲੁਧਿਆਣਾ ਅਤੇ ਚੰਡੀਗੜ੍ਹ ਵਿੱਚ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੀਤ ਵਿੱਚ ਵਰਤੇ ਗਏ ਸ਼ਬਦ ਪੰਜਾਬੀ ਸੱਭਿਆਚਾਰ ਦੇ ਖ਼ਿਲਾਫ਼ ਹਨ ਅਤੇ ਨੌਜਵਾਨਾਂ 'ਤੇ ਬੁਰਾ ਅਸਰ ਪਾ ਸਕਦੇ ਹਨ।

ਸ਼ਿਕਾਇਤ ਵਿੱਚ ਉਸ ਪਿੰਡ ਦੇ ਸਰਪੰਚ 'ਤੇ ਵੀ ਸਵਾਲ ਚੁੱਕੇ ਗਏ ਹਨ ਜਿੱਥੇ ਇਹ ਗੀਤ ਫ਼ਿਲਮਾਇਆ ਗਿਆ ਸੀ। ਇਸ ਗੀਤ ਨੂੰ ਯੂਟਿਊਬ 'ਤੇ ਬਹੁਤ ਪਸੰਦ ਕੀਤਾ ਗਿਆ ਹੈ ਅਤੇ ਇਸਨੂੰ ਹੁਣ ਤੱਕ 10 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

## ਹੁਣ ਅਮਰੀਕਾ ਤੋਂ ਬਾਅਦ ਬਰਤਾਨੀਆ ਨੇ ਦਿੱਤਾ ਭਾਰਤ ਨੂੰ ਵੱਡਾ ਝਟਕਾ

# ਭਾਰਤ ਨੂੰ 12 ਦਮਨਕਾਰੀ ਦੇਸ਼ਾਂ ਦੀ ਸੂਚੀ 'ਚ ਕੀਤਾ ਸ਼ਾਮਿਲ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੀ ਸੰਸਦੀ ਕਮੇਟੀ ਵੱਲੋਂ ਹਾਲ ਹੀ ਵਿਚ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ, ਜਿਸ ਵਿੱਚ ਬਰਤਾਨੀਆ ਨੇ ਭਾਰਤ ਨੂੰ ਉਨ੍ਹਾਂ 12 ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ, ਜਿਨ੍ਹਾਂ 'ਤੇ ਬਰਤਾਨੀਆ ਵਿੱਚ ਰਹਿਣ ਵਾਲੇ ਲੋਕਾਂ ਨੂੰ ਡਰਾਉਣ ਜਾਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦਾ ਦੋਸ਼ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਰਿਪੋਰਟ ਦਾ ਨਾਮ 'Transnational Repression in the UK' ਮਤਲਬ ਯੂ.ਕੇ ਵਿਚ ਸੀਮਾ ਪਾਰ ਦਮਨ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕੁਝ ਵਿਦੇਸ਼ੀ ਸਰਕਾਰਾਂ ਧਮਕੀਆਂ, ਨਿਗਰਾਨੀ ਜਾਂ ਦਬਾਅ ਦੀ ਵਰਤੋਂ ਕਰਕੇ ਯੂ.ਕੇ ਵਿੱਚ ਰਹਿਣ ਵਾਲੇ ਆਲੋਚਕਾਂ, ਕਾਰਕੁਨਾਂ ਜਾਂ ਅਸੰਤੁਸ਼ਟ ਲੋਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਇਸ ਰਿਪੋਰਟ ਅਨੁਸਾਰ ਭਾਰਤ ਸਮੇਤ 12 ਦੇਸ਼ ਦਮਨਕਾਰੀ ਲਿਸਟ 'ਚ ਹਨ, ਜਿਨਾਂ 'ਚ ਭਾਰਤ ਤੋਂ ਇਲਾਵਾ ਇਸ ਸੂਚੀ ਵਿੱਚ ਬਹਿਰੀਨ, ਚੀਨ, ਮਿਸਰ, ਏਰੀਟ੍ਰੀਆ, ਈਰਾਨ, ਪਾਕਿਸਤਾਨ, ਰੂਸ, ਰਵਾਂਡਾ, ਸਾਊਦੀ ਅਰਬ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ) ਵਰਗੇ ਦੇਸ਼ ਵੀ ਸ਼ਾਮਲ ਹਨ। ਕਮੇਟੀ ਦਾ ਕਹਿਣਾ ਹੈ




ਕਿ ਅਜਿਹੀਆਂ ਕਾਰਵਾਈਆਂ ਮਨੁੱਖੀ ਅਧਿਕਾਰਾਂ ਲਈ ਖ਼ਤਰਾ ਹਨ ਅਤੇ ਬਰਤਾਨੀਆ ਸਰਕਾਰ ਨੂੰ ਇਸਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਭਾਰਤ ਨੇ ਅਜੇ ਤੱਕ ਇਸ ਰਿਪੋਰਟ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਤੋਂ ਬਾਅਦ ਹੁਣ ਬਰਤਾਨੀਆ ਵੱਲੋਂ ਵੀ ਭਾਰਤ ਨੂੰ ਦਿੱਤਾ ਗਿਆ ਇਹ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ।

ਇਸ ਰਿਪੋਰਟ ਵਿੱਚ ਭਾਰਤ ਦੇ ਸੰਦਰਭ ਵਿੱਚ ਖਾਲਿਸਤਾਨੀ ਸੰਗਠਨ 'ਸਿੱਖਸ ਫਾਰ ਜਸਟਿਸ' (ਐਸਐਫਜੇ) ਦਾ ਨਾਮ ਲਿਆ ਗਿਆ ਹੈ। ਇਹ ਸੰਗਠਨ ਭਾਰਤ ਵਿੱਚ ਪਾਬੰਦੀਸ਼ੁਦਾ ਹੈ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ. ਏ. ਪੀ. ਏ) ਤਹਿਤ ਇਸਨੂੰ 'ਗੈਰ-ਕਾਨੂੰਨੀ' ਘੋਸ਼ਿਤ ਕੀਤਾ ਗਿਆ ਹੈ। ਰਿਪੋਰਟ ਵਿੱਚ ਇਸ ਸੰਗਠਨ ਨਾਲ ਸਬੰਧਤ ਕੁਝ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਸਰਹੱਦ ਪਾਰ ਦਮਨ ਦੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ। ਇਹ ਰਿਪੋਰਟ ਮਨੁੱਖੀ ਅਧਿਕਾਰਾਂ ਦੀ ਸਾਂਝੀ ਕਮੇਟੀ (ਜੇ.ਸੀ.ਐਚ.ਆਰ) ਦੁਆਰਾ ਜਾਰੀ ਕੀਤੀ ਗਈ ਹੈ, ਜਿਸ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸੰਸਦ ਮੈਂਬਰ ਸ਼ਾਮਲ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਬਹੁਤ ਸਾਰੀਆਂ ਵਿਦੇਸ਼ੀ ਸਰਕਾਰਾਂ ਧਮਕੀਆਂ ਅਤੇ ਡਰਾਵੇ ਰਾਹੀਂ ਯੂ.ਕੇ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾ ਰਹੀਆਂ ਹਨ। ਇਸ ਨਾਲ ਉੱਥੇ ਰਹਿਣ ਵਾਲੇ ਕੁਝ ਭਾਈਚਾਰਿਆਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਬੋਲਣ ਅਤੇ ਆਵਾਜਾਈ ਦੀ ਆਜ਼ਾਦੀ ਪ੍ਰਭਾਵਿਤ ਹੋ ਰਹੀ ਹੈ। ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਰਿਪੋਰਟ ਵਿੱਚ ਯੂ.ਕੇ ਸੁਰੱਖਿਆ ਏਜੰਸੀ MI5 ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 2022 ਤੋਂ ਵਿਦੇਸ਼ੀ ਸਰਕਾਰਾਂ ਦੁਆਰਾ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲਿਆਂ ਵਿੱਚ 48% ਵਾਧਾ ਹੋਇਆ ਹੈ। ਕਮੇਟੀ ਨੇ ਬਰਤਾਨੀਆ ਸਰਕਾਰ ਤੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੋਰ ਸਖ਼ਤ ਕਦਮ ਚੁੱਕਣ ਦੀ ਮੰਗ ਵੀ ਕੀਤੀ ਹੈ।

## ਇੰਗਲੈਂਡ 'ਚ ਵੱਸਦੇ ਪਿੰਡ ਵਿਰਕ ਦੇ ਵਾਸੀਆਂ ਵੱਲੋਂ ਸੰਤ ਬਾਬਾ ਫੂਲਾ ਸਿੰਘ ਦੀ ਬਰਸੀ ਬੜੀ ਧੂਮਧਾਮ ਨਾਲ ਬਣਾਈ ਗਈ



ਸੰਤ ਬਾਬਾ ਫੂਲਾ ਸਿੰਘ ਜੀ ਦੀ ਬਰਸੀ ਮਨਾਉਣ ਮੌਕੇ ਹਾਜ਼ਰ ਪਿੰਡ ਵਿਰਕ ਦੇ ਵੱਖ ਵੱਖ ਪਰਿਵਾਰ।

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਵਿਚ ਰਹਿ ਰਹੇ ਜਲੰਧਰ ਜ਼ਿਲ੍ਹੇ ਦੇ ਪਿੰਡ ਵਿਰਕ ਨਾਲ ਸੰਬੰਧਿਤ ਵੱਖ ਵੱਖ ਪਰਿਵਾਰਾਂ ਵੱਲੋਂ ਸਾਂਝੇ ਤੌਰ ਤੇ ਸੰਤ ਬਾਬਾ ਫੂਲਾ ਸਿੰਘ ਜੀ ਦੀ 116ਵੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਸਬੰਧ ਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਸਮੈਦਿਕ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸਾਲ ਰਾਗੀ ਢਾਡੀ ਅਤੇ ਕੀਰਤਨੀ ਦਰਬਾਰ ਸਜਾਇਆ ਗਿਆ। ਇਸ ਮੌਕੇ ਤੇ ਪਿੰਡ ਵਿਰਕ ਨਾਲ ਸੰਬੰਧਿਤ ਤਰਲੋਚਨ ਸਿੰਘ ਵਿਰਕ ਸਮੇਤ ਵੱਖ-ਵੱਖ ਪਰਿਵਾਰਾਂ ਵੱਲੋਂ ਤਿੰਨੇ ਦਿਨ ਧਾਰਮਿਕ ਸਮਾਗਮਾਂ ਚ ਹਾਜ਼ਰੀ ਭਰੀ ਗਈ ਅਤੇ ਲੰਗਰ ਦੀਆਂ ਸੇਵਾਵਾਂ ਕੀਤੀਆਂ ਗਈਆਂ। ਇਸ ਧਾਰਮਿਕ ਸਮਾਗਮ ਚ ਵਿਸ਼ੇਸ਼ ਤੌਰ ਤੇ ਪੁੱਜੇ ਪ੍ਰਸਿੱਧ ਗੀਤਕਾਰ ਚੰਨ ਜੰਡਿਆਲਵੀ ਨੇ ਸੰਤ ਬਾਬਾ ਪੂਲਾ ਸਿੰਘ ਜੀ ਦੇ ਜੀਵਨੀ ਤੇ ਲਿਖੀ ਗਈ ਕਵਿਤਾ ਪੜ੍ਹ ਕੇ ਸੁਣਾਈ ਗਈ। ਇਸ ਮੌਕੇ ਤੇ ਵੱਖ ਵੱਖ ਰਾਗੀ ਢਾਡੀ ਅਤੇ ਕਵਿਸਰੀ ਜਥਿਆਂ ਵੱਲੋਂ ਸੰਗਤਾਂ ਨੂੰ ਸੰਤ ਬਾਬਾ ਫੂਲਾ ਸਿੰਘ ਜੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ ਇਹਨਾਂ ਧਾਰਮਿਕ ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਵਰਲਡ ਸਿੱਖ ਪਾਰਲੀਮੈਂਟ ਨੇ ਭਾਰਤ ਦੇ ਅੰਤਰਰਾਸ਼ਟਰੀ ਦਮਨ ਨੂੰ ਬੇਨਕਾਬ ਕਰਨ ਵਾਲੀ ਯੂਕੇ ਸੰਸਦ ਦੀ ਰਿਪੋਰਟ ਦਾ ਕੀਤਾ ਸਵਾਗਤ

ਲੰਡਨ (ਮਨਪ੍ਰੀਤ ਸਿੰਘ)-ਵਰਲਡ ਸਿੱਖ ਪਾਰਲੀਮੈਂਟ ਨੇ ਯੂਕੇ ਸੰਸਦ ਦੀ ਮਨੁੱਖੀ ਅਧਿਕਾਰਾਂ ਬਾਰੇ ਸਾਂਝੀ ਕਮੇਟੀ ਦੀ ਰਿਪੋਰਟ ਦਾ ਸਵਾਗਤ ਕੀਤਾ ਹੈ, ਜਿਸ ਵਿੱਚ ਭਾਰਤ ਨੂੰ ਅੰਤਰਰਾਸ਼ਟਰੀ ਦਮਨ ਦੇ ਦੋਸ਼ੀ ਵਜੋਂ ਅਧਿਕਾਰਤ ਤੌਰ 'ਤੇ ਪਛਾਣਿਆ ਗਿਆ ਹੈ। ਇਹ ਸ਼ਕਤੀਸ਼ਾਲੀ, ਸਬੂਤਾਂ ਤੇ ਆਧਾਰਿਤ ਰਿਪੋਰਟ ਉਨ੍ਹਾਂ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਜਿਸ ਦੀਆਂ ਸਿੱਖ ਜਥੇਬੰਦੀਆਂ ਲੰਬੇ ਸਮੇਂ ਤੋਂ ਚੇਤਾਵਨੀ ਦੇ ਰਹੀਆਂ ਸਨ ਕਿ ਭਾਰਤ ਸਰਕਾਰ ਵਿਦੇਸ਼ਾਂ ਵਿੱਚ ਅਜ਼ਾਦੀ ਪਸੰਦ ਸਿੱਖ ਕਾਰਕੁਨਾਂ ਜਾਸੂਸੀ ਕਰਕੇ, ਧਮਕੀਆਂ ਦੇ ਕੇ, ਅਤੇ ਕਤਲ ਦੀਆਂ ਸਾਜ਼ਿਸ਼ਾਂ ਰਾਹੀਂ ਨਿਸ਼ਾਨਾ ਬਣਾ ਰਹੀ ਹੈ।

ਮਨੁੱਖੀ ਅਧਿਕਾਰਾਂ ਬਾਰੇ ਸਾਂਝੀ ਕਮੇਟੀ ਦੀਆਂ ਖੋਜਾਂ, ਜੋ 30 ਜੁਲਾਈ 2025 ਨੂੰ ਜਾਰੀ ਕੀਤੀਆਂ ਗਈਆਂ ਸਨ, ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਭਾਰਤ ਦੀਆਂ ਕਾਰਵਾਈਆਂ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ ਅਤੇ ਯੂਕੇ ਦੇ ਅੰਦਰ ਲੋਕਤੰਤਰੀ ਆਜ਼ਾਦੀਆਂ ਨੂੰ ਖ਼ਤਰੇ ਵਿੱਚ ਪਾਉਂਦੀਆਂ ਹਨ। ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਬ੍ਰਿਟਿਸ਼ ਧਰਤੀ 'ਤੇ ਵਿਦੇਸ਼ੀ ਦਮਨ - ਜਿਸ ਵਿੱਚ ਭਾਰਤ ਵੱਲੋਂ ਕੀਤਾ ਜਾ ਰਿਹਾ ਦਮਨ ਵੀ ਸ਼ਾਮਲ ਹੈ - "ਬੇਰੋਕ" ਵਧ ਰਿਹਾ ਹੈ।

ਵਰਲਡ ਸਿੱਖ ਪਾਰਲੀਮੈਂਟ ਭਾਰਤ ਦੀ ਸੱਜੇ ਪੱਖੀ ਹਿੰਦੁਤਵੀ ਸਰਕਾਰ ਦੇ ਤਾਨਾਸ਼ਾਹੀ ਵਤੀਰੇ ਨੂੰ ਬੇਨਕਾਬ ਕਰਨ ਲਈ ਯੂਕੇ ਸੰਸਦ ਦੀ ਸ਼ਲਾਘਾ ਕਰਦੀ ਹੈ ਅਤੇ ਲੋਕਤੰਤਰੀ ਅਧਿਕਾਰਾਂ ਦੀ ਰਾਖੀ ਲਈ ਅੰਤਰਰਾਸ਼ਟਰੀ ਯਤਨਾਂ ਦਾ ਸਮਰਥਨ ਕਰਨ ਲਈ ਤਿਆਰ ਹੈ।

ਵਰਲਡ ਸਿੱਖ ਪਾਰਲੀਮੈਂਟ ਦਾ ਨਿਸ਼ਚਾ ਹੈ ਕਿ ਆਜ਼ਾਦੀ ਦੀ ਆਵਾਜ਼ ਨੂੰ ਕਿਸੇ ਵੀ ਦਮਨ ਨਾਲ ਦਬਾਇਆ ਨਹੀਂ ਜਾ ਸਕਦਾ ਬਲਕਿ ਭਾਰਤ ਸਰਕਾਰ ਦੇ ਅਜਿਹੇ ਕਰਮਾਂ ਨਾਲ ਖਾਲਿਸਤਾਨ ਲਈ ਸਿੱਖ ਕੌਮ ਦੇ ਸੰਘਰਸ਼ ਨੂੰ ਹੋਰ ਬਲ ਮਿਲੇਗਾ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਅਗਸਤ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਸੁਭਾਅ ਵਿੱਚ ਗੁੱਸਾ ਅਤੇ ਉਤੇਜਨਾ ਜ਼ਿਆਦਾ ਰਹੇਗੀ। ਉਮੀਦ ਦੇ ਉਲਟ ਖਰਚਾ ਜ਼ਿਆਦਾ ਰਹੇਗਾ। ਸਿਹਤ ਢਿੱਲੀ ਅਤੇ ਮਨ ਪ੍ਰੇਸ਼ਾਨ ਰਹੇਗਾ। ਘਰੇਲੂ ਉਲਝਣਾਂ ਵੱਧਣਗੀਆਂ। ਘਰ ਤੋਂ ਦੂਰ ਜਾਣ ਦੀ ਯੋਜਨਾ ਬਣ ਸਕਦੀ ਹੈ। ਜ਼ਿਆਦਾਤਰ ਸਮਾਂ ਸਰਕਾਰੀ ਕੰਮਾਂ ਵਿੱਚ ਬੀਤੇਗਾ। ਸ਼ੁੱਭ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਘਰੇਲੂ ਉਲਝਣਾਂ ਪ੍ਰੇਸ਼ਾਨੀਆਂ ਵਧਾਉਣਗੀਆਂ। ਕਿਸੇ ਤਾਂਤਰਿਕ ਜਾਂ ਅਖੋਤੀ ਬਾਬਿਆਂ ਤੋਂ ਸਲਾਹ ਮਸ਼ਵਰਾ ਨਾ ਲਵੋ, ਨੁਕਸਾਨ ਹੋ ਸਕਦਾ ਹੈ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਵਪਾਰ ਵਿੱਚ ਮੁਸ਼ਕਿਲਾਂ ਦੇ ਕਾਰਨ ਮਨ ਦੁਖੀ ਹੋਵੇਗਾ। ਨੇੜੇ ਦੇ ਸਾਥੀ ਤੋਂ ਛੱਲ ਭਰਿਆ ਧੋਖਾ ਮਿਲ ਸਕਦਾ ਹੈ। ਆਰਥਿਕ ਸਮੱਸਿਆ ਕਾਫੀ ਸਖਤ ਹੋਣਗੀਆਂ। ਪਿਛਲੇ ਅੱਧੇ ਭਾਗ ਵਿੱਚ ਧਨ ਲਾਭ ਦੇ ਮੌਕੇ ਮਿਲਣਗੇ, ਪਰ ਖਰਚਾ ਵੀ ਵੱਧਦਾ ਰਹੇਗਾ। ਫਜ਼ੂਲ ਦੀ ਭੱਜ-ਦੌੜ ਵਿੱਚ ਫਜ਼ੂਲ ਖਰਚੀ ਵੀ ਵਧੇਗੀ। ਧਾਰਮਿਕ ਯਾਤਰਾ ਦੀ ਸੰਭਾਵਨਾ ਹੈ। ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਫਜ਼ੂਲ ਦੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਮਹੀਨੇ ਆਮਦਨ ਨਾਲੋਂ ਖਰਚ ਵਧੇਰੇ ਹੋਵੇਗਾ। ਘਰ ਵਿੱਚ ਸ਼ੁੱਭ ਅਤੇ ਧਾਰਮਿਕ ਕੰਮ ਹੋਣਗੇ। ਰੁਕਾਵਟਾਂ ਦੇ ਬਾਵਜੂਦ ਰੋਜ਼ਾਨਾ ਦੇ ਕੰਮ ਵਿੱਚ ਤਰੱਕੀ ਹੋਵੇਗੀ। ਘਰ ਵਿੱਚ ਸੁੱਖ-ਸਾਧਨਾਂ 'ਤੇ ਖਰਚ ਹੋਵੇਗਾ। ਜ਼ਿਆਦਾ ਸਮਾਂ ਸਮਾਜਿਕ ਕੰਮਾਂ ਵਿੱਚ ਬੀਤੇਗਾ। ਇੱਜ਼ਤ-ਮਾਣ ਵਿੱਚ ਵਾਧਾ ਅਤੇ ਹਿੰਮਤ ਨਾਲ ਕੰਮ ਕਰਨ 'ਤੇ ਸਫਲਤਾ ਦੇ ਮੌਕੇ ਮਿਲਣਗੇ। ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ ਅਤੇ ਮਨ ਵੀ ਸ਼ਾਂਤ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਇਕੋ ਸਮੇਂ ਵਿੱਚ ਜ਼ਿਆਦਾ ਕੰਮ ਯਾਨੀ ਇਕ ਤੋਂ ਜ਼ਿਆਦਾ ਕੰਮ ਸ਼ੁਰੂ ਕਰਨ ਨਾਲ ਪ੍ਰੇਸ਼ਾਨੀ ਹੋਵੇਗੀ। ਜ਼ਿਆਦਾ ਰੁਝੇਵੇਂ ਹੋਣ ਕਰਕੇ ਪਰਿਵਾਰ ਵਿੱਚ ਬਿਨਾਂ ਕਾਰਨ ਵਿਵਾਦ ਪੈਦਾ ਹੋਣਗੇ। ਸਿਹਤ ਢਿੱਲੀ ਅਤੇ ਸੰਤਾਨ ਸੰਬੰਧੀ ਚਿੰਤਾ ਰਹੇਗੀ। ਗੁਜ਼ਾਰੇ ਲਈ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋ ਸਕਦਾ ਹੈ। ਮਹੀਨੇ ਦੇ ਅਖੀਰ ਵਿੱਚ ਹਾਲਾਤਾਂ ਵਿੱਚ ਸੁਧਾਰ ਦੇ ਯੋਗ ਹਨ। ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੋ

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਇਹ ਮਹੀਨਾ ਮਿਲਿਆ-ਜੁਲਿਆ ਫਲ ਦੇਵੇਗਾ। ਸਮੇਂ ਦਾ ਸਹੀ ਉਪਯੋਗ ਕਰਨ ਦੀ ਲੋੜ ਹੈ। ਘਰ ਪਰਿਵਾਰ ਵੱਲੋਂ ਅਚਾਨਕ ਖੁਸ਼ੀ ਦਾ ਸਮਾਚਾਰ ਮਿਲੇਗਾ। ਕੱਪੜੇ ਦਾ ਲਾਭ, ਸਵਾਰੀ ਸੁੱਖ ਮਿਲੇਗਾ। ਨਵੇਂ ਸੰਬੰਧੀਆਂ ਨਾਲ ਮੇਲ-ਜੋਲ ਹੋਵੇਗਾ। ਘਰ ਵਿੱਚ ਸੁੱਖ-ਸਾਧਨਾਂ ਵਿਚ ਵਾਧਾ ਹੋਵੇਗਾ। ਫਜ਼ੂਲ ਦੇ ਕੰਮਾਂ ਵਿੱਚ ਸਮਾਂ ਬੀਤੇਗਾ। ਆਪਣੇ ਬੱਚਿਆਂ ਨਾਲ ਜਰੂਰ ਪਰਿਵਾਰ ਦੀਆਂ ਗੱਲਾਂਬਾਤਾਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਮਾਨਸਿਕ ਉਲਝਣਾਂ ਦੇ ਬਾਵਜੂਦ ਉਦੇਸ਼ ਪੂਰਤੀ ਵਿੱਚ ਸਫਲਤਾ ਮਿਲੇਗੀ। ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਇਸਤਰੀ ਅਤੇ ਸੰਤਾਨ ਸਬੰਧੀ ਸ਼ੁੱਭ ਸੂਚਨਾ ਮਿਲੇਗੀ। ਕਿਸੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਮਨ-ਮੁਟਾਵ ਹੋਣ ਦੀ ਸ਼ੰਕਾ ਹੈ। ਸਰੀਰਕ ਕਸ਼ਟ ਅਤੇ ਚੋਟ ਆਦਿ ਲੱਗਣ ਦਾ ਡਰ ਰਹੇਗਾ। ਜ਼ਮੀਨ-ਜਾਇਦਾਦ ਦੀ ਖਰੀਦੋ-ਫਰੋਖਤ ਕਰਦੇ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ, ਧੋਖਾ ਮਿਲ ਸਕਦਾ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ, ਜਿਸ ਨਾਲ ਮਨ ਸ਼ਾਂਤ ਅਤੇ ਸਥਿਰ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਇਸ ਸਮੇਂ ਵਧੇਰੇ ਮਿਹਨਤ ਅਤੇ ਸੰਘਰਸ਼ ਤੋਂ ਬਾਅਦ ਧਨ ਲਾਭ ਦੇ ਸਾਧਨ ਬਣਨਗੇ। ਜ਼ਮੀਨ-ਜਾਇਦਾਦ, ਸਵਾਰੀ ਆਦਿ 'ਤੇ ਜ਼ਿਆਦਾ ਖਰਚ ਅਤੇ ਲੈਣ-ਦੇਣ ਦੇ ਯੋਗ ਹਨ। ਕਾਰੋਬਾਰ ਵਿੱਚ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਕਾਰੋਬਾਰੀ ਖੇਤਰ ਵਿੱਚ ਕਈ ਉਤਾਰ-ਚੜ੍ਹਾਅ ਆਉਣਗੇ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋ ਸਕਦਾ ਹੈ। ਜਦੋਂ ਵੀ ਮਨ ਪ੍ਰੇਸ਼ਾਨ ਹੋਵੇ, ਗੁਰੂ ਘਰ ਜਾ ਕੇ ਗੁਰਬਾਣੀ ਦਾ ਪਾਠ ਸਰਵਣ ਕਰੋ, ਮਨ ਸ਼ਾਂਤ ਹੋਵੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਸਮਾਜਿਕ ਅਤੇ ਰਾਜਨੀਤਕ ਕੰਮਾਂ ਵਿੱਚ ਉਲਝਣਾਂ ਵਧਣਗੀਆਂ। ਕਿਸੇ ਸ਼ੱਕ ਦੇ ਕਾਰਨ ਪਤੀ-ਪਤਨੀ ਦੇ ਜੀਵਨ ਵਿੱਚ ਮਨ-ਮੁਟਾਵ ਪੈਦਾ ਹੋ ਸਕਦਾ ਹੈ। ਅਚਾਨਕ ਧਨ ਦਾ ਫਜ਼ੂਲ ਖਰਚ ਅਤੇ ਫਜ਼ੂਲ ਯਾਤਰਾ ਦੇ ਯੋਗ ਹਨ। ਸੋਚ ਸਮਝ ਕੇ ਖਰਚ ਕਰਨ ਦੀ ਲੋੜ ਹੈ।। ਆਪਣੀ ਅਕਲ ਅਤੇ ਵਿਵੇਕ ਨਾਲ ਕੰਮ ਕਰਨ ਦੀ ਲੋੜ ਹੈ। ਪ੍ਰਮਾਤਮਾਂ 'ਤੇ ਆਪਣਾ ਵਿਸ਼ਵਾਸ਼ ਅਟੁੱਟ ਰਖੋ ਅਤੇ ਗੁਰੂ ਘਰ ਜਰੂਰ ਹਾਜ਼ਰੀ ਭਰੋ, ਵਿਗੜੇ ਕੰਮ ਬਣਨਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਉੱਚ ਅਫ਼ਸਰਾਂ ਨਾਲ ਮੇਲ-ਜੋਲ ਵਧਣ ਕਰਕੇ ਮਨੋਬਲ ਵਿੱਚ ਵਾਧਾ ਹੋਵੇਗਾ। ਪਰ ਨਜ਼ਦੀਕੀ ਮਦਦਗਾਰ ਤੋਂ ਧੋਖਾ ਮਿਲ ਸਕਦਾ ਹੈ। ਜ਼ਮੀਨ ਅਤੇ ਵਾਹਨ ਦੀ ਖਰੀਦੋ-ਫਰੋਖਤ ਹੋਵੇਗੀ। ਕਾਰਜ ਖੇਤਰ ਵਿੱਚ ਅਚਾਨਕ ਉਲਝਣਾਂ ਅਤੇ ਪਰਿਵਾਰ ਵਿੱਚ ਤਣਾਅ ਦੇ ਹਾਲਾਤ ਪੈਦਾ ਹੋਣਗੇ। ਦੁਸ਼ਮਣ ਆਪਣੀ ਚਾਲ ਚੱਲਣ ਦੀ ਤਾਕ ਵਿੱਚ ਰਹਿਣਗੇ, ਚੋਕੰਨੇ ਰਹਿਣ ਦੀ ਲੋੜ ਹੈ। ਮਾਤਾ-ਪਿਤਾ ਦਾ ਆਸ਼ੀਰਵਾਦ ਲੈਣਾ ਸ਼ੁੱਭ ਹੋਵੇਗਾ। ਮਾਤਾ-ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਇਸ ਮਹੀਨੇ ਧਨ ਸਬੰਧੀ ਕੰਮਾਂ ਵਿੱਚ ਮਿਹਨਤ ਕਰਨੀ ਪਵੇਗੀ। ਧਾਰਮਿਕ ਕੰਮਾਂ ਲਈ ਪ੍ਰੇਰਣਾ ਮਿਲੇਗੀ। ਵਪਾਰਕ ਹਾਲਾਤ ਚੰਗ ਰਹਿਣਗੇ। ਮਨੋਰੰਜਨ ਆਦਿ ਦੇ ਕੰਮਾਂ ਲਈ ਯੋਜਨਾ ਬਣੇਗੀ, ਪਰ ਮਨ ਅਸ਼ਾਂਤ ਅਤੇ ਅਸੰਤੁਸ਼ਟ ਰਹੇਗਾ। ਘਰੇਲੂ ਰਿਸ਼ਤਿਆਂ ਵਿੱਚ ਕੜਵਾਹਟ ਪੈਦਾ ਹੋ ਸਕਦੀ ਹੈ। ਕੋਈ ਵੀ ਫੈਸਲਾ ਸੋਚ-ਸਮਝ ਕੇ ਲੈਣ ਦੀ ਲੋੜ ਹੈ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ ਅਤੇ ਪ੍ਰਮਾਤਮਾਂ ਦੀ ਰਜ਼ਾ ਵਿੱਚ ਹੀ ਰਹਿ ਕੇ ਹਰ ਕੰਮ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਰੁਕਾਵਟਾਂ ਦੇ ਬਾਵਜੂਦ ਧਨ ਲਾਭ ਅਤੇ ਕੰਮ ਵਿੱਚ ਸਫਲਤਾ ਮਿਲੇਗੀ। ਕਾਰੋਬਾਰ ਵਿੱਚ ਉਲਝਣਾਂ ਵੱਧਣਗੀਆਂ। ਕਾਰੋਬਾਰ ਵਿੱਚ ਕੁਝ ਤਬਦੀਲੀ ਦਾ ਵੀ ਵਿਚਾਰ ਬਣੇਗਾ। ਯਾਤਰਾ ਦਾ ਪ੍ਰੋਗਰਾਮ ਬਣ ਸਕਦਾ ਹੈ। ਕਿਸੇ ਖਾਸ ਵਿਅਕਤੀ ਨਾਲ ਮੇਲ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਇਸਤਰੀ ਸੁੱਖ ਅਤੇ ਸ਼ੁੱਭ ਸੂਚਨਾ ਮਿਲੇਗੀ। ਵਿੱਦਿਆਰਥੀ ਵਰਗ ਲਈ ਸਮਾਂ ਸੰਘਰਸ਼ ਵਾਲਾ ਹੈ। ਵਕਤ ਦਾ ਕੰਮ ਗੁਜ਼ਰਨਾ ਹੈ, ਬੁਰਾ ਹੋਵੇ ਤਾਂ ਸਬਰ ਕਰੋ ਅਤੇ ਚੰਗਾ ਹੋਵੇ ਤਾਂ ਉਸ ਦਾ ਸ਼ੁਕਰੀਆ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਪਰਿਵਾਰ ਸਬੰਧੀ ਸ਼ੁੱਭ ਖਬਰ ਮਿਲਣ ਦੇ ਸੰਕੇਤ ਹਨ। ਘਰ-ਪਰਿਵਾਰ ਵਿੱਚ ਮੰਗਲ ਕਾਰਜ ਹੋਣਗੇ। ਕਿਸੇ ਖਾਸ ਮਿੱਤਰ ਨਾਲ ਮੇਲ-ਜੋਲ ਹੋਵੇਗਾ। ਰਿਸ਼ਤੇਦਾਰਾਂ ਤੋਂ ਖੁਸ਼ੀ ਮਿਲੇਗੀ। ਕਿਸੇ ਸੱਜਣ ਆਦਮੀ ਦੇ ਸਹਿਯੋਗ ਨਾਲ ਵਿਗੜੇ ਕੰਮ ਦੇ ਪੂਰਾ ਹੋਣ ਦੇ ਯੋਗ ਹਨ। ਰਾਜ ਅਧਿਕਾਰੀਆਂ ਵੱਲੋਂ ਲਾਭ ਮਿਲੇਗਾ ਅਤੇ ਨਵੇਂ ਸੰਪਰਕ ਸਾਧਨਾਂ ਵਿੱਚ ਵਾਧਾ ਹੋਵੇਗਾ। ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ-ਵਿਚਾਰ ਕਰਨ ਦੀ ਲੋੜ ਹੈ। ਮਨ ਅੰਦਰ ਸਿਰਫ਼ ਪ੍ਰਮਾਤਮਾ ਨੂੰ ਯਾਦ ਕਰੋ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਉਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


## 19 ਸਾਲਾਂ ਪੰਜਾਬੀ ਨੌਜਵਾਨ ਦੀ ਹੱਤਿਆ ਦੇ ਮਾਮਲੇ ਚ ਚਾਰ ਵਿਅਕਤੀਆਂ ਤੇ ਪਹਿਲੀ ਡਿਗਰੀ ਕਤਲ ਦੇ ਦੋਸ ਆਇਦ

ਵੈਨਕੂਵਰ-( ਮਲਕੀਤ ਸਿੰਘ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਸਫੋਰਡ ਸ਼ਹਿਰ ਨਾਲ ਸਬੰਧਿਤ ਜਨਵਰੀ ਮਹੀਨੇ ਚ ਕਤਲ ਕੀਤੇ ਇੱਕ 19 ਸਾਲਾਂ ਨੌਜਵਾਨ ਦੇ ਕਤਲ ਦੇ ਸਬੰਧ ਵਿੱਚ ਪੁਲਿਸ ਵੱਲੋਂ ਚਾਰ ਵਿਅਕਤੀਆਂ ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ।


ਉਪਰੋਕਤ ਘਟਨਾ ਦੀ ਤਫਦੀਸ਼ ਕਰ ਰਹੀਆਂ ਏਜੰਸੀਆਂ ਅਨੁਸਾਰ ਹੱਤਿਆ ਦੀ ਇਸ ਘਟਨਾ ਨੂੰ ਪਹਿਲਾਂ ਤੋਂ ਘੜੀ ਯੋਜਨਾ ਤਹਿਤ ਅੰਜਾਮ ਦਿੱਤਾ ਗਿਆ ਸੀ ਅਤੇ ਘਟਨਾ ਮਗਰੋਂ ਏਜੰਸੀਆਂ ਵੱਲੋਂ ਆਰੰਭ ਕੀਤੀ ਜਾਂਚ ਮਗਰੋਂ ਸ਼ੱਕ ਦੇ ਆਧਾਰ ਤੇ ਚਾਰ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।। ਅਤੇ ਸਾਰੇ ਸਬੂਤ ਮਿਲਣ ਤੋਂ ਬਾਅਦ ਉਹਨਾਂ ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ।

ਜਿਕਰਯੋਗ ਹੈ ਕਿ ਇਸ ਘਟਨਾ ਚ ਮਾਰੇ ਗਏ ਨੌਜਵਾਨ ਦੇ ਮਾਪਿਆਂ ਵੱਲੋਂ ਲਗਾਤਾਰ ਇਨਸਾਫ ਦੀ ਮੰਗ ਕੀਤੀ ਜਾ ਰਹੀ ਸੀ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-12

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



**ਜਦ ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ ਦੀ ਗੱਲ ਹੋਈ ਤਾਂ ਉਹ ਜਾਣਦੇ ਸਨ ਕਿ ਅੱਗੋਂ ਕੀ ਹੋਣਾ ਹੈ। ਇਸ ਲਈ ਓਹਨਾਂ ਨੇ ਸਭ ਮੁਖੀ ਸਿੱਖਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਕੇ ਗੁਰੂ ਤਖ਼ਤ ਦੀ ਜ਼ਿੰਮੇਵਾਰੀ ਹਰਿਗੋਬਿੰਦ ਸਾਹਿਬ ਨੂੰ ਸੌਂਪੀ। ਸੀ. ਐਚ. ਪੈਨ. ਨੂੰ ਕੋਟ ਕਰਦੇ ਸਤਿਬੀਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਓਸੇ ਵੇਲੇ ਫੁਰਮਾਇਆ: ਸਮੇਂ ਕਰੜੇ ਆ ਰਹੇ ਨੇ, ਬਦੀ ਦੀਆਂ ਤਾਕਤਾਂ ਦਾ ਸਾਹ-ਮਣਾ ਬਿਨਾ ਸ਼ਸਤਰਧਾਰੀ ਹੋਏ ਕਰਨਾ ਔਖਾ ਹੋਵੇਗਾ। ਗੁਰੂ ਨਾਨਕ ਦੇ ਘਰ ਦੀ ਹੱਕ, ਸੱਚ, ਪ੍ਰੇਮ ਅਤੇ ਅਣਖ਼ ਦੀ ਰਾਖੀ ਦੀ ਰੀਤ ਹੈ। ਇਸ ਰੀਤ ਨੂੰ ਜਿਊਂਦਾ ਰੱਖਣ ਲਈ, ਆਪਣਾ ਮੁਨੱਖੀ ਸੁਭਾਅ ਗਵਾ ਬੈਠੀ ਸਲਤਨਤ ਨਾਲ਼ ਸਿੱਧੇ ਮੱਥੇ ਟੱਕਰ ਲੈਣੀ ਪਵੇਗੀ। ਸਮਾਂ ਆ ਰਿਹਾ ਹੈ ਕਿ ਭਲਾਈ ਅਤੇ ਬਦੀ ਦੀ ਮੁੱਠ-ਭੇੜ ਹੋਵੇਗੀ, ਇਸ ਲਈ ਕਮਰਕੱਸਾ ਕਰ ਲਵੋ। ਆਪ ਸ਼ਸਤਰ ਪਹਿਨੋ ਅਤੇ ਸਿੱਖਾਂ ਨੂੰ ਧਾਰਨ ਕਰਵਾਓ।**



ਇਤਿਹਾਸ ਤੋਂ ਆਪ ਜਾਣੂ ਹਾਂ ਕਿ ਕਿਵੇਂ 'ਕਾਨਾ' ਵਰਗੇ, ਜਿਨ੍ਹਾਂ ਦੀ ਰਚਨਾ ਗੁਰੂ ਸਾਹਿਬ ਨੇ ਆਦਿ ਗ੍ਰੰਥ ਵਿੱਚ ਸ਼ਾਮਿਲ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ ਅਤੇ 'ਚੰਦੂ' ਵਰਗੇ ਜਿਸ ਦੇ ਘਰ ਆਪਣੇ ਪੁੱਤਰ ਦਾ ਵਿਆਹ ਕਰਨ ਲਈ ਗੁਰੂ ਸਾਹਿਬ ਨਹੀਂ ਮੰਨੇ ਸਨ, ਉਹ ਆਪਣੇ ਹੰਕਾਰ ਅਤੇ ਈਰਖਾ ਦੇ ਵੱਸ ਪੈ ਦਿੱਲੀ ਦੇ ਬਾਦਸ਼ਾਹ ਕੋਲ ਝੂਠੀਆਂ ਸ਼ਿਕਾਇਤਾਂ ਕਰਦੇ ਹਨ। ਜਹਾਂਗੀਰ ਦੇ ਦਿੱਲੀ ਤਖ਼ਤ ਉੱਤੇ ਬੈਠਣ ਦੇ ਨਾਲ਼ ਹੀ ਨਕਸਬੰਦੀਆਂ ਨੇ ਵੀ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕੀਤੇ। ਇਸ ਸਭ ਦਾ ਸਿੱਟਾ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਹੋਇਆ। ਸ਼ਹਾਦਤ ਦਾ ਸਭ ਤੋਂ ਵੱਡਾ ਅਤੇ ਮੂਲ ਕਾਰਨ ਜਹਾਂਗੀਰ ਦੀ ਨੀਤੀ ਸੀ, ਜੋ ਗੁਰੂ ਨਾਨਕ ਸਾਹਿਬ ਦੇ ਪ੍ਰਭੂਸੱਤਾ ਅਤੇ ਅਜ਼ਾਦੀ ਦੇ ਸਿਧਾਂਤਾਂ, ਜਿਨ੍ਹਾਂ ਨੂੰ ਨਿੱਤ ਗੁਰੂ ਘਰ ਵਿੱਚ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ, ਨੂੰ ਸਹਾਰ ਨਾ ਸਕੀ।

ਜ਼ੁਲਮ, ਈਰਖਾ ਅਤੇ ਵੈਰ ਦੀ ਅੱਗ ਵਿੱਚ ਝੁਲਸੇ ਸਮੇਂ ਨੂੰ ਗੁਰੂ ਸਾਹਿਬ ਨੇ ਕਿਵੇਂ ਆਪਣੇ ਸਬਰ, ਸਹਿਜ ਅਤੇ ਅਡੋਲਤਾ ਨਾਲ਼ ਠੰਡਾ ਕੀਤਾ, ਇਸ ਗੱਲ ਦਾ ਗਵਾਹ ਇਤਿਹਾਸ ਹੈ। ਗੁਰਬਾਣੀ ਦੇ ਵਾਕ ਹਨ:

**ਭੀਤਰਿ ਅਗਨਿ ਬਨਾਸਪਤਿ**
**ਮਉਲੀ ਸਾਗਰੁ ਪੰਡੈ ਪਾਇਆ ॥**
**ਚੰਦੁ ਸੂਰਜੁ ਦੁਇ ਘਰ ਹੀ ਭੀਤਰਿ**
**ਐਸਾ ਗਿਆਨੁ ਨ ਪਾਇਆ ॥2॥**

(ਅੰਗ 1171)

ਜਿਵੇਂ ਅਗਨੀ ਤੋਂ ਹੀ ਬਨਸਪਤੀ ਪੈਦਾ ਹੁੰਦੀ ਹੈ, ਓਸੇ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਨੇ ਨਫ਼ਰਤ ਦੀ ਬਲਦੀ ਅੱਗ ਵਿੱਚ ਹੀ ਸਿੱਖੀ ਦੀ ਬਨਸਪਤੀ ਨੂੰ ਹੋਰ ਹਰਿਆ ਕੀਤਾ।

ਜ਼ਰਾ ਸੋਚੋ! ਜਦੋਂ ਸਿੱਖਾਂ ਨੇ ਆਪਣੇ ਗੁਰੂ ਦੇ ਸ਼ਹੀਦ ਹੋਣ ਦੀ ਗੱਲ ਸੁਣੀ ਹੋਵੇਗੀ, ਨਫ਼ਰਤੀ ਨਿਜ਼ਾਮ ਵੱਲੋਂ ਦਿੱਤੇ ਤਸੀਹਿਆਂ ਬਾਰੇ ਸੁਣਿਆ ਹੋਵੇਗਾ, ਤਾਂ ਉਹਨਾਂ ਸਾਹਮਣੇ ਗੁਰੂ ਸਾਹਿਬਾਨ ਦੀ ਕਥਨੀ ਤੇ ਕਰਨੀ ਗੁਰਬਾਣੀ ਦੇ ਅੰਗਾਂ 'ਚੋਂ ਨਿਕਲ ਜਿਊਂਦੀ ਸਾਹਮਣੇ ਵਰਤ ਰਹੀ ਹੋਵੇਗੀ। ਓਹਨਾਂ ਸਾਹਮਣੇ

**'ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥'**

(ਅੰਗ 1412)

ਸਿਰਫ਼ ਵਾਕ ਨਹੀਂ ਹਕੀਕਤ ਹੋ ਵਿਚਰ ਰਿਹਾ ਹੋਵੇਗਾ। ਹੱਕ-ਸੱਚ ਦੇ ਪੈਰੋਕਾਰ ਹਲੇਮੀ ਰਾਜ ਦੀ ਉਸਾਰੀ ਲਈ ਆਉਣ ਵਾਲ਼ੀਆਂ ਔਕੜਾਂ ਵਿੱਚ ਜਾਨ ਵੀ ਦੇਣੀ ਪੈ ਸਕਦੀ ਹੈ, ਇਹ ਗੁਰੂ ਨੇ ਸਿਰਫ਼ ਕਹਿ ਕੇ ਨਹੀਂ ਸਮਝਾਇਆ ਸਗੋਂ ਕਰ ਕੇ ਸਿਖਾਇਆ ਹੈ। ਜਦ ਐਸਾ ਗੁਰੂ ਹੋਵੇ ਤਾਂ ਸਿੱਖਾਂ ਨੂੰ ਹੁਕਮ

**'ਸਤਿਗੁਰ ਕੀ ਬਾਣੀ**
**ਸਤਿ ਸਤਿ ਕਰਿ ਜਾਣਹੁ**
**ਗੁਰਸਿਖਹੁ ਹਰਿ ਕਰਤਾ**
**ਆਪਿ ਮੁਹਹੁ ਕਢਾਏ ॥'**

(ਅੰਗ 308)

ਮੰਨਣ ਦੀ ਸਿਖਲਾਈ ਆਪਣੇ ਆਪ ਮਿਲ ਗਈ ਹੋਵੇਗੀ।

(ਸਤਿਬੀਰ ਸਿੰਘ , ਜੀਵਨ ਗੁਰੂ ਅਰਜਨ ਦੇਵ ਜੀ : ਪਰਤੱਖ ਹਰਿ (ਜਲੰਧਰ : ਨਿਊ ਬੁੱਕ ਕੰਪਨੀ ), 1977, ਪੰਨਾ ਨੰਬਰ 172-185)

**ਆਉਣ ਵਾਲ਼ੇ ਸਮੇਂ ਲਈ ਗੁਰਸਿਖਾਂ ਨੂੰ ਤਿਆਰ ਕਰਨਾ :**

ਗੁਰੂ ਅਰਜਨ ਸਾਹਿਬ ਪਹਿਲੇ ਐਸੇ ਗੁਰੂ ਨੇ ਜੋ ਗੁਰਸਿੱਖੀ ਦੀ ਛਾਂ ਹੇਠ ਪ੍ਰਕਾਸ਼ ਹੋਏ ਅਤੇ ਵੱਡੇ ਹੋਏ। ਓਹਨਾਂ ਨੇ ਬਚਪਨ ਤੋਂ ਹੀ ਗੁਰੂ ਦਰਬਾਰ ਅੱਗੇ ਰਾਜਿਆਂ ਨੂੰ ਝੁਕਦਿਆਂ ਵੇਖਿਆ ਸੀ। ਗੁਰਮੁਖੀ ਅੱਖਰ ਗੁਰੂ ਅਮਰਦਾਸ ਪਾਸੋਂ ਸਿੱਖੇ ਸਨ, ਸਿੱਖਿਆ ਗੁਰਸਿੱਖ ਬਾਬਾ ਬੁੱਢਾ ਜੀ ਦੀ ਦੇਖ-ਰੇਖ ਵਿੱਚ ਹੋਈ, ਭਾਈ ਗੁਰਦਾਸ ਓਹਨੇ ਦੇ ਸਹਿਪਾਠੀ ਸਨ, ਕੀਰਤਨ ਕਰਦੇ ਅਤੇ ਸਾਰੰਦਾ ਵਜਾਉਂਦੇ ਸਨ। ਰਾਗਾਂ ਦੇ ਧਨੀ, ਲੰਗਰ ਦੇ ਜੂਠੇ ਭਾਂਡੇ ਸਾਫ਼ ਕਰਨੇ ਅਤੇ ਸੰਗਤਾਂ ਦੀ ਸੇਵਾ ਪਿਤਾ ਪਾਸੋਂ ਹੀ ਸਿੱਖੀ ਸੀ, ਉਸਾਰੀ ਦੇ ਕਾਰਜ ਵਿੱਚ ਹਿੱਸਾ ਲੈਂਦੇ, ਘੋੜ-ਸਵਾਰੀ ਅਤੇ ਨੇਜੇਬਾਜ਼ੀ ਸਿੱਖੀ। ਗੁਰੂ ਸਾਹਿਬ ਦੇ ਇੱਥੋਂ ਤਕ ਦੇ ਪੂਰੇ ਜੀਵਨ ਨੂੰ ਗੌਰ ਨਾਲ ਵੇਖੋ, ਤਾਂ ਗੁਰੂ ਨਾਨਕ ਸਾਹਿਬ ਤੋਂ ਲੈ ਗੁਰੂ ਰਾਮਦਾਸੁ ਸਾਹਿਬ ਤਕ ਗੁਰਸਿੱਖਾਂ ਦਾ ਵਿਕਾਸ ਜਿਵੇਂ ਹੋਇਆ ਓਸੇ ਦਾ ਤਰਜ਼ਮਾ ਹੈ। ਨਿਰਮਲ ਪੰਥ ਜੋ ਗੁਰਸਿੱਖੀ ਦੀ ਛਾਂ ਹੇਠ ਪ੍ਰਕਾਸ਼ ਹੋਇਆ ਅਤੇ ਜਵਾਨ ਹੋ ਰਿਹਾ ਸੀ, ਉਸ ਨੇ ਵੀ ਤਾਂ ਆਪਣੇ ਬਚਪਨ ਤੋਂ ਹੀ 'ਬਾਬਰ' ਨੂੰ 'ਜਾਬਰ' ਕਹਿੰਦੇ ਗੁਰੂ ਨੂੰ ਵੇਖਿਆ ਸੀ, ਗੁਰਮੁਖੀ ਅੱਖਰ ਉਸ ਨੇ ਵੀ ਤਾਂ ਗੁਰੂ ਪਾਸੋਂ ਹੀ ਸਿੱਖੇ ਸਨ। ਗੁਰਸਿੱਖਾਂ ਦੀ ਸੰਗਤ ਵਿੱਚ ਗੁਰਬਾਣੀ ਅਤੇ ਗੁਰੂ ਸਿਧਾਂਤ ਨਾਲ਼ ਜੁੜ ਰਿਹਾ ਸੀ, ਸੇਵਾ ਕਰਦੇ ਮਨ ਨੀਵਾਂ ਰੱਖਣ ਦਾ ਅਭਿਆਸ ਕਰ ਰਿਹਾ ਸੀ, ਉਸਾਰੀ ਦੇ ਕੰਮ ਵਿੱਚ ਹਿੱਸਾ ਪਾ ਆਪਣੇ ਆਉਣ ਵਾਲ਼ੇ ਰਾਜ ਲਈ ਨਗਰ ਵਸਾਉਣ ਅਤੇ ਸਾਂਭ-ਸੰਭਾਲ ਸਿੱਖ ਰਿਹਾ ਸੀ ਅਤੇ ਸ਼ਸਤਰ ਵਿੱਦਿਆ ਵੀ ਬਾਬਾ ਬੁੱਢਾ ਸਾਹਿਬ ਪਾਸੋਂ ਹੀ ਲੈ ਰਿਹਾ ਸੀ। ਸੋ ਗੁਰੂ ਅਰਜਨ ਸਾਹਿਬ ਦਾ ਜੀਵਨ ਹੀ ਗੁਰਸਿੱਖੀ ਦਾ ਇੱਕ ਪੜਾਅ ਪੂਰਾ ਹੋਣ ਦਾ ਗਵਾਹ ਹੈ। ਪੰਜਵੇਂ ਜਾਮੇਂ ਵਿੱਚ ਗੁਰੂ ਸਾਹਿਬ ਹੁਣ ਆਪਣੇ ਸਿੱਖਾਂ ਨੂੰ ਹੁਕਮ ਕਰਦੇ ਹਨ ਕਿ ਚੰਗੇ ਘੋੜਿਆਂ ਦਾ ਵਪਾਰ ਕਰੋ, ਇਸ ਨਾਲ ਇੱਕ ਤਾਂ ਸਿੱਖਾਂ ਨੂੰ ਘੋੜਿਆਂ ਦੀਆਂ ਨਸਲਾਂ ਸਮਝ ਆਉਣ ਲੱਗੀਆਂ, ਦੂਜਾ ਉਹ ਆਪ ਵੀ ਘੋੜਸਵਾਰੀ ਕਰਨ ਲੱਗੇ। ਇਹੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਕਰਾਮਾਤ ਹੈ। ਅਜੇ ਇੱਕ ਸਦੀ ਪਹਿਲਾ ਹੀ ਤਾਂ ਇਹ ਲੋਕ ਕੁੱਟੇ ਅਤੇ ਲੁੱਟੇ ਜਾ ਰਹੇ ਸੀ, ਗੁਰੂ ਨਾਨਕ ਸਾਹਿਬ ਨੇ ਇਹਨਾਂ ਨੂੰ ਘੋੜਿਆਂ, ਨਗਰਾਂ ਅਤੇ ਖ਼ਜ਼ਾਨਿਆਂ ਵਾਲ਼ਾ ਕਰ ਦਿੱਤਾ। ਅਫ਼ਸੋਸ ਕਿ ਅਸੀਂ ਅੱਜ ਇੱਕ ਫ਼ਰਜੀ ਆਧੁਨਿਕਤਾ ਦੇ ਢਕਵੰਜ ਵਿੱਚ ਫਸੇ ਆਪਣੇ ਘੋੜਿਆਂ, ਨਗਰਾਂ ਅਤੇ ਅਧਿਆਤਮਿਕ ਖ਼ਜ਼ਾਨੇ ਉੱਤੋਂ ਆਪਣੀ ਦਾਅਵੇਦਾਰੀ ਹੀ ਖ਼ਤਮ ਕਰੀ ਜਾ ਰਹੇ ਹਾਂ।

**ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸਤਰ ਧਾਰਨ ਕਰਨ ਦਾ ਹੁਕਮ :**

ਜਦ ਗੁਰੂ ਅਰਜਨ ਸਾਹਿਬ ਦੀ ਗ੍ਰਿਫ਼ਤਾਰੀ ਦੀ ਗੱਲ ਹੋਈ ਤਾਂ ਉਹ ਜਾਣਦੇ ਸਨ ਕਿ ਅੱਗੋਂ ਕੀ ਹੋਣਾ ਹੈ। ਇਸ ਲਈ ਓਹਨਾਂ ਨੇ ਸਭ ਮੁਖੀ ਸਿੱਖਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਕੇ ਗੁਰੂ ਤਖ਼ਤ ਦੀ ਜ਼ਿੰਮੇਵਾਰੀ ਹਰਿਗੋਬਿੰਦ ਸਾਹਿਬ ਨੂੰ ਸੌਂਪੀ। ਸੀ. ਐਚ. ਪੈਨ. ਨੂੰ ਕੋਟ ਕਰਦੇ ਸਤਿਬੀਰ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਓਸੇ ਵੇਲੇ ਫੁਰਮਾਇਆ: ਸਮੇਂ ਕਰੜੇ ਆ ਰਹੇ ਨੇ, ਬਦੀ ਦੀਆਂ ਤਾਕਤਾਂ ਦਾ ਸਾਹਮਣਾ ਬਿਨਾ ਸ਼ਸਤਰਧਾਰੀ ਹੋਏ ਕਰਨਾ ਔਖਾ ਹੋਵੇਗਾ। ਗੁਰੂ ਨਾਨਕ ਦੇ ਘਰ ਦੀ ਹੱਕ, ਸੱਚ, ਪ੍ਰੇਮ ਅਤੇ ਅਣਖ਼ ਦੀ ਰਾਖੀ ਦੀ ਰੀਤ ਹੈ। ਇਸ ਰੀਤ ਨੂੰ ਜਿਊਂਦਾ ਰੱਖਣ ਲਈ, ਆਪਣਾ ਮੁਨੱਖੀ ਸੁਭਾਅ ਗਵਾ ਬੈਠੀ ਸਲਤਨਤ ਨਾਲ਼ ਸਿੱਧੇ ਮੱਥੇ ਟੱਕਰ ਲੈਣੀ ਪਵੇਗੀ। ਸਮਾਂ ਆ ਰਿਹਾ ਹੈ ਕਿ ਭਲਾਈ ਅਤੇ ਬਦੀ ਦੀ ਮੁੱਠ-ਭੇੜ ਹੋਵੇਗੀ, ਇਸ ਲਈ ਕਮਰਕੱਸਾ ਕਰ ਲਵੋ। ਆਪ ਸ਼ਸਤਰ ਪਹਿਨੋ ਅਤੇ ਸਿੱਖਾਂ ਨੂੰ ਧਾਰਨ ਕਰਵਾਓ।

ਅਕਸਰ ਜਦੋਂ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ-ਪੀਰੀ ਧਾਰਨ ਕਰਨ ਦੀ ਗੱਲ ਕਰਦੇ ਹਾਂ ਤਾਂ ਗੁਰੂ ਅਰਜਨ ਸਾਹਿਬ ਦੇ ਇਸ ਹੁਕਮ ਨੂੰ ਵਿਸਾਰ ਦਿੰਦੇ ਹਾਂ। ਜਿਸ ਕਾਰਨ ਇੰਝ ਲੱਗਦਾ ਹੈ ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੈਸਲਾ ਆਪੂੰ ਲੈ ਲਿਆ ਹੋਵੇ। ਪਰ ਇੱਥੇ ਯਾਦ ਰੱਖਣਾ ਜ਼ਰੂਰੀ ਹੈ ਕਿ ਨਾ ਸਿਰਫ਼ ਸ਼ਸਤਰ ਉਹਨਾਂ ਗੁਰੂ ਅਰਜਨ ਸਾਹਿਬ ਦੇ ਹੁਕਮ ਉੱਤੇ ਪਹਿਨੇ, ਬਲਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਜਬਰ ਦੇ ਤੂਫ਼ਾਨ ਅੱਗੇ ਜਿਊਂਦਾ ਰੱਖਣ ਲਈ ਵੀ ਪਹਿਨੇ।

(ਸਤਿਬੀਰ ਸਿੰਘ , ਜੀਵਨ ਗੁਰੂ ਅਰਜਨ ਦੇਵ ਜੀ : ਪਰਤੱਖ ਹਰਿ (ਜਲੰਧਰ : ਨਿਊ ਬੁੱਕ ਕੰਪਨੀ), 1977, ਪੰਨਾ ਨੰਬਰ 187-188)

**ਆਦਿ ਗ੍ਰੰਥ ਦੀ ਬੀੜ ਬੰਨ੍ਹੀ**

ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀ ਪੁਸਤਕ 'ਗਰੋਥ ਆਫ਼ ਰੇਸਪੋਨਸਿਬਿਲਿਟੀ ਇਨ ਸਿੱਖਇਜ਼ਮ' ਵਿੱਚ ਬਹੁਤ ਖ਼ੂਬ ਲਿਖਿਆ ਹੈ ਕਿ ਕੌਮਾਂ ਜਦ ਜ਼ਿੰਮੇਵਾਰੀ ਚੁੱਕਣ-ਯੋਗ ਹੋ ਜਾਣ ਤਾਂ ਲਿਖਤੀ ਰੂਪ ਵਿੱਚ ਆਪਣਾ ਵਿਧਾਨ ਤਿਆਰ ਕਰਦੀਆਂ ਹਨ। ਗੁਰੂ ਨਾਨਕ ਸਾਹਿਬ ਸ਼ਬਦ ਦਾ ਪਰਚਾ ਲੈ ਕੇ ਆਏ ਸਨ ਅਤੇ ਮਿਸ਼ਨ ਵੀ ਸਿੱਖਾਂ ਦੀ ਚੇਤਨਾ ਨੂੰ ਉਸ ਪੱਧਰ ਉੱਤੇ ਲੈ ਕੇ ਜਾਣਾ ਸੀ, ਜਿੱਥੇ ਪੁਹੰਚ ਉਹ ਸ਼ਬਦ-ਗੁਰੂ ਦੇ ਲੜ ਲੱਗ ਸਕਣ। ਜਦੋਂ ਤਕ ਉਹ ਚੇਤਨਾ ਉਸ ਪੱਧਰ ਉੱਤੇ ਨਾ ਪੁਹੰਚੇ, ਓਦੋਂ ਤਕ ਸ਼ਬਦ-ਜੋਤ ਦਸਾਂ ਜਾਮਿਆ ਵਿੱਚ ਜਾ ਸਿੱਖਾਂ ਦਾ ਮਾਰਗ ਦਰਸ਼ਨ ਕਰਦੀ ਰਹੀ। ਗੁਰੂ ਅਰਜਨ ਸਾਹਿਬ ਤਕ ਜਦ ਨਿਰਮਲ ਪੰਥ ਨੇ ਇੱਕ ਪੜਾਅ ਪੂਰਾ ਕਰ ਲਿਆ ਤਾਂ ਗ੍ਰੰਥ ਵਿੱਚ ਵਿਧਾਨ ਵਾਂਗੂ ਇੱਕ ਸੰਚੇ ਵਿੱਚ ਇਕੱਤਰ ਕਰ ਕੇ ਮੋਹਰ ਲਾ ਦਿੱਤੀ। ਤਿੰਨ ਸਾਲਾਂ ਵਿੱਚ ਆਦਿ ਗ੍ਰੰਥ ਦੀ ਬੀੜ ਸੰਪੂਰਨ ਹੋਈ ਅਤੇ ਇਸ ਉਪਰੰਤ ਬੀੜ ਦਾ ਪ੍ਰਕਾਸ਼ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਵੀ ਥਾਪਿਆ ਗਿਆ। ਇੱਥੇ ਖ਼ਾਸ ਜ਼ਿਕਰਯੋਗ ਹੈ ਕਿ ਗੁਰੂ ਅਰਜਨ ਸਾਹਿਬ ਬੀੜ ਉੱਤੇ ਆਪ ਚੌਰ ਕਰਦੇ ਹੋਏ ਰਾਮਸਰ ਤੋਂ ਦਰਬਾਰ ਸਾਹਿਬ ਲੈ ਕੇ ਆਏ ਸਨ ਅਤੇ ਗੁਰੂ ਸਾਹਿਬ ਨੇ ਆਦਿ ਗ੍ਰੰਥ ਦਾ ਆਸਣ ਹਮੇਸ਼ਾ ਪੀੜੇ ਉੱਪਰ ਰੱਖਿਆ ਅਤੇ ਆਪ ਹੇਠਾਂ ਸੌਂਦੇ ਰਹੇ। ਹੈ ਨਾ ਕਮਾਲ ਦੀ ਗੱਲ! ਜਿਸ ਗ੍ਰੰਥ ਦੀ ਮਾਣ-ਮਰਿਆਦਾ ਨੂੰ ਮੁੱਖ ਰੱਖਦੇ ਗੁਰੂ ਸਾਹਿਬ ਆਪ ਉੱਚੀ ਥਾਂ ਨਹੀਂ ਬੈਠੇ, ਓਸੇ ਗ੍ਰੰਥ ਨੂੰ ਅੱਜ ਗੁਰੂ ਪਦਵੀ ਮਿਲੀ ਹੋਣ ਦੇ ਬਾਵਜੂਦ, ਅਸੀਂ ਗੁਰੂ ਦੇ ਬਰਾਬਰ ਕੁਰਸੀ ਡਾਹ ਕੇ ਬੈਠਣ ਵਿੱਚ ਬਹੁਤ ਬਹਾਦਰੀ ਸਮਝਦੇ ਹਾਂ।

ਚਲਦਾ.....

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੁ ਬੈਠਾ ਅਮਰੁ ਸਰੂਪ ਹੋਇ

**ਪੰਜਾਬ ਟਾਈਮਜ਼ ਯੂ.ਕੇ. ਦੇ ਜਥੇਦਾਰ ਸ੍ਰ. ਰਾਜਿੰਦਰ ਸਿੰਘ ਜੀ ਪੁਰੇਵਾਲ ਦੇ ਸਹਿਯੋਗ ਸਦਕਾ ਪਿਛਲੇ ਹਫ਼ਤੇ ਦੂਜੇ ਪਾਤਸ਼ਾਹ ਜੀ ਦਾ ਸੰਖੇਪ ਇਤਿਹਾਸ ਛਪਣਾ ਸੰਪੂਰਨ ਹੋਇਆ। ਇਸ ਕਿਸ਼ਤ ਨਾਲ ਅਸੀਂ ਹੁਣ ਤੀਜੇ ਪਾਤਸ਼ਾਹ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਦਾ ਇਤਿਹਾਸ ਗੁਰੂ ਪਾਤਸ਼ਾਹ ਜੀ ਦੀਆਂ ਆਸੀਸਾਂ ਸਦਕਾ ਵਿਚਾਰਨਾ ਸ਼ੁਰੂ ਕਰ ਰਹੇ ਹਾਂ। ਉਮੀਦ ਹੈ ਆਪ ਜੀ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਰਹੇਗਾ।**

## ਪਹਿਲੀ ਕਿਸ਼ਤ

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਨਿਵਾਜ਼ਿਸ਼ ਸਦਕਾ, ਸਤਿਗੁਰੂ ਨਾਨਕ ਦੇਵ ਜੀ ਦੇ ਤੀਜੇ ਸਰੂਪ, ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੀ ਪਾਵਨ ਸ਼ਖ਼ਸੀਅਤ ਦੀ ਉਪਮਾ ਵਰਨਣ ਕਰਨੀ ਕਿਸੇ ਵੀ ਮਨੁੱਖ ਦੇ ਵੱਸ ਵਿਚ ਨਹੀਂ। ਜਦੋਂ ਭਾਈ ਗੁਰਦਾਸ ਜੀ ਨੇ ਕਹਿ ਦਿੱਤਾ ਕਿ ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ॥ ਰੱਬੀ ਦਾਤ ਪਾ ਕੇ ਆਪ ਜੀ ਗੁਰੂ ਸਰੂਪ ਹੋ ਕੇ ਗੋਇੰਦਵਾਲ ਵਿਖੇ ਸਤਿਗੁਰਾਂ ਵੱਲੋਂ ਹੋਏ ਹੁਕਮ ਅਨੁਸਾਰ ਗੁਰ-ਮਤਿ ਪੰਥ ਚਲਾਉਣ ਲਗੇ ਤਾਂ ਭਲ੍ ਜੀ ਦਾ ਕਹਿਣਾ ਹੈ ਕਿ ਫਿਰ ਜਿਸ ਜੁਗਤਿ ਨਾਲ ਆਪ ਜੀ ਵਿਚਰੇ ਉਹ ਕਿਸੇ ਦੇ ਵੀ ਕਥਨ ਵਿਚ ਨਹੀਂ ਆ ਸਕਦਾ। ਜਿਵੇਂ ਵੱਸਦੇ ਮੀਂਹ ਦੀਆਂ ਕਣੀਆਂ, ਧਰਤੀ ਦੀ ਬਨਾਸਪਤੀ, ਬਸੰਤ ਦੇ ਫੁੱਲ, ਸੂਰਜ ਅਤੇ ਚੰਦ੍ਰਮਾ ਦੀਆਂ ਕਿਰਨਾਂ ਅਤੇ ਸਮੁੰਦਰ ਦੀ ਗਹਿਰਾਈ ਭਾਵੇਂ ਜਾਣੀ ਜਾ ਸਕਦੀ ਹੋਵੇ ਪਰ ਐ ਗੁਰੂ ਅਮਰਦਾਸ ਜੀ! ਆਪ ਦੇ ਗੁਣ ਵਰਣਨ ਕਰਨੇ ਅਸੰਭਵ ਹਨ, ਤੁਹਾਡੇ ਵਰਗੇ ਬੱਸ ਤੁਸੀਂ ਹੀ ਹੋ।

**ਘਨਹਰ ਬੂੰਦ ਬਸੁਅ ਰੋਮਾਵਲਿ**
**ਕੁਸਮ ਬਸੰਤੁ ਗਨੰਤ ਨ ਆਵੈ॥**
**ਰਵਿ ਸਸਿ ਕਿਰਣਿ ਉਦਰੁ ਸਾਗਰ ਕੋ**
**ਗੰਗ ਤਰੰਗ ਅੰਤੁ ਕੋ ਪਾਵੈ॥**
**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ**
**ਕਬਿ ਜਨ ਭਲ੍ ਉਨਹ ਜੁੋ ਗਾਵੈ॥**
**ਭਲੇ ਅਮਰਦਾਸ ਗੁਣ ਤੇਰੇ ਤੇਰੀ**
**ਉਪਮਾ ਤੋਹਿ ਬਨਿ ਆਵੈ॥1॥22॥**

ਗੁ.ਗ੍ਰੰ.ਸਾ. ਪੰਨਾ 1396

ਭਾਈ ਨੰਦ ਲਾਲ ਜੀ ਗੋਯਾ ਸ਼ਰਧਾ ਸਤਿਕਾਰ ਸਹਿਤ ਹਜ਼ੂਰ ਦੇ ਸ਼ੁਭ ਨਾਮ 'ਅਮਰਦਾਸ' ਦੀ ਵਿਆਖਿਆ ਇਉਂ ਕਰਦੇ ਹਨ ਕਿ ਆਪ ਜੀ ਗੁਰੂ ਨਾਨਕ ਅਤੇ ਗੁਰੂ ਅੰਗਦ ਸਾਹਿਬ ਜੀ ਦੇ ਆਰੰਭੇ ਕਾਰਜ ਨੂੰ ਲੈ ਕੇ ਹੀ ਅਗੇ ਚੱਲਣ ਵਾਲੇ ਇਕ ਵੱਡੀ ਪ੍ਰਚੰਡ ਮਸ਼ਾਲ ਵਾਂਗ ਸਨ ਜਿਨ੍ਹਾਂ ਨੇ ਦੋਹਾਂ ਲੋਕਾਂ ਵਿਚ ਚਾਨਣ ਫੈਲਾਇਆ। ਆਪ ਨੇ ਨਿਥਾਵਿਆਂ, ਨਿਮਾਣਿਆਂ, ਨਿਰਾਸਿਆਂ ਅਤੇ ਭੁੱਲੜਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਨਾਮ-ਬਾਣੀ ਦੀ ਬਰਕਤ ਨਾਲ ਖੇੜਾ ਤੇ ਖੁਸ਼ੀਆਂ ਨਾਲ ਭਰਪੂਰ ਕਰ ਦਿੱਤੀ:

ਪੈਰਾਯਹ ਫ਼ਰੋਗ਼-ਇ ਆਂ ਹਰ ਦੋ ਮਸ਼ਅਲ-ਇ ਹੱਕ {(ਗੁਰੂ ਅਮਰਦਾਸ ਦਾ ਪਹਿਰਾਵਾ ਭਾਵ ਸ਼ਖ਼ਸੀਅਤ) ਉਨ੍ਹਾਂ ਦੋਹਾਂ (ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ) ਕਰਤਾਰੀ ਮਸ਼ਾਲਾਂ ਨੂੰ ਰੌਸ਼ਨ ਕਰਨ ਵਾਲਾ}

ਵ ਇਬਤਿਸਾਮ-ਇ ਹਰ ਗ਼ੁੰਚਹ-ਇ ਬਸਤਹ ਵਰਕ।{ ਤੇ ਬੰਦ ਪੰਖੜੀਆਂ ਵਾਲੀ ਹਰ ਕਲੀ ਨੂੰ ਖਿੜਾਉਣ ਵਾਲਾ ਭਾਵ ਹਰ ਘੁੱਟੇ ਦਿਲ ਨੂੰ ਆਤਮ ਰਸ ਦਾ ਖੇੜਾ ਦੇਣ ਵਾਲਾ, ਹੈ}।

ਨਖ਼ੁਸਤੀਂ ਅਲਫ਼-ਇ ਨਾਮ-ਇ ਕੁਦਸੀਅਸ਼ ਆਰਾਮ ਬਖ਼ਸ਼-ਇ ਹਰ ਆਵਾਰਹ {ਉਸ ਦੇ ਪਵਿੱਤ੍ਰ ਨਾਮ ਦਾ ਪਹਿਲਾ ਅਲਫ਼ ਭਾਵ 'ਅ' ਆਰਾਮ ਦੇਣ ਵਾਲਾ ਹੈ ਹਰ ਨਿਥਾਵੇਂ ਨੂੰ }

ਵ ਮੀਮ-ਇ ਫ਼ਰੁਖ਼ ਤਨਜ਼ੀਮਸ਼ ਮੁਸਤਮਆਨ-ਇ ਹਰ ਬੇਚਾਰਹ।{ ਤੇ ਉਨ੍ਹਾਂ ਦੇ (ਨਾਮ ਦਾ) ਮੁਬਾਰਕ ਪ੍ਰਬੰਧ ਵਾਲਾ ਮੀਮ ਭਾਵ 'ਮ' ਮਦਦਗਾਰ ਹੈ ਹਰ ਨਿਮਾਣੇ ਦਾ}

ਰਾਏ ਮੈਮਨਤ ਆਰਾਇਸ਼ ਰਿਆਜ਼-ਇ ਜਾਵੀਦ { ਉਨ੍ਹਾਂ (ਦੇ ਨਾਮ) ਦੀ ਮੁਬਾਰਕ ਰੇ ਭਾਵ 'ਰ' ਸਜਾਵਟ ਵਾਲੀ ਹੈ ਬਾਗ਼ ਹਮੇਸ਼ਗੀ ਦੀ}

ਵ ਦਾਲ-ਇ ਸਆਦਤ ਇਸਤਮਾਲਸ਼ ਦਸਤਗੀਰ-ਇ ਹਰ ਨ ਉਮੀਦ।{ ਅਤੇ ਉਸ (ਦੇ ਨਾਮ) ਦੀ ਦਾਲ ਭਾਵ 'ਦ' ਨੇਕੀਆਂ ਨਾਲ ਮਿਲੀ ਹੋਈ ਹਰ ਨਿਰਾਸੇ ਦਾ ਹੱਥ ਫੜਨ ਵਾਲੀ ਹੈ}।

ਅਲਫ਼-ਇ ਸਾਨੀਅਸ਼ ਅਮਾਨ-ਇ ਹਰ ਮੁਜਰਿਮ ਵ ਸਿਆਹਕਾਰ { ਉਸ (ਦੇ ਨਾਮ) ਦਾ ਦੂਸਰਾ ਅਲਫ਼ ਭਾਵ 'ਾ' ਹਰ ਪਾਪੀ ਤੇ ਬੁਰੇ ਨੂੰ ਸ਼ਰਨ ਦੇਣ ਵਾਲਾ ਹੈ}

ਵ ਸੀਨ-ਇ ਆਖ਼ਰੀਨਸ਼ ਸਾਯਾ-ਇ ਕਿਰਦਗਾਰ।{ ਤੇ ਉਸ (ਦੇ ਨਾਮ) ਦਾ ਆਖ਼ਰੀ ਸੀਨ ਭਾਵ 'ਸ' ਰੱਬ ਦਾ ਪਰਛਾਵਾਂ ਹੈ }।




### ਪਰਵਾਰਿਕ ਪਿਛੋਕੜ

ਅੰਮ੍ਰਿਤਸਰ ਸਾਹਿਬ ਦੇ ਨੇੜੇ ਹੀ ਇਕ ਨਗਰ ਹੈ ਬਾਸਰ ਕੇ/ ਬਾਸਰ ਕੀ। ਬੰਸਾਵਲੀਨਾਮਾ ਅਨੁਸਾਰ ਇਸ ਨਗਰ ਵਿਚ ਭੱਲੇ ਖੱਤ੍ਰੀਆਂ ਵਿਚੋਂ ਬਾਬਾ ਵਿਸ਼ਨ ਦਾਸ ਜੀ ਨਿਵਾਸ ਕਰਦੇ ਸਨ ਜਿਨ੍ਹਾਂ ਦੇ ਘਰ 1520 ਬਿਕ੍ਰਮੀ/1463 ਈ. ਨੂੰ ਹਰੀ ਦਾਸ ਪੁੱਤ੍ਰ ਨੇ ਜਨਮ ਲਿਆ, ਅਗੋਂ 1545 ਬਿਕ੍ਰਮੀ/1488 ਈ. ਨੂੰ ਇਨ੍ਹਾਂ ਦੇ ਘਰ ਤੇਜਭਾਨ ਜੀ ਨੇ ਜਨਮ ਲਿਆ ਜਿਨ੍ਹਾਂ ਦਾ ਵਿਆਹ 1557 ਬਿਕ੍ਰਮੀ/1500 ਈ. ਨੂੰ ਸ੍ਰੀ (ਮਾਤ) ਲੱਖੋ ਦੁੱਗਲ ਨਾਲ ਵਿਆਹ ਹੋਇਆ। ਇਨ੍ਹਾਂ ਦੇ ਘਰ ਕਰਤਾਰ ਨੇ 18 ਵੈਸਾਖ 1566 ਬਿਕ੍ਰਮੀ/ 1509 ਈ. ਨੂੰ ਬਾਲਕ ਅਮਰਦਾਸ ਜੀ ਨੂੰ ਜਨਮ ਦਿੱਤਾ:

ਬਹੁੜਿ ਸੰਮਤ ਬੀਤੇ ਪੰਦ੍ਰਾ ਸੈ ਖਟ ਸਠਿ।
ਦਿਨ ਵੈਸਾਖ ਗਏ ਦਸ ਅਠਿ।
ਮਾਤਾ ਲਖੋ ਦੇ ਉਦਰੋਂ ਚਾਨਣ ਪਖ।
ਜਨਮੇ ਸ੍ਰੀ ਅਮਰਦਾਸ ਪੂਰਨ ਪ੍ਰਤਖ।9॥

1589 ਬਿਕ੍ਰਮੀ/ 1532 ਈ. ਨੂੰ 23 ਸਾਲ ਦੀ ਉਮਰ ਵਿਚ ਇਨ੍ਹਾਂ ਦਾ ਵਿਆਹ ਸ੍ਰੀ (ਮਾਤ) ਮਨਸਾ ਦੇਵੀ ਜੀ ਨਾਲ ਹੋਇਆ। ਇਨ੍ਹਾਂ ਦੇ ਘਰ ਵਿਚ ਚਾਰ ਜੇਠ 1590 ਬਿਕ੍ਰਮੀ/1533 ਈ. ਨੂੰ ਬੀਬੀ ਭਾਨੀ ਨੇ ਜਨਮ ਲਿਆ:

**ਸੰਮਤ ਪੰਦ੍ਰਾ ਸੈ ਨਬੈ ਜੇਠ ਦਿਨ ਚਾਰਿ।**
**ਬੀਬੀ ਭਾਨੀ ਜੀ ਜਨਮੇ ਆਇਤਵਾਰਿ। 12॥**

ਭਾਨੀ ਜੀ ਦੇ ਜਨਮ ਤੋਂ 3 ਸਾਲ ਬਾਦ 1593 ਬਿਕ੍ਰਮੀ/1536 ਈ. ਨੂੰ ਸ੍ਰੀ ਮੋਹਨ ਅਰ ਫਿਰ 1596 ਬਿਕ੍ਰਮੀ/ 1539 ਈ. ਨੂੰ ਸ੍ਰੀ ਮੋਹਰੀ ਅਰ 7 ਚੇਤ 1601 ਬਿ./ 1544 ਈ. ਨੂੰ ਦਾਨੀ/ਨਿਧਾਨੀ ਨੇ ਜਨਮ ਲਿਆ। ਇਸ ਦੌਰਾਨ ਕੱਤਕ ਮਹੀਨੇ 1590 ਬਿ./ 1533ਈ. ਨੂੰ ਪਿਤਾ ਸ੍ਰੀ ਤੇਜ ਭਾਨ ਜੀ ਚਲਾਣਾ ਕਰ ਗਏ ਸਨ। ਉਨ੍ਹਾਂ ਦੀਆਂ ਅਸਥੀਆਂ ਲੈ ਕੇ ਸ੍ਰੀ ਅਮਰਦਾਸ ਜੀ ਫਗਣ ਮਹੀਨੇ 1590 ਬਿ./ 1534 ਈ. ਵਿਚ ਪਹਿਲੀ ਵਾਰ ਹਰਿਦੁਆਰ ਗਏ। ਇਥੇ ਇਨ੍ਹਾਂ ਨੂੰ ਬਾਬਾ ਸ੍ਰੀ ਚੰਦ ਜੀ ਦਾ ਇਕ ਸੇਵਕ ਹਰੀਰਾਮੁ ਮਿਲਿਆ ਜਿਸ ਨੇ ਇਨ੍ਹਾਂ ਕੋਲ ਗੁਰੂ ਨਾਨਕ ਸਾਹਿਬ ਜੀ ਦੀ ਬਹੁਤ ਸਿਫ਼ਤ ਕੀਤੀ ਅਰ ਇਨ੍ਹਾਂ ਬਾਣੀ ਵੀ ਸੁਣੀ, ਮਨ ਬਹੁਤ ਪ੍ਰਭਾਵਿਤ ਹੋਇਆ ਪਰ, ਕਰਤਾਰਪੁਰ ਨਹੀਂ ਜਾ ਸਕੇ ਅਰ ਵਾਪਸ ਘਰ ਬਾਸਰ ਕੇ ਆ ਗਏ ਜਿਥੇ ਕੰਮੀਂ ਕਾਰੀਂ ਰੁੱਝ ਗਏ।

### ਬੀਬੀ ਅਮਰੋ ਜੀ

ਬਾਬਾ ਤੇਜ ਭਾਨ ਜੀ ਦੇ ਚਾਰ ਪੁੱਤ੍ਰ ਸਨ ਇਨ੍ਹਾਂ ਵਿਚੋਂ ਸ੍ਰੀ ਮਾਣਕ ਚੰਦ ਜੀ ਦੇ ਸਪੁਤ੍ਰ ਜੱਸੂ ਜੀ/ਰਾਮ ਜੀ ਮੱਲ ਨਾਲ ਪਾਵਨ ਸ੍ਰੀ ਲਹਿਣਾ ਜੀ ਦੀ ਸਪੁਤ੍ਰੀ ਬੀਬੀ ਅਮਰੋ (ਜਨਮ 1589 ਬਿ./1532 ਈ.) ਦਾ ਰਿਸ਼ਤਾ ਤਹਿ ਹੋਇਆ ਅਰ ਵੈਸਾਖ ਮਹੀਨੇ 1596 ਬਿ./1539 ਈ. ਨੂੰ ਇਨ੍ਹਾਂ ਦਾ ਵਿਆਹ ਹੋ ਗਿਆ। ਮੁਕਲਾਵਾ 1598 ਬਿਕਰਮੀ/ 1541ਈ. ਨੂੰ ਤੋਰਿਆ ਗਿਆ ਭਾਵ ਬੀਬੀ ਜੀ ਆਪਣੇ ਸਹੁਰੇ ਆ ਕੇ ਰਹਿਣ ਲੱਗੇ।


ਗੁਰੂ ਅਮਰਦਾਸ ਪਾਤਸ਼ਾਹ ਜੀ

ਸਾਡਾ ਇਤਿਹਾਸ ਗੁਰੂ ਪੁੱਤਰਾਂ ਦਾਸ ਅਤੇ ਦਾਤਾ ਜੀ ਦੇ ਅਮੋੜ ਸੁਭਾਵਾਂ ਬਾਰੇ ਜਿੰਨਾ ਲਿਖਦਾ ਹੈ ਓਨਾ ਗੁਰੂ-ਪੁੱਤਰੀ ਅਮਰੋ ਜੀ ਦੇ ਸਿੱਖੀ ਸਿਦਕ ਅਰ ਭਗਤਿ-ਭਾਵਨਾ ਦੀ ਚਰਚਾ ਨਹੀਂ ਕਰਦਾ। ਇਥੇ ਅਸੀਂ ਸੰਖੇਪ ਵਿਚ ਇਤਨਾ ਹੀ ਕਹਿ ਸਕਦੇ ਹਾਂ ਕਿ ਬੀਬੀ ਜੀ ਮਾਤਾ-ਪਿਤਾ ਦੀ ਆਗਿਆਕਾਰੀ, ਸੀਲ-ਸੁਭਾਅ, ਭਗਤੀ-ਭਾਵਨਾ ਵਾਲੀ ਸਿੱਖੀ ਸਿਦਕ ਨਾਲ ਓਤ-ਪੋਤ ਇਕ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਨਾ ਕੇਵਲ ਆਪਣੇ ਮਾਤਾ ਪਿਤਾ ਅਰ ਸਹੁਰਿਆਂ ਦਾ ਨਾਮਣਾ ਹੋਰ ਚਮਕਾਇਆ, ਇਹ ਗੁਰਸਿੱਖੀ ਦੇ ਪ੍ਰਚਾਰਕ ਵੀ ਹੋਏ। ਬੰਸਾਵਲੀਨਾਮਾ ਅਨੁਸਾਰ ਇਹ ਅੰਮ੍ਰਿਤ ਵੇਲੇ ਜਾਗ ਸੁਚੇਤ ਹੋ ਕੇ ਰੋਜ਼ਾਨਾ 'ਜਪੁ ਸਾਹਿਬ' ਤੋਂ ਇਲਾਵਾ 'ਓਅੰਕਾਰ' ਸਾਹਿਬ ਵਰਗੀਆਂ ਲੰਮੇਰੀਆਂ ਬਾਣੀਆਂ ਅਤੇ ਹੋਰ ਸ਼ਬਦਾਂ ਦਾ ਵੀ ਜ਼ਬਾਨੀ ਪਾਠ ਕਰਨ ਵਾਲੇ ਸਨ ਅਰ ਇਸ ਸਮੇਂ ਇਨ੍ਹਾਂ ਦੀ ਆਰਬਲਾ ਕੇਵਲ 12 ਵਰ੍ਹਿਆਂ ਦੀ ਸੀ। ਇਸ ਨੁਕਤੇ 'ਤੇ ਜਿੰਨਾ ਵੀ ਅਸੀਂ ਡੂੰਘਾਈ ਨਾਲ ਵਿਚਾਰ ਕਰਾਂਗੇ, ਓਨਾ ਹੀ ਇਹ ਸਾਨੂੰ ਹੋਰ ਮਹਾਨ ਨਜ਼ਰ ਆਉਣਗੇ। ਮਹਿਮਾ ਪ੍ਰਕਾਸ਼ ਦੇ ਲਿਖਾਰੀ ਜੀ ਅਨੁਸਾਰ ਮਾਤਾ ਖੀਵੀ ਦੀ ਕੁੱਖ ਨੂੰ ਭਾਗ ਲਾਉਣ ਵਾਲੀ ਇਹ ਧੀ ਗੁਰੂ ਅੰਗਦ ਜੀ ਦੇ ਘਰ ਹਰਿ-ਭਗਤਿ ਦਾ ਰੂਪ ਜਨਮੀ:


ਸ੍ਰੀ ਅੰਗਦ ਜੀ ਕੀ ਸੁਤਾ
ਬੀਬੀ ਅਮਰੋ ਨਾਮ।
ਹਰਿ ਨਿਜ ਭਗਤੀ ਬਪੁ ਧਰਿਓ
ਉਤਰੀ ਸਤਿਗੁਰ ਧਾਮ।32॥
ਗ੍ਰਿਹ ਧੰਧਾ ਸਭ ਸਿਧ ਕਰੇ
ਪਿਛਲੀ ਰਾਤ੍ਰ ਜਬ ਹੋਇ।
ਸਤਿਗੁਰ ਬਾਨੀ ਮੁਖ ਪੜੇ
ਕਰ ਸੋਂ ਦਹੀਂ ਬਿਲੋਇ।35॥

ਇਕ ਪ੍ਰਭਾਤੇ ਬੀਬੀ ਅਮਰੋ ਦੁੱਧ ਰਿੜਕਦਿਆਂ ਹੋਇਆਂ ॥ਜਪੁ॥ ਬਾਣੀ ਦੇ ਪਾਠ ਉਪਰੰਤ ਇਸ ਸ਼ਬਦ ਦਾ ਪਾਠ ਕਰ ਰਹੇ ਸਨ:

ਮਾਰੂ ਮਹਲਾ 1॥ ਕਰਣੀ ਕਾਗਦੁ
ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ॥1॥
ਚਿਤ ਚੇਤਸਿ ਕੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥1॥ ਰਹਾਉ॥

**ਬਾਕੀ ਹਿਸਾ ਅਗਲੇ ਸਫ਼ੇ 32 ਤੇ ਪੜ੍ਹੋ**

ਲੜੀਵਾਰ ਨਾਵਲ



ਕਮਲ ਗਿੱਲ


Mob : +44 07454 394684

# ਗੰਧਲੇ ਰਿਸ਼ਤੇ

**"ਮੈਨੂੰ ਉਸ ਦੇ ਸਹਾਰੇ ਦੀ ਆਦਤ ਪੈ ਗਈ ਸੀ ਜਾਂ ਇਹ ਕਹਿ ਲੈ ਕਿ ਮੈਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਮੈਂ ਇੱਕਲੀ ਜ਼ਿੰਦਗੀ ਨਹੀਂ ਜੀਅ ਸਕਦੀ ਹੁਣ ਤੇ ਦੂਸਰਾ ਸ਼ਾਇਦ ਉਸ ਨਾਲ ਪਿਆਰ ਵੀ ਸੀ ਮੈਨੂੰ। ਮੈਂ ਆਪਣੀ ਆਉਣ ਵਾਲੀ ਜ਼ਿੰਦਗੀ ਦੇ ਸੁਫਨੇ ਮਿਲ ਕੇ ਉਸ ਨਾਲ ਦੇਖੇ ਸਨ। ਉਹ ਸੁਫਨੇ ਜੋ ਖੁੱਲੀਆਂ ਅੱਖਾਂ ਨਾਲ ਉਸ ਨੇ ਮੈਨੂੰ ਦਿਖਾਏ ਸਨ। ਉਹ ਸੁਫਨੇ ਮੈਨੂੰ ਜਿਊਣ ਨਹੀਂ ਦਿੰਦੇ ਸਨ। ਉਹ ਵਾਰ-ਵਾਰ ਗਲਤੀਆਂ ਕਰਦਾ ਮੈਂ ਵਾਰ-ਵਾਰ ਉਸ ਨੂੰ ਮਾਫ ਕਰ ਉਸ ਕੋਲ ਫਿਰ ਚਲੇ ਜਾਂਦੀ।''**

**"ਫਿਰ ਕੋਰਟ ਮੈਰਿਜ ਦਾ ਕੀ ਬਣਿਆ?''**

**"ਕੋਰਟ ਮੈਰਿਜ ਦੀ ਗੱਲ ਸੁਣਦਿਆਂ ਉਹ ਫਿਰ ਭੜਕ ਉੱਠਿਆ। ਮੇਰੀ ਪਹਿਲੀ ਜਨਾਨੀ ਨਾਲ ਫਾਇਨੈਂਸ ਸੈਟਲਮੈਂਟ ਨਹੀ ਹੋਈ ਹਾਲੇ ਜਦ ਤੱਕ ਉਹ ਨਹੀਂ ਹੁੰਦੀ ਮੈਂ ਕੋਰਟ ਮੈਰਿਜ ਨਹੀਂ ਕਰ ਸਕਦਾ ਆਖ ਉਹ ਗੱਲ ਟਾਲ ਗਿਆ।''**



## ਕਿਸ਼ਤ-36

"ਬਹੁਤ ਵਧੀਆ, ਤੁਹਾਨੂੰ ਪਤਾ ਇਸ ਸਾਲ ਮੈਂ ਪਿਛਲੇ ਸਾਲ ਵਾਂਗ ਫਿਰ ਟੌਪ ਕਰਾਂਗੀ ਤੇ ਤੁਸੀਂ ਮੈਨੂੰ ਤਾਜ ਵੀਰੇ ਤੋਂ ਯੂਕੇ ਤੋਂ ਕੈਡਵਰੀ ਵਰਲਡ ਦੀਆਂ ਚਾਕਲੇਟਾਂ ਮੰਗਾਂ ਕੇ ਦੇਣੀਆਂ ਹਨ ਫਿਰ ਪਿਛਲੀ ਵਾਰ ਵਾਂਗ।''

"ਇੰਨਾਂ ਆਖਦਿਆਂ ਬੱਚੀ ਨੇ ਕੈਲਾਸ਼ ਨੂੰ ਘੁੱਟ ਕੇ ਜੱਫੀ ਪਾ ਲਈ।

"ਫਿਕਰ ਨਾ ਕਰੋ ਜਸਲੀਨ, ਤੂ ਟੌਪ ਤਾਂ ਆ ਕਲਾਸ ਚੋਂ, ਮੈਂ ਤੇਰੇ ਤਾਜ ਵੀਰੇ ਤੋਂ ਤੇਰੇ ਲਈ ਕੈਡਵਰੀ ਵਰਲਡ ਦੀਆਂ ਚਾਕਲੇਟਾਂ ਦਾ ਟੱਰਕ ਭਰਾ ਕੇ ਮੰਗਾਂ ਦੇਣ ।''

"ਚਾਕਲੇਟਾਂ ਦਾ ਟਰੱਕ ਸੁਣ ਕੇ ਅਸੀਂ ਸਾਰੇ ਹੱਸਣ ਲੱਗ ਗਏ।

ਬੱਚੀ ਸਾਨੂੰ ਦੋਹਾਂ ਨੂੰ ਨਿਮਰਤਾ ਨਾਲ ਸਤਿ ਸ੍ਰੀ ਅਕਾਲ ਬੁਲਾ ਕੇ ਦੂਰ ਬੈਠੇ ਆਪਣੇ ਨਾਨਾ ਵੱਲ ਤੁਰ ਪਈ।

"ਬਹੁਤ ਹੀ ਪਿਆਰੀ ਬੱਚੀ ਸੀ ਕੈਲਾਸ਼ ਜੀ, ਕੌਣ ਸੀ ਇਹ?''

"ਇਹ ਆਪਣੀ ਨਾਲ ਦੀ ਗਲੀ ਵਿਚ ਹੀ ਰਹਿੰਦਾ ਹੈ ਪਰਿਵਾਰ ਬੀਰਾ। ਆਪਣੇ ਹੁਸ਼ਿਆਰਪੁਰ ਏਰੀਏ ਤੋਂ ਹੀ ਹਨ। ਕਾਫੀ ਸਾਲਾਂ ਦੇ ਇੱਥੇ ਹਨ। ਇਹ ਬੱਚੇ ਤਾਂ ਇੱਥੇ ਦੇ ਹੀ ਜੰਮੇ ਹਨ, ਤਿੰਨ ਭੈਣ ਭਰਾ ਹਨ। ਜਸਲੀਨ ਆਪਣੀ ਨਾਨੀ ਨਾਲ ਮੇਰੇ ਕੌਫੀ ਸ਼ਾਪ 'ਤੇ ਵੀਕਐਂਡ 'ਤੇ ਕੇਕ ਲੈਣ ਆਉਂਦੀ ਹੁੰਦੀ ਸੀ, ਉੱਦੋਂ ਬਹੁਤ ਛੋਟੀ ਸੀ ਇਹ। ਬਸ ਉਦੋਂ ਤੋਂ ਹੀ ਇਸ ਪਰਿਵਾਰ ਨਾਲ ਆਪਣੀ ਸਾਂਝ ਹੈ।'' ""

''ਬਹੁਤ ਵਧੀਆ! ਵੱਡਿਆਂ ਦੇ ਨਾਲ-ਨਾਲ ਬੱਚੇ ਵੀ ਕਿੰਨਾਂ ਪਿਆ ਕਰਦੇ ਹਨ ਤੁਹਾਂਨੂੰ।''

"ਹਾਂ ਬਸ ਮਾਲਕ ਦੀ ਮਹਿਰ ਹੈ, ਇੰਨੇ ਸਾਲਾਂ 'ਚ ਇੱਥੇ ਸਭ ਨੇ ਪਿਆਰ ਹੀ ਦਿੱਤਾ। ਸਾਰੇ ਬਹੁਤ ਚੰਗੇ ਨੇ ਆਪਣੇ ਆਲੇ-ਦੁਆਲੇ ਦੇ। ਮਹੌਲ ਬਹੁਤ ਵਧੀਆ ਹੈ ਇੱਥੇ ਬੀਰਾਂ। ਆਪਣੇ ਘੱਟ ਹਨ ਪਰ ਜਿੰਨੇ ਕੁ ਵੀ ਹਨ ਮਿਲਣਸਾਰ ਹੀ ਹਨ।''

"ਕਰਦਿਆਂ ਕਰਾਉਂਦਿਆਂ ਸਾਡਾ ਘਰ ਆ ਗਿਆ। ਰਾਤ ਦੇ ਕੋਈ 9 ਕੁ ਵੱਜ ਰਹੇ ਸਨ। ਅਸੀਂ ਦੋਵੇਂ ਵਾਪਸ ਆ ਘਰ ਦੇ ਮਗਰ ਬਣੀ ਕੰਨਸਰਵਟੀ 'ਚ ਬੈਠ ਗਈਆਂ। ਬਾਹਰ ਕਾਫੀ ਡੇ ਲਾਈਟ ਸੀ ਹਾਲੇ। ਗਰਮੀਆਂ 'ਚ ਤਾਂ ਇੰਗਲੈਂਡ 'ਚ ਵੀ ਬਹੁਤ ਲੇਟ ਤੱਕ ਦਿਨ ਰਹਿੰਦਾ। ਇਹ ਤਾਂ ਫਿਰ ਵੀ ਲੈਂਜਰੋਟੀ ਸੀ। ਸੋ ਇੱਥੇ ਉੱਥੇ ਨਾਲੋ ਵੀ ਜ਼ਿਆਦਾ ਦਿਨ ਸੀ।

ਕੰਨਸਰਵਟੀ ਦੇ ਬਾਹਰ ਪੱਕਾ ਥਾਂ ਸੀ ਤੇ ਉੱਥੇ ਕੈਲਾਸ਼ ਜੀ ਨੇ ਬਹੁਤ ਹੀ ਸੋਹਣਾ ਬਰਡ ਫੀਡਰ ਲਿਆ ਕੇ ਰੱਖਿਆ ਹੋਇਆ ਸੀ ਤੇ ਉਸ ਤੇ ਦਾਣੇ ਅਤੇ ਪਾਣੀ ਵੀ ਪਾਇਆ ਹੋਇਆ ਸੀ।

ਕੰਨਸਰਵਟੀ 'ਚੋ ਬਾਹਰ ਨਜ਼ਰ ਮਾਰ ਕੇ ਮੈਂ ਦੇਖਿਆ ਤਾਂ ਬਹੁਤ ਹੀ ਸੋਹਣੇ ਰੰਗ-ਬੰਰਗੇ ਪੰਛੀ ਬੜੇ ਅਰਾਮ ਨਾਲ ਚੋਗਾ ਚੁੱਗ ਰਹੇ ਸਨ ਜਿਨ੍ਹਾਂ ਵਿੱਚ ਘੁੱਗੀਆਂ ਅਤੇ ਛੋਟੀਆਂ ਛੋਟੀਆਂ ਹੋਰ ਰੰਗ ਬਿੰਰਗੀਆਂ ਚਿੜੀਆਂ ਕਿੰਨੇ ਪੰਛੀ ਬੈਠੇ ਸਨ।

ਮੈਂ ਧਿਆਨ ਨਾਲ ਦੇਖਿਆ ਇੱਕ ਇੰਡਿਆ ਦੀ ਚਿੱੜੀ ਨਾਲ ਮਿਲਦਾ ਜੁੱਲਦਾ ਪੰਛੀ ਵੀ ਕੈਲਾਸ਼ ਦੇ ਵਿਹੜੇ' ਚ ਚੋਗ ਚੁੱਗ ਰਿਹਾ ਸੀ। ਉਹ ਪੰਛੀ ਮੈਂ ਪਹਿਲਾਂ ਕਦੇ ਨਹੀਂ ਦੇਖਿਆ ਸੀ। ਮੈਂ ਉਸ ਪੰਛੀ ਵੱਲ ਬੜੇ ਧਿਆਨ ਨਾਲ ਦੇਖ ਰਹੀ ਸਾਂ।

"ਕੀ ਦੇਖ ਰਹੀ ਹੈ ਬੀਰਾ?"

ਮੈਨੂੰ ਧਿਆਨ ਨਾਲ ਪੰਛੀ ਦੇਖਦੀ ਨੂੰ ਦੇਖ ਕੈਲਾਸ਼ ਨੇ ਪੁੱਛਿਆ।''

"ਕੈਲਾਸ਼ ਜੀ ਆਹ ਭਲਾ ਕਿਹੜਾ ਪੰਛੀ ਆ, ਆਹ ਭੋਲਾ ਜਿਹਾ ਜੋ ਘੁੱਗੀਆਂ ਤੋ ਪਰਾਂਹ ਉਹ ਕੱਲਾ ਹੀ ਆਪਣੀ ਚੋਗ ਚੁੱਗਣ 'ਚ ਬਿਜੀ ਹੋਇਆ ਆ।'' "ਇੱਕ ਕੱਲੇ ਚੋਗਾ ਚੁੱਗਦੇ ਪੰਛੀ ਵੱਲ ਇਸ਼ਾਰਾ ਕਰਕੇ ਮੈਂ ਕੈਲਾਸ਼ ਨੂੰ ਪੁੱਛਿਆ।

''ਉਹ ਆਹ! ਇਹ ਮੇਰੀ ਪਿਆਰੀ ਚਿੱੜੀ ਰੂਬੀ ਆ, ਮੇਰੀ ਭੋਲੀ ਜਿਹੀ ਰੂਬੀ।''

''ਓਹ ਤੁਸੀਂ ਇਸ ਚਿੜੀ ਦਾ ਨਾਮ ਵੀ ਰੱਖਿਆ ਆ?''

"ਮੈਂ ਹੱਸ ਕੇ ਸਵਾਲ ਕੀਤਾ।

"ਇਹ ਨੋਰਥ ਅਮਰੀਕਾ ਦਾ ਪੰਛੀ ਹੈ ਬੀਰਾ। ਇਸ ਪੰਛੀ ਦਾ ਨਾਮ ਹੀ ਰੂਬੀ ਹੈ ਪੂਰਾ ਨਾਮ ਸ਼ਾਇਦ ਰੂਬੀ ਕਰਾਂਉਡ ਕਿੰਗਲੈਟ ਕਰ ਕੇ ਹੈ। ਪਹਿਲਾਂ ਮੈਂ ਵੀ ਇਸ ਨੂੰ ਆਪਣੀ ਇੰਡੀਆਂ ਵਾਲੀ ਚਿੜੀ ਹੀ ਸਮਝਦੀ ਸੀ। ਬਾਅਦ ਵਿੱਚ ਗੂਗਲ ਸਰਚ 'ਚ ਲੱਭਿਆ ਤਾਂ ਪਤਾ ਲੱਗਾ ਬਈ ਇਹ ਤਾਂ ਭਾਈ ਰੂਬੀ ਹੈ ਆਪਣੀ ਰੂਬੀ।''

"ਰੂਬੀ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਦੀਆਂ ਅੱਖਾਂ ਵਿੱਚ ਅਜੀਬ ਚਮਕ ਸੀ।

ਸੱਚੀ ਉਨ੍ਹਾਂ ਨੂੰ ਇਨ੍ਹਾਂ ਸਭ ਨਾਲ ਪਿਆਰ ਸੀ ਇਹ ਸਾਰੇ ਜੀਅ ਉਸ ਦੇ ਪਰਿਵਾਰ ਦੇ ਜੀਅ ਸਨ।ਕਾਫੀ ਦੇਰ ਉਹ ਇਨ੍ਹਾਂ ਪੰਛਿਆਂ-ਪੌਦਿਆਂ ਅਤੇ ਆਪਣੀ ਅੰਦਰ ਰੱਖਿਆਂ ਫਿਸ਼ ਟੈਂਕ ਦੀਆਂ ਮੱਛੀਆਂ ਬਾਰੇ ਜਾਣਕਾਰੀ ਦਿੰਦੇ ਰਹੇ। ਉਹਨਾਂ ਦੀ ਹਰ ਗੱਲ ਮੈਂ ਬੜੇ ਧਿਆਨ ਨਾਲ ਸੁਣਦੀ।

ਮੈਂ ਕੈਲਾਸ਼ ਜੀ ਦੀ ਜ਼ਿੰਦਗੀ ਦੇ ਅਗਾਂਹ ਦੇ ਸਫਰ ਨੂੰ ਜਾਨਣ ਲਈ ਉਤਸੁੱਕ ਸੀ ਤੇ ਸ਼ਾਇਦ ਉਨ੍ਹਾਂ ਦਾ ਮਨ ਵੀ ਦਿਲ ਦੀਆਂ ਪੀੜਾਂ ਨੂੰ ਸਾਂਝਾਂ ਕਰਨ ਲਈ ਉਤਾਵਲਾ ਸੀ ਇਸ ਲਈ ਕਾਫੀ ਸਮ੍ਹਾਂ ਪਹਿਲਾਂ ਅਧੂਰੀ ਛੱਡੀ ਗੱਲ ਨੂੰ ਉਨ੍ਹਾਂ ਆਪ ਹੀ ਅਗਾਂਹ ਤੋਰ ਲਿਆ।

''ਬੀਰਾ ਉਸ ਦਿਨ ਮੈਂ ਵਾਪਸ ਘਰ ਆ ਕੇ ਕਈ ਰਾਤਾਂ ਸੌ ਨਾ ਸਕੀ, ਮਨ ਬਹੁਤ ਬੈਚੈਨ ਸੀ, ਸਭ ਕੁਝ ਬਦਲ ਗਿਆ ਸੀ, ਉਹ ਬਦਲ ਗਿਆ ਸੀ ਉਸ ਦੇ ਘਰ ਦੇ ਬਦਲ ਗਏ ਸਨ 'ਤੇ ਮੈਂ....! "ਮੈਂ ਤੇ ਬਹੁਤ ਹੀ ਬਦਲ ਗਈ ਸੀ, ਮੇਰੇ ਹਲਾਤਾਂ ਨੇ ਮੈਨੂੰ ਬਦਲ ਦਿੱਤਾ ਸੀ ਪਤਾ ਨਹੀ ਕਿਉਂ ਮੈਨੂੰ ਆਪਣੇ ਆਪ ਨਾਲ ਨਫਰਤ ਹੋਣ ਲੱਗ ਗਈ ਸੀ। ਇਸ ਤਰ੍ਹਾਂ ਮਹਿਸੂਸ ਹੁੰਦਾ ਜਿਵੇਂ ਮੇਰੇ 'ਚ ਹੀ ਬਹੁਤ ਕਮੀਆਂ ਸਨ।''

''ਹੁਣ ਮੈਂ ਹੌਲੀ-ਹੌਲੀ ਆਪਣੀ ਇੱਕ ਕਰੀਬੀ ਦੋਸਤ ਅਨੂੰ ਨਾਲ ਗੱਲ ਸਾਂਝੀ ਕਰਨ ਲੱਗ ਗਈ ਸਾਂ। ਉਹ ਬਹੁਤ ਹੀ ਪਿਆਰੀ ਦੋਸਤ ਸੀ ਮੇਰੀ। ਹੋਰ ਕਿਸੇ ਨਾਲ ਦੁੱਖ ਨਾ ਫੋਲ ਪਾਉਂਦੀ ਪਰ ਉਸ ਨਾਲ ਗੱਲ ਕਰ ਲੈਂਦੀ। ਉਸ ਨੂੰ ਸਾਰੀਆਂ ਗੱਲਾਂ ਦੱਸ ਕੇ ਮੈਂ ਪੁੱਛਦੀ ਕਿ ਇਸ ਵਿਚ ਮੈਂ ਕਿੱਥੇ ਗਲਤ ਹਾਂ। ਤੇ ਉਹ ਪ੍ਰੇਸ਼ਾਨ ਹੋ ਮੈਨੂੰ ਘੁੱਟ ਕੇ ਜੱਫੀ ਪਾ ਆਖਦੀ ਕਿਤੇ ਵੀ ਨਹੀਂ।''

ਪਤਾ ਨਹੀ ਕਿਉਂ ਮੇਰੇ 'ਚ ਹੀਣ ਭਾਵਨਾ ਆਉਣੀ ਸ਼ਰੂ ਹੋ ਗਈ ਸੀ ਬੀਰਾ, ਮੈਨੂੰ ਇਹ ਮਹਿਸੂਸ ਹੋਣ ਲੱਗ ਗਿਆ ਸੀ ਕਿ ਉਹ ਸਹੀ ਹੈ ਬਸ ਮੈਨੂੰ ਹੀ ਆਦਮੀ ਨਾਲ ਰਹਿਣਾ ਨਹੀਂ ਆਉਂਦਾ।

"ਪਰ ਤੁਸੀਂ ਤਾਂ ਕਿਤੇ ਵੀ ਗਲਤ ਨਹੀਂ ਸੀ, ਉਸ ਦੀ ਮਾਂ ਨੂੰ ਵੀ ਕਦੇ ਮੰਦਾ-ਚੰਗਾ ਨਹੀਂ ਬੋਲਿਆ ਸੀ ਤੁਸੀਂ, ਫਿਰ ਤੁਸੀਂ ਇਸ ਤਰ੍ਹਾਂ ਕਿਉਂ ਸੋਚਦੇ ਸੀ?''

''ਅਗਾਂਹ ਫਿਰ ਕੀ ਹੋਇਆ ਉਸ ਦਾ ਸੁਭਾਅ ਕੁਝ ਬਦਲਿਆ ਕੈਲਾਸ਼ ਜੀ?''

"ਕੁਝ ਕੁ ਹਫਤੇ ਮਸਾਂ ਠੀਕ ਰਿਹਾ, ਬਾਅਦ 'ਚ ਫਿਰ ਉਹੀ ਕੁਝ। ਕਾਫੀ ਸਮ੍ਹਾਂ ਮੈਂ ਉੱਥੇ ਉਸ ਦੇ ਘਰ ਮੁੜ ਨਾ ਗਈ, ਫਿਰ ਮਿੰਨਤਾਂ-ਤਰਲੇ ਕਰਕੇ ਵਾਪਸ ਸੱਦਿਆ। ਮੈਂ ਗਈ ਤਾਂ ਉਸ ਨਾਲ ਮੈਂ ਸਾਫ-ਸਾਫ ਕੋਰਟ ਮੈਰਿਜ ਦੀ ਗੱਲ ਛੇੜ ਲਈ ਕਿ ਮੈਨੂੰ ਲੱਗਦਾ ਕਿ ਆਪਾਂ ਨੂੰ ਕੋਰਟ ਮੈਰਿਜ ਕਰ ਲੈਣੀ ਚਾਹੀਦੀ ਹੈ।''

"ਹੈ!ਂ ਇੰਨਾਂ ਕੁਝ ਜਾਣਦੇ ਹੋਏ ਵੀ ਉਸ ਨਾਲ ਕੋਰਟ ਮੈਰਿਜ ਦੀ ਗੱਲ ਕਿਉਂ ਕੀਤੀ ਤੁਸੀ, ਤੁਹਾਨੂੰ ਲੱਗਦਾ ਸੀ ਕਿ ਉਹ ਸਹੀ ਪਰਸਨ ਹੈ ਉਮਰ ਗੁਜ਼ਾਰਨ ਲਈ ਕੈਲਾਸ਼ ਜੀ?'' "ਮੈ ਹੈਰਾਨ ਹੋ ਕੇ ਉਨ੍ਹਾਂ ਨੂੰ ਪੁੱਛਿਆ।''

"ਤੂੰ ਉਹ ਕਹਾਵਤ ਸੁਣੀ ਹੈ ਕਿ ਇਸ਼ਕ ਅੰਨਾ ਹੁੰਦਾ ਹੈ ਬੀਰਾ।''

"ਹਾਂਜੀ''

"ਤੇ ਬਸ ਇਹ ਸਮਝ ਲੈ ਕਿ ਜੇ ਜਵਾਨੀ ਦਾ ਇੱਸ਼ਕ ਅੰਨਾ ਹੁੰਦਾ ਹੈ ਤਾਂ ਮਿਡਲ ਏਜ ਵਾਲਾ ਤਾਂ ਹੋਰ ਅਪਾਹਿਜ਼ ਹੁੰਦਾ ਹੈ।''

"ਉਹ ਕਿਵੇਂ?"

"ਮੈਨੂੰ ਉਸ ਦੇ ਸਹਾਰੇ ਦੀ ਆਦਤ ਪੈ ਗਈ ਸੀ ਜਾਂ ਇਹ ਕਹਿ ਲੈ ਕਿ ਮੈਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਮੈਂ ਇੱਕਲੀ ਜ਼ਿੰਦਗੀ ਨਹੀਂ ਜੀਅ ਸਕਦੀ ਹੁਣ ਤੇ ਦੂਸਰਾ ਸ਼ਾਇਦ ਉਸ ਨਾਲ ਪਿਆਰ ਵੀ ਸੀ ਮੈਨੂੰ। ਮੈਂ ਆਪਣੀ ਆਉਣ ਵਾਲੀ ਜ਼ਿੰਦਗੀ ਦੇ ਸੁਫਨੇ ਮਿਲ ਕੇ ਉਸ ਨਾਲ ਦੇਖੇ ਸਨ। ਉਹ ਸੁਫਨੇ ਜੋ ਖੁੱਲੀਆਂ ਅੱਖਾਂ ਨਾਲ ਉਸ ਨੇ ਮੈਨੂੰ ਦਿਖਾਏ ਸਨ। ਉਹ ਸੁਫਨੇ ਮੈਨੂੰ ਜਿਊਣ ਨਹੀਂ ਦਿੰਦੇ ਸਨ। ਉਹ ਵਾਰ-ਵਾਰ ਗਲਤੀਆਂ ਕਰਦਾ ਮੈਂ ਵਾਰ-ਵਾਰ ਉਸ ਨੂੰ ਮਾਫ ਕਰ ਉਸ ਕੋਲ ਫਿਰ ਚਲੇ ਜਾਂਦੀ।''

"ਫਿਰ ਕੋਰਟ ਮੈਰਿਜ ਦਾ ਕੀ ਬਣਿਆ?''

"ਕੋਰਟ ਮੈਰਿਜ ਦੀ ਗੱਲ ਸੁਣਦਿਆਂ ਉਹ ਫਿਰ ਭੜਕ ਉੱਠਿਆ। ਮੇਰੀ ਪਹਿਲੀ ਜਨਾਨੀ ਨਾਲ ਫਾਇਨੈਂਸ ਸੈਟਲਮੈਂਟ ਨਹੀ ਹੋਈ ਹਾਲੇ ਜਦ ਤੱਕ ਉਹ ਨਹੀਂ ਹੁੰਦੀ ਮੈਂ ਕੋਰਟ ਮੈਰਿਜ ਨਹੀਂ ਕਰ ਸਕਦਾ ਆਖ ਉਹ ਗੱਲ ਟਾਲ ਗਿਆ।''

"ਫਿਰ ਤੁਸੀਂ ਕੀ ਕੀਤਾ ਕੈਲਾਸ਼ ਜੀ?''

"ਇਸ ਵਾਰ ਮੈਂ ਆਪਣੀ ਗੱਲ 'ਤੇ ਅੜੀ ਰਹੀ। ਮੈਂ ਮਨ ਬਣਾ ਲਿਆ ਸੀ ਕਿ ਜ਼ਿੰਦਗੀ ਹੁਣ ਇਸ ਨਾਲ ਹੀ ਕੱਟਣੀ ਹੈ। ਜੇ ਜ਼ਿੰਦਗੀ ਇਸ ਨਾਲ ਕੱਟਣੀ ਹੈ ਤਾਂ ਹੱਕ ਨਾਲ ਕੱਟਾਂ। ਖਾਸ ਕਰ ਕੇ ਉਸ ਦੇ ਪਿਉ ਦੀ ਕਹੀ ਉਹ ਗੱਲ ਮੇਰੇ ਸੀਨੇ 'ਚ ਖੰਜਰ ਵਾਂਗ ਬੜੀ ਹੋਈ ਸੀ, "ਬਣਦੀ ਹੈ ਤਾਂ ਠੀਕ ਹੈ, ਨਹੀ ਤਾਂ ਦਫਾ ਕਰੇ ਭੈਣ ....;ਦੀ ਨੂੰ।"

"ਫਿਰ ਅਗਾਂਹ ਕੀ ਹੋਇਆ?"

"ਸਤੰਬਰ ਦਾ ਮਹੀਨਾਂ ਸੀ ਜਦ ਮੈਂ ਉਸ ਨਾਲ ਕੋਰਟ ਮੈਰਿਜ ਦੀ ਗੱਲ ਕੀਤੀ ਤੇ ਜਨਵਰੀ 'ਚ ਉਸ ਨੇ ਆਪਣੀ ਪਹਿਲੀ ਜਨਾਨੀ ਨੂੰ ਪੈਸੇ ਦੇਣੇ ਸਨ

**ਚਲਦਾ....**

# ਉੱਘੇ ਸਿੱਖ ਬੁੱਧੀਜੀਵੀ, ਪ੍ਰਸ਼ਾਸਕ ਤੇ ਸਾਂਸਦ ਸਿਰਦਾਰ ਕਪੂਰ ਸਿੰਘ ਨੂੰ ਯਾਦ ਕਰਦਿਆਂ

13 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਜਦੋਂ ਕਦੇ ਕਿਸੇ ਉੱਘੇ ਸਿੱਖ ਬੁੱਧੀਜੀਵੀ, ਸਿੱਖ ਕੌਮ ਦੀ ਪ੍ਰਭੂਸੱਤਾ ਲਈ ਤਾਅ ਜ਼ਿੰਦਗੀ ਸੰਘਰਸ਼ਸ਼ੀਲ ਰਹਿਣ ਵਾਲੇ, ਯੋਗ ਪ੍ਰਬੰਧਕ ਤੇ ਸਾਂਸਦ ਦੀ ਗੱਲ ਚੱਲਦੀ ਹੈ ਤਾਂ ਸਰਬਗੁਣ ਸੰਪੰਨ ਸਿਰਦਾਰ ਕਪੂਰ ਸਿੰਘ ਆਈ. ਪੀ. ਐਸ. ਦਾ ਚਿਹਰਾ ਮੁਹਰਾ ਆਪ ਮੁਹਾਰੇ ਅੱਖਾਂ ਸਾਹਵੇਂ ਆ ਜਾਂਦਾ ਹੈ। ਇਸ ਮਹਾਨ ਬੁੱਧੀਜੀਵੀ ਦਾ ਜਨਮ ਜਗਰਾਉਂ (ਲੁਧਿਆਣਾ) ਦੇ ਇਕ ਨੇੜਲੇ ਪਿੰਡ ਵਿੱਚ 2 ਮਾਰਚ 1909 ਈ: ਨੂੰ ਸ. ਦੀਦਾਰ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਦੀ ਕੁੱਖ ਤੋਂ ਹੋਇਆ। ਇਨ੍ਹਾਂ ਦੇ ਜਨਮ ਤੋਂ ਥੋੜ੍ਹੇ ਸਮੇਂ ਤੋਂ ਪਿੱਛੋਂ ਇਹ ਪਰਿਵਾਰ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 531 ਵਿੱਚ ਜਾ ਵਸਿਆ। ਬਚਪਨ ਤੋਂ ਤੇਜ਼ ਤਰਾਰ ਬੁੱਧੀ ਦੇ ਮਾਲਕ ਸਿਰਦਾਰ ਕਪੂਰ ਸਿੰਘ ਨੇ ਦੱਸਵੀਂ ਤੱਕ ਦੀ ਸਿੱਖਿਆ ਖ਼ਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਆਪ ਨੇ ਲਾਹੌਰ ਤੋਂ ਪ੍ਰਾਪਤ ਕੀਤੀ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਜਦੋਂ ਦੋ ਦੇਸ਼ ਧਰਮ 'ਤੇ ਆਧਾਰਿਤ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਪੰਜਾਬ ਦੀ ਧਰਤੀ ਨੂੰ ਵੰਡ ਕੇ ਬੈਠ ਗਏ। ਇਸ ਤੋਂ ਬਾਅਦ ਹਿੰਦੁਸਤਾਨ ਦੀ ਸਰਕਾਰ ਵੱਲੋਂ ਸਿੱਖਾਂ ਪ੍ਰਤੀ ਪੱਖਪਾਤੀ ਰਵੱਈਏ ਤੋਂ ਆਪ ਹਮੇਸ਼ਾਂ ਚਿੰਤਤ ਰਹਿੰਦੇ ਸਨ। ਪੰਜਾਬ ਦੇ ਗਵਰਨਰ ਸ੍ਰੀ ਚੰਦੂ ਲਾਲ ਤ੍ਰਿਵੇਦੀ ਵੱਲੋਂ 10 ਅਕਤੂਬਰ, 1947 ਨੂੰ ਦੇਸ਼ ਦੇ ਬਟਵਾਰੇ ਤੋਂ ਚੰਦ ਕੁ ਦਿਨਾਂ ਬਾਅਦ ਇਕ ਗਸ਼ਤੀ ਚਿੱਠੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤੀ ਗਈ। ਇਸ ਚਿੱਠੀ ਵਿੱਚ ਸਮੁੱਚੀ ਸਿੱਖ ਕੌਮ ਨੂੰ ਮੁਜਰਮਾਨਾ ਬਿਰਤੀ ਦੇ ਆਖ ਕੇ ਇਨ੍ਹਾਂ ਦੀਆਂ ਗਤੀਵਿਧੀਆਂ ਨੂੰ ਵਾਚਣ ਲਈ ਕਿਹਾ ਗਿਆ। ਇਸ ਗਸ਼ਤੀ ਪੱਤਰ ਨੇ ਇਨ੍ਹਾਂ ਦੇ ਹਿਰਦੇ 'ਤੇ ਡੂੰਘੀ ਸੱਟ ਮਾਰੀ। ਬਤੌਰ ਡਿਪਟੀ ਕਮਿਸ਼ਨਰ ਇਨ੍ਹਾਂ ਵੱਲੋਂ ਇਸ ਪੱਤਰ ਦੇ ਉੱਤਰ ਵਜੋਂ ਭਾਰਤ ਸਰਕਾਰ ਪ੍ਰਤੀ ਸਖ਼ਤ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਚਿੱਠੀ ਦੇ ਸਖ਼ਤ ਉੱਤਰ ਪਿੱਛੋਂ ਸਿਰਦਾਰ ਕਪੂਰ ਸਿੰਘ 'ਤੇ ਨਿਗੂਣੇ ਜਿਹੇ ਦੋਸ਼ ਆਇਦ ਕਰਕੇ ਮੁਕੱਦਮਾ ਚਲਾਇਆ ਗਿਆ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਉਸ ਸਮੇਂ ਦੇਸ਼ ਨਵਾਂ-ਨਵਾਂ ਅੰਗ੍ਰੇਜ਼ ਹਕੂਮਤ ਵੱਲੋਂ ਅਜ਼ਾਦ ਹੋਇਆ ਸੀ, ਸਮੁੱਚੇ ਦੇਸ਼ ਵਿੱਚ ਆਈ. ਸੀ. ਐਸ. ਵਜੋਂ ਸੇਵਾ ਨਿਭਾਉਣ ਵਾਲੇ ਬਹੁਤ ਥੋੜ੍ਹੇ ਸਿੱਖ ਅਫ਼ਸਰ ਸਨ। ਸਰਕਾਰੀ ਨੌਕਰੀ ਤੋਂ ਬਰਖ਼ਾਸਤ ਹੋਣ ਤੋਂ ਪਿੱਛੋਂ ਆਪ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਬੇਇਨਸਾਫ਼ੀ ਨੂੰ ਖ਼ਤਮ ਕਰਨ ਲਈ ਪੂਰਨ ਰੂਪ ਵਿੱਚ ਖ਼ੁਦ ਨੂੰ ਸਮਰਪਿਤ ਕਰਕੇ ਕਾਰਜ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਜ਼ਿੰਦਗੀ ਭਰ ਸਿੱਖਾਂ ਦੇ ਵਿਰੁੱਧ ਚੱਲ ਰਹੀਆਂ ਕੂਟਨੀਤਿਕ ਚਾਲਾਂ ਵਿੱਚ ਲੜਨ ਦਾ ਮਨ ਬਣਾ ਲਿਆ। ਹੁਣ ਉਨ੍ਹਾਂ ਇਕ ਉੱਘੇ ਸਿੱਖ ਬੁੱਧੀਜੀਵੀ ਵਾਲੀ ਭੂਮਿਕਾ ਨਿਭਾਉਂਦਿਆਂ ਸੰਘਰਸ਼ਸ਼ੀਲ ਤਾਕਤਾਂ ਦੇ ਹੱਕ ਵਿੱਚ ਅਵਾਜ਼ ਉਠਾਉਣ ਲਈ ਬੀੜਾ ਚੁੱਕ ਲਿਆ। 1973 ਈ: ਵਿੱਚ ਸਿਰਦਾਰ ਕਪੂਰ ਸਿੰਘ ਨੂੰ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ ਦੀ ਉਪਾਧੀ ਨਾਲ ਪੂਰੇ ਸਿੱਖ ਸੰਸਾਰ ਵੱਲੋਂ ਸਨਮਾਨਿਆ ਗਿਆ।

ਉਨ੍ਹਾਂ ਬਤੌਰ ਡਿਪਟੀ ਕਮਿਸ਼ਨਰ ਕਾਰਜਸ਼ੀਲ ਰਹਿੰਦਿਆਂ ਇਸ ਗੱਲ ਨੂੰ ਭਲੀਭਾਂਤ ਅਨੁਭਵ ਕਰ ਲਿਆ ਕਿ ਰਾਜਨੀਤਿਕ ਵਿਤਕਰੇ ਕਰਕੇ ਸਿੱਖ ਜੀਵਨ ਦੇ ਹਰ ਖੇਤਰ ਵਿੱਚ ਮਾਰ ਖਾ ਰਹੇ ਹਨ। ਇਸੇ ਰਾਜਨੀਤਿਕ ਵਿਤਕਰੇ ਨੂੰ ਦੇਖਦਿਆਂ ਹੀ ਇਸ ਮਹਾਨ ਬੁੱਧੀਜੀਵੀ ਹਸਤੀ ਨੇ 1962 ਈ: ਵਿੱਚ ਲੁਧਿਆਣਾ ਤੋਂ ਅਕਾਲੀ ਦਲ ਦੀ ਟਿਕਟ ਲੈ ਕੇ ਲੋਕ ਸਭਾ ਦੀ ਚੋਣ ਜਿੱਤੀ। ਲੋਕ ਸਭਾ ਦੀ ਕਾਰਵਾਈ ਦੌਰਾਨ ਬੜੇ ਬੇਵਾਕ ਸ਼ਬਦਾਂ ਵਿੱਚ ਸਿੱਖਾਂ ਪ੍ਰਤੀ ਹਰ ਖੇਤਰ ਵਿੱਚ ਹੋ ਰਹੇ ਵਿਤਕਰੇ ਦੇ ਕੱਚੇ ਚਿੱਠੇ ਨੂੰ ਬਾਖ਼ੂਬੀ ਪੇਸ਼ ਕੀਤਾ। ਜੋ ਅੱਜ ਵੀ ਲੋਕ ਸਭਾ ਦੇ ਸਰਕਾਰੀ ਰਿਕਾਰਡ ਵਿੱਚ ਵੇਖਿਆ ਜਾ ਸਕਦਾ ਹੈ।



ਸਿਰਦਾਰ ਕਪੂਰ ਸਿੰਘ ਆਈ. ਪੀ. ਐਸ.

ਸਿਰਦਾਰ ਕਪੂਰ ਸਿੰਘ ਨੇ ਸਾਹਿਤਕ ਖੇਤਰ ਵਿੱਚ ਵੀ ਵੱਡਾ ਯੋਗਦਾਨ ਪਾਇਆ। ਸਪੱਸ਼ਟਵਾਦੀ ਤੇ ਨਿਧੜਕ ਲੇਖਕ ਵਜੋਂ 1952 ਈ: ਵਿੱਚ ਬਹੁਵਿਸਥਾਰ ਅਤੇ ਪੁੰਦਰੀਕ ਨਾਂਅ ਦੇ ਲੇਖ ਸੰਗ੍ਰਹਿ ਪ੍ਰਕਾਸ਼ਤ ਕੀਤੇ। ਸਪਤਸ੍ਰਿੰਗ ਪੁਸਤਕ ਵਿੱਚ ਉਨ੍ਹਾਂ ਵੱਲੋਂ ਸੱਤ ਉੱਚ ਹਸਤੀਆਂ ਦੀਆਂ ਜੀਵਨੀਆਂ ਪਾਠਕਾਂ ਦੇ ਸਨਮੁੱਖ ਪੇਸ਼ ਕੀਤੀਆਂ ਗਈਆਂ। ਅੰਗ੍ਰੇਜ਼ੀ ਪੁਸਤਕ ਪਰਾਸ਼ਰ ਪ੍ਰਸਨਾ-ਵਿਸਾਖੀ ਆਫ਼ ਗੁਰੂ ਗੋਬਿੰਦ ਸਿੰਘ ਸਿੱਖ ਫਿਲਾਸਫ਼ੀ ਦੀ ਸ਼ਾਹਕਾਰ ਰਚਨਾ ਹੈ। ਸਾਚੀ ਸਾਖੀ ਪੁਸਤਕ ਸਿੱਖ ਕੌਮ ਨਾਲ ਹੋ ਰਹੇ ਰਾਜਨੀਤਿਕ ਵਿਤਕਰੇ ਦੇ ਸੱਚ ਨੂੰ ਪ੍ਰਗਟ ਕਰਦੀ ਹੈ। ਇਸ ਪੁਸਤਕ ਦੇ ਪਾਠਕਾਂ ਦੇ ਸਨਮੁੱਖ ਆਉਣ ਸਮੇਂ ਸਰਕਾਰ ਵੱਲੋਂ ਇਸ ਉਪਰ ਪਾਬੰਦੀ ਲਾ ਦਿੱਤੀ ਗਈ। ਅੰਗ੍ਰੇਜ਼ੀ ਦੀਆਂ ਤਿੰਨ ਪੁਸਤਕਾਂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਿੱਛੋਂ ਡਾ: ਪਿਆਰ ਸਿੰਘ ਤੇ ਡਾ: ਮਦਨਜੀਤ ਕੌਰ ਨੇ ਸੰਪਾਦਿਤ ਕੀਤੀਆਂ। ਸਿੱਖ ਬੁੱਧੀਜੀਵੀਆਂ ਵਿੱਚੋਂ ਉਹ ਬਹੁ-ਭਾਸ਼ਾਈ ਵਿਦਵਾਨ ਵਜੋਂ ਰਹਿੰਦੀ ਦੁਨੀਆਂ ਤੱਕ ਸਤਿਕਾਰ ਪ੍ਰਾਪਤ ਕਰਦੇ ਰਹਿਣਗੇ।

ਇਹ ਮਹਾਨ ਸ਼ਖ਼ਸ਼ੀਅਤ 1984 ਦੇ ਘੱਲੂਘਾਰੇ ਦੇ ਪਿੱਛੋਂ ਹੋ ਰਹੀ ਸਿੱਖ ਨਸਲਕੁਸ਼ੀ ਦੇ ਦਿਨਾਂ ਵਿੱਚ 13 ਅਗਸਤ, 1986 ਈ: ਜਗਰਾਉਂ (ਲੁਧਿਆਣਾ) ਵਿਖੇ ਆਪਣੇ ਸਨੇਹੀਆਂ ਤੇ ਪ੍ਰਸ਼ੰਸਕਾਂ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਯਾਦ ਨੂੰ ਸਾਡਾ ਪ੍ਰਣਾਮ।

## ਔਟਵਾ ਨੇੜੇ ਛੋਟਾ ਹਵਾਈ ਜਹਾਜ਼ ਕਰੈਸ਼ ਹੋਣ ਮਗਰੋਂ ਜਹਾਜ ਚ ਸਵਾਰ ਦੋ ਲੋਕ ਜਖਮੀ ਇੱਕ ਦੀ ਮੌਤ



ਵੈਨਕੂਵਰ-(ਮਲਕੀਤ ਸਿੰਘ)-ਕਨੇਡਾ ਦੀ ਰਾਜਧਾਨੀ ਔਟਵਾ ਚ ਸਥਾਨਕ ਹਵਾਈ ਅੱਡੇ ਦੇ ਨਜ਼ਦੀਕ ਇੱਕ ਛੋਟਾ ਹਵਾਈ ਜਹਾਜ਼ ਹਾਦਸਾ ਗ੍ਰਸਤ ਹੋ ਜਾਣ ਮਗਰੋਂ ਜੰਗਲੀ ਦਰਖਤਾਂ ਦੇ ਝੁੰਡ ਚ ਡਿੱਗ ਜਾਣ ਮਗਰੋਂ ਬੁਰੀ ਤਰ੍ਹਾਂ ਟੁੱਟ ਗਿਆ ਜਹਾਜ ਚ ਸਵਾਰ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ ਜਦੋਂ ਕਿ ਤੀਸਰੇ ਵਿਅਕਤੀ ਸਬੰਧੀ ਕੋਈ ਜਾਣਕਾਰੀ ਜਨਤਕ ਨਹੀਂ ਸੀ ਕੀਤੀ ਗਈ ਪਰੰਤੂ ਦੇਰ ਰਾਤ ਮਿਲੀ ਜਾਣਕਾਰੀ ਅਨੁਸਾਰ ਓਹ ਪਾਇਲਟ ਸੀ ਅਤੇ ਓਸਦੀ ਮੌਤ ਦੀ ਪੁਸ਼ਟੀ ਕਰ ਦਿੱਤੀ ਗਈ ਹੈ ਮੌਕੇ ਤੇ ਪੁੱਜੀਆਂ ਬਚਾਅ ਅਮਲੇ ਦੀਆਂ ਟੀਮਾਂ ਵੱਲੋਂ ਰਾਹਤ ਕਾਰਜ ਆਰੰਭ ਕਰਦਿਆਂ ਜ਼ਖਮੀ ਹਾਲਤ ਚ ਮਿਲੇ ਦੋ ਵਿਅਕਤੀਆਂ ਨੂੰ ਹਸਪਤਾਲ ਚ ਦਾਖਲ ਕਰਵਾ ਦਿੱਤਾ ਗਿਆ ਹੈ। ਅਤੇ ਆਮ ਨਾਗਰਿਕਾਂ ਨੂੰ ਘਟਨਾ ਵਾਲੇ ਖੇਤਰ ਚ ਜਾਣ ਤੋਂ ਵਰਜਿਤ ਕਰ ਦਿੱਤਾ ਗਿਆ ਹੈ ।


## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:-** ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 15 ਅਗਸਤ 2025 ਤੋਂ ਪਹਿਲਾਂ ਭੇਜਣ

## Job Title: Keertani Jatha of 3 Required at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**


Please contact: Parkash Singh on 07909 517494 or Tel: 0161 2267233

**Closing Date : Please Apply before 15th August 2025**

SRI GURU GOBIND SINGH GURDWARA Educational & Cultural Centre,
57 Upper Chorlton Road, Whalley Range, Manchester, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

# ਤਲਵਾਰ ਦੀ ਧਾਰ ਨਾਲ ਮੋਈਆਂ ਕੌਮਾਂ ਦੁਬਾਰਾ ਜੀਊਂਦੀਆਂ ਹੋ ਸਕਦੀਆਂ ਹਨ, ਪਰ ਇਤਿਹਾਸ ਦੀ ਮਾਰ ਦੁਬਾਰਾ ਉੱਠਣ ਜੋਗਾ ਨਹੀਂ ਛੱਡਦੀ


ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477

## ਅੱਖਾਂ ਦੇ ਸਾਹਮਣੇ ਜਿਥੇ ਆਰ.ਐੱਸ.ਐੱਸ. ਤੇ ਭਾਜਪਾ ਵੱਲੋਂ ਇਤਿਹਾਸ ਬਦਲਿਆ ਜਾ ਰਿਹਾ ਹੈ ਪਰ ਸਿੱਖ ਸੰਸਥਾਵਾਂ ਤੇ ਸਿੱਖ ਵਿਦਵਾਨਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ।

ਇਤਿਹਾਸ ਇਕ ਸ਼ਸ਼ਤਰ ਹੈ, ਅੱਜ ਕੱਲ੍ਹ ਆਰ. ਐੱਸ. ਐੱਸ. ਤੇ ਭਾਜਪਾ ਇਤਿਹਾਸ ਨੂੰ ਇਕ ਘਾਤਕ ਸ਼ਸ਼ਤਰ ਵਾਂਗਰ ਵਰਤ ਰਹੀ ਹੈ। ਪਰਤਾਵੇ ਨਾਲ ਪਤਾ ਲੱਗਦਾ ਹੈ ਕਿ ਸੱਚ-ਮੁੱਚ ਇਹ ਸ਼ਸ਼ਤਰ ਵਧੇਰੇ ਅਸਰ ਕਰਨ ਵਾਲਾ ਹੁੰਦਾ ਹੈ। ਤਲਵਾਰ ਦੀ ਧਾਰ ਤੋਂ ਮਨੁੱਖ ਬਚ ਜਾਏ, ਮੋਈਆਂ ਹੋਈਆਂ ਕੌਮਾਂ ਫੇਰ ਜੀਊਂਦੀਆਂ ਹੋ ਜਾਣ, ਪਰ ਇਤਿਹਾਸ ਦੀ ਮਾਰ ਫੇਰ ਉਠਣ ਜੋਗਾ ਨਹੀਂ ਛਡਦੀ। ਗੱਲ ਕੀ, ਇਤਿਹਾਸ ਦੀ ਮਾਰ ਸਰਕਾਰੀ ਤੋਪਾਂ, ਟੈਂਕਾਂ, ਬੰਦੂਕਾਂ ਦੀ ਮਾਰ, ਗੈਸ ਦੀ ਮਾਰ ਅਤੇ ਹਵਾਈ ਜਹਾਜ਼ਾਂ ਬੰਬਾਂ ਦੀ ਮਾਰ ਤੋਂ ਵਧੇਰੇ ਘਾਤਕ ਸਾਬਤ ਹੁੰਦੀ ਹੈ। ਆਰ. ਐੱਸ. ਐੱਸ. ਤੇ ਭਾਜਪਾ ਇਤਿਹਾਸ ਦੀ ਮਾਰ ਮਾਰਕੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡ ਰਹੀ ਹੈ। (1) ਮਿਥਿਹਾਸ ਨੂੰ ਵਿਗਿਆਨ ਵਾਂਗ ਇਸਤੇਮਾਲ ਕਰਨ ਲਈ ਭਾਰਤ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਕੰਮਕਾਰ ਦਾ ਢੰਗ ਹੀ ਬਦਲ ਗਿਆ ਹੈ। ਉਹ ਸੰਘ ਪਰਿਵਾਰ ਦੇ ਬਿਰਤਾਤਾਂ ਨੂੰ ਫਿੱਟ ਕਰਨ ਲਈ ਇਤਿਹਾਸ ਨੂੰ ਮੁੜ ਲਿਖਣ 'ਤੇ ਰੁੱਝਿਆ ਹੋਇਆ ਹੈ। ਇਸ ਪ੍ਰਸ਼ਾਸਨ ਦੇ ਪਿੱਛੇ ਆਰ. ਐੱਸ. ਐੱਸ. ਹੈ। ਇਕ ਗੰਭੀਰ ਸਾਜਿਸ਼ ਤੇ ਹਮਲੇ ਤਹਿਤ ਭਾਰਤ ਦੇ ਲੋਕਤੰਤਰ ਅਤੇ ਸੈਕੂਲਰਇਜ਼ਮ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਇਸ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਰਾਸ਼ਟਰੀ ਸਵੈਮ ਸੇਵਕ ਸੰਘ, ਵਿੱਦਿਅਕ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਹਿੰਸਾ ਦਾ ਵਿਆਪਕ ਸੱਭਿਆਚਾਰ ਸ਼ੁਰੂ ਕੀਤਾ ਗਿਆ ਹੈ। (2) ਆਰ. ਐੱਸ. ਐੱਸ. ਤੇ ਭਾਜਪਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ ਦੀ ਪ੍ਰਮਾਣਿਕਤਾ ਉੱਤੇ ਲਗਾਤਾਰ ਯੋਜਨਾ ਅਨੁਸਾਰ ਹਮਲੇ ਕੀਤੇ ਜਾ ਰਹੇ ਹਨ। ਸਿੱਖਾਂ ਨੂੰ ਸਿੱਖੀ ਤੋਂ ਦੂਰ ਕਰਨ ਲਈ ਸਿੱਖਾਂ ਵਿੱਚ ਸਿੱਖੀ ਸਿਧਾਂਤਾਂ ਪ੍ਰਤੀ ਪਰਪਕਤਾ ਅਤੇ ਸਿੱਖ ਤੇ ਗੁਰੂ ਦੇ ਅਥਾਹ ਰਿਸ਼ਤੇ ਨੂੰ ਤੋੜਨ ਦੀਆਂ ਕੋਝੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਸਾਰੇ ਸਕੂਲਾਂ ਵਿੱਚ ਗੀਤਾ ਦੇ ਪਾਠ ਨੂੰ ਲਾਜ਼ਮੀ ਕਰਨਾ, ਪੰਜਾਬ ਵਿੱਚ ਪੰਜਾਬੀ ਬੱਚਿਆਂ ਦੀ ਪੰਜਾਬੀ ਬੋਲੀ ਤੋਂ ਦੂਰੀ ਨੂੰ ਹੋਰ ਵਧਾਉਣਾ ਹੈ। ਆਏ ਦਿਨ ਚਾਣਕੀਆ ਵਾਲੀ ਚਲਾਕ ਤੇ ਮਕਾਰ ਨੀਤੀ ਨਾਲ ਸਿੱਖਾਂ 'ਤੇ ਸਿਧਾਂਤਕ ਹਮਲੇ ਹੋ ਰਹੇ ਹਨ। ਗੁਰ ਇਤਿਹਾਸ, ਸਿੱਖ ਇਤਿਹਾਸ ਨੂੰ ਆਪਣੀ ਮਰਜ਼ੀ ਨਾਲ ਬਦਲਕੇ ਰਾਸ਼ਟਰਵਾਦ ਦੇ ਹੱਕ ਵਿੱਚ ਭੁਗਤਾਇਆ ਜਾ ਰਿਹਾ ਹੈ। ਸਿੱਖ ਗੁਰੂ ਸਾਹਿਬਾਨ ਦਾ ਦੈਵੀ ਰੁਤਬਾ ਅਤੇ ਉਸ ਦੇ ਇਤਿਹਾਸਕ ਨਾਇਕਾਂ ਦੀ ਇਖ਼ਲਾਕੀ ਉੱਚਤਾ ਨੂੰ ਡੇਗਣ ਲਈ ਆਰ. ਐੱਸ. ਐੱਸ. ਧੜਾ-ਧੜ ਸਿੱਖ ਵਿਰੋਧੀ ਲਿਟਰੇਚਰ ਛੱਪਵਾ ਕੇ ਵੰਡ ਰਹੀ ਹੈ। ਸਿੱਖੀ, ਸਿੱਖ ਸੱਭਿਆਚਾਰ, ਸਿੱਖੀ ਸਿਧਾਂਤ ਤੇ ਗੁਰ ਇਤਿਹਾਸ, ਸਿੱਖ ਇਤਿਹਾਸ ਨੂੰ ਤਹਿਸ-ਨਹਿਸ ਕਰਨ ਲਈ ਭਾਜਪਾ ਸਿੱਖ ਇਤਿਹਾਸ ਨੂੰ ਵਿਗਾੜਕੇ ਐੱਨ.ਸੀ.ਆਰ.ਟੀ. ਦੀ 8ਵੀਂ ਦੀ ਕਿਤਾਬ ਵਿੱਚ ਇਕ ਸ਼ਸ਼ਤਰ ਵਜੋਂ ਵਰਤ ਰਹੀ ਹੈ। ਸ: ਸੁਦਰਸ਼ਨ ਸਿੰਘ ਢਿੱਲੋਂ ਨੇ ਪੰਜਾਬ ਟਾਈਮਜ਼ ਵਿੱਚ ਲਿਖੇ ਲੇਖ ਵਿੱਚ ਪੰਜਾਬ ਟਾਈਮਜ਼ ਆਫ਼ ਇੰਡੀਆ 22 ਦਸੰਬਰ 2015 ਵਿੱਚ ਛਪੀ ਇਕ ਖ਼ਬਰ ਦੇ ਹਵਾਲੇ ਨਾਲ ਲਿਖਿਆ ਸੀ ਕਿ ਮੋਹਨ ਭਾਗਵਤ ਨੇ ਰਾਸ਼ਟਰੀ ਸਿੱਖ ਸੰਗਤ ਦੇ ਚਿਰੰਜੀਵ ਸਿੰਘ ਦੇ ਰਾਹੀਂ ਭਾਈ ਮਨੀ ਸਿੰਘ ਰਿਸਰਚ ਅਧਿਐਨ ਨੂੰ 85 ਲੱਖ ਰੁਪਏ ਇਸ ਕਰਕੇ ਦਿੱਤੇ ਕਿ ਸਿੱਖਾਂ ਦੇ ਇਤਿਹਾਸਕ ਦਸਤਾਵੇਜ਼ਾਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੀ ਹਿੰਦੂ ਧਰਮ ਅਨੁਸਾਰ ਵਿਆਖਿਆ ਕਰਵਾਈ ਜਾਵੇ। 24 ਜੁਲਾਈ ਤੋਂ 31 ਜੁਲਾਈ 2025 ਦੇ ਪੰਜਾਬ ਟਾਈਮਜ਼ ਦੇ ਅੰਕ 3090 ਦੇ ਸਫ਼ਾ 22 ਉੱਤੇ ਖ਼ਬਰ ਛਪੀ ਹੈ: ਐੱਨ. ਸੀ. ਆਰ. ਟੀ. ਦੀ ਨਵੀਂ ਕਿਤਾਬ ਵਿੱਚ ਸਿੱਖ ਇਤਿਹਾਸ ਦੀ ਵਿਗਾੜੀ ਪੇਸ਼ਕਾਰੀ- ਕੀ ਸਿੱਖ ਗੁਰੂ ਸਾਹਿਬਾਨ ਦੀ ਲਹਿਰ ਮਨੁੱਖਤਾ ਦੇ ਇਨਸਾਫ਼ ਲਈ ਸੀ ਜਾਂ ਮੁਗ਼ਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਾਰਣ? ਇਸ ਖ਼ਬਰ ਦਾ ਸਾਰ ਅੰਸ਼ ਹੈ ਕਿ - ਰਾਸ਼ਟਰੀ ਸਿੱਖਿਆ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪ੍ਰੀਸ਼ਦ (ਐੱਨ. ਸੀ. ਆਰ. ਟੀ.) ਦੀ ਕਲਾਸ 8ਵੀਂ ਦੀ ਨਵੀਂ ਸਮਾਜਿਕ ਵਿਗਿਆਨ ਦੀ ਕਿਤਾਬ ਐਕਸਪਲੋਰਿੰਗ ਸੁਸਾਇਟੀ ਇੰਡੀਆ ਐਂਡ ਬਿਯੋਂਡ ਵਿੱਚ ਸਿੱਖ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਖ਼ਬਰ ਵਿੱਚ ਇਹ ਵੀ ਲਿਖਿਆ ਹੈ ਕਿ 8ਵੀਂ ਕਲਾਸ ਦੀ ਇਸ ਕਿਤਾਬ ਵਿੱਚ ਮੁਗ਼ਲ ਸ਼ਾਸ਼ਕਾਂ ਨੂੰ ਵਿਲੇਨ ਅਤੇ ਸਿੱਖ ਗੁਰੂਆਂ ਨੂੰ ਹਿੰਦੂ ਧਰਮ ਦੇ ਰਾਖੇ ਵਜੋਂ ਦਰਸਾਇਆ ਗਿਆ ਹੈ। ਇਸ ਖ਼ਬਰ ਵਿੱਚ ਇਹ ਵੀ ਚਿੰਤਾ ਪ੍ਰਗਟਾਈ ਗਈ ਹੈ ਕਿ ਐੱਨ.ਸੀ.ਆਰ.ਟੀ. ਦੀਆਂ ਨਵੀਆਂ ਕਿਤਾਬਾਂ ਵਿੱਚ ਰਾਸ਼ਟਰੀ ਸਵੈਮ ਸੰਘ (ਆਰ. ਐੱਸ. ਐੱਸ.) ਦੀ ਵਿਚਾਰਧਾਰਾ ਦਾ ਪ੍ਰਭਾਵ ਸਾਫ਼ ਵਿਖਾਈ ਦਿੰਦਾ ਹੈ। ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਲਈ ਸਿੱਖ ਬੁੱਧੀਜੀਵੀਆਂ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਖ਼ਬਰ ਅਨੁਸਾਰ ਅਫ਼ਸੋਸ ਦੀ ਗੱਲ ਹੈ ਕਿ ਸਿੱਖ ਸੰਸਥਾਵਾਂ, ਖ਼ਾਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ (ਐੱਸ.ਜੀ.ਪੀ.ਸੀ.) ਨੇ ਇਸ ਮੁੱਦੇ 'ਤੇ ਹੁਣ ਤੱਕ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ। ਹੱਥਲੇ ਲੇਖ ਵਿੱਚ ਅਸੀਂ ਇਸ ਖ਼ਬਰ ਦੀ ਹੇਠਲੀ ਸਤਰ: ਕੀ ਸਿੱਖ ਗੁਰੂ ਸਾਹਿਬਾਨ ਦੀ ਲਹਿਰ ਮਨੁੱਖਤਾ ਦੇ ਇਨਸਾਫ਼ ਲਈ ਸੀ ਜਾਂ ਮੁਗ਼ਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਾਰਣ ਬਾਰੇ ਵਿਚਾਰ ਕਰਾਂਗੇ। ਸ: ਗੁਰਤੇਜ ਸਿੰਘ ਨੇ ਟਿੱਪਣੀ ਕੀਤੀ ਹੈ ਕਿ: ਗੁਰੂ ਸਾਹਿਬਾਨ ਦੀ ਲੜਾਈ ਮਨੁੱਖਤਾ ਦੇ ਅਤੇ ਨਿਆਂ ਲਈ ਸੀ। ਇਹ ਸੰਘਰਸ਼ ਮੁਗ਼ਲ ਸਾਮਰਾਜ ਦੀ ਜਾਲਮ ਸਤਾ ਦੇ ਵਿਰੁੱਧ ਸੀ ਨਾ ਕਿ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ ਗੁਰੂ ਸਾਹਿਬਾਨ ਨੇ ਤਾਂ ਇਸਲਾਮ ਜਾਂ ਮੁਸਲਮਾਨਾਂ ਵਿਰੁੱਧ ਕੀ ਲੜਨਾ ਸੀ, ਉਹ ਤਾਂ ਬੰਦਾ ਸਿੰਘ ਬਹਾਦਰ ਨੇ ਵੀ ਸਿੱਖ ਲਹਿਰ ਨੂੰ ਧਰਮ ਦੀ ਲੜਾਈ ਨਹੀਂ ਸੀ ਬਣਨ ਦਿੱਤਾ ਅਤੇ ਉਸ ਦੀ ਫ਼ੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਭਰਤੀ ਸੀ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਦੀਆਂ ਰਸਮਾਂ ਕਰਨ ਦੀ ਪੂਰਨ ਖੁੱਲ੍ਹ ਸੀ। ਜੇ ਸਿੱਖ ਲਹਿਰ ਮੁਗ਼ਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਰਨ ਹੀ ਹੋਂਦ ਵਿੱਚ ਆਈ ਸੀ ਤਾਂ ਫਿਰ ਪੀਰ ਬੁੱਧੂ ਸ਼ਾਹ, ਨਬੀ ਖਾਂ, ਗਨੀ ਖਾਂ, ਰਾਏ ਕਲ੍ਹਾ ਕੋਟਲਾ ਨਿਹੰਗ ਖਾਨ ਤੇ ਹੋਰ ਕਈ ਮੁਸਲਮਾਨ ਗੁਰੂ ਗੋਬਿੰਦ ਸਿੰਘ ਦਾ ਪੀਰਾਂ ਵਾਂਗ ਸਤਿਕਾਰ ਕਿਉਂ ਕਰਦੇ ਸਨ? ਔਰੰਗਜ਼ੇਬ ਦੀ ਮੌਤ ਤੋਂ ਬਾਅਦ ਜਦੋਂ ਉਸ ਦੇ ਤਿੰਨਾਂ ਪੁੱਤਰਾਂ ਵਿੱਚ ਰਾਜ ਤਖ਼ਤ ਦੀ ਖ਼ਾਤਰ ਝਗੜਾ ਸ਼ੁਰੂ ਹੋਇਆ ਸੀ ਤਾਂ ਔਰੰਗਜ਼ੇਬ ਦਾ ਵੱਡਾ ਪੁੱਤਰ ਸ਼ਾਹਜ਼ਾਦਾ ਮੁਅਜਮ (ਬਹਾਦਰ ਸ਼ਾਹ) ਭਾਈ ਨੰਦ ਨੂੰ ਨਾਲ ਲੈ ਕੇ ਅਸ਼ੀਰਵਾਦ ਅਤੇ ਫ਼ੌਜੀ ਮਦਦ ਲੈਣ ਆਇਆ ਸੀ ਤਾਂ ਗੁਰੂ ਸਾਹਿਬ ਨੇ ਆਪਣੇ ਪਿਤਾ ਤੇਗ਼ ਬਹਾਦਰ ਦੇ ਕਾਤਲ ਔਰੰਗਜ਼ੇਬ ਦੇ ਪੁੱਤਰ ਸ਼ਾਹਜ਼ਾਦਾ ਮੁਅਜਮ (ਬਹਾਦਰ ਸ਼ਾਹ) ਦੀ ਮਦਦ ਇਹ ਆਖ ਕੇ ਕੀਤੀ ਸੀ ਕਿ: ਕੁਫ਼ਰ ਅਸਤਦਰ ਤਰੀਕਤਿ ਮਾ ਕੀਨਾ ਦਾਸ਼ਤਨ। ਆਈਨਿ - ਮਮਸਤ ਸੀਨਾ ਚੋਂ ਆਈਨਾ ਦਾਸ਼ਤਨ, ਭਾਵ-ਕਿਸੇ ਨਾਲ ਵੈਰ ਰੱਖਣਾ ਸਾਡੇ ਧਰਮ ਦੇ ਵਿਰੁੱਧ ਹੈ। ਸਾਡਾ ਧਰਮ ਹੈ ਦਿਲ ਨੂੰ ਸ਼ੀਸ਼ੇ ਵਾਂਗ ਸਾਫ਼ ਰੱਖਣਾ। ਗੁਰੂ ਸਾਹਿਬਾਨ ਦੇ ਅਸ਼ੀਰਵਾਦ ਅਤੇ ਫੌਜੀ ਮਦਦ ਨਾਲ ਸ਼ਾਹਜ਼ਾਦਾ ਮੁਅਜਮ (ਬਹਾਦਰ ਸ਼ਾਹ) ਦੀ ਫ਼ਤਹਿ ਹੋਈ ਅਤੇ ਉਹ ਔਰੰਗਜ਼ੇਬ ਦੇ ਤਖ਼ਤ ਦਾ ਵਾਰਿਸ ਬਣਿਆ। ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕਰਕੇ ਆਪਣੇ ਦਰਬਾਰ ਵਿੱਚ ਸੱਦਿਆ, ਗੁਰੂ ਜੀ ਨੂੰ ਆਪਣੇ ਬਰਾਬਰ ਚੰਦਨ ਦੀ ਚੌਕੀ 'ਤੇ ਬਿਠਾ ਕੇ ਪੀਰਾਂ ਵਾਂਗੂੰ ਸਤਿਕਾਰ ਕੀਤਾ ਅਤੇ ਉਨ੍ਹਾਂ ਨੂੰ ਆਪਣਾ ਖ਼ਾਨਦਾਨੀ ਇਕ ਖੰਡਾ ਭੇਟ ਕੀਤਾ। ਇਸ ਖੰਡੇ ਦੇ ਹਰ ਸਾਲ ਅਨੰਦਪੁਰ ਹੋਲੇ ਮਹਲੇ ਵਾਲੇ ਦਿਨ ਸੰਗਤਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ। ਇਕ ਹੋਰ ਹਵਾਲਾ ਵੀ ਦੇਣਾ ਕੁਥਾਂ ਨਹੀਂ ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਪੜ੍ਹਕੇ ਕਿਹਾ ਸੀ। ਮੈਂ ਜਾਨ ਲਿਆ ਹੈ ਤੁਸੀਂ ਸੱਚੇ ਸਤਿਗੁਰ ਨਾਨਕ ਗੱਦੀ ਦੇ ਵਾਰਸ ਸੱਚੇ ਖ਼ੁਦਾ ਪ੍ਰਸਤ ਹੋ। ਮੇਰੇ ਅਮਲੇ ਨੇ ਬੁੱਤ ਪੂਜ ਹਿੰਦੂ ਪਹਾੜੀ ਰਾਜਿਆਂ ਦੇ ਆਖੇ ਲੱਗ ਕੇ ਤੁਹਾਡੇ ਪਰ ਜੁਲਮ ਦਾ ਵਰਤਾਉ ਕੀਤਾ ਹੈ। ਜਿਸ ਦਾ ਮੈਨੂੰ ਬਹੁਤ ਅਫ਼ਸੋਸ ਹੈ। ਤੁਸੀਂ ਜਿਤਨੀ ਜਲਦੀ ਹੋ ਸਕੇ ਮੇਰੇ ਪਾਸ ਚਲੇ ਆਉ। ਅਤੇ ਔਰੰਗਜ਼ੇਬ ਨੇ ਸੂਬੇ ਸਰਹੰਦ ਦੇ ਵਜੀਦ ਖਾਂ ਦੇ ਨਾਮ ਫੁਰਮਾਨ ਜਾਰੀ ਕੀਤਾ ਕਿ ਤੁਸੀਂ ਨਾਨਕ ਖ਼ੁਦਾ ਪ੍ਰਸਤ ਪੀਰ ਦੇ ਗੱਦੀ ਨਸ਼ੀਨ ਪਰ ਪਹਾੜੀ ਹਿੰਦੂ ਬੁੱਤ-ਪ੍ਰਸਤ ਰਾਜਿਆਂ ਦੇ ਆਖੇ ਲੱਗਕੇ ਧੋਖੇ ਨਾਲ ਮੈਥੋਂ ਹੁਕਮ ਲੈ ਕੇ ਲਸ਼ਕਰ ਨਹੀਂ ਸੀ ਮੰਗਾਉਣਾ, ਕਿਉਂਕਿ ਜਦ ਉਸ ਨੇ (ਗੁਰੂ ਗੋਬਿੰਦ ਸਿੰਘ ਨੇ) ਸਾਡਾ ਕੋਈ ਸ਼ਾਹੀ ਨੁਕਸਾਨ ਨਹੀਂ ਸੀ ਕੀਤਾ ਤਾਂ ਤੁਸੀਂ ਨਾਹਕ ਕਰੋੜਾਂ ਰੁਪੈ ਤੇ ਹਜ਼ਾਰਾਂ ਸ਼ਾਹੀ ਆਦਮੀ ਕਿਉਂ ਮਰਵਾ ਸੁੱਟੇ। ਇਸ ਦਾ ਜੁਆਬ ਧਰਮ ਨਾਲ ਦੇਉ ਅਤੇ ਅੱਗੇ ਤੋਂ ਇਸ ਪਰ ਮੈਲੀ ਅੱਖ ਨਾਲ ਨਹੀਂ ਤੱਕਣਾ, ਜਿਥੇ ਉਸ ਦਾ ਮਨ ਚਾਹੇ ਉਹ ਰਹੇ, ਇਹ ਫੁਰਮਾਨ ਪੜ੍ਹਕੇ ਸੂਬੇ ਸਰਹੰਦ ਵਜੀਰ ਖਾਂ ਦੇ ਮਾਪੇ ਮਰ ਗਏ ਸਨ। (ਹਵਾਲਾ - ਤਵਾਰੀਖ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 1085-1086, ਲਿਖਤ ਗਿਆਨੀ ਗਿਆਨ ਸਿੰਘ, ਪ੍ਰਕਾਸ਼ਕ - ਭਾਸ਼ਾ ਵਿਭਾਗ, ਪੰਜਾਬ) ਉਕਤ ਹਵਾਲੇ ਪੜ੍ਹਕੇ ਫੈਸਲਾ ਪਾਠਕਾਂ ਨੇ ਕਰਨਾ ਹੈ ਕਿ ਗੁਰੂ ਸਾਹਿਬਾਨ ਦੀ ਸਿੱਖ ਲਹਿਰ ਮਨੁੱਖਤਾ ਦੇ ਹੱਕਾਂ ਤੇ ਨਿਆਂ ਲਈ ਸੀ ਜਾਂ ਮੁਗ਼ਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਾਰਨ? ਇਸ ਵਿਸ਼ੇ 'ਤੇ ਤਾਂ ਕਿਤਾਬ ਲਿਖੀ ਜਾ ਸਕਦੀ ਹੈ, ਪਰ ਦਾਸ ਇਸ ਇਕ ਹਵਾਲੇ ਨਾਲ ਹੀ ਸਮਾਪਤੀ ਕਰੇਗਾ। 1971 ਦੀ ਲੜਾਈ ਵਿੱਚ ਪਾਕਿਸਤਾਨ ਦੇ ਜਨਰਲ ਨਿਆਜੀ ਅਤੇ ਉਸ ਦੀ 93000 ਫੌਜ ਨੇ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਆਤਮ-ਸਮਰਪਣ ਕੀਤਾ ਸੀ ਪਰ ਇਕ ਹਿੰਦੀ ਚੈਨਲ ਜਰਨਲ ਕੱਡਥ ਨੂੰ 1971 ਦੀ ਲੜਾਈ ਦਾ ਹੀਰੋ ਦੱਸ ਰਿਹਾ ਸੀ, ਜਦੋਂ ਅਗਸਤ ਦੇ ਆਖ਼ਰੀ ਹਫ਼ਤੇ 1965 ਦੀ ਲੜਾਈ ਦੀ ਜਿੱਤ ਦੀ ਗੋਲਡਨ ਜੁਬਲੀ ਸਰਕਾਰ ਨੇ ਮਨਾਈ ਤਾਂ ਕਿਧਰੇ ਵੀ ਜਨਰਲ ਹਰਬਖ਼ਸ਼ ਸਿੰਘ ਜਿਸ ਦੀ ਅਗਵਾਈ ਵਿੱਚ ਇਹ ਲੜਾਈ ਲੜੀ ਗਈ ਤੇ ਜਿਸ ਦੀ ਸੂਝ-ਬੂਝ ਤੇ ਰਣਨੀਤੀ ਨਾਲ ਇਹ ਲੜਾਈ ਜਿੱਤੀ ਗਈ, ਉਸ ਦਾ ਕਿਧਰੇ ਕੋਈ ਜ਼ਿਕਰ ਨਹੀਂ ਸੀ। ਇਸ ਕਰਕੇ ਹੀ ਕਿਹਾ ਗਿਆ ਹੈ ਕਿ ਤਲਵਾਰ ਦੀ ਧਾਰ ਨਾਲ ਮੋਈਆਂ ਕੌਮਾਂ ਦੁਬਾਰਾ ਜੀਊਂਦੀਆਂ ਹੋ ਸਕਦੀਆਂ ਹਨ ਪਰ ਇਤਿਹਾਸ ਦੀ ਮਾਰ ਕੌਮਾਂ ਨੂੰ ਦੁਬਾਰਾ ਉਠਣ ਜੋਗਾ ਨਹੀਂ ਛੱਡਦੀ, ਪਰ ਦੁਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਅੱਖਾਂ ਦੇ ਸਾਹਮਣੇ ਜਿਥੇ ਇਤਿਹਾਸ ਆਰ.ਐੱਸ.ਐੱਸ. ਤੇ ਭਾਜਪਾ ਵੱਲੋਂ ਬਦਲਿਆ ਜਾ ਰਿਹਾ ਹੈ ਪਰ ਸਿੱਖ ਸੰਸਥਾਵਾਂ ਤੇ ਸਿੱਖ ਵਿਦਵਾਨਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਭੁੱਲਾਂ ਚੁੱਕਾਂ ਦੀ ਖਿਮਾਂ

* * * * *

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 31'ਤੇ ਪੜ੍ਹੋ**

### 618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

**ਗੁਰਬਾਣੀ ਨੂੰ ਸੁਣਨ ਤੇ ਪੜ੍ਹਨ ਦਾ ਵੀ ਹੁਕਮ ਹੈ!**

ਜਗਤ ਵਿਚ ਜੀਵ ਗੁਰਬਾਣੀ ਨੂੰ ਸੁਣਨ ਤੇ ਪੜ੍ਹਨ ਵਾਸਤੇ ਆਇਆ ਹੈ । ਪਰ ਪ੍ਰਭੂ ਦਾ ਨਾਮ ਭੁਲਾ ਕੇ ਪ੍ਰਾਣੀ ਹੋਰ ਲਾਲਚ ਵਿਚ ਲੱਗਾ ਰਹਿੰਦਾ ਹੈ, ਤੇ ਆਪਣਾ ਮਨੁੱਖ ਜਨਮ ਵਿਅਰਥ ਗੁਆ ਲੈਂਦਾ ਹੈ । "ਆਇਓ ਸੁਨਨ ਪੜਨ ਕਉ ਬਾਣੀ ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥1॥ ਰਹਾਉ ॥ ਅੰਗ 1219"। ਗੁਰੂ ਨੇ ਪ੍ਰਭੂ ਦੀ ਸੁੰਦਰ ਬਾਣੀ ਤੇ ਸੋਹਣਾ ਸ਼ਬਦ ਉਚਾਰਿਆ ਹੈ । ਇਸ ਨੂੰ ਸਦਾ ਗਾਉਂਦੇ, ਸੁਣਦੇ ਤੇ ਪੜ੍ਹਦੇ ਰਹੋ; ਪੂਰੇ ਗੁਰੂ ਨੇ ਤੇਰੀ ਰੱਖਿਆ ਕੀਤੀ ਹੈ । "ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ ਅੰਗ 611" । ਹੇ ਵਡਭਾਗੀਆ ਪ੍ਰਭੂ ਦੀ ਅੰਮ੍ਰਿਤ ਬਾਣੀ ਸੁਣ! ਜਿਸਦੀ ਕਿਸਮਤ 'ਚ ਲਿਖੀ ਹੁੰਦੀ ਹੈ ਉਸਦੇ ਹਿਰਦੇ 'ਚ ਸਮਾ ਜਾਂਦੀ ਹੈ । "ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ ਜਿਨ੍ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥ ਅੰਗ 545" । ਗੁਰੂ ਦੀ ਉਚਾਰੀ ਹੋਈ ਬਾਣੀ ਨੂੰ ਕੰਨਾਂ ਨਾਲ਼ ਸੁਣ ਕੇ ਜਿਹੜਾ ਮਨੁੱਖ ਆਪਣੇ ਸਰੀਰ ਨੂੰ ਪਰਮਾਤਮਾ ਦੇ ਪਿਆਰ ਦਾ ਰੰਗ ਚਾੜ੍ਹ ਲੈਂਦਾ ਹੈ, ਉਸਨੂੰ ਹੇ ਦਾਸ ਨਾਨਕ! ਪ੍ਰਭੂ ਪਰਮਾਰਥ ਦੇ ਰਸਤੇ ਤੋਂ, ਜੋ ਕਿ ਬੜਾ ਔਖਾ ਪੈਂਡਾ ਹੈ, ਪਾਰ ਲੰਘਾ ਲੈਂਦਾ ਹੈ । "ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥ ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥3॥ ਅੰਗ 575" ।

ਸਤਿਗੁਰੂ ਜੀ ਨਸੀਹਤ ਕਰਦੇ ਹਨ ਕਿ ਹੇ ਮੇਰੇ ਕੰਨੋ! ਤੁਹਾਨੂੰ ਸਦਾ ਥਿਰ ਪ੍ਰਭੂ ਨੇ ਸਰੀਰ ਨਾਲ਼ ਲਾ ਕੇ ਸੱਚੀ ਗੁਰਬਾਣੀ ਨੂੰ ਸੁਣਨ ਲਈ ਭੇਜਿਆ ਹੈ । ਜਿਸ ਬਾਣੀ ਨੂੰ ਸੁਣਨ ਨਾਲ਼ ਮਨ ਤੇ ਤਨ ਹਰੇ ਹੋ ਜਾਂਦੇ ਹਨ, ਭਾਵ ਮਨ ਤੇ ਤਨ ਦੈਵੀ ਗੁਣਾਂ ਨਾਲ਼ ਪ੍ਰਫੁੱਲਤ ਹੋ ਹਾਂਦੇ ਹਨ ਤੇ ਰਸਨਾ ਨਾਮ ਰਸ (ਅਨੰਦ) ਵਿਚ ਸਮਾ ਜਾਂਦੀ ਹੈ । "ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥ ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥ ਅੰਗ 922" । ਗੁਰਬਾਣੀ ਨੂੰ ਸੁਣ ਕੇ ਕੰਨ ਤ੍ਰਿਪਤ ਹੋ ਜਾਂਦੇ ਹਨ (ਭਾਵ ਨਿੰਦਿਆ ਚੁਗਲੀ ਸੁਣਨ ਦੀ ਆਦਤ ਨਹੀਂ ਰਹਿੰਦੀ) ਤੇ ਬੰਦਾ ਆਪਣੀ ਜੋਤਿ ਨੂੰ ਜੋਤੀ ਪ੍ਰਭੂ 'ਚ ਮਿਲਾ ਲੈਂਦਾ ਹੈ । "ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥14॥ ਅੰਗ 1023" । ਰਾਮ ਨਾਮ ਦੀ ਬਾਣੀ ਸੁਣ ਕੇ ਸਾਰੇ ਕਾਰਜ ਸਿਧ (ਪੂਰੇ) ਤੇ ਸੋਹਣੇ ਹੋ ਗਏ । "ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥ ਅੰਗ 443"।

ਹੇ ਪ੍ਰਭੂ ਜਦੋਂ ਤੂੰ ਕਿਸੇ ਜੀਵ ਨੂੰ ਸਾਧ ਸੰਗਤਿ ਨਾਲ਼ ਮਿਲਾਉਂਦਾ ਹੈਂ, ਤਦੋਂ ਉਹ ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਦਾ ਹੈ । **"ਸਾਧ ਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ ਅੰਗ 614"** ।

(ਜਿੱਥੇ) ਪਵਿੱਤਰ ਪੁਰਸ਼ (ਸਾਧ ਜਨ) ਗੁਰਬਾਣੀ ਉਚਾਰਨ ਕਰਦੇ ਹਨ ਉੱਥੇ ਅੰਮ੍ਰਿਤ (ਨਾਮ) ਦੇ ਝਰਨੇ ਚੱਲ ਪੈਂਦੇ ਹਨ । "ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ ਅੰਗ 320" । ਗੁਰਬਾਣੀ ਨੂੰ ਸੁਣ ਕੇ ਆਦਮੀ ਆਪਣੇ ਮਨ ਦੀ (ਹਉਮੈ ਰੂਪੀ) ਮੈਲ ਦੂਰ ਕਰ ਲੈਂਦਾ ਹੈ ਤੇ ਸਹਜੇ ਹੀ ਪ੍ਰਭੂ ਦੇ ਨਾਮ ਨੂੰ ਮਨ 'ਚ ਵਸਾ ਲੈਂਦਾ ਹੈ । ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ॥1॥ ਰਹਾਉ ॥ ਅੰਗ 664" । ਯਾਦ ਰਹੇ ਕਿ "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਅੰਗ 560" । ਹੇ ਪ੍ਰਭੂ! ਕਿਰਪਾ ਕਰ ਕੇ ਮੈਨੂੰ ਸਤਿਗੁਰੂ ਮਿਲਾ, ਤਾਂ ਕਿ ਤੇਰੇ ਗੁਣਾਂ ਵਾਲੀ ਬਾਣੀ ਮੈਂ ਕੰਨਾਂ ਨਾਲ਼ ਸੁਣਾ ॥ ਤੇਰੇ ਗੁਣ ਗਾਵਾਂ, ਤੇਰੇ ਗੁਣਾਂ ਵਾਲ਼ੀ ਬਾਣੀ ਨੂੰ ਉਚਾਰਾਂ, ਤੇ ਤੇਰੇ ਗੁਣ ਜਪਣ ਦਾ ਮੈਨੂੰ ਓਤਸ਼ਾਹ ਹੋਵੇ। "ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥ ਕਰਿ ਕਿਰਪਾ ਸਤਿਗੁਰੂ ਮਿਲਾਹਾ ॥ ਗੁਣ ਗਾਵਹ ਗੁਣ ਬੋਲਹ ਬਾਣੀ ਹਰਿ ਗੁਣ ਜਪਿ ਉਮਾਹਾ ਰਾਮ ॥2॥ ਅੰਗ 699" । ਹੇ ਮੇਰੇ ਮਾਲਕ-ਪ੍ਰਭੂ! ਮੇਰਾ ਨਿਮਾਣੀ ਦਾ ਤੂੰ ਹੀ ਮਾਣ ਹੈਂ । ਮੈਂ ਆਪਣੇ ਪ੍ਰਭੂ ਅੱਗੇ ਅਰਦਾਸ ਕਰਦਾ ਹਾਂ ਕਿ ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣ ਸੁਣ ਕੇ ਮੈਂ (ਗੁਰਮਤਿ ਅਨੁਸਾਰ) ਜੀਵਨ ਜਿਉਂਦਾ ਹਾਂ । "ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥1॥ ਰਹਾਉ ॥ ਅੰਗ 749"। ਅਤੇ "ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਅੰਗ 814" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਦੀ ਬਾਣੀ ਮੇਰਾ ਆਸਰਾ ਹੈ । ਗੁਰਬਾਣੀ ਨਾਲ਼ ਲੱਗ ਕੇ ਮੈਂ (ਜਿਉਂਦਾ) ਰਹਿੰਦਾ ਹਾਂ । "ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥8॥ ਅੰਗ 759" । ਹੇ ਪ੍ਰਭੂ ਤੇਰੀ ਬਾਣੀ ਅਸੀਂ ਕੰਨਾਂ ਨਾਲ਼ ਸੁਣੀਏ । "ਬਾਣੀ ਤੇਰੀ ਸ੍ਰਵਣਿ ਸੁਣੀਐ ॥ ਅੰਗ 1076" । ਹੇ ਪ੍ਰਭੂ ਮੈਂ ਤੇਰੀ ਬਾਣੀ (ਮੂੰਹੋਂ) ਬੋਲਦਾ ਹਾਂ ਤੇ (ਕੰਨਾਂ) ਨਾਲ਼ ਸੁਣਦਾ ਹਾਂ । "ਆਖਣੁ ਸੁਨਣਾ ਤੇਰੀ ਬਾਣੀ ॥ ਅੰਗ 1125" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰਬਾਣੀ ਸੁਣਦਿਆਂ ਮਨ ਨਰਮ ਹੋ ਗਿਆ, ਗੁਰਬਾਣੀ ਦੇ ਰਸ ਨਾਲ਼ ਭਿੱਜ ਗਿਆ ਹੈ ਤੇ ਆਪਣੇ ਨਿਜ ਦੇ ਘਰ 'ਚ (ਅੰਤਰ ਆਤਮੇ) ਆ ਜਾਵੇਗਾ । "ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥ ਅੰਗ 1308" । ਗੁਰੂ ਦੀ ਸਦਾ ਥਿਰ ਬਾਣੀ ਸੁਣ ਕੇ ਦੁੱਖ, ਰੋਗ ਤੇ ਮਾਨਸਿਕ ਕਸ਼ਟ (ਸੰਤਾਪ) ਲੱਥ (ਦੂਰ ਹੋ) ਜਾਂਦੇ ਹਨ । "ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਅੰਗ 922" ।

**ਗੁਰਬਾਣੀ ਨੂੰ ਜਪਣ ਦਾ ਹੁਕਮ ਹੈ!**

ਪਵਿਤਰ ਪੁਰਸ਼ਾਂ ਨੇ ਰਸਨਾ ਤੋਂ ਨਾਮ ਤੇ ਬਾਣੀ ਦਾ ਉਚਾਰਨ ਕੀਤਾ ਹੈ । "ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥1॥ ਅੰਗ 192" । ਗੁਰੂ ਦਾ ਸ਼ਬਦ ਨਿਰਮਲ ਹੈ, ਗੁਰੂ ਦੀ ਬਾਣੀ ਨਿਰਮਲ ਹੈ । "ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਅੰਗ 121" । ਨਿਰਮਲ ਬਾਣੀ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕਰਕੇ ਨਿਰਮਲ ਹਰੀ ਦਾ ਜਪ ਕਰਕੇ, ਮਨ ਦੀ ਮੈਲ ਗਵਾ ਲਈਦੀ ਹੈ । "ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥1॥ ਅੰਗ 121" । ਪੂਰੇ ਗੁਰੂ ਦੀ ਬਾਣੀ ਨੂੰ ਜਪ ਕੇ ਹਰ ਰੋਜ਼ ਅਨੰਦ ਲਓ! "ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥1॥ ਅੰਗ 616" ।

**ਬਾਕੀ ਹਿਸਾ ਅਗਲੇ ਹਫ਼ਤੇ**


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
(PLEASE TICK ONE RELEVANT BOX)

| | |
|---|---|
| 6 MONTHS ---- £105 | ☐ |
| 1 YEAR ---- £205 | ☐ |

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME..........................................................
ADDRESS......................................................
..............................POST CODE..........................
TEL...............................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*


## ਪ੍ਰਧਾਨ ਮੰਤਰੀ ਮੋਦੀ ਨਾਲ ਚੰਗੇ ਸਬੰਧ, ਪਰ ਭਾਰਤ ਦਾ ਰੂਸ ਤੋਂ ਤੇਲ ਖਰੀਦਣਾ ਸਵੀਕਾਰ ਨਹੀਂ: ਅਮਰੀਕਾ

*ਵ੍ਹਾਈਟ ਹਾਊਸ ਵਿਚ ਡਿਪਟੀ ਚੀਫ਼ ਆਫ ਸਟਾਫ਼ ਸਟੀਫਨ ਮਿੱਲਰ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਰੂਸ ਤੋਂ ਤੇਲ ਖਰੀਦੇ ਇਹ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦੇ ਜਾਣ ਕਰਕੇ ਰੂਸ ਨੂੰ ਯੂਕਰੇਨ ਖਿਲਾਫ਼ ਜੰਗ ਵਿਚ ਵਿੱਤੀ ਮਦਦ ਮਿਲੀ।*



ਮਿਲਰ ਨੇ ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, ਇਹ ਸਵੀਕਾਰਯੋਗ ਨਹੀਂ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦ ਕੇ ਰੂਸ-ਯੂਕਰੇਨ ਜੰਗ ਵਿਚ ਵਿੱਤੀ ਮਦਦ ਪ੍ਰਦਾਨ ਕਰੇ। ਲੋਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਭਾਰਤ ਮੂਲ ਰੂਪ ਵਿੱਚ ਰੂਸੀ ਤੇਲ ਖਰੀਦਣ ਵਿੱਚ ਚੀਨ ਨਾਲ ਜੁੜਿਆ ਹੋਇਆ ਹੈ। ਇਹ ਇੱਕ ਹੈਰਾਨੀਜਨਕ ਤੱਥ ਹੈ।

ਮਿਲਰ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜ਼ਬਰਦਸਤ ਸਬੰਧ ਹਨ, ਅਤੇ ਖੇਤਰ ਲਈ ਸ਼ਾਂਤੀ ਦੇ ਬਦਲ ਵਿਚਾਰਧੀਨ ਹਨ। ਉਨ੍ਹਾਂ ਕਿਹਾ, ਰਾਸ਼ਟਰਪਤੀ ਟਰੰਪ ਦੇ ਭਾਰਤ ਅਤੇ ਪ੍ਰਧਾਨ ਮੰਤਰੀ ਨਾਲ ਹਮੇਸ਼ਾ ਹੀ ਬਹੁਤ ਵਧੀਆ ਸਬੰਧ ਰਹੇ ਹਨ। ਪਰ ਸਾਨੂੰ ਇਸ ਜੰਗ ਦੇ ਵਿੱਤ ਨਾਲ ਨਜਿੱਠਣ ਬਾਰੇ ਅਸਲੀਅਤ ਜਾਣਨੀ ਪਵੇਗੀ। ਲਿਹਾਜ਼ਾ ਰਾਸ਼ਟਰਪਤੀ ਟਰੰਪ ਲਈ, ਯੂਕਰੇਨ ਵਿੱਚ ਚੱਲ ਰਹੀ ਜੰਗ ਨਾਲ ਕੂਟਨੀਤਕ, ਵਿੱਤੀ ਅਤੇ ਹੋਰ ਤਰੀਕਿਆਂ ਨਾਲ ਨਜਿੱਠਣ ਲਈ ਸਾਰੇ ਬਦਲ ਵਿਚਾਰਧੀਨ ਹਨ। ਮਿਲਰ ਨੇ ਦੋਸ਼ ਲਗਾਇਆ ਕਿ ਭਾਰਤ ਅਮਰੀਕੀ ਉਤਪਾਦਾਂ ਨੂੰ ਸਵੀਕਾਰ ਨਹੀਂ ਕਰਦਾ ਕਿਉਂਕਿ ਉਹ ਉਨ੍ਹਾਂ ਤੇ ਭਾਰੀ ਟੈਰਿਫ ਲਗਾਉਂਦਾ ਹੈ।

# ਸਿੱਖ ਧਰਮ ਅੱਗੇ ਕਿਵੇਂ ਵਧੇ ?

– ਲੇਖਕ –
ਇਕਬਾਲ ਸਿੰਘ ਲਾਲਪੁਰਾ

ਫੋਨ: 91 97800 03333



ਸ਼੍ਰੀ ਗੁਰੂ ਨਾਨਕ ਦੇਵ ਜੀ ਆਪ ਅਕਾਲ ਰੂਪ ਸਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ, ਇਸ ਗੱਲ ਦੀ ਗਵਾਹੀ ਭਰਦੀਆਂ ਹਨ ।

ਗੁਰੂ ਨਾਨਕ ਦੇਵ ਜੀ ਨੇ, ਆਮ ਮਾਨਸ ਨੂੰ ਦੇਵਤੇ ਬਣਾ ਕੇ ਗੁਲਾਮੀ ਦੀ ਥਾਂ, ਗ਼ੈਰਤ ਨਾਲ ਜਿਉਣ ਦੀ ਪ੍ਰੇਰਨਾ ਦਿਤੀ । ਸ਼੍ਰੀ ਗੁਰੂ ਨਾਨਕ ਦੇਵ ਦੇ ਅਨੁਯਾਈ ਸਿੱਖ ਅਖਵਾਂਦੇ ਹਨ । ਸ਼੍ਰੀ ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਕਰਮ ਕਾਂਡ ਤੋਂ ਦੂਰ ਅਧਿਆਤਮ ਵਾਦ ਹੈ, ਜਿਸ ਵਿੱਚ ਗਿਆਨ ਰਾਹੀਂ ਅੰਦਰ ਦਾ ਦੀਵਾ ਜਗਾਉਣ ਤੇ ਮਨੁੱਖਤਾ ਦੀ ਸੇਵਾ ਹੀ ਅਕਾਲ ਪੁਰਖ ਨਾਲ ਇੱਕ-ਮਿਕ ਹੋਣ ਦੀ ਵਿਧੀ ਹੈ । ਸਿੱਖੀ ਦੇ ਪ੍ਰੇਮ ਮਾਰਗ ਤੇ ਚੱਲਣ ਵਾਲੇ ਲਈ, ਸਿਰ ਤੱਲੀ ਤੇ ਰੱਖਣ ਦੀ ਪੁਕਾਰ ਵੀ ਹੈ ।

ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤਕ ,ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਸ਼੍ਰੀ ਗੁਰੂ ਨਾਨਕ ਦੇਵ ਵਿੱਚ ਅਭੇਦ ਕਰ ਕੇ, ਇਸ ਫ਼ਲਸਫ਼ੇ ਨੂੰ ਅੱਗੇ ਤੋਰਿਆ । ਇਸ ਲਈ ਭਾਵੇਂ ਆਪਣੀ ਸ਼ਹਾਦਤ ਦੇਣੀ ਪਈ । ਦਸਮ ਪਾਤਸ਼ਾਹ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਬਣਾਏ ਦੇਵਤਿਆਂ ਨੂੰ ਆਪਣੇ ਪੁੱਤਰ ਪੁੱਤਰੀਆਂ ਤੇ ਅਕਾਲ ਪੁਰਖ ਦੀ ਫੌਜ ਦੇ ਸਿਪਾਹੀ ਬਣਾ ਕੇ ਮਨੁੱਖਤਾ ਦੀ ਰਾਖੀ ਦੀ ਜ਼ਿੰਮੇਵਾਰੀ ਦੇ ਦਿੱਤੀ । ਇਨ੍ਹਾਂ ਜਾਤ-ਪਾਤ ਰਹਿਤ, ਕੇਵਲ ਇਕ ਅਕਾਲ ਦੇ ਪੁਜਾਰੀਆਂ ਨੇ,ਦੇਸ਼ ਦੀ ਕਰੀਬ ਇਕ ਹਜ਼ਾਰ ਸਾਲ ਦੀ ਗੁਲਾਮੀ , ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖ਼ਤਮ ਕਰ, 1710 ਦੀ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ।ਇਹ ਰਾਜ ਕਰੀਬ ਪੰਜ ਸਾਲਾਂ ਤੱਕ ਰਿਹਾ, ਪਰ ਖਾਲਸਾ ਨੂੰ ਰਾਜ ਕਰਨ ਲਈ ਪ੍ਰੇਰਣਾ ਦਾ ਸਰੋਤ ਬਣ ਗਿਆ ।

1716 ਈ ਤੋਂ 1783 ਈ ਤੱਕ ਸਿੱਖ ਕੌਮ ਲਈ ਬੜਾ ਮੁਸ਼ਕਿਲ ਤੇ ਇਮਤਿਹਾਨ ਦਾ ਸਮਾਂ ਸੀ । ਜਿਥੇ ਵੀ ਸਿੱਖ ਨਜ਼ਰ ਆਏ, ਉਸ ਨੂੰ ਕਤਲ ਕਰ ਕੇ ਇਨਾਮ ਪ੍ਰਾਪਤ ਕਰਨ ਦਾ ਹੁਕਮ, ਮੁਗਲ ਬਾਦਸ਼ਾਹਾਂ ਤੇ ਅਫ਼ਗ਼ਾਨ ਧਾੜਵੀਆਂ ਨੇ ਜਾਰੀ ਕੀਤੇ ਸਨ, ਪਰ ਗੁਰੂ ਸਾਹਿਬਾਨ ਦੇ ਹੁਕਮ ਤੇ ਚੱਲਣ ਵਾਲੇ, ਸਿਰ ਤਲੀ ਤੇ ਰੱਖਣ ਵਾਲੇ ਸਿੰਘ ਤੇ ਸਿੰਘਣੀਆਂ ਨੇ, ਕੁਰਬਾਨੀ ਤੇ ਬਹਾਦਰੀ ਨਾਲ ਸਿੱਖ ਫ਼ਲਸਫ਼ੇ ਦੇ ਨਵੇਂ ਇਤਿਹਾਸ ਦੀ ਰਚਨਾ ਕੀਤੀ । ਮਨੂੰ ਦੀ ਦਾਤਰੀ ਨਾਲ ਕੱਟੇ ਜਾਂਦੇ, ਸੌਏ ਦੂਣ ਸਵਾਏ ਹੋ ਲਾਹੌਰ ਤੇ ਦਿੱਲੀ ਦੇ ਮਾਲਕ ਬਣ ਗਏ । ਰਾਮਗੜ੍ਹੀਆ ਬੁੰਗੇ ਵਿੱਚ ਪਿਆ ਤਖ਼ਤ ਖਾਲਸੇ ਦੀ ਸ਼ਕਤੀ ਦਾ ਗਵਾਹ ਹੈ । ਇਸ ਸਮੇਂ ਦੇ ਆਗੂ ਭਾਈ ਦਰਬਾਰਾ ਸਿੰਘ, ਭਾਈ ਮਨੀ ਸਿੰਘ, ਸਰਦਾਰ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਚੜਤ ਸਿੰਘ, ਸਰਦਾਰ ਬਘੇਲ ਸਿੰਘ , ਭਾਈ ਗਰਜਾ ਸਿੰਘ ਭਾਈ ਬੋਤਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਤੇ ਅਨੇਕਾਂ ਸਿੰਘਾ ਤੇ ਸਿੰਘਣੀਆਂ ਦਾ ਇਤਿਹਾਸ ਅੱਜ ਵੀ ਖਾਲਸੇ ਦੇ ਸਿਰੜ ਤੇ ਚ੍ਰਤਿਰ ਦੀ ਗਵਾਹੀ ਭਰਦਾ ਹੈ ।

ਅਗਲਾ ਸਮਾਂ 1799 ਈ ਤੋਂ 1839 ਇਸਵੀ ਤੱਕ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ, ਮਜ਼ਬੂਤ ਖਾਲਸਾ ਸ਼ਕਤੀ, ਹਲੇਮੀ ਰਾਜ ਦੇ ਗੁਰੂ ਸੰਕਲਪ ਨੂੰ ਪ੍ਰਗਟ ਕਰਨ ਦਾ ਸੀ । ਬਹਾਦਰੀ, ਸਰਬ ਸਾਂਝੀਵਾਲਤਾ, ਵਿਕਾਸ ਤੇ ਇਨਸਾਫ਼ ਅਧਾਰਤ ਇਸ ਰਾਜ ਕਾਰਨ, ਮਹਾਰਾਜਾ ਅੱਜ ਵੀ ਦੁਨੀਆ ਦੇ ਰਾਜਿਆਂ ਵਿੱਚ ਇੱਕ ਨੰਬਰ ਤੇ ਮੰਨਿਆ ਜਾਂਦਾ ਹੈ । ਇਸ ਸਮੇਂ ਤੱਕ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਦੇ ਵੱਡੇ ਹਿੱਸੇ ਤੇ ਕਬਜ਼ਾ ਕਰ ਲਿਆ ਸੀ । ਸਿੱਖ ਮਿਸਲਦਾਰਾਂ ਤੇ ਸਰਦਾਰਾਂ ਦਾ ਇੱਕ ਹਿੱਸਾ ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਛੱਡ ਅੰਗਰੇਜ਼ਾਂ ਨਾਲ ਮਿਲ ਗਿਆ ਅਤੇ ਮਹਾਰਾਜਾ ਵਲੋਂ ਦਿੱਲੀ ਵੱਲ ਵਧਣ ਵਿੱਚ ਰੁਕਾਵਟ ਬਣ ਗਿਆ । ਕੌਮ ਦੋ ਹਿੱਸਿਆਂ ਵਿੱਚ ਵੰਡੀ ਗਈ। ਮਹਾਰਾਜਾ ਨੇ ਤਾਂ ਪੱਗਾਂ ਵੱਟਾ ਕੇ ਇਹਨਾਂ ਨੂੰ ਭਰਾ ਤੇ ਇੱਜ਼ਤ ਦੇ ਭਾਈਵਾਲ਼ ਬਣਾਉਣ ਦਾ ਯਤਨ ਵੀ ਕੀਤਾ ਸੀ। ਪਰ ਕੁਝ ਤਾਂ ਪਹਿਲਾਂ ਅਹਿਮਦ ਸ਼ਾਹ ਨਾਲ ਕੌਮ ਵਿਰੁੱਧ ਖੜੇ ਸਨ, ਉਨ੍ਹਾਂ ਤੋਂ ਅਜੇਹੀ ਆਸ ਕਰਨੀ ਵੀ ਔਖੀ ਹੀ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਅੰਗਰੇਜ਼ਾਂ ਨੇ ਖਾਲਸਾ ਰਾਜ ਦੇ ਅਹਿਲਕਾਰਾਂ ਨੂੰ ਸਾਮ, ਦਾਮ, ਦੰਡ, ਭੇਦ ਦੀ ਨੀਤੀ ਨਾਲ ਕਾਬੂ ਕਰ, ਮਜ਼ਬੂਤ ਖਾਲਸਾ ਰਾਜ ਦਾ ਅੰਤ ਕਰ ਦਿੱਤਾ । ਕਰਨਲ ਸਟਨਵੇਕ ਵਲੋਂ, 1845 ਈ ਦੀ ਰਿਪੋਰਟ ਮੁਤਾਬਕ ਮੁਸਲਮਾਨਾਂ ਨੂੰ ਖਾਲਸਾ ਵਿਰੁਧ ਹੋ ਚੁੱਕੇ ਸਨ, ਹੁਣ ਕੇਵਲ ਹਿੰਦੂ ਤੇ ਸਿੱਖਾਂ ਨੂੰ ਵੱਖ ਕਰਨ ਦੀ ਲੋੜ ਬਾਕੀ ਹੈ । ਜਿਸ ਵਾਰੇ ਨਿਤੀ ਬਣਾ ਕੇ ਅੰਗਰੇਜ਼ ਨੇ, ਸਿੱਖੀ ਦੇ ਅਸੂਲਾਂ ਤੇ ਪਰਪੱਕ ਤੇ ਬਹਾਦੁਰ ਖਾਲਸੇ ਦੀਆਂ, ਤੇਗ਼ਾਂ ਦਾ ਮੂੰਹ ਇੱਕ ਦੂਜੇ ਵੱਲ, ਆਪਸ ਵਿੱਚ ਹੀ ਮੋੜ ਦਿੱਤਾ । ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਤੋਂ ਬਾਹਰ ਕੈਦ ਕਰ ਦਿੱਤਾ ਗਿਆ, ਨਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾ ਵਲੈਤ ਭੇਜ ਦਿੱਤਾ ਗਿਆ । ਇਤਿਹਾਸਕ ਗੁਰੂ ਘਰਾਂ ਤੇ ਕਬਜ਼ਾ ਕਰ ਲਿਆ ਗਿਆ ।

ਇਸ ਤਰਾਂ ਮੁਗਲਾਂ ਤੇ ਅਫ਼ਗ਼ਾਨਾਂ ਦੀ ਸਿੱਖ ਮਾਰਨ ਤੇ ਗੁਰੂ ਘਰ ਢਾਹੁਣ ਦੀ ਥਾਂ, ਸਿੱਖ ਫਲਸਫੇ ਤੇ ਨਿਯਮਾਂ ਨੂੰ ਢਾਹ ਲਾਉਣ ਦੀ ਨੀਤੀ ਅੰਗਰੇਜ਼ ਵਲੋਂ ਬਣਾਈ ਗਈ । ਅੰਗਰੇਜ਼ ਪ੍ਰਸਤ ਸਿੱਖਾਂ ਦੀ ਨਵੀਂ ਲੀਡਰਸ਼ਿਪ ਖੜ੍ਹੀ ਕਰ ਦਿੱਤੀ ਗਈ ਸੀ ।

ਸਿੱਖ ਫੌਜੀ ਦੁਨੀਆਂ ਭਰ ਵਿੱਚ ਅੰਗਰੇਜ਼ਾਂ ਲਈ ਲੜਦੇ ਤੇ ਮਰਦੇ ਰਹੇ ।

ਮਹਾਰਾਜਾ ਦਲੀਪ ਸਿੰਘ ਤੇ ਉਸਦਾ ਬਹਾਦਰੀ ਵਾਲਾ ਡੀ ਐਨ ਐ ਹੀ ਖਤਮ ਕਰ ਦਿੱਤਾ ਗਿਆ। ਛੋਟੇ ਛੋਟੇ ਅਜ਼ਾਦੀ ਲਈ ,ਦੇਸ਼ ਅੰਦਰ ਤੇ ਵਿਦੇਸ਼ੀ ਧਰਤੀ ਤੋਂ ਉੱਠੇ, ਸਿੱਖ ਅੰਦੋਲਨ ਸਰਕਾਰੀ ਸੂਹਿਆਂ ਦੀ ਮਦਦ ਨਾਲ ਖ਼ਤਮ ਕਰ ਦਿਤੇ ਗਏ ।

1920 ਈ ਵਿਚ ਗੁਰਦੁਆਰਾ ਸੁਧਾਰ ਲਹਿਰ ਨੇ ਮੁੜ ਕੌਮ ਨੂੰ ਜਾਗ੍ਰਿਤ ਕੀਤਾ । ਨਨਕਾਣਾ ਸਾਹਿਬ ਤੇ ਹੋਰ ਥਾਂਵਾਂ ਤੇ ਵੱਡੀਆਂ ਕੁਰਬਾਨੀਆਂ ਹੋਈਆਂ, ਪਰ 1925 ਦੀ ਤੱਕ ਅੰਗਰੇਜ਼ਾਂ ਨੇ ਨਵੀਂ ਨੀਤੀ, ਜਿਸ ਵਿੱਚ ਇਸ ਅੰਦੋਲਨ ਨੂੰ ਫੈਲਣ ਤੋਂ ਰੋਕਣਾ, ਸਿੱਖ ਗੁਰਦੁਆਰਾ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਬੰਦ ਕਰਕੇ ਤੇ ਅੰਗਰੇਜ ਪੱਖੀ ਸਿੱਖ ਆਗੂਆਂ ਨੂੰ ਮਜ਼ਬੂਤ ਕਰਨਾ ਸੀ,ਰਾਹੀ ਕਾਬੂ ਕਰ ਲਿਆ ਗਿਆ ।

ਦੂਜੇ ਪਾਸੇ ਅੰਦੋਲਨ ਕਾਰੀ ਸਿੱਖ ਆਗੂ ਮਹਾਤਮਾ ਗਾਂਧੀ ਦੇ ਅਜ਼ਾਦੀ ਦੀ ਪਹਿਲੀ ਜੰਗ ਜਿੱਤਣ ਦੇ ਬਿਆਨ ਤੋਂ ਪ੍ਰਭਾਵਿਤ ਹੋ ਕਾਂਗਰਸ ਨਾਲ ਜੁੜ ਗਏ । ਆਜ਼ਾਦੀ ਪਿੱਛੋਂ ਨਿੱਘ ਮਾਣਨ ਲਈ, ਇੱਕ ਖਿਤਾ ਬਣਾਉਣ ਦਾ ਵਾਅਦਾ ਲੈ, ਇਹ ਆਗੂ ਲਾਹੌਰ ਬੈਠੀ ਮਹਾਰ-ਾਜਾ ਰਣਜੀਤ ਸਿੰਘ ਦੀ ਪੋਤਰੀ ਰਾਜ ਕੁਮਾਰੀ ਬੰਬਾ ਨੂੰ ਭੁੱਲ ਗਏ ।

ਅੰਗਰੇਜ਼ਾਂ ਨਾਲ ਆਜ਼ਾਦੀ ਦੀ ਗੱਲਬਾਤ ਵਿੱਚ ਰਾਜ ਕੁਮਾਰੀਆਂ ਬੰਬਾਂ ਤੇ ਸੋਫੀਆ ਨੂੰ ਸਿੱਖ ਆਗੂਆਂ ਨੇ ਨਾਲ ਕਿਉਂ ਨਹੀਂ ਲਿਆ ? ਇਸ ਦਾ ਜਵਾਬ ਇਤਿਹਾਸ ਜਰੂਰ ਮੰਗੇਗਾ । ਦੇਸ਼ ਦੀ ਵੰਡ ਸਮੇਂ ਪੰਜਾਬ ਦੇ 36 ਜ਼ਿਲ੍ਹੇ ਵੰਡੇ ਜਾਣੇ ਸਨ, ਪੰਜਾਬ ਦੀ ਮੁਸਲਿਮ ਆਬਾਦੀ 53 ਫ਼ੀਸਦੀ ਸੀ, ਹਿੰਦੂ 29 ਫ਼ੀਸਦੀ ਤੇ ਸਿੱਖ 15 ਫੀਸਦੀ ਸਨ ਪਰ ਅੰਗਰੇਜ਼ਾਂ ਨੇ ਸਿੱਖਾਂ ਨਾਲ ਧੋਖਾ ਕੀਤਾ ਤੇ ਮੁਸਲਮਾਨਾਂ ਨੂੰ ਪੰਜਾਬ ਦੇ 24 ਜ਼ਿਲ੍ਹੇ ਭਾਵ 67 ਫ਼ੀਸਦੀ ਹਿੱਸਾ ਦੇ ਦਿੱਤਾ ,ਜੇਕਰ ਆਬਾਦੀ ਦੇ ਹਿਸਾਬ ਨਾਲ ਵੰਡ ਹੁੰਦੀ ਤਾਂ ਘੱਟੋ ਘੱਟੋ-ਘੱਟ ਪੰਜ ਹੋਰ ਜ਼ਿਲ੍ਹੇ ਭਾਰਤ ਦੇ ਹਿੱਸੇ ਆਉਣੇ ਚਾਹੀਦੇ ਸਨ ।

ਆਜ਼ਾਦੀ ਤੋਂ ਬਾਅਦ ,ਸ਼੍ਰੀ ਜਵਾਹਰ ਲਾਲ ਨੈਹਰੂ ਆਜ਼ਾਦੀ ਦੇ ਨਿੱਘ ਮਾਣਨ ਵਾਲੇ ਖ਼ਿੱਤੇ ਦੀ ਗੱਲ ਤੋਂ ਪਿੱਛੇ ਹਟ ਗਏ । ਕੇਵਲ ਇਹ ਹੀ ਨਹੀਂ 1948 ਤੇ 1956 ਵਿੱਚ ਅਕਾਲੀ ਦਲ,ਰਾਜਸੀ ਰੂਪ ਵਿੱਚ ਕਾਂਗਰਸ ਵਿੱਚ ਸ਼ਾਮਿਲ ਹੋਣ ਤੋਂ ਵਾਦ ਦੋ ਫਾੜ ਹੋ ਗਿਆ, ਕੁਰਸੀ ਮਿਲਣ ਤੇ ਵੱਡੇ ਅਕਾਲੀ ਕਾਂਗਰਸੀ ਬਣ ਗਏ । ਅੰਗਰੇਜ਼ ਰਾਜ ਵਿੱਚ ਮੋਜਾਂ ਮਾਨਣ ਵਾਲੇ ਰਜਵਾੜੇ ਤਾਂ ਪਹਿਲਾਂ ਹੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਸਨ ।

ਹੁਣ ਸੰਘਰਸ਼ ਪੰਜਾਬੀ ਬੋਲੀ ਨੂੰ ਬਚਾਉਣ ਲਈ ਅਕਾਲੀ ਦਲ ਵਲੋਂ ਅਰੰਭਿਆ ਗਿਆ ਤੇ ਗੁਰੂ ਘਰ ਰਾਜਸੀ ਅੰਦੋਲਨ ਦਾ ਕੇਂਦਰ ਬਣ ਗਏ, ਧਰਮ ਪ੍ਰਚਾਰ ਕਿਸੇ ਦੇ ਵੀ ਏਜੰਡੇ ਤੇ ਨਹੀਂ ਰਿਹਾ।

1966 ਦੀ ਵਿੱਚ ਪੰਜਾਬ ਮੁੜ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿੱਚ ਵੰਡਿਆ ਗਿਆ, ਇਕ ਨਵੀਂ ਲੜਾਈ ਦਰਿਆਈ ਪਾਣੀਆਂ, ਚੰਡੀਗੜ੍ਹ, ਭਾਖੜਾ ਡੈਮ ਤੇ ਪੰਜਾਬੀ ਬੋਲਦੇ ਇਲਾਕਿਆਂ ਵਾਰੇ ਖੜੀ ਹੋ ਗਈ, ਜਿਸਦਾ ਹੱਲ ਪਿਛਲੇ 59 ਸਾਲਾਂ ਵਿੱਚ ਵੀ ਨਹੀਂ ਹੋ ਸਕਿਆ, ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਕਈ ਮੋਰਚਿਆਂ ਰਾਹੀਂ, ਕੌਮੀ ਨੁਕਸਾਨ ਵੀ ਕਰਵਾਇਆ ਤੇ ਸਰਕਾਰਾਂ ਵਿੱਚ ਭਾਈਵਾਲ਼ੀ ਵੀ ਕੀਤੀ ।

1982 ਈ ਵਿੱਚ ਸੰਤ ਜਰਨੈਲ ਸਿੰਘ ਨੇ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੀ ਰਿਹਾਈ ਲਈ ਮੋਰਚਾ,19 ਜੁਲਾਈ ਨੂੰ ਆਰੰਭ ਕੀਤਾ ਸੀ, ਜੋ ਸਾਕਾ ਨੀਲਾ ਤਾਰਾ ਤੱਕ, ਪੰਜਾਬ ਨੂੰ ਲਹੂ ਲੁਹਾਣ ਕਰਦਾ ਬਿਨਾਂ ਕਿਸੇ ਪ੍ਰਾਪਤੀ ਤੋਂ ਖਤਮ ਹੋਇਆ ।

ਕਾਂਗਰਸ ਸਰਕਾਰ ਨੇ ,1985 ਦੀਆਂ ਲੋਕ ਸਭਾ ਚੋਣਾਂ, ਸਿੱਖ ਦੀ ਬਲੀ ਦੇ ਕੇ ਜਿੱਤਣ ਦੀ ਨੀਤੀ ਬਣਾਈ ਸੀ । ਪਾਕਿਸਤਾਨ ਨੂੰ ਸਿੱਖਾਂ ਨੂੰ ਵਰਗਲਾਉਣ ਦਾ ਮੌਕਾ ਮਿਲਿਆ ਤੇ ਸਿੱਖ ਦੇਵਤਿਆਂ ਤੋਂ ਅੱਤਵਾਦੀ ਵਝੋਂ ਬਦਨਾਮ ਕਰ ਦਿੱਤੇ ਗਏ ਹਨ ।

ਕੁਝ ਲੋਕਾਂ ਨੂੰ ਰਾਜਸੀ ਲ਼ਾਭ ਵੀ ਹੋਇਆ ਤੇ ਬਹੁਤਿਆਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਰਾਜਸੀ ਸ਼ਰਨ ਵੀ ਮਿਲ ਗਈ । ਪੰਜਾਬ ਵਿੱਚ ਸਿੱਖ ਆਬਾਦੀ 63 ਤੋਂ ਘੱਟ ਕੇ ਪਿਛਲੇ ਤੀਹ ਸਾਲ ਵਿੱਚ 57 ਫੀਸਦੀ ਰਹਿ ਗਈ ਹੈ ,ਜਦੋਂ ਕਿ ਇਹ ਅੰਕੜਾ ਬਦਲਣਾ ਚਾਹੀਦਾ ਸੀ । ਅਕਾਲੀ ਆਗੂ ਜੋ ਸਿੱਖ ਧਰਮ ਦੇ ਬਚਾਅ ਲਈ, ਕੁਰਬਾਨੀ ਦਿੰਦੇ ਸਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਦੀ ਮਦਦ ਕਰਨ ਦੇ ਦੋਸ਼ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗਾਏ ਗਏ, ਜੋ ਉਨ੍ਹਾਂ ਸਵੀਕਾਰ ਵੀ ਕਰ ਲਏ ।

ਗੁਰੂ ਕਾਲ ਦੀਆਂ ਧਰਮ ਪ੍ਰਚਾਰ ਲਈ ਸਹਿਯੋਗੀ ਸੰਸਥਾਵਾਂ ਉਦਾਸੀ ਤੇ ਨਿਰਮਲੇ ਪਿੱਛੇ ਧੱਕ ਦਿੱਤੇ ਗਏ ਹਨ ।ਸਿੱਖ ਧਰਮ ਵਿੱਚ ਕਥਾ, ਕੀਰਤਨ, ਪਾਠ ਤੇ ਅਰਦਾਸ ਇੱਕ ਰੋਜ਼ੀ ਰੋਟੀ ਦੇ ਕਿੱਤਾ ਤੱਕ ਸੀਮਤ ਹੋ ਗਏ ਹਨ ।

ਆਪਸੀ ਫੁੱਟ ਤੇ ਗੁਰੂ ਘਰਾਂ ਦੇ ਸਾਧਨਾਂ ਦੀ ਦੁਰਵਰਤੋਂ ਨੇ, ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਖੜੋਤ ਪੈਦਾ ਕਰ ਦਿੱਤੀ ਹੈ । ਕੁਝ ਦੂਜੇ ਧਰਮਾਂ ਵਿੱਚ ਨਵੇਂ ਬਣੇ ਧਾਰਮਿਕ ਆਗੂ ਪੰਜਾਬ ਵਿੱਚ ਹੀ ਸਿੱਖਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਵਿੱਚ ਸਫਲ ਹੋ ਰਹੇ ਹਨ ।

ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀਆਂ ਵੀ ਧਰਮ ਦੇ ਪ੍ਰਚਾਰ ਕਰਨ ਦੀ ਥਾਂ ਕੌਮੀ ਸਰਮਾਏ ਦੇ ਉਜਾੜੇ ਤੋਂ ਵੱਧ ਕੁਝ ਵੀ ਪ੍ਰਾਪਤ ਨਹੀਂ ਕਰ ਸਕੀਆਂ ।

ਸਿੱਖ ਧਰਮ ਜਾਂ ਪੰਥ ਕਰਮ ਕਾਂਡ ਰਹਿਤ ਹੈ, ਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਹਿੰਦੂ ਤੇ ਮੁਸਲਮਾਨ ਧਰਮ ਨਾਲੋਂ ਵਖਰਾ ਹੈ, ਜਿਸ ਵਾਰੇ ਕਿਸੇ ਦੇ ਪ੍ਰਮਾਣ ਪੱਤਰ ਦੀ ਲੋੜ ਨਹੀਂ । ਗੱਲ ਤਾਂ ਸੰਗਠਿਤ ਰੂਪ ਵਿੱਚ ਦੇਸ਼ ਦੇ ਹਰ ਖੇਤਰ ਤੇ ਵਿਦੇਸ਼ਾਂ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦੀ ਹੈ ।

ਭਾਰਤ ਵਿੱਚ ਅਕਾਲੀ ਦਲ ਦੀ ਅਜ਼ਾਦੀ ਤੋਂ ਪਹਿਲਾਂ ਭਾਈਵਾਲ਼ ਕਾਂਗਰਸ ਨੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ, ਪਰ ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ ਜਾਂ ਜਨ ਸੰਘ ਨਾਲ 1967 ਤੋਂ ਬਾਅਦ, ਕਈ ਵਾਰ ਮਿਲ ਕੇ ਸਰਕਾਰਾਂ ਬਣਾਈਆਂ ਹਨ । ਜੇਕਰ ਉਹ ਸਿੱਖ ਕੌਮ ਦੇ ਵਿਰੋਧੀ ਹਨ ਤਾਂ ਕੇਵਲ ਰਾਜਸੀ ਲਾਭ ਲਈ ਗਠਜੋੜ ਕਰਨ ਦਾ ਗੁਨਾਹ ਕਰਨ ਦੇ ਅਕਾਲੀ ਕੀ ਜ਼ਿੰਮੇਵਾਰ ਨਹੀਂ ਹਨ ?

ਪਰ ਸੱਚ ਇਹ ਹੈ ਕਿ ਪਹਿਲਾਂ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਤੇ ਹੁਣ ਸ਼੍ਰੀ ਨਰਿੰਦਰ ਮੋਦੀ ਜੀ, ਸਿੱਖ ਕੌਮ ਦਾ ਸਤਿਕਾਰ ਕਰਦੇ ਹਨ ਤੇ ਉਨ੍ਹਾਂ ਦੇ ਹਰ ਮਸਲੇ ਦਾ ਹੱਲ ਕਰਨ ਦਾ ਕੰਮ ਵੀ ਕੀਤਾ ਹੈ ਤੇ ਅੱਗੇ ਲਈ ਵੀ ਤਿਆਰ ਹਨ। ਕੰਮੀ ਕੇਵਲ ਗੱਲਬਾਤ ਕਰਨ ਦੀ ਹੈ ।

ਸਿੱਖ ਧਰਮ ਦੇ ਸੁਨੇਹਿਰੀ ਨਿਯਮ ਤੇ ਫ਼ਲਸਫ਼ਾ ਕਿਸੇ ਵੀ ਤਰ੍ਹਾਂ, ਦੂਜੇ ਧਰਮਾਂ ਵਾਲੇ ਕੰਮਜੋਰ ਨਹੀਂ ਕਰ ਸਕਦੇ , ਸਮੱਸਿਆ ਤਾਂ ਇਹ ਹੈ ਕਿ, 1920 ਵਿੱਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਅਦਾਰਿਆਂ ਨੇ, ਗੁਰੂ ਘਰਾਂ ਦਾ ਸ਼ਰਮਾਇਆ ਕੌਮ ਵਿੱਚ, ਧਰਮ ਪ੍ਰਚਾਰ, ਵਿੱਦਿਆ, ਸੇਹਤ ਸਹੂਲਤਾਂ ਤੇ ਰੁਜ਼ਗ਼-ਾਰ ਪੈਦਾ ਕਰਨ ਤੇ ਨਹੀਂ ਲਾ ਸਕੇ, ਜਿਸ ਕਾਰਨ ਸਿੱਖ ਸੱਭ ਸੰਵਿਧਾਨਕ ਸੰਸਥਾਵਾਂ ਤੋਂ ਬਾਹਰ ਹੋ ਰਹੇ ਹਨ । ਅਪਣੀ ਕੰਮਜੋਰੀ ਦਾ ਦੋਸ਼, ਕਿਸੇ ਹੋਰ ਤੇ ਮੜ ਕੇ ਸੁਰਖ਼ਰੂ ਹੋਣਾ ਚਾਹੁੰਦੇ ਹਾਂ, ਕਿਉਂ ਨਹੀਂ ਗੱਲਬਾਤ ਕਰਕੇ ਆਪਣੇ ਡਰ ਤੇ ਤੋਖਲੇ ਉਨ੍ਹਾਂ ਨਾਲ ਸਪਸ਼ਟ ਕੀਤੇ ਜਾਣ ।

ਸਥਿਤੀ ਹੋਰ ਗੰਭੀਰ ਹੋਣ ਤੋਂ ਪਹਿਲਾਂ ਪੰਥਕ ਵਿਦਵਾਨਾਂ, ਵਿਚਾਰ ਬਾਨਾਂ ਤੇ ਧਾਰਮਿਕ ਆਗੂਆਂ ਨੂੰ ਮਿਲ ਬੈਠ ਕੇ ਨਵੀਂ ਨੀਤੀ ਨਾਲ ਅੱਗੇ ਵਧਣ ਦੀ ਲੋੜ ਹੈ । ਸ਼੍ਰੀ ਗੁਰੂ ਤੇਗ ਬਹਾ-ਦੁਰ ਸਾਹਿਬ ਜੀ ਦੇ 350 ਵਾਂ ਸ਼ਹੀਦੀ ਦਿਵਸ ਇਸ ਲਈ ਢੁਕਵਾਂ ਸਮਾਂ ਹੈ,ਆਓ ਇਸ ਦਿਸ਼ਾ ਵੱਲ ਉੱਦਮ ਕਰੀਏ ।

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891


Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 36**

# ਇੱਕ ਮੇਰੀ ਅੱਖ ਕਾਸ਼ਣੀ...

**-"ਕੋਰੋਨਾਂ ਦਾ ਡਰਾਮਾ ਖੜ੍ਹਾ ਕਰ ਕੇ ਸਟੌਕ ਮਾਰਕੀਟ ਬਿਲਕੁਲ ਹੇਠਾਂ ਸਿੱਟੀ ਗਈ। ਸਰਕਾਰਾਂ ਵੱਲੋਂ "ਬੇਲ-ਆਊਟ" ਲਈ ਬਿਲੀਅਨਜ਼ ਡਾਲਰ ਕੰਪਨੀਆਂ ਨੂੰ ਦਿੱਤੇ ਗਏ। ਇਸ ਮੌਕੇ ਦਾ ਲਾਹਾ ਲੈਂਦਿਆਂ ਦੁਨੀਆਂ ਦੀਆਂ ਮਹਾਂ ਪਾਵਰਾਂ ਨੇ ਪਿਛਲੇ ਦਰਵਾਜੇ ਰਾਹੀਂ ਦੋ ਟਰਿਲੀਅਨਜ਼ ਦੇ ਦਿੱਤੇ, ਸਟੌਕ ਖਰੀਦਿਆ, ਜਾਂ ਬੇਲ-ਆਊਟ ਕੀਤਾ? ਪਿਛਲੇ ਕੁਛ ਦਿਨਾਂ ਤੋਂ ਸਟੌਕ ਫੇਰ ਚੜ੍ਹਨ ਲੱਗ ਪਏ। ਅਗਲੇ ਦੋ-ਚਾਰ ਹਫ਼ਤੇ ਵਿੱਚ ਕੋਰੋਨਾਂ ਦੇ ਕੇਸ ਵੀ ਸਕਰੀਨਾਂ 'ਤੇ ਘੱਟ ਦਿਸਣ ਲੱਗ ਜਾਣਗੇ...! ਆਮ ਲੋਕਾਂ ਦਾ ਪੈਸਾ ਗੌਰਮਿੰਟਾਂ ਅਤੇ ਕਾਰਪੋਰੇਟਾਂ ਰਲ਼-ਮਿਲ਼ ਕੇ ਹਜ਼ਮ ਕਰ ਜਾਣਗੀਆਂ। ਇਸ ਕੋਰੋਨਾ ਡਰਾਮੇਂ ਤੋਂ ਬਾਅਦ ਲੋਕਾਂ ਦੀ ਜ਼ਿੰਦਗੀ ਹੋਰ ਔਖੀ ਹੋਊਗੀ, ਤੇ ਜਿਹੜੀ ਹੁਣ ਸੌ ਬਿਲੀਅਨ ਦੀ ਕੰਪਨੀ ਐਂ, ਉਹ ਡੇਢ ਸੌ ਬਿਲੀਅਨ ਦੀ ਹੋ ਜਾਊਗੀ।**




## ਕਾਂਡ 17

-"ਤੁਸੀਂ ਸੁਣਾਓ ਸ਼ਰਮਾਂ ਜੀ...?"

-"ਮੈਂ ਵੀ ਥੋੜੇ ਨਾਲ਼ ਈ ਆਂ...! ਮੈਂ ਕਿਹੜਾ ਝੰਡਾ ਚੱਕ ਕੇ ਪ੍ਰਲੋਕ ਚਲਿਆ ਜਾਣਾ ਸੀ...?" ਸ਼ਰਮਾਂ ਜੀ ਅੱਖਾਂ ਮੀਟ ਕੇ ਗੁੱਝਾ ਜਿਹਾ ਹੱਸ ਪਏ।

-"ਉਂ ਇੱਕ ਗੱਲ ਹੋਰ ਐ, ਸ਼ਰਮਾਂ ਜੀ....!" ਨੰਬਰਦਾਰ ਸਾਹਿਬ ਨੇ ਵਾਰੀ ਲਈ ਤਾਂ ਸਾਰੇ ਉਸ ਵੱਲ ਝਾਕਣ ਲੱਗ ਪਏ।

-"ਓਹ ਕਿਹੜੇ "ਸੀਲ" ਹੁੰਦੇ ਐ...?" ਨੰਬਰਦਾਰ ਸਾਹਿਬ ਨੇ ਦਿਮਾਗ 'ਤੇ ਧੱਫਾ ਜਿਹਾ ਮਾਰਿਆ, ਜਿਵੇਂ "ਘਿਰੜ-ਘਿਰੜ" ਕਰਦੇ ਰੇਡੀਓ 'ਤੇ ਮਾਰੀਦੈ।

-"ਸੀਲ...??" ਸਾਰੇ ਹੈਰਾਨ ਜਿਹੇ ਹੋ ਕੇ ਨੰਬਰਦਾਰ ਵੱਲ ਝਾਕੇ।

-"ਸੰਘਰਸ਼-ਸ਼ੀਲ...?" ਦਿਲਬਾਗ ਸਿੰਘ ਚਾਹਲ ਨੇ ਜਮਾਤ ਦੇ "ਮੁਨੀਟਰ" ਵਾਂਗ ਪਹਿਲ ਕੀਤੀ।

-"ਓਏ ਕਾਹਨੂੰ...! ਇੱਕ ਹੋਰ "ਸੀਲ" ਹੁੰਦੇ ਐ, ਯਾਰ...!"

-"ਤਰਕਸ਼ੀਲ...?"

-"ਆਹ....! ਜਮਾਂ ਓਹੀ...!! ਤਰਕਸ਼ੀਲ...!! ਤਰਕਸ਼ੀਲ ਤੇ ਵਿਗਿਆਨੀ ਕਦੋਂ ਦੇ "ਗਲੋਬਲ ਵਾਰਮਿੰਗ" ਤੇ ਪ੍ਰਦੂਸ਼ਣ ਬਾਰੇ ਪਿੱਟੀ ਜਾਂਦੇ ਸੀ, ਕਿਸੇ ਨੇ ਕੰਨ ਈ ਨੀ ਸੀ ਕਰਿਆ, ਤੇ ਰੱਬ ਨੇ ਕੋਰੋਨਾ ਵਾਇਰਸ ਆਲ਼ਾ ਇੱਕੋ ਪੈਰ ਦੜੱਕਾ ਮਾਰਿਆ, ਵਾੜਤੇ ਨ੍ਹਾਂ ਲੋਕ ਭੇਡਾਂ ਬੱਕਰੀਆਂ ਮਾਂਗੂੰ ਘਰਾਂ 'ਚ...? ਕਾਰਾਂ ਬੱਸਾਂ ਦੀ ਤਾਂ ਗੱਲ ਛੱਡੋ, ਰੋਕਤੇ ਨ੍ਹਾਂ ਵੱਡੇ-ਵੱਡੇ ਜਹਾਜ ਤੇ ਸ਼ਿੱਪ...?"

-"ਕਹਿੰਦੇ ਨੀ ਹੁੰਦੇ...? ਜਦੋਂ ਰੱਬ ਦਾ ਰੈਂਗੜਾ ਫ਼ਿਰਦੈ, 'ਵਾਜ ਨੀ ਕਰਦਾ...!" ਬਚਨ ਸਿਉਂ ਬੋਲਿਆ।

-"ਬਚਨ ਸਿਆਂ, ਤੂੰ ਆਬਦੀ ਹਰ ਗੱਲ 'ਚ ਰੱਬ ਆਲ਼ਾ ਫਾਨਾਂ ਨਾ ਠੋਕਿਆ ਕਰ...!" ਕਾਮ-ਰੇਡ ਗੱਜਣ ਸਿਉਂ ਨੂੰ ਰੱਬ ਦੇ ਨਾਂ ਤੋਂ 'ਖਿੜ' ਸੀ। -"ਚੱਲ ਕੌਮਨਸ਼ਟਾ ਤੂੰ ਦੱਸ ਲੈ...? ਜੇ ਤੇਰੇ ਤੋਂ ਰੱਬ ਦੇ ਘਰ ਦੀ ਨੀ ਸੁਣੀ ਜਾਂਦੀ, ਤੂੰ ਕੋਈ ਜੱਗ ਦੀ ਸੁਣਾ ਲੈ...!" ਗਿਆਨੀ ਬੋਹੜ ਸਿੰਘ ਨੇ ਕਾਮਰੇਡ ਨੂੰ ਕਿਹਾ। ਉਹ ਮਜ਼ਾਕ ਨਾਲ ਕਮਿਊਨਿਸਟਾਂ ਨੂੰ "ਕੌਮਨਸ਼ਟ" ਅਤੇ ਤਰਕਸ਼ੀਲਾਂ ਨੂੰ "ਨਰਕਸ਼ੀਲ" ਆਖਦਾ ਹੁੰਦਾ। ਪਰ ਉਸ ਦਾ ਕੋਈ ਗੁੱਸਾ ਨਾ ਕਰਦਾ। ਸਭਾ ਵਿੱਚ ਸਾਰੇ ਇੱਕ ਪ੍ਰੀਵਾਰ ਵਾਂਗ ਵਿਚਰਦੇ।

-"ਜਿੰਨ੍ਹਾਂ ਦੇ ਸਿਰ 'ਤੇ ਇੱਕ ਦੂਜੇ ਮੁਲਕ ਨੂੰ ਡਰਾਇਆ ਧਮਕਾਇਆ ਜਾਂਦਾ ਸੀ, ਕਿੱਥੇ ਗਏ ਦੁਨੀਆਂ ਦੇ ਆਫਰੇ ਮੁਲਕਾਂ ਦੇ ਪ੍ਰਮਾਣੂੰ ਹਥਿਆਰ, ਮਿਜ਼ਾਈਲਾਂ, ਤੇ ਅੱਗ ਲੱਗੜੇ ਲੜਾਕੂ ਜਹਾਜ਼...? ਆਬਦੀਆਂ-ਆਬਦੀਆਂ ਫ਼ੌਜਾਂ ਦੇ ਸਿਰ 'ਤੇ ਵੱਡੀਆਂ-ਵੱਡੀਆਂ ਟਾਹਰਾਂ ਮਾਰਨ ਵਾਲ਼ੇ ਦੇਸ਼ ਵੜ ਗਏ ਨ੍ਹਾਂ ਜਿੱਥੋਂ ਨਿਕਲ਼ੇ ਸੀ..? ਵੱਡਿਆਂ ਨਾਢੂ ਖਾਨਾਂ ਦੀ ਔਕਾਤ ਕੀ ਐ, ਕੁਦਰਤ ਨੇ ਮਿੰਟ 'ਚ ਸਾਹਮਣੇ ਦਿਖਾ-ਤੀ...! ਕੀ ਵੱਡਾ, ਕੀ ਛੋਟਾ, ਇੱਕ ਦੂਜੇ ਨੂੰ ਢਾਹੁੰਣ ਲਈ ਮੁੱਛ 'ਤੇ ਮੋਰ ਬਿਠਾਈ ਫ਼ਿਰਦੇ ਸੀ, ਹੁਣ ਦੇਖੋ ਕਿਵੇਂ ਡਰੇ ਕੁੱਤੇ ਮਾਂਗੂੰ ਚੱਡਿਆਂ 'ਚ ਪੂਛ ਦੇਈ ਫ਼ਿਰਦੇ ਐ...?"

-"ਪੈਸਾ ਬਣਾਉਣ ਤੇ ਅੱਗੇ ਨਿਕਲਣ ਦੀ ਅੰਨ੍ਹੀ ਦੌੜ 'ਚ ਅਸੀਂ ਕੁਦਰਤ ਨੂੰ ਤਾਂ ਟਿੱਲੇ ਆਲ਼ਾ ਸਾਧ ਈ ਸਮਝ ਲਿਆ ਸੀ, ਜਦੋਂ ਕੋਈ ਕੁਦਰਤ ਦੇ ਅਸੂਲਾਂ ਤੇ ਵਸੀਲਿਆਂ ਦਾ ਘਾਣ ਕਰਦੈ, ਤਾਂ ਕੁਦਰਤ ਇਉਂ ਈ ਨਾਸਾਂ ਪਰਨੇ ਮਾਰਦੀ ਐ...!" ਅਮਰੀਕ ਸਿੰਘ ਢਿੱਲੋਂ ਨੇ ਆਪਣੀ ਗੱਲ ਰੱਖੀ।

-"ਪਰ ਢਿੱਲੋਂ ਸਾਅਬ ਇੱਕ ਗੱਲ ਹੋਰ ਸੋਚਣ ਵਾਲ਼ੀ ਐ...!" ਸ਼ਰਮਾਂ ਜੀ ਨੇ ਮੁੜ ਗੱਲ ਤੋਰੀ। -"ਕਿਹੜੀ...?" ਸਾਰੇ ਤੁੱਕਿਆਂ ਵੱਲ ਝਾਕਦੇ ਬੋਕ ਵਾਂਗ ਓਧਰ ਝਾਕਣ ਲੱਗ ਪਏ।

-"ਇੱਕ ਦੂਜੇ ਨੂੰ ਮਿਟਾਉਣ, ਜਾਂ ਖਤਮ ਕਰਨ ਵਾਸਤੇ ਅਸੀਂ ਅਰਬਾਂ ਖਰਬਾਂ ਡਾਲਰ, ਪੌਂਡ ਜਾਂ ਰੁਪਈਏ ਖਰਚ ਕਰੀ ਜਾਨੇ ਆਂ, ਪਰ ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਬਚਾਅ ਲਈ ਅਸੀਂ ਇੱਕ ਵੀ ਹੀਲਾ ਕਰਨ ਬਾਰੇ ਨੀ ਸੋਚਦੇ...?"

-"ਗੱਲ ਸ਼ਰਮਾਂ ਜੀ ਦੀ ਲੱਖ ਰੁਪਈਏ ਦੀ ਐ...!" ਨੰਬਰਦਾਰ ਸਾਹਿਬ ਨੇ ਸ਼ਰਮਾਂ ਜੀ ਦੀ ਗੱਲ ਦੀ ਪ੍ਰੋੜਤਾ ਕੀਤੀ।

-"ਰੁੱਖ, ਪਾਣੀ, ਨਦੀਆਂ, ਪਹਾੜਾਂ ਦੀ ਅਹਿਮੀਅਤ ਭੁਲਾ ਕੇ ਅਸੀਂ ਆਪਹੁਦਰੇ ਬਣੇ ਹੋਏ ਸੀ, ਵਾਇਰਸ ਦੇ ਇੱਕ ਧੱਫੇ ਨੇ ਸਾਰੀ ਦੁਨੀਆਂ ਨੂੰ ਇੱਕ ਖੂੰਜੇ ਨੂੰ ਧੱਕ ਦਿੱਤਾ, ਸਾਰਾ ਸੰਸਾਰ ਇੱਕ ਵਾਇਰਸ ਅੱਗੇ ਬੇਵੱਸ ਹੋਇਆ ਬੈਠੈ ਕਿ ਨਹੀਂ...? ਜਿਹੜੇ ਘਰਾਂ ਅੱਗੇ ਪਹਿਲਾਂ "ਜੀ ਆਇਆਂ ਨੂੰ" ਦਾ ਫੱਟਾ ਲੱਗਿਆ ਹੁੰਦਾ ਸੀ, ਹੁਣ "ਅੰਦਰ ਆਉਣਾ ਸਖ਼ਤ ਮਨ੍ਹਾਂ ਹੈ" ਲਿਖਾਈ ਫ਼ਿਰਦੇ ਐ..!"

-"ਕੁਦਰਤ ਦੇ ਰੰਗ ਮਾਨਣ ਲਈ ਤਾਂ ਸਾਡੇ ਕੋਲ਼ੇ ਵਿਹਲ਼ ਈ ਨੀ ਸੀ...!"

-"ਇੱਕ ਗੱਲ ਹੋਰ ਵੀ ਸੋਚਣ ਆਲ਼ੀ ਐ ਮਿੱਤਰ ਪਿਆਰਿਓ...!" ਰਣਜੀਤ ਚੱਕ ਤਾਰੇਵਾਲ਼ ਨੇ ਹੋਰ ਨਵੀਂ ਗੱਲ ਸ਼ੁਰੂ ਕੀਤੀ।

-"ਕੋਰੋਨਾਂ ਦਾ ਡਰਾਮਾ ਖੜ੍ਹਾ ਕਰ ਕੇ ਸਟੌਕ ਮਾਰਕੀਟ ਬਿਲਕੁਲ ਹੇਠਾਂ ਸਿੱਟੀ ਗਈ। ਸਰਕਾਰਾਂ ਵੱਲੋਂ "ਬੇਲ-ਆਊਟ" ਲਈ ਬਿਲੀਅਨਜ਼ ਡਾਲਰ ਕੰਪਨੀਆਂ ਨੂੰ ਦਿੱਤੇ ਗਏ। ਇਸ ਮੌਕੇ ਦਾ ਲਾਹਾ ਲੈਂਦਿਆਂ ਦੁਨੀਆਂ ਦੀਆਂ ਮਹਾਂ ਪਾਵਰਾਂ ਨੇ ਪਿਛਲੇ ਦਰਵਾਜੇ ਰਾਹੀਂ ਦੋ ਟਰਿਲੀਅਨਜ਼ ਦੇ ਦਿੱਤੇ, ਸਟੌਕ ਖਰੀਦਿਆ, ਜਾਂ ਬੇਲ-ਆਊਟ ਕੀਤਾ? ਪਿਛਲੇ ਕੁਛ ਦਿਨਾਂ ਤੋਂ ਸਟੌਕ ਫੇਰ ਚੜ੍ਹਨ ਲੱਗ ਪਏ। ਅਗਲੇ ਦੋ-ਚਾਰ ਹਫ਼ਤੇ ਵਿੱਚ ਕੋਰੋਨਾਂ ਦੇ ਕੇਸ ਵੀ ਸਕਰੀਨਾਂ 'ਤੇ ਘੱਟ ਦਿਸਣ ਲੱਗ ਜਾਣਗੇ...! ਆਮ ਲੋਕਾਂ ਦਾ ਪੈਸਾ ਗੌਰਮਿੰਟਾਂ ਅਤੇ ਕਾਰਪੋਰੇਟਾਂ ਰਲ਼-ਮਿਲ਼ ਕੇ ਹਜ਼ਮ ਕਰ ਜਾਣਗੀਆਂ। ਇਸ ਕੋਰੋਨਾ ਡਰਾਮੇਂ ਤੋਂ ਬਾਅਦ ਲੋਕਾਂ ਦੀ ਜ਼ਿੰਦਗੀ ਹੋਰ ਔਖੀ ਹੋਊਗੀ, ਤੇ ਜਿਹੜੀ ਹੁਣ ਸੌ ਬਿਲੀਅਨ ਦੀ ਕੰਪਨੀ ਐਂ, ਉਹ ਡੇਢ ਸੌ ਬਿਲੀਅਨ ਦੀ ਹੋ ਜਾਊਗੀ। ਲੋਕ ਜਾਨ ਬਚੀ ਕਰ ਕੇ ਰੱਬ ਦਾ ਸ਼ੁਕਰ ਕਰਨਗੇ, ਤੇ ਇਹ ਠੱਗ ਵਣਜਾਰੇ ਉਹਨਾਂ ਭੋਲ਼ੇ ਲੋਕਾਂ ਨੂੰ ਦੇਖ ਕੇ ਅੰਦਰੇ-ਅੰਦਰ ਹੱਸਣਗੇ ਤੇ ਕੱਛਾਂ ਵਜਾਉਣਗੇ, ਬਈ ਇਹ ਤਾਂ ਪੈਦਾ ਈ ਲੁੱਟੇ ਜਾਣ ਲਈ ਹੋਏ ਨੇ, ਇਹਨਾਂ ਨੂੰ ਜਿਵੇਂ ਮਰਜ਼ੀ ਐ ਧਰ ਕੇ ਠੱਗੋ, ਇਹਨਾਂ ਲਾਈਲੱਗਾਂ ਨੇ ਕਿਹੜਾ ਬੋਲਣੈ...? ਇਹ ਤਾਂ ਮੋਮ ਦੇ ਨੱਕ ਐ, ਜਿੱਧਰ ਮਰਜ਼ੀ ਐ, ਮੋੜ ਲਓ...!"

-"ਇਹਨਾਂ ਗੱਲਾਂ ਨੂੰ ਡੂੰਘਾਈ ਨਾਲ਼ ਸਮਝੂ ਕੌਣ, ਤੇ ਇਤਬਾਰ ਕੌਣ ਕਰੂ...?" ਸ਼ਰਮਾਂ ਜੀ ਨੇ ਉਦਾਸੀ ਅਤੇ ਨਿਰਾਸ਼ਤਾ ਦੇ ਆਲਮ ਵਿੱਚ ਸਿਰ ਫ਼ੇਰਿਆ।

-"ਇਹਦਾ ਮਤਲਬ ਅਸੀਂ ਸਾਰੇ ਬੱਠਲ ਸਿਰੇ ਈ ਤੁਰੇ ਫ਼ਿਰਦੇ ਆਂ...?" ਨਿਰੰਜਣ ਸਿੰਘ ਪੁਕਾਰ ਉਠਿਆ।

-"ਸਰਕਾਰਾਂ, ਪੂੰਜੀਪਤੀ ਤੇ ਕਾਰਪੋਰੇਟ ਤਾਂ ਸਾਨੂੰ ਇਹੀ ਸਮਝ ਰਹੇ ਆ...!" ਰਣਜੀਤ ਚੱਕ ਤਾਰੇਵਾਲ਼ ਨੇ ਉੱਤਰ ਦਿੱਤਾ।

-"ਪਰ ਮੈਂ ਸਹੇ ਤੋਂ ਵੱਧ ਪਹੇ ਨੂੰ ਰੋਨੈ...!"

_ "ਓਹ ਕਿਵੇਂ...?"

-"ਦੁਨੀਆਂ ਭਰ ਦੇ ਲੋਕਾਂ ਨੇ ਕੋਰੋਨਾ ਦਾ ਕਹਿਰ ਝੱਲਿਆ ਤੇ ਝੱਲ ਵੀ ਰਹੇ ਐ, ਪਰ ਕੋਰੋਨੇ ਦੇ ਸੰਤਾਪ ਤੋਂ ਬਾਅਦ ਅਗਲੀਆਂ ਵੱਡੀਆਂ ਮੁਸ਼ਕਿਲਾਂ, ਆਰਥਿਕ ਮੰਦਹਾਲੀ ਤੇ ਭੁੱਖਮਰੀ ਵੀ ਸਿਰ 'ਤੇ ਆ ਖੜ੍ਹਨੀ ਐਂ....! "ਬਰੈਗਜ਼ਿੱਟ" ਦੇ ਹੱਕ 'ਚ ਢੰਡੋਰਾ ਪਿੱਟਣ ਵਾਲ਼ਿਆਂ ਨੂੰ ਹੁਣ ਸੁਰਤ ਜ਼ਰੂਰ ਆਈ ਹੋਊ, ਬਈ ਪੂਰਬੀ ਯੂਰਪ ਵਿੱਚੋਂ ਕਾਮੇਂ ਰੁਕ ਜਾਣ ਕਾਰਨ ਕਿਸੇ ਹੱਦ ਤੱਕ ਕੰਮ ਖੜ੍ਹੇ ਐ ਕਿ ਨਹੀਂ ਖੜ੍ਹੇ..? ਤੇ ਇੱਕ ਹੋਰ ਵੱਡਾ ਖ਼ਤਰਾ ਲੱਗਭੱਗ ਸੱਤ ਕਰੋੜ ਘਰ-ਘਾਟ ਛੱਡ ਕੇ ਰਿਫ਼ਿਊਜੀ ਕੈਂਪਾਂ 'ਚ ਰਹਿ ਰਹੇ ਲੋਕਾਂ ਦਾ ਐ, ਜੋ ਦੁਨੀਆਂ ਦੇ ਹਰ ਖਿੱਤੇ 'ਚ ਨੇ..! ਜਿਹਨਾਂ ਕੋਲ਼ ਹੱਥ ਧੋਣ ਲਈ ਸਾਫ਼ ਪਾਣੀ ਤੱਕ ਵੀ ਨਹੀਂ, ਉਹਨਾਂ ਨੂੰ ਗੌਰਮਿੰਟਾਂ ਕਿਹੜੇ ਖਾਤੇ 'ਚ ਪਾਉਣਗੀਆਂ...? ਸਭ ਤੋਂ ਵੱਡਾ ਖ਼ਤਰਾ ਤੇ ਵੰਗਾਰ ਤਾਂ ਉਹ ਲੋਕ ਬਣਨਗੇ...!" ਰਣਜੀਤ ਚੱਕ ਤਾਰੇਵਾਲ਼ ਹਰ ਵਾਰ ਫ਼ਿਲਾਸਫ਼ਰਾਂ ਵਾਂਗ ਗੱਲ ਕਰਦਾ ਅਤੇ ਆਪਣੀ ਗਜ ਵਰਗੀ ਉਂਗਲ਼ ਅਗਲੇ ਦੀਆਂ ਨਾਸਾਂ 'ਚ ਦੇਣ ਤੱਕ ਜਾਂਦਾ।

-"ਪੰਜਾਬ 'ਚ ਪੁਲਸ ਨੇ ਦੇਖ ਲਓ ਲੋਕਾਂ ਨਾਲ਼ ਕੀ ਵਰਤਾਓ ਕੀਤਾ-!" ਬਚਨ ਸਿੰਘ ਨੇ ਗੱਲ ਦੀ ਸਿਸ਼ਤ ਮੁੜ ਪੰਜਾਬ ਵੱਲ ਸਿੰਨ੍ਹੀ।

-"ਯਾਰ ਲੋਕ ਕਿਹੜਾ ਟਿਕਦੇ ਸੀ..? ਜਦੋਂ ਕਰਫ਼ਿਊ ਲਾ ਈ ਦਿੱਤਾ, ਚੁੱਪ ਕਰ ਕੇ ਘਰੇ ਬੈਠਦੇ, ਬਾਹਰ ਜਾ ਕੇ ਕੜਛ ਮਾਂਜਣਾਂ ਸੀ...?"

-"ਨਿੱਤ ਦਿਹਾੜੀ ਕਰ ਕੇ ਖਾਣ ਵਾਲ਼ੇ ਘਰਾਂ 'ਚ ਕਿਵੇਂ ਬਹਿੰਦੇ..? ਭੁੱਖੇ ਜੁਆਕ ਕਿਤੇ ਜਰੇ ਜਾਂਦੇ ਐ..?" ਡੇਵ ਨੇ ਕਾਫ਼ੀ ਦੇਰ ਬਾਅਦ ਮੂੰਹ ਖੋਲ੍ਹਿਆ ਸੀ।

-"ਨਾਲ਼ੇ ਚਿੱਟਾ ਵੇਚਣ, ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲ਼ਿਆਂ ਦੇ ਤਾਂ ਪੁਲਸ ਨੇ ਛਿੱਤਰ ਫੇਰਿਆ ਨਾ...? ਹੁਣ ਗਰੀਬ ਤੇ ਮਜਬੂਰ ਦਿਹਾੜੀਦਾਰਾਂ ਨੂੰ ਫੜ-ਫੜ ਕੁੱਟੀ ਜਾਂਦੇ ਸੀ...! ਸੁਆਦ ਤਾਂ ਫੇਰ ਸੀ, ਜੇ ਵੱਡੇ ਮਗਰਮੱਛਾਂ ਦੇ ਝਾਂਬਾ ਫੇਰਦੇ...!"

-"ਇਸ ਕੋਰੋਨਾ ਵਾਇਰਸ ਨਾਲ਼ ਦੁਨੀਆਂ 'ਚ ਬਹੁਤ ਵੱਡਾ ਬਦਲਾਓ, ਜਾਗਰਤੀ ਤੇ ਇਨ-ਕਲਾਬ ਜ਼ਰੂਰ ਆਊ..!"

-"ਸਭ ਤੋਂ ਵੱਡੀ ਬਿਜਲੀ ਤਾਂ ਹੁਣ ਸਾਧ ਲਾਣੇ 'ਤੇ ਡਿੱਗੂ...!" ਡਾਕਟਰ ਪਰਮਜੀਤ ਧੰਜੂ ਬੋਲਿਆ।

-"ਡਿੱਗਣੀ ਈ ਐਂ..! ਹੁਣ ਕਿਸੇ ਸਾਧ ਨੇ ਸ਼ਕਤੀ ਦਿਖਾਈ...?" ਬਾਬਾ ਬਖ਼ਤੌਰਾ ਬੱਗੀਆਂ ਮੁੱਛਾਂ ਵਿੱਚੋਂ ਮੁਛਕੜੀਏਂ ਹੱਸਿਆ।

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਪੰਜਾਬ ਸਰਕਾਰ ਦੀ ਜਾਇਜ਼ ਸਿਫਤ !

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਬੀਤੀ ਜੁਲਾਈ ਮਹੀਨੇ ਦੇ ਇਕ ਦਿਨ ਸਾਡੇ ਪਿੰਡ ਸਵੇਰੇ ਸੁਵਖਤੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਤੋਂ ਹੋਈ ਅਨੋਖੀ ਅਨਾਊਂਸਮੈਂਟ ਸੁਣ ਕੇ ਕੰਨ ਖੜ੍ਹੇ ਹੋ ਗਏ ! ਭਾਈ ਸਾਹਿਬ ਲਾਗੇ-ਚਾਗੇ ਦੇ ਪਿੰਡਾਂ ਦੇ ਵੀ ਨਾਂ ਲੈ ਕੇ 'ਜਿੱਥੇ ਤੱਕ ਅਵਾਜ਼ ਜਾਂਦੀ ਹੈ !' ਕਹਿੰਦਿਆਂ ਸੂਚਨਾਂ ਦੇ ਰਹੇ ਸਨ ਕਿ ਅੱਜ ਦਸ ਕੁ ਵਜੇ ਨਹਿਰੀ ਵਿਭਾਗ ਦੇ ਉੱਚ ਅਫਸਰ ਸਾਡੇ ਪਿੰਡ ਪਹੁੰਚ ਰਹੇ ਹਨ। ਜਿਨ੍ਹਾਂ ਜਿਨ੍ਹਾਂ ਜਿਮੀਦਾਰ ਭਰਾਵਾਂ ਨੇ ਸਿੰਜਾਈ ਵਾਸਤੇ ਆਪਣੇ ਖੇਤਾਂ ਨੂੰ ਨਹਿਰੀ ਪਾਣੀ ਦਾ ਮੋਘਾ ਲਵਾਉਣਾ ਹੋਵੇ ਉਹ ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਮਹਿਕਮੇਂ ਦੇ ਅਫਸਰਾਂ ਕੋਲ ਆਪੋ ਆਪਣੇ ਨਾਂ ਦਰਜ ਕਰਾਉਣ ਦੀ ਕ੍ਰਿਪਾਲਤਾ ਕਰਨ ਜੀ !

ਦਰਅਸਲ ਸਾਡੇ ਪਿੰਡ ਦੁਪਾਲ ਪੁਰ ਦੇ ਢਾਹੇ ਵਾਲ਼ੇ ਪਾਸੇ ਮੀਲ ਕੁ ਦੂਰ ਵਗਦੀ ਬਿਸਤ ਦੁਆਬ ਨਹਿਰ ਮੇਰੇ ਜਨਮ ਸੰਨ (1957)ਤੋਂ ਵੀ ਕਈ ਵਰ੍ਹੇ ਪਹਿਲਾਂ ਦੀ ਬਣੀ ਹੋਈ ਹੈ। ਸਤਲੁਜ ਦਰਿਆ 'ਤੇ ਬਣੇ ਰੋਪੜ ਹੈੱਡਵਰਕਸ ਤੋਂ ਨਿਕਲ਼ਦੀ ਇਸ ਨਹਿਰ 'ਚੋਂ ਆਰ.ਡੀ 94 ਪਿੰਡ ਮਹਿਤ ਪੁਰ ਤੋਂ ਆਦਮ ਪੁਰ ਬ੍ਰਾਂਚ ਨਿਕਲਦੀ ਹੈ ਅਤੇ ਸਾਡੇ ਪਿੰਡੋਂ ਛੇ ਕੁ ਮੀਲ ਦੂਰ ਰਾਹੋਂ ਵੱਲ਼ ਆਰ.ਡੀ 122 'ਤੇ ਨਵਾਂਸ਼ਹਿਰ ਡਿਸਟ੍ਰੀਬਿਊਟਰੀ (ਸੁਬਾਜ ਪੁਰ ਵਾਲ਼ੀ ਝਲਾਰ)ਤੋਂ ਵੱਖ ਵੱਖ ਦਿਸ਼ਾਵਾਂ ਨੂੰ ਤਿੰਨ ਸੂਏ ਕੱਢੇ ਗਏ ਹਨ ਜੋ ਨਵਾਂਸ਼ਹਿਰ ਅਤੇ ਰਾਹੋਂ ਦੇ ਇਰਦ-ਗਿਰਦ ਇਲਾਕੇ ਨੂੰ ਸਿੰਜਾਈ ਸਹੂਲਤ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਸਾਡੇ ਪਿੰਡਾਂ ਵਾਲ਼ਿਆਂ ਨੇ ਕਦੇ ਨਹਿਰੀ ਪਾਣੀ ਨਾਲ ਸਿੰਜਾਈ ਕਰਨ ਬਾਰੇ ਸੋਚਿਆ ਚਿਤਵਿਆ ਵੀ ਨਹੀਂ ਸੀ ਪਰ ਹੁਣ ਗੁਰਦੁਆਰੇ ਤੋਂ ਹੋਈ ਅਨਾਊਂਸਮੈਂਟ ਨੇ ਹੈਰਾਨੀ ਪੈਦਾ ਕਰ ਦਿੱਤੀ !





ਨਿਜੀ ਰੁਝੇਵੇਂ ਕਾਰਨ ਭਾਵੇਂ ਮੈਂ ਆਪਣੇ ਪਿੰਡ ਵਾਲ਼ੀ ਉਕਤ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕਿਆ ਪਰ ਸ਼ਾਮ ਨੂੰ ਘਰੇ ਆ ਕੇ ਇਸ ਮੀਟਿੰਗ ਬਾਰੇ ਨਹਿਰੀ ਵਿਭਾਗ ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਆਪਣੇ ਗਰਾਈਂ ਹਮਜਮਾਤੀ ਤੋਂ ਪੂਰੀ ਜਾਣਕਾਰੀ ਲਈ !ਉਸਨੇ ਦੱਸਿਆ ਕਿ ਧਰਤੀ ਹੇਠਲੇ ਪਾਣੀ ਦੀ ਸਤਹ ਆਏ ਸਾਲ ਹੋਰ ਡੂੰਘੀ ਹੋਰ ਡੂੰਘੀ ਹੋਈ ਜਾਣ ਤੋਂ ਚਿੰਤਤ ਪੰਜਾਬ ਦੀ ਮਾਨ ਸਰਕਾਰ ਨੇ ਇਹ ਯੋਜਨਾ ਬਣਾਈ ਹੈ ਕਿ ਇਸ ਇਲਾਕੇ ਨੂੰ ਵੀ ਸਿੰਜਾਈ ਲਈ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਇਸ ਨਾਲ ਇਕ ਤਾਂ ਧੜਾ ਧੜ ਨਵੇਂ ਪੁੱਟੇ ਜਾ ਰਹੇ ਟਿਊਬਵੈਲਾਂ ਦੀ ਗਿਣਤੀ ਨੂੰ ਠੱਲ੍ਹ ਪਵੇ ਗੀ। ਦੂਸਰਾ ਨਹਿਰ ਤੋਂ ਨਿਕਲਦੇ ਨਾਲ਼ਿਆਂ ਦੀ ਬਦੌਲਤ ਧਰਤੀ ਲਈ ਜੀਰਣ ਪ੍ਰਕ੍ਰਿਆ ਵੀ ਹੋਵੇ ਗੀ। ਜੋ ਕਿ ਦਿਨ-ਬ-ਦਿਨ ਹੇਠਾਂ ਜਾ ਰਹੀ ਪਾਣੀ ਦੀ ਸਤਹ ਲਈ ਬਹੁਤ ਲਾਹੇਵੰਦ ਹੋਵੇ ਗੀ।

ਮੇਰੇ ਇਸ ਹਮਜਮਾਤੀ ਦੋਸਤ ਨੇ ਮੈਨੂੰ ਸੁਝਾਅ ਦਿੱਤਾ ਕਿ ਮਾਨ ਸਰਕਾਰ ਦੀ ਇਸ ਯੋਜਨਾਂ ਉੱਤੇ ਫੌਰੀ ਅਮਲ ਵੀ ਹੋਇਆ ਦੇਖਣਾ ਹੈ ਤਾਂ ਨਹਿਰ 'ਤੇ ਗੇੜਾ ਮਾਰ ਕੇ ਆਉ ! ਸੱਚਮੁਚ ਮੈਂ ਪਿੰਡੋਂ ਨਵਾਂਸ਼ਹਿਰ ਜਾਂਦਿਆਂ ਦੇਖਿਆ ਕਿ ਅਸਮਾਨ ਪੁਰ ਅਤੇ ਰਾਣੇਵਾਲ ਪਿੰਡਾਂ ਲਾਗੇ ਤਿੰਨ ਮੋਘੇ ਤਾਮੀਰ ਹੋ ਚੁੱਕੇ ਨੇ ਅਤੇ ਨਹਿਰੀ ਪਾਣੀ ਸਿੰਜਾਈ ਕਰ ਰਿਹਾ ਹੈ ! ਹੋਰ ਤਾਂ ਹੋਰ ਹੁਣ ਸੁਬਾਜ ਪੁਰ ਦੀ ਝਲਾਰ ਤੋਂ ਨਿੱਕਲ਼ੇ ਹੋਏ ਸੂਏ ਵੀ ਕੰਢਿਆਂ ਤੱਕ ਡਕਾ ਡੀਕ ਭਰੇ ਵਗਦੇ ਹਨ। ਸੰਨ 73-74 ਵਿਚ ਨਵਾਂਸ਼ਹਿਰ ਦੁਆਬੇ ਸਕੂਲ ਪੜ੍ਹਦਿਆਂ ਅਸੀਂ ਪਿੰਡ ਸਲੋਹ ਲਾਗੇ ਵਗਦੇ ਜਿਸ ਨਹਿਰੀ ਸੂਏ ਵਿਚ ਤਾਰੀਆਂ ਲਾ ਲਾ ਨਹਾਉਂਦੇ ਹੁੰਦੇ ਸਾਂ, ਉਸ 'ਟੇਲ' ਤੱਕ ਹੁਣ ਕਈ ਦਹਾਕਿਆਂ ਬਾਅਦ ਪਾਣੀ ਵਗਦਾ ਦੇਖਿਆ ਮੈਂ ! ਅਮਰੀਕਾ ਤੋਂ ਹਰੇਕ ਸਾਲ ਆਪਣੇ ਪਿੰਡ ਆਉਂਦਾ ਰਹਿੰਦਾ ਹੋਣ ਕਰਕੇ ਮੈਂ ਅਕਸਰ ਉਹ ਸੂਆ ਸੁੱਕ-ਮ-ਸੁੱਕਾ ਹੀ ਦੇਖਦਾ ਰਿਹਾ ਹਾਂ !

ਨਹਿਰੀ ਮਹਿਕਮੇ ਦੇ ਅਫਸਰਾਂ ਨਾਲ ਜਾਣ-ਪਛਾਣ ਰੱਖਣ ਵਾਲੇ ਮੇਰੇ ਹਮਜਮਾਤੀ ਨੇ ਇਕ ਹੋਰ 'ਅੰਦਰਲੀ ਗੱਲ' ਇਹ ਦੱਸੀ ਕਿ ਅਜ਼ਾਦੀ ਤੋਂ ਬਾਅਦ ਪੰਜਾਬ 'ਚ ਬਣਦੀਆਂ ਰਹੀਆਂ ਸਰਕਾਰਾਂ 'ਚੋਂ ਕਿਸੇ ਇਕ ਨੇ ਵੀ ਅੰਗਰੇਜਾਂ ਵੇਲੇ ਦਾ ਨਹਿਰੀ ਰਿਕਾਰਡ ਫੋਲ ਕੇ ਨਹੀਂ ਦੇਖਿਆ, ਕਿਉਂਕਿ ਬਿਸਤ ਦੁਆਬ ਅਤੇ ਇਸਦੀ ਆਦਮ ਪੁਰ ਬ੍ਰਾਂਚ ਤੋਂ ਸਾਡੇ ਇਲਾਕੇ ਦੇ ਪਿੰਡਾਂ ਲਈ ਸੂਏ ਅਤੇ ਨਹਿਰੀ ਮੋਘਿਆਂ ਦੇ ਅੰਗਰੇਜ਼ਾਂ ਵਲੋਂ ਹੀ ਬਣਾਏ ਨਕਸ਼ੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਰੋਸ਼ਨੀ 'ਚ ਲਿਆਂਦੇ ਹਨ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਸਾਡੇ ਪਿੰਡ ਹੋਈ ਉਕਤ ਮੀਟਿੰਗ ਵਿਚ ਆਲ਼ੇ ਦੁਆਲੇ ਪਿੰਡਾਂ ਦੇ ਜ਼ਿਮੀਂਦਾਰ ਭਰਾ ਭਾਰੀ ਗਿਣਤੀ ਵਿਚ ਹਾਜ਼ਰ ਹੋਏ ਤੇ ਉਨ੍ਹਾਂ ਲੋੜ ਅਨੁਸਾਰ ਨਹਿਰੀ ਮੋਘਿਆਂ ਲਈ ਅਫਸਰਾਂ ਕੋਲ ਨਾਮ ਦਰਜ ਕਰਾਏ !

ਲੋਕ-ਹਿਤਾਂ ਖਿਲਾਫ ਨੀਤੀਆਂ ਦੀ ਵਿਰੋਧਤਾ ਵੀ ਜਰੂਰੀ ਪਰ ਸਾਡੇ ਇਲਾਕੇ ਨੂੰ ਨਹਿਰੀ ਪਾਣੀ ਦੀ ਅਨੂਠੀ ਭੇਂਟ ਦੇਣ ਲਈ ਮਾਨ ਸਰਕਾਰ ਦੀ ਸਿਫਤ ਕਰਨੀ ਜਾਇਜ਼ ਹੈ !

# ਉੱਦਮ ਅੱਗੇ ਲੱਛਮੀਂ ਜਿਉਂ ਪੱਖੇ ਅੱਗੇ ਪੌਣ !

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਆਪਣੇ ਪਿੰਡ ਲਾਗੇ ਵਗਦੇ ਸਤਲੁਜ ਕੰਢੇ ਸਵੇਰੇ ਸਵੇਰੇ ਸੈਰ ਕਰਨ ਵੇਲੇ ਪਿਛਲੇ ਸਾਲ ਤਾਂ ਮੈਂ ਝੱਲ ਵਿਚ ਦੋ ਬਾਂਦਰ ਦੇਖੇ ਸਨ ਪਰ ਇਸ ਸਾਲ 2025 ਦੇ ਫਰਵਰੀ ਮਹੀਨੇ ਤੋਂ ਲੈ ਕੇ ਹੁਣ ਜੁਲਾਈ ਦੇ ਅਖੀਰ ਤੱਕ ਰੋਜ਼ਾਨਾ ਸੈਰ ਕਰਦਿਆਂ ਮੈਨੂੰ ਉੱਥੇ ਕੋਈ ਬਾਂਦਰ ਨਹੀਂ ਦਿਸਿਆ। ਪਰ ਅੱਜ ਸਵੇਰੇ ਜਦ ਮੈਂ ਰੋਜ ਵਾਂਗ ਸਾਈਕਲ ਚਲਾਉਂਦਾ ਬੰਨ੍ਹ ਉੱਤੇ ਚੜ੍ਹਿਆ ਤਾਂ ਮੋਹਰੇ ਸੱਤ ਅੱਠ ਬਾਂਦਰ ਬੈਠੇ ਦੇਖ ਕੇ ਮੈਂ ਹੈਰਾਨ ਰਹਿ ਗਿਆ !

ਗਰਮੀ ਕਾਰਨ ਮੁੜ੍ਹਕੇ ਨਾਲ਼ ਮੈਂ ਗਹਿਗੱਚ ਹੋਇਆ ਪਿਆ ਸਾਂ। ਜਦ ਮੈਂ ਮੂੰਹ-ਮੱਥਾ ਪੂੰਝਣ ਲਈ ਸਾਈਕਲ ਦੀ ਟੋਕਰੀ 'ਚ ਪਏ ਕੱਪੜੇ ਨੂੰ ਹੱਥ ਪਾਇਆ ਤਾਂ ਸਾਰੇ ਬਾਂਦਰ 'ਘੁਰ...ਘੁਰ, ਇਉਂ...ਇਉਂ' ਦੀਆਂ ਅਵਾਜ਼ਾਂ ਕੱਢਦੇ ਮੇਰੇ ਕੋਲ਼ ਨੂੰ ਆ ਗਏ !

ਮੈਨੂੰ ਲੱਗਿਆ ਉਨ੍ਹਾਂ ਸੋਚਿਆ ਹੋਵੇ ਗਾ ਕਿ ਖੌਰੇ ਇਹ ਸਾਨੂੰ ਕੁੱਝ ਖਾਣ ਲਈ ਦੇਣ ਲੱਗਾ ! ਸਵੇਰੇ ਸਵੇਰੇ ਵਿਚਾਰੇ ਭੁੱਖਣ ਭਾਣੇ ਹੀ ਹੋਣਗੇ ? ਇਹ ਸੋਚ ਕੇ ਮੈਂ ਬੇਜ਼ੁਬਾਨਾਂ ਪ੍ਰਤੀ ਤਰਸ ਜਿਹੇ ਨਾਲ ਭਰ ਗਿਆ। ਮਨ 'ਚ ਪਛਤਾਵਾਂ ਕਿ ਕਿਤੇ ਅੱਜ ਵੀ ਮੈਂ ਪਿਛਲੇ ਸਾਲ ਵਾਂਗ ਆਪਣੇ ਕੋਲ ਬਰੈੱਡ ਲੈ ਆਉਂਦਾ ਤਾਂ ਕਿੰਨਾਂ ਚੰਗਾ ਹੋਣਾ ਸੀ।





ਸੋਚੀਂ ਪਏ ਨੂੰ ਇਕ ਫੁਰਨਾ ਫੁਰਿਆ ! ਚੱਕਿਆ ਸਾਈਕਲ ਤੇ ਮੈਂ ਭੱਜ ਪਿਆ ਲਾਗਲੇ ਪਿੰਡ ਮਹੱਦੀ ਪੁਰ ਨੂੰ ਤਾਂ ਕਿ ਉੱਥੋਂ ਦੁਕਾਨ ਤੋਂ ਬਰੈੱਡ ਜਾਂ ਕੇਲੇ ਲੈ ਆਵਾਂ। ਮਹੱਦੀ ਪੁਰ ਪਿੰਡ 'ਚ ਕੇ ਕਿਸੇ ਦੁਕਾਨ ਬਾਰੇ ਪੁੱਛਿਆ ਤਾਂ ਉੱਥੇ ਬੈਠੇ ਮੁੰਡੇ ਕਹਿੰਦੇ ਜੀ ਸਾਡੇ ਪਿੰਡ ਕੋਈ ਦੁਕਾਨ ਈ ਹੈ ਨੀ !

ਉਨ੍ਹਾਂ ਦੇ ਪੁੱਛਣ 'ਤੇ ਜਦ ਮੈਂ ਆਪਣਾ ਪ੍ਰਯੋਜਨ ਦੱਸਿਆ ਤਾਂ ਇਕ ਮੁੰਡਾ ਛਾਲ਼ ਮਾਰ ਕੇ ਉੱਠਿਆ ਤੇ ਕਹਿੰਦਾ ਜੀ ਨਾਲ਼ ਦੇ ਪਿੰਡ ਚਕਲੀ ਸਜ਼ਾਇਤ ਹੱਟੀ ਹੈਗੀ ਆ ਮੈਂ ਉੱਥੋਂ ਲਿਆ ਦਿੰਦਾ ਹਾਂ ਬਰੈੱਡ ਜਾਂ ਕੇਲੇ, ਜੋ ਵੀ ਮਿਲਿਆ !

ਮੈਥੋਂ ਪੈਸੇ ਫੜ ਕੇ ਉਸਨੇ ਲਾਗੇ ਖੜ੍ਹੇ ਮੋਟਰਸਾਈਕਲ ਨੂੰ ਮਾਰੀ ਕਿੱਕ ਤੇ ਦਸਾਂ ਕੁ ਮਿੰਟਾਂ ਵਿਚ ਹੀ ਉਹ ਤਿੰਨ ਬਰੈੱਡ ਲੈ ਕੇ ਆ ਗਿਆ ! ਕਹਿੰਦਾ ਜੀ ਉੱਥੇ ਜਿੰਨੇ ਸੀਗੇ ਜੀ ਮੈਂ ਚੁੱਕ ਲਿਆਇਆ ਹਾਂ !!

ਉਹਦਾ ਧੰਨਵਾਦ ਕਰਕੇ ਮੈਂ ਤਿੰਨੋਂ ਬਰੈੱਡ ਸਾਈਕਲ ਦੀ ਟੋਕਰੀ 'ਚ ਰੱਖਕੇ ਦਰਿਆ ਵੱਲ਼ ਨੂੰ ਭੱਜ ਪਿਆ। ਮਨ ਹੀ ਮਨ ਅਰਦਾਸ ਕਰਦਾ ਜਾਵਾਂ ਕਿ ਹੇ ਮਾਲਕਾ ! ਬਾਂਦਰ ਉੱਥੇ ਹੀ ਮਿਲ਼ ਜਾਣ। ਹੋਰ ਨਾ ਕਿਤੇ ਏਧਰ-ਓਧਰ ਨੂੰ ਭੱਜ ਗਏ ਹੋਣ...!

ਲਓ ਜੀ ਬੰਨ੍ਹ 'ਤੇ ਚੜ੍ਹ ਕੇ ਜਦ ਮੈਂ ਦੂਰ ਨੂੰ ਨਜ਼ਰ ਮਾਰੀ ਤਾਂ ਉੱਥੇ ਈ ਅਪਸ 'ਚ ਖੇਡ੍ਹੀਆਂ ਜਿਹੀਆਂ ਕਰਦੇ ਬਾਂਦਰ ਦੇਖ ਕੇ ਮੇਰੀ ਰੂਹ ਖਿੜ ਗਈ !

ਬਸ ਜੀ...ਸਾਈਕਲ ਦੀ ਟੋਕਰੀ 'ਚੋਂ ਇਕ-ਇਕ, ਦੋ-ਦੋ ਬਰੈੱਡ ਕੱਢ ਕੇ ਮੈਂ ਉਨ੍ਹਾਂ ਮੋਹਰੇ ਸੁੱਟੀ ਗਿਆ ਤੇ ਉਹ ਚੁੱਕ ਚੁੱਕ ਛਕੀ ਗਏ !

ਇਹ ਨਹੀਂ ਕਿ ਜੇ ਮੈਂ ਉੱਥੇ ਨਾ ਜਾਂਦਾ ਤਾਂ ਬਾਂਦਰਾਂ ਨੇ ਕਿਤੇ ਭੁੱਖੇ ਮਰ ਜਾਣਾ ਸੀ ! ਰਿਜ਼ਕ ਦਾਤੇ ਨੇ ਉਨ੍ਹਾਂ ਨੂੰ ਕੁੱਝ ਨਾ ਕੁੱਝ ਖਾਣ ਲਈ ਦੇਣਾ ਹੀ ਸੀ। ਪਰ ਬਰੈੱਡ ਖਾ ਰਹੇ ਬਾਂਦਰਾਂ ਦੇ ਚਿਹਰਿਆਂ ਉੱਤੇ ਬਣ ਰਹੇ 'ਪ੍ਰਸੰਨਤਾ ਦੇ ਚਿਹਨ' ਜਿਹੇ ਦੇਖ ਦੇਖ, ਲੱਖਾਂ ਰੁਪਏ ਖਰਚ ਕਰਕੇ ਲੰਗਰ ਜਾਂ ਛਬੀਲਾਂ ਲਗਾਉਣ/ਛਕਾਉਣ ਵਾਲ਼ੇ ਮਹਾਂ-ਦਾਨੀਆਂ ਨੂੰ ਮੈਂ ਸਿਰ ਝੁਕਾਇਆ !!

'ਨ ਰਿਜਕੁ ਦਸਤ ਆ ਕਸੇ
ਹਮਾ ਰਾ ਏਕੁ ਆਸ ਵਸੇ ॥
ਅਸਤਿ ਏਕੁ ਦਿਗਰ ਕੁਈ ॥
ਏਕ ਤੁਈ ਏਕ ਤੁਈ ॥'
(ਮਾਝ ਕੀ ਵਾਰ ਮ:੧,ਅੰਗ-੧੪੪)

# ਆਵੇਂ ਸਾਡੇ, ਜਾਵੇਂ ਕਿਸੇ ਹੋਰ ਨਾਲ, ਬੱਲੇ ਓਏ ਚਲਾਕ ਸੱਜਣਾ !

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**



ਦੁਨੀਆ ਆਪ ਤੋ ਖੁਸ਼ ਹੈ ਜਾਂ ਨਹੀ ਇਸ ਗੱਲ ਦੀ ਪਰਵਾਹ ਕਰਨੀ ਛੱਡ ਕੇ ਹਮੇਸ਼ਾ ਉਸ ਬੰਦੇ ਨੂੰ ਖੁਸ਼ ਕਰਨ ਦੀ ਕੋਸ਼ਿਸ ਕਰੋ, ਜਿਸ ਨੂੰ ਹਰ ਰੋਜ ਵਾਰ ਵਾਰ ਸੀਸੇ ਚ ਦੇਖਦੇ ਤੇ ਨਿਹਾਰਦੇ ਰਹਿੰਦੇ ਹੋ। ਅਸਲੀ ਸਕੂਨ ਤਦ ਮਿਲਦਾ ਹੈ ਜਦ ਅਸੀਂ ਆਪ ਖੁਸ ਹੁੰਦੇ ਹਾਂ, ਖੁਦ ਨਾਲ ਯਾਰੀ ਪਾਓ, ਮੁਹੱਬਤ ਕਰੋ, ਲੋਕਾ ਦੀ ਪਰਵਾਰ ਨਾ ਕਰੋ, ਯਾਦ ਰੱਖੋ ਕਿ ਉਹ ਤਾਂ ਬਦਲਦੇ ਹੀ ਰਹਿੰਦੇ ਹਨ, ਪਲ ਪਲ ਯੂ ਟਰਨਾਂ ਮਾਰਨਾ, ਗਿਰਗਟ ਵਾਂਗ ਰੰਗ ਬਦਲਣੇ, ਮਨੁੱਖ ਦੀ ਫਿਤਰਤ ਹੈ, ਜਿਸ ਇਸ ਤੋਂ ਉਹ ਕਦੇ ਵੀ ਬਾਜ ਨਹੀਂ ਆ ਸਕਦਾ । ਜੋ ਬੰਦੇ ਅੱਜ ਸਾਡੇ ਨਾਲ ਹਨ, ਕਲ ਕਿਸੇ ਹੋਰ ਨਾਲ ਹੋਣਗੇ। ਜੇ ਅੱਜ ਸਾਡੀ ਤਾਰੀਫ ਕਰ ਰਹੇ ਹਨ, ਉਹ ਕਲ ਕਿਸੇ ਹੋਰ ਕੋਲ, ਸਾਡੀ ਨਿੰਦਿਆ ਕਰ ਰਹੇ ਹੋਣਗੇ, ਜੋ ਕਲ ਸਾਡੇ ਨਾਲ ਬੋਲਦੇ ਵੀ ਨਹੀ ਸਨ ਉਹ ਲੋੜ ਪੈਣ ਤੇ ਸਾਡੇ ਮਗਰ ਮਗਰ ਘੁੰਮ ਕੇ ਸਾਡੀਆਂ ਅੱਡੀਆਂ ਰਗੜ ਰਹੇ ਹੋਣਗੇ।

ਸਿੱਧੇ ਸ਼ਬਦਾਂ ਵਿਚ ਹਾਲਾਤ “ਆਵੇਂ ਸਾਡੇ ਨਾਲ ਤੇ ਜਾਵੇਂ ਕਿਸੇ ਹੋਰ ਨਾਲ, ਬੱਲੇ ਓਏ ਚਲਾਕ ਸੱਜਣਾਂ” ਵਾਲੇ ਹਮੇਸ਼ਾ ਹੀ ਬਣੇ ਰੀ ਣਗੇ। ਇਸ ਕਰਕੇ ਦੂਸਰਿਆਂ ਦੇ ਹਿਤਾਂ ਮੁਤਾਬਿਕ ਜੀਉਣਾ ਛੱਡੋ, ਤੁਸੀਂ ਕੀ ਖਾਣਾ ਤੇ ਪਹਿਨਣਾ ਹੈ, ਇਹ ਤੁਹਾਡੀ ਪਸੰਦ ਜਾਂ ਨਾ ਪਸੰਦ ਦਾ ਵਿਸ਼ਾ ਹੈ। ਦੂਸਰਿਆਂ ਦੀਆਂ ਇਛਾਵਾਂ ਪੂਰੀਆ ਕਰਕੇ ਆਪਣੀ ਜਿੰਦਗੀ ਨਰਕ ਨਾ ਬਣਾਓ, ਆਪਣੀ ਖੁਸ਼ੀ ਦੀ ਚਾਬੀ ਕਿਸੇ ਦੂਸਰੇ ਦੇ ਹੱਥ, ਇਹ ਸਮਝਕੇ ਕਿ ਜੇਕਰ ਮੈਂ ਇੰਜ ਜਾਂ ਉਂਜ ਕੀਤਾ ਤਾਂ ਉਹ ਮੇਰੇ ਬਾਰੇ ਕੀ ਸੋਚਣਗੇ, ਬਿਲਕੁਲ ਵੀ ਦੇਣ ਦੀ ਲੋੜ ਨਹੀ, ਆਪਣੀ ਖੁਸ਼ੀ ਨੂੰ ਆਪ ਹੀ ਮਾਨਣ ਦੀ ਜਾਚ ਸਿੱਖ ਲਓ। ਆਪਣੀ ਕਦਰ ਕਰਨਾ ਸਿਖੋ ਆਪਣਾ ਖਿਆਲ ਰੱਖੋ, ਆਪਣੇ ਆਪ ਨਾਲ ਮੁਹੱਬਤ ਕਰੋ ਤੇ ਆਪਣੇ ਲਈ ਜੀਉਣ ਦੀ ਆਦਤ ਪਾਓ। ਇਸ ਤਰਾਂ ਕਰਨਾ ਕੋਈ ਬਹੁਤਾ ਔਖਾ ਨਹੀਂ, ਬੱਸ ਕੁੱਝ ਕੁ ਨੁਕਤਿਆਂ ਨੂੰ ਧਿਆਨ ਵਿਚ ਰੱਖਕੇ ਅੱਗੇ ਵਧਣ ਦੀ ਲੋੜ ਹੈ, ਫਿਰ ਦੇਖਣਾ ਜਿੰਦਗੀ ਜੀਉਣ ਦਾ ਰੰਗ ਢੰਗ ਤੇ ਨਜਾਰਾ ਹੀ ਬਦਲ ਜਾਵੇਗਾ। ਉਹ ਕਿਹੜੇ ਨੁਕਤੇ ਹਨ ਜੋ ਸਾਡੇ ਜੀਵਨ ਵਿਚ ਹੁਲਾਸ ਤੇ ਵੱਡਾ ਪਰਿਵਰਤਨ ਲਿਆ ਸਕਦੇ ਹਨ।

ਆਓ ! ਜਰਾ ਉਹਨਾਂ ਉੱਤੇ ਝਾਤ ਮਾਰੀਏ। ਪਹਿਲਾ ਨੁਕਤਾ ਹੈ ਜੀਭ ਦੀ ਵਰਤੋਂ। ਇਹ ਗੱਲ ਸਮਝ ਲਓ ਕਿ ਜੀਭ ਅਤੇ ਜ਼ੁਬਾਨ ਇਕ ਨਹੀਂ ਬਲਕਿ ਦੋ ਵੱਖੋ ਵੱਖਰੇ ਨੁਕਤੇ ਹਨ, ਜੀਭ ਨਾਲ ਅਸੀਂ ਖਾਣਾ ਖਾਂਦੇ ਹਾਂ ਤੇ ਜ਼ੁਬਾਨ ਨਾਲ ਅਸੀਂ ਆਪਣੇ ਵਿਚਾਰ ਪਰਗਟ ਕਰਦੇ ਹਾਂ। ਜੀਭ ਨਾਲ ਅਸੀਂ ਪੇਟ ਭਰਦੇ ਹਾਂ ਤੇ ਜ਼ੁਬਾਨ ਨਾਲ ਅਸੀਂ ਆਪਣੇ ਮਨ ਚ ਕੀ ਚਲ ਰਿਹਾ ਹੈ, ਉਸ ਦਾ ਪ੍ਰਗਟਾਵਾ ਕਰਦੇ ਹਾਂ। ਜੀਭ ਅਤੇ ਜ਼ੁਬਾਨ ਦੋਹਾਂ ਦੀ ਵਰਤੋਂ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ। ਇਹਨਾਂ ਦੋਹਾਂ ਦੀ ਅਣਗਹਿਲ ਵਰਤੋਂ ਨਾਲ ਨੁਕਸਾਨ ਹੀ ਨੁਕਸਾਨ ਹੈ, ਜੋ ਸਿਹਤ ਪੱਖੋਂ ਵੀ ਹੋ ਸਕਦਾ ਹੈ ਤੇ ਸਮਾਜਿਕ ਪੱਖੋਂ ਵੀ, ਰਿਸ਼ਤਿਆਂ ਦੇ ਜੁੜਨ ਤੇ ਟੁੱਟਣ ਬਿਖਰਨ ਦਾ ਕਾਰਨ ਅਕਸਰ ਜ਼ੁਬਾਨ ਹੀ ਬਣਦੀ ਹੈ। ਸੋ ਇਹਨਾਂ ਦੀ ਭਾਵਪੂਰਤ ਵਰਤੋਂ ਕਰਨ ਦੀ ਜਾਚ ਸਿੱਖ ਲਈ ਜਾਵੇ ਤਾਂ ਸਿਹਤ ਵੀ ਬਣੀ ਰਹੇਗੀ ਤੇ ਰਿਸ਼ਤੇ ਵੀ ਨਹੀਂ ਟੁੱਟਣਗੇ। ਪਤੇ ਦੀ ਗੱਲ ਇਹ ਹੈ ਕਿ ਜ਼ੁਬਾਨ ਦੇ ਥਿੜਕਨ ਨਾਲ ਕਈ ਵਾਰ ਰਿਸ਼ਤੇ ਵੀ ਰਸਤਿਆਂ ਵਾਂਗ ਕੂਹਣੀ ਮੋੜ ਕੱਟ ਜਾਂਦੇ ਹਨ ਅਤੇ ਜੀਭ ਦੇ ਸੁਆਦ ਦਾ ਨਤੀਜਾ ਅਕਸਰ ਹੀ ਸਿਹਤ ਦੇ ਸੱਤਿਆਨਾਸ ਵਜੋਂ ਸਾਹਮਣੇ ਆਉਂਦਾ ਹੈ।



ਕਿਸੇ ਦਾ ਚੰਗਾ ਨਹੀਂ ਕਰ ਸਕਦੇ ਤਾਂ ਮੰਦਾ ਵੀ ਨਾ ਚਿਤਵੋ। ਕੋਈ ਤੁਹਾਨੂੰ ਮੰਦਾ ਬੋਲਦਾ ਹੈਂ ਤਾਂ ਉਸ ਨੂੰ ਇਹ ਸਮਝਕੇ ਅਣਗੌਲਿਆਂ ਕਰੋ ਕਿ ਜਿੰਨਾ ਚਿਰ ਅਸੀਂ ਉਸ ਨੂੰ ਹੁੰਗਾਰਾ ਨਹੀਂ ਭਰਦੇ, ਉਨਾ ਚਿਰ ਮੰਦਾ ਬੋਲਿਆ ਉਸੇ ਦਾ ਹੀ ਰਹੇਗਾ ਤਾਂ ਕਿਸੇ ਵਲੋਂ ਸਾਡੇ ਨਾਲ ਕੀਤਾ ਘਟੀਆ ਵਤੀਰਾ ਸਾਡੀ ਪਰੇਸ਼ਾਨੀ ਜਾਂ ਮਾਨਸਿਕ ਪੀੜਾ ਦਾ ਸਬੱਬ ਨਹੀਂ ਬਣੇਗਾ, ਬੰਸ ਸਮਝਣਾ ਏਨਾ ਕੁ ਹੀ ਕਿ ਕੋਈ ਆਪਣਾ ਮੂੰਹ ਗੰਦਾ ਕਰਦਾ ਹੈ ਤਾਂ ਕਰੀ ਜਾਵੇ, ਇਸ ਵਿਚ ਸਾਡਾ ਕੋਈ ਨੁਕਸਾਨ ਨਹੀਂ, ਥੱਕ ਹਾਰ ਕੇ ਆਪਣੇ ਆਪ ਹੀ ਚੁੱਪ ਕਰ ਜਾਵੇਗਾ। ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਗੁੱਸਾ ਆਵੇ ਜਾਂ ਫਿਰ ਸਾਹਮਣੇ ਮੂਰਖ ਹੋਵੇ ਤਾਂ ਚੁੱਪ ਸੌ ਦਰਜੇ ਭਲੀ। ਅੱਜ ਦੀ ਮਾਨਸਿਕ ਕਲੇਸ਼ ਵਾਲੀ ਮਨੁੱਖਾ ਜਿੰਦਗੀ ਵਿਚ ਇਹ ਉਕਤ ਨੁਕਤੇ, ਸਕੂਨ ਪਰਾਪਤ ਕਰਨ ਵਾਸਤੇ ਕਾਫੀ ਸਹਾਇਕ ਹੋ ਸਕਦੇ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨੁਕਤੇ ਹੋਣਗੇ, ਜੋ ਜਿਥੋਂ ਵੀ ਮਿਲਣ ਉਹਨਾਂ ਨੂੰ ਅਪਣਾ ਕੇ ਆਪਣੀ ਜਿੰਦਗੀ ਸਾਵੀਂ ਤੇ ਸੁਖਾਵੀਂ ਬਣਾਈ ਜਾ ਸਕਦੀ ਹੈ।

ਅਗਲਾ ਨੁਕਤਾ ਹੈ ਕੰਨਰਸੀ। ਦਰਅਸਲ ਇਹ ਇਕ ਮਾਨਸਿਕ ਬਿਮਾਰੀ ਹੈ। ਜਿਸ ਨੂੰ ਲੱਗ ਜਾਂਦੀ ਹੈ, ਉਹ ਕਦੇ ਵੀ ਸਕੂਨ ਦੀ ਜਿੰਦਗੀ ਨਹੀਂ ਜੀਅ ਸਕਦਾ। ਕੰਨਰਸੀ ਬੰਦਾ ਚੁਗਲੀਆਂ ਸੁਣਨ ਤੇ ਕਰਨ ਦਾ ਆਦੀ ਹੁੰਦਾ ਹੈ। ਉਹ ਕੰਧਾਂ ਨਾਲ ਕੰਨ ਲਗਾ ਕੇ ਚੋਰੀ ਚੋਰੀ ਦੂਸਰਿਆਂ ਦੀਆਂ ਗੱਲਾਂ ਸੁਣਦਾ ਹੈ ਤੇ ਫਿਰ ਅੱਗੇ ਦੂਸਰਿਆਂ ਨੂੰ ਦੱਸਕੇ ਸੁਆਦ ਲੈਂਦਾ ਹੈਂ। ਇਸ ਤਰਾਂ ਦੇ ਲੋਕਾਂ ਦੀ ਪਹਿਚਾਣ ਕਰਕੇ ਉਹਨਾਂ ਤੋਂ ਦੂਰ ਹੋ ਜਾਓ, ਜਿੰਦਗੀ ਕਾਫੀ ਸੌਖੀ ਹੋ ਜਾਵੇਗੀ।

ਅਗਲਾ ਨੁਕਰਾ ਧਿਆਨਯੋਗ ਇਹ ਹੈ ਕਿ ਆਪਣੀ ਜਿੰਦਗੀ ਦੀ ਜਿੰਮੇਵਾਰੀ ਆਪ ਲਓ, ਦੂਸਰਿਆਂ ਕੋਲੋਂ ਕਦੇ ਵੀ ਕੋਈ ਆਸ ਨਾ ਰੱਖੋ। ਯਾਦ ਰੱਖੋ ਕਿ ਆਸ ਦੁੱਖ ਪਾਲਦੀ ਹੈ। ਜੇਕਰ ਕੋਈ ਅਜਿਹਾ ਵਿਅਕਤੀ ਜਿਸ ਉੱਤੇ ਅਸੀਂ ਵੱਡੀ ਆਸ ਲਾ ਬੈਠਦੇ ਹਾਂ, ਲੋੜ ਪੈਣ ’ਤੇ ਖਰਾ ਨਹੀਂ ਉੱਤਰਦਾ ਤਾਂ ਅਸੀ ਗੱਲ ਮਨ ਨੂੰ ਲਾ ਕੇ ਅਤਿ ਦੇ ਦੁੱਖੀ ਹੋ ਜਾਂਦੇ ਹਾਂ। ਸੋ, ਦੁਨੀਆਂ ਬਾਰੇ ਇਕ ਗੱਲ ਪੱਲੇ ਬੰਨ੍ਹ ਲਓ ਕਿ ਇਸ ਦੁਨੀਆਂ ਵਿਚ ਆਏ ਵੀ ਇਕੱਲੇ ਹਾਂ ਤੇ ਜਾਣਾ ਵੀ ਇਕੱਲਿਆਂ ਨੇ ਹੀ ਹੈ। ਦੁਨੀਆਂ ਵਿਚੋਂ ਵਿਚਰਨ ਵਾਸਤੇ ਆਪਣੇ ਪੈਰਾਂ ’ਤੇ ਖੜ੍ਹੇ ਹੋਣਾ ਤੇ ਚੱਲਣਾ ਹੀ ਜਿੰਦਗੀ ਦੀ ਕਾਮਯਾਬੀ ਹੈ, ਯਾਦ ਰੱਖੋ, ਦੂਸਰਿਆਂ ਦੇ ਮੋਢਿਆਂ ਅਤੇ ਪੈਰਾਂ ਉੱਤੇ ਸਿਰਫ ਅਰਥੀ ਹੀ ਉਠਦੀ ਹੈ।

ਜੇਕਰ ਅਸੀਂ ਇਕੱਲਿਆਂ ਜੀਉਣ ਦੀ ਜਾਚ ਸਿੱਖ ਲੈਂਦੇ ਹਾਂ ਤਾਂ ਆਮ ਕਰਕੇ ਬਹੁਤ ਸਾਰੇ ਸਮਾਜਿਕ ਤੇ ਪਰਿਵਾਰਕ ਮਸਲਿਆਂ ਦੇ ਝੰਜਟ ਤੋਂ ਬਚ ਰਹਿੰਦੇ ਹਾਂ। ਇਸ ਤਰਾਂ ਕਰਨ ਨਾਲ ਬਹੁਤ ਸਾਰੇ ਮਸਲੇ ਪੈਦਾ ਹੀ ਨਹੀਂ ਹੁੰਦੇ ਤੇ ਜੋ ਪੇਦਾ ਹੁੰਦੇ ਵੀ ਹਨ, ਉਹਨਾ ਨੂੰ ਹੱਲ ਕਰਨ ਵਾਸਤੇ ਬਹੁਤਾ ਤਰੱਦਦ ਕਰਨ ਦੀ ਲੋੜ ਨਹੀਂ ਪੈਂਦੀ ਸਗੋਂ ਆਪਣੇ ਆਪ ਹੀ ਹੱਲ ਹੋ ਜਾਂਦੇ ਹਨ।

ਜਿਸ ਤਰ੍ਹਾਂ ਉਪਰ ਜਿਕਰ ਕੀਤਾ ਗਿਆ ਹੈ ਕਿ ਇਸ ਦੁਨੀਆਂ ਵਿਚ ਕੋਈ ਆਪਣਾ ਨਹੀਂ, ਇਹ ਦੁਨੀਆਂ ਨਾ ਹੀ ਪਿਆਰ ਨਾਲ ਚਲਦੀ ਹੈ ਤੇ ਨਾ ਹੀ ਸਤਿਕਾਰ ਨਾਲ, ਬਲ ਕਿ ਇਹ ਦੁਨੀਆਂ ਮਤਲਬ ਨਾਲ ਚਲਦੀ ਹੈ। ਜਿਸ ਨੂੰ ਕੋਈ ਮਤਲਬ ਹੈ, ਉਹ ਸਾਡੇ ਨਾਲ ਹੈ, ਜਿਸ ਦਾ ਮਤਲਬ ਨਿਕਲ ਗਿਆ, ਉਹ ਟਾ ਟਾ ਬਾਏ ਬਾਏ ਕਰਕੇ ਅੱਗੇ ਵਧ ਜਾਂਦਾ ਤੇ ਜਿਸ ਨੂੰ ਸਾਡੇ ਨਾਲ ਕੋਈ ਮਤਲਬ ਹੈ ਹੀ ਨਹੀਂ, ਉਹ ਸਾਡੇ ਨੇੜੇ ਵੀ ਨਹੀਂ ਖੜ੍ਹਦਾ। ਸੋ ਬਹੁਤ ਚੰਗਾ ਹੋਵੇਗਾ ਕਿ ਮਿਹਨਤ ਕਰਕੇ ਆਪਣੀ ਜਿੰਦਗੀ ਦੀ ਬੁਨਿਆਦ ਏਨੀ ਪੱਕੀ ਕਰ ਲਓ ਕਿ ਕਿਸੇ ਦੇ ਓਟ ਆਸਰੇ ਅਤੇ ਰਹਿਮੋ ਕਰਮ ਦੀ ਕਦੇ ਲੋੜ ਹੀ ਨਾ ਪਵੇ। ਇਸ ਤਰਾਂ ਕਰਨਾ ਔਖਾ ਜਰੂਰ ਹੈ ਪਰ ਅਸੰਭਵ ਨਹੀਂ, ਬਸ ਮਿਹਨਤ ਸਹੀ ਦਿਸ਼ਾ ਵਿਚ ਹੋਣੀ ਚਾਹੀਦੀ ਹੈ। ਲੋਕਾਂ ਨਾਲ ਉਨੀ ਕੁ ਬੋਲਚਾਲ ਰੱਖੋ ਕਿ ਰਾਬਤਾ ਬਣਿਆ ਰਹੇ। ਆਪਣੀ ਜਿੰਦਗੀ ਵਿਚ ਅਸੀਂ ਕੀ ਕਰਦੇ ਹਾਂ, ਇਹ ਭੇਦ ਆਪਣੇ ਕੋਲ ਹੀ ਰੱਖੋ, ਕਦੇ ਨੀ ਦੂਸਰਿਆਂ ਨਾਲ ਸਾਂਝਾ ਨਾ ਕਰੋ। ਜੋ ਕੁੱਝ ਵੀ ਕਰਨਾ ਹੈ, ਚੁੱਪ ਚੁਪੀਤੇ ਕਰੋ, ਤੁਸੀਂ ਨਹੀਂ ਤੁਹਾਡੀ ਕਾਮਯਾਬੀ ਢੋਲ ਦੇ ਡਗੇ ’ਤੇ ਕੋਠੇ ਚੜ੍ਹਕੇ ਬੋਲੇ।

ਕਿਸੇ ਦਾ ਚੰਗਾ ਨਹੀਂ ਕਰ ਸਕਦੇ ਤਾਂ ਮੰਦਾ ਵੀ ਨਾ ਚਿਤਵੋ। ਕੋਈ ਤੁਹਾਨੂੰ ਮੰਦਾ ਬੋਲਦਾ ਹੈਂ ਤਾਂ ਉਸ ਨੂੰ ਇਹ ਸਮਝਕੇ ਅਣਗੌਲਿਆਂ ਕਰੋ ਕਿ ਜਿੰਨਾ ਚਿਰ ਅਸੀਂ ਉਸ ਨੂੰ ਹੁੰਗਾਰਾ ਨਹੀਂ ਭਰਦੇ, ਉਨਾ ਚਿਰ ਮੰਦਾ ਬੋਲਿਆ ਉਸੇ ਦਾ ਹੀ ਰਹੇਗਾ ਤਾਂ ਕਿਸੇ ਵਲੋਂ ਸਾਡੇ ਨਾਲ ਕੀਤਾ ਘਟੀਆ ਵਤੀਰਾ ਸਾਡੀ ਪਰੇਸ਼ਾਨੀ ਜਾਂ ਮਾਨਸਿਕ ਪੀੜਾ ਦਾ ਸਬੱਬ ਨਹੀਂ ਬਣੇਗਾ, ਬੰਸ ਸਮਝਣਾ ਏਨਾ ਕੁ ਹੀ ਕਿ ਕੋਈ ਆਪਣਾ ਮੂੰਹ ਗੰਦਾ ਕਰਦਾ ਹੈ ਤਾਂ ਕਰੀ ਜਾਵੇ, ਇਸ ਵਿਚ ਸਾਡਾ ਕੋਈ ਨੁਕਸਾਨ ਨਹੀਂ, ਥੱਕ ਹਾਰ ਕੇ ਆਪਣੇ ਆਪ ਹੀ ਚੁੱਪ ਕਰ ਜਾਵੇਗਾ। ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਗੁੱਸਾ ਆਵੇ ਜਾਂ ਫਿਰ ਸਾਹਮਣੇ ਮੂਰਖ ਹੋਵੇ ਤਾਂ ਚੁੱਪ ਸੌ ਦਰਜੇ ਭਲੀ।

ਅੱਜ ਦੀ ਮਾਨਸਿਕ ਕਲੇਸ਼ ਵਾਲੀ ਮਨੁੱਖਾ ਜਿੰਦਗੀ ਵਿਚ ਇਹ ਉਕਤ ਨੁਕਤੇ, ਸਕੂਨ ਪਰਾਪਤ ਕਰਨ ਵਾਸਤੇ ਕਾਫੀ ਸਹਾਇਕ ਹੋ ਸਕਦੇ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨੁਕਤੇ ਹੋਣਗੇ, ਜੋ ਜਿਥੋਂ ਵੀ ਮਿਲਣ ਉਹਨਾਂ ਨੂੰ ਅਪਣਾ ਕੇ ਆਪਣੀ ਜਿੰਦਗੀ ਸਾਵੀਂ ਤੇ ਸੁਖਾਵੀਂ ਬਣਾਈ ਜਾ ਸਕਦੀ ਹੈ। ਅੱਜ ਦੇ ਮਾਨਸਿਕ ਟੁੱਟ ਭੱਜ ਵਾਲੇ ਮਨੁੱਖੀ ਜੀਵਨ ਵਿਚ ਇਹ ਉਕਤ ਨੁਕਤੇ ਚਾਨਣ ਰਿਸ਼ਮਾਂ ਦਾ ਕਾਰਜ ਕਰ ਸਕਦੇ ਹਨ, ਇਹ ਮੇਰਾ ਵਿਸ਼ਵਾਸ਼ ਹੈ, ਤੁਸੀਂ ਕਿਵੇਂ ਸੋਚਦੇ ਹੋ, ਫੀਡਬੈਕ ਦੀ ਇੰਤਜਾਰ ਰਹੇਗੀ।

# ਸੰਪਾਦਕ ਦੇ ਨਾਮ ਪੱਤਰ




ਸ. ਗੁਰਚਰਨਜੀਤ ਸਿੰਘ ਲਾਂਬਾ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਸ. ਗੁਰਚਰਨਜੀਤ ਸਿੰਘ ਲਾਂਬਾ ਜੀ, ਜਿਵੇ ਕਿ ਆਪ ਜੀ ਜਾਣਦੇ ਹੀ ਹੋ ਕਿ ਤੁਹਾਡੀ ਇਕ ਲਿਖਤ, 'ਏਕ ਗ੍ਰੰਥ-ਏਕ ਪੰਥ- ਸੇਵਾ ਜਾਂ ਸਾਜ਼ਿਸ਼', ਸਬੰਧੀ ਕੁਝ ਜਾਣਕਾਰੀ ਲੈਣ ਲਈ, 12 ਜੂਨ 2025 ਈ: ਨੂੰ ਬੇਨਤੀ ਪੱਤਰ ਭੇਜਿਆ ਸੀ ਜਿਸ ਦਾ ਅੱਜ ਤੱਕ ਆਪ ਜੀ ਨੇ ਕੋਈ ਜਵਾਬ ਨਹੀਂ ਦਿੱਤਾ। ਤੁਹਾਡੀ ਇਕ ਹੋਰ ਲਿਖਤ 'ਚਰਿਤ੍ਰੋਂ ਪਖਯਾਨ - ਪਠਨ ਪਾਠਨ ਦੀ ਵਿਧੀ' ਪ੍ਰਾਪਤ ਹੋਈ ਹੈ। ਜਿਸ ਵਿੱਚ ਆਪ ਨੇ 'ਚਰਿਤ੍ਰੋਂ ਪਖਯਾਨ' ਨੂੰ ਪੜ੍ਹਨ/ ਸਮਝਣ ਲਈ ਹੇਠ ਲਿਖਿਆ ਤਰੀਕਾ ਸੁਝਾਇਆ ਕੀਤਾ ਹੈ।

"ਪਖਯਾਨ ਚਰਿਤ੍ਰ' ਨੂੰ ਬੁਨਿਆਦੀ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਹੈ ਆਪਣੇ ਇਸ਼ਟ ਅਕਾਲ ਪੁਰਖ ਦਾ ਮੰਗਲ ਅਤੇ ਭੂਮਿਕਾ। ਇਸ ਵਿਚ ਰਚਨਾ ਦਾ ਮਨੋਰਥ ਅਤੇ ਚਿਤਾਵਨੀ ਦਰਜ ਹੈ। ਦੂਸਰਾ ਹੈ ਪਾਖਯਾਨ, ਕਹਾਣੀਆਂ ਜਾਂ ਅਫਸਾਨੇ ਜੋ ਕਿ ਨਿਰੋਲ fiction ਜਾਂ ਗਲਪ ਹਨ। ਤੀਸਰਾ ਅਤੇ ਅੰਤਿਮ ਹੈ ਗ੍ਰੰਥ ਦੀ ਸਮਾਪਤੀ ਅਤੇ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ, ਬੇਨਤੀ ਚੌਪਈ ਦੇ ਰੂਪ ਵਿਚ। ਜੇਕਰ ਇਸ ਮਹਾਨ ਰਚਨਾ ਨੂੰ ਇਸ ਤਰ੍ਹਾਂ ਨਹੀਂ ਸਮਝਿਆ ਜਾਏਗਾ ਤਾਂ ਇਸਦਾ ਤੱਤਸਾਰ ਸਮਝ ਨਹੀਂ ਆਏਗਾ"।

ਲਾਂਬਾ ਜੀ, ਤੁਹਾਡੇ ਵੱਲੋਂ ਬਿਆਨੇ ਗਏ ਦੂਸਰੇ ਹਿੱਸੇ "ਪਾਖਯਾਨ, ਕਹਾਣੀਆਂ ਜਾਂ ਅਫਸਾਨੇ ਜੋ ਕਿ ਨਿਰੋਲ fiction ਜਾਂ ਗਲਪ ਹਨ", ਸਬੰਧੀ ਬੇਨਤੀ ਹੈ ਕਿ ਜੇ ਇਹ ਸੱਚ ਹੈ ਤਾਂ ਤੁਹਾਡੇ ਮੁਤਾਬਕ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਚਾਰਿਆ ਸ਼ਬਦ, "ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ", ਇਕੀਸਵੇਂ ਚਰਿਤ੍ਰ, ਜਿਸ ਦੇ ਕੁਲ 60 ਛੰਦ ਹਨ, ਦੇ ਵਿਚਕਾਰ ਭਾਵ 51 ਨੰਬਰ ਤੇ ਕਿਸ ਨੇ ਫਿਟ ਕੀਤਾ ਹੈ ?

ਤੁਹਾਡੇ ਵੱਲੋਂ ਬਿਆਨੇ ਗਏ ਤੀਸਰੇ ਹਿਸੇ (ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ, ਬੇਨਤੀ ਚੌਪਈ) ਜੋ ਕਿ ਸਾਡੇ ਨਿਤਨੇਮ ਅਤੇ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ ਪੜ੍ਹੀ ਜਾਣ ਵਾਲੀ ਬਾਣੀ ( ?) ਹੈ, ਸਬੰਧੀ ਆਪ ਜੀ ਲਿਖਦੇ ਹੋ,

"ਉਪਰੰਤ ਇਹਨਾਂ ਕਾਲਪਨਿਕ ਗਾਥਾਵਾਂ ਦੀ ਸਮਪਾਪਤੀ ਤੇ ਸਤਿਗੁਰੂ ਜੀ ਇਕ ਵਾਰ ਫਿਰ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ ਜਿਹੜੀ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦਾ ਹਿੱਸਾ ਹੈ।

ਕਬਯੋ ਬਾਚ ਬੇਨਤੀ ॥ ਚੌਪਈ॥
ਹਮਰੀ ਕਰੋ ਹਾਥ ਦੈ ਰਛਾ ॥ ਪੂਰਨ ਹੋਇ ਚਿਤ ਕੀ ਇਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥

ਇਸ ਚਰਿੱਤ੍ਰੋਂ ਪਾਖਯਾਨ ਗ੍ਰੰਥ ਦੀ ਸੰਪੂਰਨਤਾ ਸਤਿਗੁਰੂ ਜੀ ਗ੍ਰੰਥ ਦੀ ਸੰਪੂਰਨਤਾ ਦੀ ਅਰਦਾਸ ਕਰਦੇ ਹਨ ਅਤੇ ਮੁੜ ਬਚਨ ਕਰਦੇ ਹਨ ਕਿ ਇਸ ਗ੍ਰੰਥ ਦੇ ਪੜ੍ਹਨ ਨਾਲ ਗੁੰਗੇ ਨੂੰ ਰਸਨਾ ਮਿਲੇਗੀ, ਮੂਰਖ ਨੂੰ ਸਿਆਣਪ ਦਾ ਦਾਨ ਮਿਲੇਗਾ ਅਤੇ ਸਾਰੇ ਦੁਖ ਕਲੇਸ਼ ਸਮਾਪਤ ਹੋਣਗੇ।

ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥
ਮਨ ਬਾਛਤ ਫਲ ਪਾਵੈ ਸੋਈ ॥
ਦੂਖ ਨ ਤਿਸੈ ਬਿਆਪਤ ਕੋਈ ॥੪੦੩॥
ਅੜਿਲ ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥
ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ ॥੪੦੪॥

ਗੁਰੂ ਸਾਹਿਬ ਜੀ ਦੀ ਮਹਾਨ ਰਚਨਾ ਚਰਿਤ੍ਰੋਂ ਪਾਖਯਾਨ ਦੇ ਅਖ਼ੀਰ ਵਿਚ ਸਤਿਗੁਰੂ ਜੀ ਇਸ ਗ੍ਰੰਥ ਦੀ ਸੰਪੂਰਨਤਾ ਦੀ ਸੂਚਨਾ ਦਿੰਦੇ ਹਨ ਕਿ ਸੰਬਤ ਸਤਾਰਾਂ ਸੌ ਤਿਰਵੰਜਾਂ ਦੀ ਭਾਦਰੋਂ ਸੁਦੀ ਅਸ਼ਟਮੀ ਰਵੀ ਵਾਰ ਵਾਲੇ ਦਿਨ ਸਤਲੁਜ ਦੇ ਕੰਢੇ ਇਸ ਗ੍ਰੰਥ ਨੂੰ ਸੰਪੂਰਨ ਕੀਤਾ ਗਿਆ।

ਚੌਪਈ ॥ ਸੰਬਤ ਸਤ੍ਰਹ ਸਹਸ ਭਣਿਜੈ ॥
ਅਰਧ ਸਹਸ ਫੁਨਿ ਤੀਨਿ ਕਹਿਜੈ ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥੪੦੫॥
ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ
ਚਾਰ ਸੌ ਪਾਂਚ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੪੦੪॥੭੫੩੯॥ ਸਮਾਪਤਮ॥

ਇਸ ਸਬੰਧੀ ਬੇਨਤੀ ਇਹ ਹੈ ਕਿ, ਜਦੋਂ ਤੁਹਾਡੀ ਕਿਤਾਬ, 'ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ' ਵੇਖਦੇ ਹਾਂ ਤਾਂ ਉਥੇ ਆਪ ਜੀ ਲਿਖਦੇ ਹੋ, "ਬੇਨਤੀ ਚੌਪਈ ਪਾਤਸ਼ਾਹੀ 10, 'ਹਮਰੀ ਕਰੋ ਹਾਥ ਦੇ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ" (ਪੰਨਾ 95) ਇਸ ਦਾ ਭਾਵ ਹੈ ਕਿ 'ਹਮਰੀ ਕਰੋ ਹਾਥ ਦੈ ਰਛਾ' (377) ਤੋਂ 'ਦੁਸ਼ਟ ਦੋਖ ਤੇ ਲੇਹੁ ਬਚਾਈ' (401) ਕੁਲ 25 ਛੰਦ। ਜਦੋਂ ਕਿ ਤੁਹਾਡੇ ਇਸ ਲੇਖ ਮੁਤਾਬਕ, 'ਹਮਰੀ ਕਰੋ ਹਾਥ ਦੈ ਰਛਾ' (377) ਤੋਂ 'ਤੀਰ ਸਤੁਦ੍ਰਵ ਗ੍ਰੰਥ ਸੁਧਾਰਾ' (405) ਕੁਲ 29 ਛੰਦ ਬਣਦੇ ਹਨ।

ਲਾਂਬਾ ਜੀ, ਤੁਹਾਡੀ ਇਸ ਲਿਖਤ ਮੁਤਾਬਕ ਤਾਂ 'ਬੇਨਤੀ ਚੌਪਈ' ਦੇ ਕੁਲ 29 (377-405) ਛੰਦ ਹਨ, ਪਰ ਤੁਹਾਡੀ ਕਿਤਾਬ ਮੁਤਾਬਕ ਕੁਲ 25 (377-401) ਛੰਦ ਹਨ। 4 ਛੰਦਾਂ (402-405) ਦੇ ਵਾਧੇ-ਘਾਟੇ ਬਾਰੇ ਸ਼ੰਕਾ ਦੂਰ ਕਰੋ ਜੀ।

ਇਸ ਲਿਖਤ ਵਿੱਚ ਆਪ ਜੀ ਨੇ ਸਿਰਲੇਖ, "ਕਬਯੋ ਬਾਚ ਬੇਨਤੀ ਚੌਪਈ" ਲਿਖਿਆ ਹੈ, ਜੋ ਕਿ ਅਸਲ ਲਿਖਤ ਮੁਤਾਬਕ ਸਹੀ ਹੈ। ਪਰ ਕਿਤਾਬ ਵਿੱਚ ਆਪ ਜੀ ਲਿਖਦੇ ਹੋ, "ਬੇਨਤੀ ਚੌਪਈ ਪਾਤਸ਼ਾਹੀ 10" (ਪੰਨਾ 95) ਕੀ ਇਸ ਤਰ੍ਹਾਂ ਕਿਸੇ ਲਿਖਤ, ਜਿਸ ਨੂੰ ਆਪ ਗੁਰੂ ਗੋਬਿੰਦ ਸਿੰਘ ਜੀ ਲਿਖਤ ਮੰਨਦੇ ਹੋ ਦਾ ਸਿਰਲੇਖ ਬਦਲੀ ਕਰਨਾ ਆਪ ਜੀ ਨੂੰ ਸ਼ੋਭਾ ਦਿੰਦਾ ਹੈ ?

ਲਾਂਬਾ ਜੀ, ਜਿਵੇ ਕਿ ਆਪ ਨੇ ਵੀ ਲਿਖਿਆ ਹੈ, ਅਸਲ ਲਿਖਤ ਵਿੱਚ ਨੰਬਰ 377-378 ਆਦਿ ਹਨ। ਪਰ ਨਿਤਨੇਮ ਦੇ ਗੁਟਕਿਆ ਵਿੱਚ ਇਹ ਨੰਬਰ 1-2-3 ਆਦਿ ਹਨ। ਇਸ ਦਾ ਕੀ ਕਾਰਨ ਹੋ ਸਕਦਾ ਹੈ ? ਇਸ ਦਾ ਜਿਕਰ ਨਾ ਤਾਂ ਤੁਸੀਂ ਆਪਣੀ ਕਿਤਾਬ ਵਿੱਚ ਕੀਤਾ ਹੈ ਅਤੇ ਨਾ ਹੀ ਇਸ ਲਿਖਤ ਵਿੱਚ। ਕੀ ਇਹ ਨੁਕਤਾ ਆਪ ਜੀ ਦੇ ਧਿਆਨ ਵਿੱਚ ਨਹੀਂ ਆਇਆ ?

ਚਰਿਤ੍ਰੋਂ ਪਾਖਯਾਨ ਦੇ ਲਿਖੇ ਜਾਣ ਦੀ ਤਾਰੀਖ ਅਤੇ ਅਸਥਾਨ ਬਾਰੇ ਆਪ ਜੀ ਲਿਖਦੇ ਹੋ, "ਗੁਰੂ ਸਾਹਿਬ ਜੀ ਦੀ ਮਹਾਨ ਰਚਨਾ ਚਰਿਤ੍ਰੋਂ ਪਾਖਯਾਨ ਦੇ ਅਖ਼ੀਰ ਵਿਚ ਸਤਿਗੁਰੂ ਜੀ ਇਸ ਗ੍ਰੰਥ ਦੀ ਸੰਪੂਰਨਤਾ ਦੀ ਸੂਚਨਾ ਦਿੰਦੇ ਹਨ ਕਿ ਸੰਬਤ ਸਤਾਰਾਂ ਸੌ ਤਿਰਵੰਜਾਂ ਦੀ ਭਾਦਰੋਂ ਸੁਦੀ ਅਸ਼ਟਮੀ ਰਵੀ ਵਾਰ ਵਾਲੇ ਦਿਨ ਸਤਲੁਜ ਦੇ ਕੰਢੇ ਇਸ ਗ੍ਰੰਥ ਨੂੰ ਸੰਪੂਰਨ ਕੀਤਾ ਗਿਆ"।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਖਰੀ ਚਰਿਤ੍ਰ (404) ਦੀ ਸੰਪੂਰਨਤਾ ਸਤਲੁਜ ਦੇ ਕੰਢੇ ਭਾਵ ਪੰਜਾਬ ਵਿੱਚ ਹੀ ਹੋਈ ਸੀ। ਖਾਸ ਤੌਰ ਤੇ ਬੇਨਤੀ ਚੌਪਈ ਬਾਰੇ ਇਹ ਧਾਰਨਾ ਪ੍ਰਚੱਲਤ ਹੈ ਕਿ ਇਸ ਦੀ ਰਚਨਾ ਬਿਭੌਰ ਸਾਹਿਬ (ਨੰਗਲ) ਵਿਖੇ ਹੋਈ ਸੀ।

ਇਸ ਖਿਤੇ ਵਿੱਚ ਪ੍ਰਚੱਲਤ, ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ, ਚਿਤ੍ਰਾਦੀ, ਪੂਰਨਮੰਤਾ) ਕੈਲੰਡਰ ਦੀ ਤਾਰੀਖ ਦੀ ਪੜਤਾਲ ਕਰੀਏ ਤਾਂ ਭਾਦੋਂ ਸੁਦੀ 8, ਸੰਮਤ 1753 ਬਿਕ੍ਰਮੀ ਦੀ, 25 ਅਗਸਤ 1696 ਈ: (ਜੂਲੀਅਨ) ਬਣਦੀ ਹੈ। ਭਾਦੋਂ ਸੁਦੀ 8/25 ਅਗਸਤ ਨੂੰ ਦਿਨ ਮੰਗਲਵਾਰ ਸੀ ਨਾਕਿ ਐਤਵਾਰ। ਇਥੇ ਭਾਦੋਂ ਸੁਦੀ 8 ਅਤੇ ਦਿਨ ਐਤਵਾਰ ਵਿੱਚੋਂ ਇਕ (ਦਿਨ ਜਾਂ ਤਿੱਥ) ਗਲਤ ਹੈ। ਲਾਂਬਾ ਜੀ, ਇਸ ਗਲਤੀ ਲਈ ਆਪ ਜੀ ਕਿਸ ਨੂੰ ਜਿੰਮੇਵਾਰ ਠਹਿਰਾਓਗੇ ?

ਮੂਰਖ ਕੋ ਪੋਥੀ ਦਈ ਵਾਚਨ ਕੌ ਗੁਨ ਗਾਥ।
ਜੈਸੇ ਨਿਰਮਲ ਆਰਸੀ ਦਈ ਅੰਧ ਕੈ ਹਾਥ।

ਲਾਂਬਾ ਜੀ, ਜਦੋਂ ਤੁਸੀਂ ਮੰਨਦੇ ਹੋ ਕਿ ਇਹ ਬਹੁਤ ਹੀ 'ਮਹਾਨਤਮ ਸਾਹਿਤਕ ਰਚਨਾ', ਸਾਡੇ ਵਰਗੇ ਮੂਰਖਾਂ ਅਤੇ ਅੰਨਿਆਂ ਨੂੰ ਸਮਝ ਨਹੀਂ ਆਉਂਦੀ, ਤਾਂ ਕੀ ਤੁਹਾਡੇ ਵਰਗੇ ਸਿਆਣੇ ਅਤੇ ਸੂਜਾਖਿਆਂ ਦਾ ਫ਼ਰਜ ਨਹੀਂ ਬਣਦਾ ਕਿ ਇਸ ਨੂੰ ਸਮਝਣ ਵਿੱਚ ਸਾਡੀ ਮੱਦਦ ਕਰੋ ? ਪਰ ਆਪ ਜੀ ਕੈਸੇ ਵਿਦਵਾਨ ਹੋ ਕਿ ਕੋਹਲੂ ਦੇ ਬੈਲ ਵਾਂਗੂੰ ਨੀਵੀਂ ਪਾਈ ਤੁਰੇ ਜਾ ਰਹੇ ਹੋ ? ਆਪਣੀ ਲਿਖਤ ਸਬੰਧੀ ਕਿਸੇ ਸਵਾਲ ਦਾ ਜਵਾਬ ਜਾਂ ਮੰਗੀ ਗਈ ਜਾਣਕਾਰੀ ਸਾਂਝੀ ਕਰਨ ਵਿੱਚ ਆਪਣੀ ਹੇਠੀ ਸਮਝਦੇ ਹੋ।

ਸ. ਗੁਰਚਰਨਜੀਤ ਸਿੰਘ ਜੀ, ਜੇ ਤੁਹਾਨੂੰ ਇਹ ਪੂਰਾ ਯਕੀਨ ਹੈ ਕਿ ਦਸਮ ਗ੍ਰੰਥ ਦੇ ਨਾਮ ਨਾਲ ਜਾਣੀ ਜਾਂਦੀ ਵਿਵਾਦਿਤ ਰਚਨਾ (ਗਿਆਨ ਅਲੂਫਾ ਸਤਿਗੁਰ ਦੀਨਾ) ਗੁਰੂ ਗੋਬਿੰਦ ਸਿੰਘ ਜੀ ਦੀ ਹੀ ਲਿਖਤ ਹੈ ਤਾਂ ਸੰਬਾਦ ਤੋਂ ਮੂੰਹ ਮੋੜਨਾ ਤੁਹਾਨੂੰ ਸੋਭਾਂ ਨਹੀਂ ਦਿੰਦਾ। ਆਪ ਜੀ ਲਿਖਦੇ ਹੋ, "ਇਸ ਲਈ ਲਾਜ਼ਮੀ ਹੈ ਕਿ ਕਲਗੀਧਰ ਪਿਤਾ ਦੀ ਮਹਾਨਤਮ ਸਾਹਿਤਕ ਰਚਨਾ ਚਰਿਤ੍ਰੋਂ ਪਾਖਯਾਨ ਨੂੰ ਸਹੀ ਪਰਿਪੇਖ ਵਿਚ ਪਠਨ ਪਾਠਨ ਅਤੇ ਸਮਝਣ ਦੀ ਅਰਦਾਸ ਕਰੀਏ"। ਲਾਂਬਾ ਜੀ, ਕਿਸੇ ਰਚਨਾ ਦੀ ਸਮਝ ਅਰਦਾਸ ਕਰਨ ਨਾਲ ਆਵੇਗੀ ਜਾਂ ਸੰਬਾਦ ਰਚਾਉਣ ਨਾਲ ?

ਸ. ਗੁਰਚਰਨਜੀਤ ਸਿੰਘ ਲਾਂਬਾ ਜੀ, ਜੇ ਕਰ ਹੁਣ ਵੀ ਆਪ ਨੇ ਇਸ ਪੱਤਰ ਵਿੱਚ ਉਠਾਏ ਗਏ ਨੁਕਤਿਆਂ ਸਬੰਧੀ ਆਪਣੀ ਰਾਏ (ਨੁਕਤਾ ਵਾਰ) ਲਿਖਤੀ ਰੂਪ ਵਿੱਚ ਨਾ ਦਿੱਤੀ ਤਾਂ ਇਹ ਸਮਝਿਆ ਜਾਵੇਗਾ ਕਿ ਜਾਂ ਤਾਂ ਤੁਹਾਨੂੰ ਭਰੋਸਾ ਨਹੀਂ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਲਿਖਤ ਹੈ ਜਾਂ, ਤੁਹਾਨੂੰ ਇਸ ਲਿਖਤ ਦੀ ਹੀ ਸਮਝ ਨਹੀਂ ਹੈ।



ਧੰਨਵਾਦ

ਸਰਵਜੀਤ ਸਿੰਘ ਸੈਕਰਾਮੈਂਟੋ

# ਸ਼ਹੀਦ ਊਧਮ ਸਿੰਘ ਦੇ ਸੰਘਰਸ਼ ਦੇ ਅਣਛੋਹੇ ਪੰਨੇ

ਡਾ. ਗੁਰਵਿੰਦਰ ਸਿੰਘ
604 825 1550



ਸ਼ਹੀਦ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸਨੇ ਗ਼ੁਲਾਮੀ ਦੇ ਸੰਗਲ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। ਸ਼ਹੀਦ ਊਧਮ ਸਿੰਘ ਦੇ ਜੀਵਨ ਤੇ ਪੰਛੀ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ, ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਜੀਵਨ ਆਰੰਭ ਤੋਂ ਹੀ ਸੰਘਰਸ਼ਮਈ ਰਿਹਾ। ਬਚਪਨ ਵਿੱਚ ਹੀ ਮਾਤਾ-ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਊਧਮ ਸਿੰਘ ਤੇ ਉਹਨਾਂ ਦਾ ਵੱਡਾ ਭਰਾ ਸਾਧੂ ਸਿੰਘ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।


ਸ਼ਹੀਦ ਊਧਮ ਸਿੰਘ ਨਾਲ ਜੁੜੀਆਂ ਯਾਦਗਾਰਾਂ ਦੇ ਦਰਸ਼ਨ ਕਰਨ ਦੀ ਇੱਛਾ ਨਾਲ ਲੰਡਨ ਵਿੱਚ ਸੈਂਟਰਲ ਗੁਰਦੁਆਰਾ ਸਾਹਿਬ ਸੈਫਰਡਜਬੁਸ਼ ਵਿਖੇ ਜਾਣ ਦਾ ਮੌਕਾ ਮਿਲਿਆ। ਉਸ ਅਸਥਾਨ ਦੇ ਦਰਸ਼ਨ ਕੀਤੇ, ਜਿੱਥੇ ਸ਼ਹੀਦ ਊਧਮ ਸਿੰਘ ਕਿਤੇ ਲੰਗਰ ਵਿੱਚ ਸੇਵਾ ਕਰਦੇ ਅਤੇ ਕਿਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਤੋਂ ਗੁਰਬਾਣੀ ਦੀ ਪ੍ਰੇਰਨਾ ਲੈਂਦੇ। ਉਹ ਇਤਿਹਾਸਕ ਤਸਵੀਰ ਦੇਖੀ, ਜਦੋਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸੀ। 1937 ਵਿੱਚ ਗੁਰਦੁਆਰਾ ਸਾਹਿਬ ਦੀ ਸੰਗਤ ਨਾਲ ਸ. ਊਧਮ ਸਿੰਘ ਨੇ ਫੋਟੋ ਖਿਚਵਾਈ ਸੀ। ਗੁਰਦੁਆਰਾ ਸਾਹਿਬ ਵਿਖੇ ਮੈਂ ਦੀਵਾਨ ਵਿੱਚ ਸੰਗਤਾਂ ਦੇ ਦਰਸ਼ਨ ਕਰਦਿਆਂ ਵਿਚਾਰ ਸਾਂਝੇ ਕੀਤੇ ਕਿ ਖੁਸ਼ਨਸੀਬ ਹਾਂ, ਜੋ ਇਸ ਅਸਥਾਨ 'ਤੇ ਪਹੁੰਚ ਸਕਿਆ ਹਾਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰਦੁਆਰਾ ਸਿੰਘ ਸਿੰਕਲੇਅਰ ਦੇ ਪ੍ਰਬੰਧਕ ਸਾਹਿਬਾਨਾਂ ਨੇ ਸ਼ਹੀਦ ਊਧਮ ਸਿੰਘ ਦੀ ਫਾਂਸੀ ਵੇਲੇ ਕਨੂੰਨੀ ਪੱਧਰ 'ਤੇ ਮਦਦ ਕੀਤੀ।

ਦੂਜੇ ਪਾਸੇ ਲੰਡਨ ਰਹਿੰਦੇ ਅੰਗਰੇਜ਼ ਪੱਖੀ ਭਾਰਤੀਆਂ ਦੀਆਂ ਸੰਸਥਾਵਾਂ ਅਤੇ ਭਾਰਤ ਵਿੱਚ ਅੰਗਰੇਜ਼-ਪ੍ਰਸਤ ਕਾਂਗਰਸੀਆਂ ਨੇ ਸ਼ਹੀਦ ਊਧਮ ਸਿੰਘ ਦੇ ਖਿਲਾਫ ਰੱਜ ਕੇ ਬਿਆਨਬਾਜੀ ਕੀਤੀ। ਉਡਵਾਇਰ ਦੇ ਕਤਲ ਕਰ ਕੇ ਸ਼ਹੀਦ ਊਧਮ ਸਿੰਘ ਨੂੰ ਅੱਤਵਾਦੀ ਗਰਦਾਨਿਆ। ਇਸ ਦਾ ਵਿਸਤਾਰ ਲਿਖਾਰੀ ਗਿਆਨੀ ਕੇਸਰ ਸਿੰਘ ਨਾਵਲਿਸਟ ਦੇ ਨਾਵਲ 'ਸ਼ਹੀਦ ਊਧਮ ਸਿੰਘ' ਵਿੱਚ ਮਿਲਦਾ ਹੈ। ਇਸ ਤੱਥ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਸ਼ਹੀਦ ਦੇ ਬੁੱਤ 'ਤੇ ਹਾਰ ਪਾਉਣ ਵਾਲੇ ਰਾਸ਼ਟਰਵਾਦੀਆਂ ਦੀਆਂ ਸਿਆਸੀ ਪਾਰਟੀਆਂ ਸ. ਊਧਮ ਸਿੰਘ ਵੱਲੋਂ ਓਡਵਾਇਰ ਨੂੰ ਸੋਧਣ ਦੇ ਖਿਲਾਫ ਸਨ। ਕਈ ਇਤਿਹਾਸਕਾਰਾਂ ਵੱਲੋਂ ਉਧਮ ਸਿੰਘ ਨੂੰ ਮਿਥ ਕੇ ਸਿੱਖੀ ਸਿਧਾਂਤ ਨਾਲੋਂ ਤੋੜਿਆ ਜਾ ਰਿਹਾ ਹੈ, ਸੱਚ ਹੈ ਕਿ ਲੰਡਨ ਦੀ ਸਿੱਖ ਸੰਸਥਾ ਤੇ ਗੁਰਦੁਆਰਾ ਸੇਵਾਦਾਰ ਊਧਮ ਸਿੰਘ ਲਈ ਨੰਗੇ ਧੜ ਖੜੇ ਸਨ।

ਮੇਰੇ ਲਈ ਉਹ ਪਲ ਵੀ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ ਹੋ ਸਕੀ, ਪਰ ਉਥੇ ਜਾ ਕੇ ਜੋ ਮਨ ਦੇ ਵਲਵਲੇ ਸਨ, ਉਹ ਵੀਡੀਓ ਰਾਹੀਂ ਸਾਂਝੇ ਕੀਤੇ।

ਇਹ ਇਤਿਹਾਸਿਕ ਸੱਚ ਹੈ ਕਿ ਜਦੋਂ 13 ਅਪ੍ਰੈਲ 1919 ਨੂੰ ਵਿਸਾਖੀ ਮੌਕੇ ਜਲਿਆਂਵਾਲਾ ਬਾਗ ਦਾ ਸ਼ਹੀਦੀ ਸਾਕਾ ਵਾਪਰਿਆ, ਸ਼ਹੀਦ ਊਧਮ ਸਿੰਘ ਉਥੇ ਨਹੀਂ ਸੀ। ਜ਼ਿਆਦਾਤਰ ਇਤਿਹਾਸਕਾਰ ਨਾਟਕੀ ਢੰਗ ਨਾਲ ਊਧਮ ਸਿੰਘ ਨੂੰ ਉਥੇ ਦਿਖਾ ਕੇ ਓਡਵਾਇਰ ਤੋਂ ਬਦਲਾ ਲੈਣ ਦੇ ਪ੍ਰਣ ਲੈਣ ਦੀ ਗੱਲ ਲਿਖ ਕੇ, ਆਪਣੇ ਮੁਤਾਬਕ ਅਰਥ ਕਰਦੇ ਹਨ, ਜਦ ਕਿ ਉਸ ਵੇਲੇ ਉਹ ਪੂਰਬੀ ਅਫਰੀਕਾ ਵਿੱਚ ਸੀ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ। ਇਸ ਪਿੱਛੋਂ ਭਾਰਤ ਆ ਕੇ ਊਧਮ ਸਿੰਘ ਨਵਾਂ ਪਾਸਪੋਰਟ ਬਣਾ ਕੇ 1922 'ਚ ਲੰਡਨ, ਫਿਰ ਮੈਕਸਿਕੋ ਗਿਆ। 2 ਸਾਲ ਕੈਲੀਫੋਰਨੀਆ ਕੰਮ ਕੀਤਾ, ਗਦਰ ਪਾਰਟੀ ਦੇ ਅਮਰੀਕਾ ਰਹਿ ਰਹੇ ਗਦਰੀਆਂ ਸੰਪਰਕ ਵਿੱਚ ਰਿਹਾ। ਕੈਲੀਫੋਰਨੀਆ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ। ਪੰਜਾਬ ਆਪਸੀ ਮਗਰੋਂ 1923 ਵਿੱਚ ਉਹਦੀ ਮਿਲਣੀ ਬਬਰ ਅਕਾਲੀ ਆਗੂ ਮਾਸਟਰ ਮੋਤਾ ਸਿੰਘ ਨਾਲ ਹੋਈ। ਪੰਜਾਬ ਆ ਕੇ ਊਧਮ ਸਿੰਘ ਫਿਰ ਸਰਗਰਮ ਹੋਇਆ ਅਤੇ ਇਸ ਦੌਰਾਨ ਹੀ ਅੰਮ੍ਰਿਤਸਰ ਇੱਕ ਦੁਕਾਨ ਵੀ ਲਈ, ਜੋ ਸਮੇਂ ਸਮੇਂ ਇਨਕਲਾਬੀਆਂ ਦਾ ਤਾਲਮੇਲ ਕੇਂਦਰ ਬਣੀ ਰਹੀ।

ਸ਼ਹੀਦ ਊਧਮ ਸਿੰਘ ਨਾਲ ਸੰਬੰਧਿਤ ਹੋਰ ਦਿਲਚਸਪ ਘਟਨਾਵਾਂ ਦੀ ਵੇਰਵੇ ਵੀ ਇਤਿਹਾਸਕ ਪੱਖੋਂ ਖਾਸ ਮਹੱਤਵ ਰੱਖਦੇ ਹਨ। ਇਤਿਹਾਸਕਾਰ ਗਿਆਨੀ ਨਾਹਰ ਸਿੰਘ ਦੀ ਰਚਿਤ 'ਆਜ਼ਾਦੀ ਦੀਆਂ ਲਹਿਰਾਂ' ਕਿਤਾਬ ਵਿੱਚ ਲਿਖਿਆ ਹੈ ਕਿ ਬਬਰ ਅਕਾਲੀ ਲਹਿਰ ਦੀ ਇੱਕ ਸਾਖ ਮਾਲਵੇ ਵਿੱਚ ਬਣ ਚੁੱਕੀ ਸੀ, ਜਿਨਾਂ ਵਿੱਚ 15-16 ਮੈਂਬਰਾਂ ਵਿੱਚੋਂ, ਚੌਧਰੀ ਸ਼ੇਰ ਜੰਗ ਅਤੇ ਊਧਮ ਸਿੰਘ ਵੀ ਸਨ। ਗਿਆਨੀ ਨਾਹਰ ਸਿੰਘ ਅੱਗੇ ਲਿਖਦੇ ਹਨ, ਜਥੇ ਵਿੱਚੋਂ ਊਧਮ ਸਿੰਘ ਸੁਨਾਮ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਡਾ ਸਿੰਘ ਗਾਜੀਆਣਾ, ਫਜ਼ਲ ਘੁੰਮਣ ਵਾਲਾ, ਸੰਤ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤਰੀ ਅਤੇ ਸਉਣ ਸਿੰਘ ਟਿੱਬਾ ਨੇ ਰਲ ਕੇ ਸਲਾਹ ਕੀਤੀ ਕਿ ਗੁਰੂ ਕੇ ਬਾਗ ਵਿੱਚ ਅਕਾਲੀ ਸਿੰਘਾਂ ਉੱਪਰ ਬੇਦਰਦ ਲਾਠੀ ਚਾਰਜ ਕਰਵਾਉਣ ਅਤੇ ਗੁਰੂ ਸਾਹਿਬਾਨਾਂ ਦੀ ਸ਼ਾਨ ਵਿਰੁੱਧ ਕੁਬਚਨ ਬੋਲਣ ਵਾਲੇ ਨੀਚ ਬੀਟੀ ਸੁਪਰਡੈਂਟ ਪੁਲਿਸ ਨੂੰ ਪਾਰ ਬੁਲਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਸਿਰੇ ਚੜਾਉਣ ਲਈ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ ਅਤੇ ਫਜ਼ਲ ਘੁੰਮਣ ਵਾਲੇ ਦੀ ਡਿਊਟੀ ਲਾਈ ਗਈ। ਮਗਰੋਂ ਜਥੇ ਦਾ ਮੈਂਬਰ ਊਧਮ ਸਿੰਘ ਸੁਨਾਮ ਆਪ ਵਲੈਤ ਨੂੰ ਕਿਸੇ ਗੁਝੇ ਮਕਸਦ ਲਈ ਰਵਾਨਾ ਹੋ ਗਿਆ।


ਊਧਮ ਸਿੰਘ ਦੁਆਰਾ ਆਪਣੇ ਦੋਸਤ ਬਾਬਾ ਬਿਸ਼ਨ ਸਿੰਘ ਕੈਲੇਫੋਰਨੀਆ ਨੂੰ ਭੇਜੀ ਗਈ ਤਸਵੀਰ ਅਤੇ ਪਿੱਛੇ ਲਿਖੀਆਂ ਸਤਰਾਂ
" Mohamed Singh Azad ਆਪ ਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ "
Udham Singh sent this letter to his friend Baba Bishen Singh California & these lines were written behind the letter, "I am sending this commemoration to you, please have a glimpse of it all your leisure."

ਪ੍ਰਿੰਸੀਪਲ ਨਿਹਾਲ ਸਿੰਘ ਰਸ 'ਬੱਬਰ ਅਕਾਲੀ' ਕਿਤਾਬ ਦੇ ਪੰਨਾ 146-48 ਵਿੱਚ ਗੁਰੂ ਕੇ ਬਾਗ ਦੇ ਮੋਰਚੇ ਅਤੇ ਜਲਿਆਂਵਾਲੇ ਬਾਗ ਦੇ ਇਤਿਹਾਸ ਬਾਰੇ ਘਟਨਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਲਿਖਦੇ ਹਨ ਕਿ 'ਮਾਲਵੇ ਦੇ ਬਬਰ ਅਕਾਲੀਆਂ' ਵਿੱਚ ਭਾਈ ਊਧਮ ਸਿੰਘ ਸ਼ਾਮਿਲ ਸਨ। ਬਬਰ ਅਕਾਲੀ ਸੁੰਦਰ ਸਿੰਘ ਬਬਰ ਆਪਣੀ ਕਿਤਾਬ 'ਬੱਬਰ ਅਕਾਲੀ ਲਹਿਰ' ਦੇ ਪੰਨਾ 310-11 'ਤੇ ਲਿਖਦੇ ਹਨ ਕਿ ਗੁਰੂ ਕੇ ਬਾਗ ਮੋਰਚੇ ਦੌਰਾਨ ਜ਼ੁਲਮ ਕਰਨ ਵਾਲੇ ਪੁਲਿਸ ਸੁਪਰਡੈਂਟ ਬੀਟੀ ਦੇ ਕਤਲ ਵਿੱਚ ਜਿੱਥੇ ਬਬਰਾਂ ਨੇ ਅਹਿਮ ਭੂਮਿਕਾ ਨਿਭਾਈ, ਉਥੇ ਮਾਲਵੇ ਦੇ ਬਬਰਾਂ 'ਚੋਂ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਕੇ ਉਡਵਾਇਰ ਨੂੰ ਸੋਧਿਆ। ਇਉਂ ਅਸੀਂ ਸਮਝ ਸਕਦੇ ਹਾਂ ਕਿ ਊਧਮ ਸਿੰਘ ਦਾ ਸਬੰਧ ਬਬਰ ਅਕਾਲੀ ਲਹਿਰ ਨਾਲ ਡੂੰਘਾ ਰਿਹਾ ਅਤੇ ਉਸ ਦੇ ਮਨ ਉੱਪਰ ''ਗੁਰਦੁਆਰਾ ਸੁਧਾਰ ਲਹਿਰ' ਦਾ ਗੰਭੀਰ ਪ੍ਰਭਾਵ ਕਾਇਮ ਸੀ। 30 ਅਗਸਤ 1927 ਨੂੰ ਊਧਮ ਸਿੰਘ ਅੰਗਰੇਜ਼ੀ ਭੇਸ ਵਿੱਚ ਅਸਲੇ ਸਮੇਤ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਫੜਿਆ ਗਿਆ ਅਤੇ 1928 'ਚ ਊਧਮ ਸਿੰਘ ਨੂੰ 5 ਸਾਲ ਕੈਦ ਹੋਈ। 23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ 'ਚੋਂ ਰਿਹਾਅ ਹੋਇਆ ਅਤੇ ਜੂਨ 1932 'ਚ ਉਹ ਸਾਧੂ 'ਬਾਵੇ' ਦੇ ਭੇਸ 'ਚ ਜੰਮੂ ਤੋਂ ਸ੍ਰੀਨਗਰ ਪੈਦਲ ਗਿਆ। 20 ਮਾਰਚ 1933 ਨੂੰ ਉਸ ਨੇ ਲਾਹੌਰ ਤੋਂ ਊਧਮ ਸਿੰਘ ਦੇ ਨਾਮ 'ਤੇ ਨਵਾਂ ਪਾਸਪੋਰਟ ਹਾਸਲ ਕਰ ਲਿਆ ਅਤੇ ਸੰਨ 1934 'ਚ ਇੰਗਲੈਂਡ ਪੁੱਜਾ।

ਮਾਇਕਲ ਓਡਵਾਇਰ ਜਦ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਤਾਂ ਉਸ ਨੇ 42 ਇਨਕਲਾਬੀਆਂ ਨੂੰ ਮੌਤ ਦੀ ਸਜ਼ਾ, 114 ਨੂੰ ਉਮਰ ਕੈਦ, ਅਨੇਕਾਂ ਹੋਰਾਂ ਨੂੰ ਵੱਖੋ ਵੱਖ ਜੇਲ ਸਜ਼ਾਵਾਂ ਦਿੱਤੀਆਂ ਸਨ। ਜਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਦੀ ਅਗਵਾਈ ਵੀ ਜਨਰਲ ਡਾਇਰ ਅਤੇ ਲੈਫਟੀਨੈਂਟ ਗਵਰਨਰ ਮਾਈਕਲ ਅਡਵਾਇਰ ਵੱਲੋਂ ਕੀਤੀ ਗਈ ਸੀ। ਇਸ ਖੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਊਧਮ ਸਿੰਘ ਨੇ 21 ਸਾਲ ਮਗਰੋਂ ਚੁਕਾਇਆ। ਸ਼ਹੀਦ ਊਧਮ ਸਿੰਘ 13 ਮਾਰਚ 1940 ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਕੈਕਸਟਨ ਹਾਲ ਲੰਡਨ ਜਾ ਪੁੱਜਿਆ ਅਤੇ ਜ਼ਾਲਮ ਓਡਵਾਇਰ ਨੂੰ ਸੋਧਿਆ। 13 ਮਾਰਚ ਦੀ ਸ਼ਾਮ ਨੂੰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਭਾਸ਼ਣ ਕੀਤਾ। ਊਧਮ ਸਿੰਘ ਨੇ 6 ਗੋਲੀਆਂ ਚਲਾਈਆਂ ਅਤੇ ਓਡਵਾਇਰ ਮੌਕੇ 'ਤੇ ਹੀ ਮਾਰਿਆ ਗਿਆ। ਊਧਮ ਸਿੰਘ ਨੇ 31 ਜੁਲਾਈ 1940 ਨੂੰ ਪੈਂਟਨਵਿਲ ਜੇਲ, ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ।

ਇਤਿਹਾਸ ਦੇ ਇਹ ਪੰਨੇ ਹੋਰ ਵੀ ਗੌਰਵਮਈ ਹਨ ਕਿ ਸ਼ਹੀਦ ਊਧਮ ਸਿੰਘ ਜਿੱਥੇ ਸਦਾ ਹੀ ਗੁਰਬਾਣੀ ਤੋਂ ਪ੍ਰਭਾਵਿਤ ਸੀ, ਉਥੇ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੋ ਵੀ ਪ੍ਰਭਾਵ ਕਬੂਲਿਆ। ਇਤਿਹਾਸਿਕ ਦਸਤਾਵੇਜ਼ਾਂ ਅਨੁਸਾਰ ਸ਼ਹੀਦ ਊਧਮ ਸਿੰਘ ਨੇ ਆਪਣੇ ਪੱਤਰਾਂ ਵਿਚ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ ਚੋਂ ਉਸਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਵੀ ਲਿਖਿਆ ਕਿ ਉਸ ਨੂੰ ਗੁੱਟਕਾ ਸਾਹਿਬ ਭੇਜੇ ਜਾਣ। ਸ਼ਹੀਦ ਊਧਮ ਸਿੰਘ ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਸੇਵਾ ਤੋਂ ਇਲਾਵਾ ਗ੍ਰੰਥੀ ਸਿੰਘ ਤੋਂ ਗੁਰਬਾਣੀ ਦੀ ਸੇਧ ਲੈਂਦਾ, ਉਥੇ ਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ, ਕੈਲੀਫੋਰਨੀਆ ਰਹਿਣ ਦੌਰਾਨ ਵੀ ਉਸ ਦਾ ਗੁਰਦੁਆਰਾ ਸਾਹਿਬ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਉਸ ਦੀ ਸ਼ਖਸ਼ੀਅਤ ਉਪਰ ਸ਼ਹੀਦ ਭਗਤ ਸਿੰਘ ਦਾ ਵੀ ਅਸਰ ਸੀ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫ਼ਿਲਮਾਂ ਐਲੀਫੈਂਟ ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ।

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ "ਮੁਹੰਮਦ ਸਿੰਘ ਆਜ਼ਾਦ" ਸੀ, ਪਰ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਵੱਲੋਂ ਹਿੰਦੂਤਵੀ ਅਤੇ ਕਈ ਹੋਰਨਾਂ ਵਲੋਂ ਅਖੌਤੀ ਸੈਕੁਲਰ ਏਜੰਡੇ ਤਹਿਤ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, "ਰਾਮ ਮੁਹੰਮਦ ਸਿੰਘ ਆਜ਼ਾਦ"। ਸ਼ਹੀਦ ਊਧਮ ਸਿੰਘ ਦਾ ਮਿਥ ਕੇ ਸੰਘੀਕਰਣ ਕੀਤਾ ਜਾ ਰਿਹਾ ਹੈ। ਪਹਿਲਾਂ ਅਖੌਤੀ ਸੇਕੂਲਰ ਤੇ ਅੱਜ ਕੱਲ੍ਹ ਫਾਸ਼ੀਵਾਦੀ ਅਤੇ ਸੰਘੀ ਏਜੰਡੇ ਅਨੁਸਾਰ "ਰਾਮ ਮੁਹੰਮਦ ਸਿੰਘ ਆਜ਼ਾਦ" ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਭਾਰਤੀ ਮੀਡੀਆ ਨੇ ਸੰਘੀ ਪ੍ਰਣਾਲੀ ਥੱਲੇ ਜਾਣ ਬੁਝ ਕਿ ਸ.ਊਧਮ ਸਿੰਘ ਦਾ ਨਾਮ ਵਿਗਾੜਿਆ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖੁਦ ਆਪਣਾ ਨਾਂ 'ਮੁਹੰਮਦ ਸਿੰਘ ਆਜ਼ਾਦ' ਲਿਖਿਆ ਹੈ, ਤਾਂ ਕਿਸੇ ਨੂੰ ਕੀ ਹੱਕ ਹੈ ਉਸ ਦਾ ਨਾਮ ਵਿਗਾੜਨ ਦਾ ?

ਅੰਤ ਵਿੱਚ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਇਸ ਮਹਾਨ ਯੋਧੇ ਵੱਲੋਂ ਦੁਨੀਆਂ ਦੇ ਸਭ ਤੋਂ ਵੱਡੇ ਬਸਤੀਵਾਦ ਦਾ ਕਿਲਾ ਢਾਹੁਣ ਦੀ ਗਵਾਹੀ ਭਰਦੇ ਹਨ :

* ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ। ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ। ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ। ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



## ਅਯੋਧਿਆ

ਅਯੋਧਿਆ, ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫੈਜ਼ਾਬਾਦ ਵਿੱਚ ਦਰਿਆ ਸੁਰਿਆ ਦੇ ਸੱਜੇ ਕੰਢੇ ਆਬਾਦ ਹੈ, ਜਿਸ ਦਰਿਆ ਨੂੰ ਪਹਿਲਾਂ ਘੱਗਰ ਵੀ ਆਖਿਆ ਜਾਂਦਾ ਸੀ। ਅਯੋਧਿਆ ਨੂੰ ਹਿੰਦੂ ਰਾਮ ਚੰਦਰ ਦੀ ਜਨਮ-ਭੂਮੀ ਵੀ ਮੰਨਦੇ ਹਨ। ਇਸ ਪੁਰਾਤਨ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਵਿੱਤਰ ਕਦਮ ਪਏ ਹਨ। ਇਥੇ ਤਿੰਨ ਗੁਰਦੁਆਰੇ ਇਕ ਦੂਜੇ ਤੋਂ 50 ਮੀਟਰ ਦੀ ਦੂਰੀ 'ਤੇ ਹਨ– ਬ੍ਰਹਮਾ ਤਪ ਸਥਾਨ (ਬ੍ਰਹਮਾ ਕੁੰਡ) ਜੋ ਸੁਰਿਆ ਦੇ ਕੰਢੇ 'ਤੇ ਹਨ, ਜਿਨ੍ਹਾਂ ਨੂੰ ਸਮੁੱਚੇ ਤੌਰ 'ਤੇ ਗੁਰਦੁਆਰਾ ਬ੍ਰਹਮਾ ਕੁੰਡ ਆਖਿਆ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਸੋਲ੍ਹਵੀਂ ਸਦੀ ਦੇ ਸ਼ੁਰੂ ਵਿੱਚ ਇਥੇ ਆਏ ਸਨ। 1972 ਵਿੱਚ ਛੋਟੇ ਜਿਹੇ ਥੜ੍ਹੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁੱਲਦਾ ਰਿਹਾ। ਗੁਰੂ ਤੇਗ਼ ਬਹਾਦਰ ਸਾਹਿਬ 1670 ਨੂੰ ਅਯੋਧਿਆ ਆਏ ਸਨ ਜਦੋਂ ਗੁਰੂ ਸਾਹਿਬ ਪੂਰਬੀ ਹਿੱਸਿਆਂ ਤੋਂ ਪੰਜਾਬ ਵੱਲ ਜਾ ਰਹੇ ਸਨ। ਗੁਰੂ ਸਾਹਿਬ ਉਸ ਸਮੇਂ ਗੁਰੂ ਨਾਨਕ ਸਾਹਿਬ ਦੀ ਧਰਮਸ਼ਾਲਾ ਨੂੰ ਅਦਬ ਸਹਿਤ ਸੀਸ ਨਿਵਾ ਕੇ ਉਥੇ ਹੀ ਬੈਠ ਕੇ 48 ਘੰਟੇ ਨਾਮ-ਸਿਮਰਨ ਲਗਾਤਾਰ ਕਰਦੇ ਰਹੇ। ਜਦੋਂ ਗੁਰੂ ਸਾਹਿਬ ਪੰਜਾਬ ਵੱਲ ਜਾਣ ਲੱਗੇ ਤਾਂ ਧਰਮਸ਼ਾਲਾ ਦਾ ਬ੍ਰਾਹਮਣ ਪੁਜਾਰੀ ਗੁਰੂ ਸਾਹਿਬ ਨੂੰ ਕੋਈ ਯਾਦ ਚਿੰਨ੍ਹ ਦੇਣ ਲਈ ਬੇਨਤੀ ਕਰਨ ਲੱਗਾ ਤਾਂ ਗੁਰੂ ਸਾਹਿਬ ਨੇ ਲੱਕੜ ਦੀਆਂ ਖੜਾਵਾਂ ਨਿਸ਼ਾਨੀ ਵਜੋਂ ਪੁਜਾਰੀ ਨੂੰ ਦੇ ਦਿੱਤੀਆਂ। ਇਹ ਜੋੜਾ ਖੜਾਵਾਂ ਦਾ ਅੱਜ ਵੀ ਗੁਰ-ਦੁਆਰਾ ਗੁਰੂ ਗੋਬਿੰਦ ਸਿੰਘ ਜੀ ਵਿੱਚ ਮੌਜੂਦ ਹੈ। ਇਸ ਦੇ ਉਪਰ ਇਕ ਕਮਰਾ 1975 ਵਿੱਚ ਫੈਜ਼ਾਬਾਦ ਛਾਉਣੀ ਦੇ ਸਿੱਖ ਫੌਜੀਆਂ ਨੇ ਬਣਾਇਆ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਬਚਪਨ ਵਿੱਚ ਪਟਨੇ ਤੋਂ ਬਕਾਲਾ ਜਾਣ ਸਮੇਂ 1670 ਵਿੱਚ ਅਯੋਧਿਆ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਥੜ੍ਹਾ ਕਾਇਮ ਕੀਤਾ ਗਿਆ ਸੀ। ਇਨ੍ਹਾਂ ਅਸਥਾਨਾਂ ਦੀ ਨਿਗਰਾਨੀ ਬ੍ਰਾਹਮਣ ਪੁਜਾਰੀ ਉਨ੍ਹੀਵੀਂ ਸਦੀ ਦੇ ਅੱਧ ਤੱਕ ਕਰਦੇ ਰਹੇ। ਅਖੀਰ ਬਾਬਾ ਗੁਲਾਬ ਸਿੰਘ ਇਕ ਕਸ਼ਮੀਰੀ ਸਿੱਖ ਇਥੇ ਆਏ ਜਿਨ੍ਹਾਂ ਇਨ੍ਹਾਂ ਸਾਰੇ ਅਸਥਾਨਾਂ ਨੂੰ ਆਪਣੇ ਪ੍ਰਬੰਧ ਵਿੱਚ ਕੀਤਾ। ਅਜੋਕੀ ਇਮਾਰਤ 1899 ਵਿੱਚ ਬਣਾਈ ਗਈ ਹੈ। ਗੁਰਦੁਆਰਾ ਰਮਣੀਕ ਥਾਂ 'ਤੇ ਹੈ, ਜਿਸ ਦੇ ਪਿੱਛੇ ਦਰਿਆ ਸੁਰਿਆ ਦੀ ਚਾਲ ਮੱਧਮ ਦਿੱਸਦੀ ਹੈ। ਗੁਰਦੁਆਰੇ ਦੀ ਇਮਾਰਤ ਵਿੱਚ ਕੇਂਦਰੀ ਗੁੰਬਦ-ਨੁਮਾ ਕਮਰਾ ਜੋ ਅੱਠ ਸਿਰਿਆਂ ਵਾਲਾ ਹੈ ਅਤੇ ਫਰਸ਼ ਸੰਗਮਰਮਰ ਦਾ ਬਣਿਆ ਹੋਇਆ ਹੈ। ਇਸ ਨੂੰ ਸਿੰਘਾਸਨ ਸਥਾਨ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ। ਇਸ ਦੇ ਸਾਹਮਣੇ ਇਕ ਚਕੋਰ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਸਿੰਘਾਸਨ ਸਥਾਨ ਵਿੱਚ ਜੋ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਖੜਾਵਾਂ ਦੀ ਜੋੜੀ, ਸਟੀਲ ਦੇ ਤੀਰ, ਇਕ ਕਟਾਰ, ਇਕ ਚੱਕਰ ਸ਼ਾਮਿਲ ਹਨ। ਇਸ ਗੁਰਦੁਆਰੇ ਵਿੱਚ ਦੋ ਹੱਥ-ਲਿਖਤ ਬੀੜਾਂ ਵੀ ਮੌਜੂਦ ਹਨ, ਜਿਸ ਵਿੱਚ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ 1838 ਬਿਕਰਮੀ (1781) ਨੂੰ ਹੋਇਆ ਹੈ ਅਤੇ ਦੂਜੀ ਦਸਮ ਗ੍ਰੰਥ ਸਾਹਿਬ ਦੀ ਬੀੜ ਹੈ।

**ਪੁਸਤਕ ਸੂਚੀ**:–

ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅਲਪਾ

ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਅਤੇ ਤਹਿਸੀਲ ਚੂਣੀਆਂ ਵਿੱਚ ਇਕ ਪਿੰਡ ਅਲਪਾ ਹੈ। ਮਾਂਗਾ ਪਿੰਡ ਦੇ ਪੱਛਮ ਵੱਲ 27 ਕਿਲੋਮੀਟਰ ਦੂਰ ਹੀ ਪਿੰਡ ਅਲਪਾ ਆਉਂਦਾ ਹੈ। ਪੱਤੋ ਕੀ ਤੋਂ ਇਕ ਸੜਕ ਰਾਵੀ ਵਾਲੀ ਦਿਸ਼ਾ ਵੱਲ ਨਿਕਲਦੀ ਹੈ। ਇਸ ਸੜਕ ਉੱਤੇ ਪ੍ਰਸਿੱਧ ਨਗਰ ਹੱਲਾ ਹੈ। ਇਥੇ ਪਾਕਿਸਤਾਨ ਦਾ ਇਕ ਮਸ਼ਹੂਰ ਡੇਅਰੀ ਫਾਰਮ ਹੈ। ਹੱਲੇ ਤੋਂ ਤਕਰੀਬਨ 12 ਕਿਲੋਮੀਟਰ ਦੂਰ ਰਾਵੀ ਦੇ ਕੰਢੇ ਉੱਤੇ ਪਿੰਡ ਅਲਪਾ ਵਸਿਆ ਹੋਇਆ ਹੈ। ਇਸ ਪਿੰਡ ਵਿੱਚ ਗੁਰੂ ਨਾਨਕ ਸਾਹਿਬ ਆਏ ਸਨ। ਇਹ ਅਸਥਾਨ ਪਹਿਲਾਂ ਅਲਪਾ ਪਿੰਡ ਤੋਂ ਤਕਰੀਬਨ ਚਾਰ ਕਿਲੋਮੀਟਰ ਬਾਹਰ ਸੀ। ਹੁਣ ਇਥੇ ਅੱਜ ਕਲ੍ਹ ਛੋਟਾ ਨਨਕਾਣਾ ਅਲਪਾ ਨਾਂ ਦਾ ਪਿੰਡ ਆਬਾਦ ਹੋ ਚੁੱਕਾ ਹੈ। ਇਥੇ 1947 ਤੋਂ ਪਹਿਲਾਂ ਪ੍ਰਕਾਸ਼ ਹੁੰਦਾ ਸੀ ਅਤੇ ਵਿਸਾਖੀ 'ਤੇ ਭਾਰੀ ਜੋੜ-ਮੇਲਾ ਹੁੰਦਾ ਸੀ। ਹੁਣ ਕੇਵਲ ਤਿੰਨ ਕਮਰੇ ਹੀ ਰਹਿ ਗਏ ਹਨ। ਪਹਿਲਾਂ ਇਥੇ ਸਰਕਾਰੀ ਸਕੂਲ ਸੀ, ਹੁਣ ਖਾਲੀ ਪਏ ਹਨ। ਛੱਤਾਂ ਡਿੱਗ ਚੁੱਕੀਆਂ ਹਨ। ਇਸ ਪਾਵਨ ਗੁਰ-ਦੁਆਰੇ ਨਾਲ ਇਸੇ ਪਿੰਡ ਅਤੇ ਹੋਰ ਕਈ ਪਿੰਡਾਂ ਵਿੱਚ ਭਾਰੀ ਜਗੀਰ ਹੈ। ਗੁਰਦੁਆਰੇ ਦੀ ਇਮਾਰਤ ਦੇ ਬਾਹਰੋਂ ਸੀਮਿੰਟ ਖੁਰ ਰਿਹਾ ਹੈ। ਕੇਵਲ ਇੱਟਾਂ ਹੀ ਨਜ਼ਰੀਂ ਪੈਂਦੀਆਂ ਹਨ। ਉਰਦੂ ਉਕਰੇ ਅੱਖਰਾਂ ਵਾਲੀ ਇਕ ਸੰਗਮਰਮਰ ਸਿਲ ਲੱਗੀ ਹੈ, ਜਿਸ ਦੇ ਅੱਖਰ ਮੱਧਮ ਹੋ ਚੁੱਕੇ ਹਨ। ਇਸ ਗੁਰਦੁਆਰੇ ਨੂੰ ਗੁਰਦੁਆਰਾ ਪਹਿਲੀ ਪਾਤਸ਼ਾਹੀ ਅਲਪਾ (ਛੋਟਾ ਨਨਕਾਣਾ) ਆਖਿਆ ਜਾਂਦਾ ਸੀ।

**ਪੁਸਤਕ ਸੂਚੀ**:–

(1) ਇਕਬਾਲ ਕੈਸਰ– ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਅਲਸੂਨ

ਅਲਸੂਨ ਪਿੰਡ ਨਾਦੂਨ ਨੇੜੇ ਹਿਮਾਚਲ ਪ੍ਰਦੇਸ਼ ਵਿੱਚ ਆਉਂਦਾ ਹੈ, ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਨਾਦੂਨ ਤੋਂ ਅਨੰਦਪੁਰ ਸਾਹਿਬ ਜਾਣ ਸਮੇਂ ਮਾਰਚ 1691 ਨੂੰ ਆਏ ਸਨ। ਇਸ ਪਿੰਡ ਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਵੀ ਆਇਆ ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਸਾਹਿਬ ਦੇ ਸਿੰਘਾਂ ਦੀ ਮੁਠਭੇੜ ਹੋਈ ਸੀ। ਪਿੰਡ ਦੇ ਰੰਘੜਾਂ ਨੇ ਗੁਰੂ ਸਾਹਿਬ ਅਤੇ ਸਿੱਖ ਫੌਜੀਆਂ ਨੂੰ ਬੁਰਾ-ਭਲਾ ਕਿਹਾ। ਸਿੰਘਾਂ ਨੇ ਪਿੰਡ ਵਾਸੀਆਂ ਨੂੰ ਖੂਬ ਸਜ਼ਾ ਦਿੱਤੀ। ਇਹ ਪਿੰਡ ਅੱਜ ਕੱਲ੍ਹ ਨਮੂਦਾਰ ਨਹੀਂ। ਖਿਆਲ ਕੀਤਾ ਜਾਂਦਾ ਹੈ ਕਿ ਇਹ ਪਿੰਡ ਸਮਰਾਲੇ ਦੇ ਊਨਾ ਭੰਗਾਣਾ ਸੜਕ 'ਤੇ ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਵਿੱਚ ਆਉਂਦਾ ਹੈ। ਸ. ਨਿਰੰਜਨ ਸਿੰਘ ਸਾਥੀ ਦੀ ਖੋਜ ਅਨੁਸਾਰ ਇਹ ਪਿੰਡ ਸਮਰਾਲਾ ਹੈ ਪਰ ਇਹ ਖੋਜ ਵੀ ਮੁਕਾਮੀ ਰਿਵਾਇਤ ਅਨੁਸਾਰ ਹੈ। ਇਸ ਪਿੰਡ ਦਾ ਜ਼ਿਕਰ ਗੁਰੂ ਕੀਆਂ ਸਾਖੀਆਂ ਵਿੱਚ ਸਾਖੀ ਨੰ: 49 ਵਿੱਚ ਆਇਆ ਹੈ। ਇਹ ਪਿੰਡ ਭੰਗਾਣਾ ਤੋਂ 6 ਕਿਲੋਮੀਟਰ ਦੂਰ ਊਨਾ ਸੜਕ 'ਤੇ ਸਥਿਤ ਹੈ।

**ਪੁਸਤਕ ਸੂਚੀ**:–

ਦਿਲਗੀਰ, ਹਰਜਿੰਦਰ ਸਿੰਘ, (ਡਾ:)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਅਲੂਣੀ

ਇਹ ਅਲੂਣੀ ਪਿੰਡ ਲੁਧਿਆਣਾ ਜ਼ਿਲ੍ਹੇ ਦੇ ਪਾਇਲ ਤੋਂ 3 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ, ਜਿਨ੍ਹਾਂ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਬਣਿਆ ਹੋਇਆ ਹੈ।

## ਅਲਮੋੜਾ (ਅਲਮੋਰਾ)

ਅਲਮੋੜਾ ਨਗਰ, ਉੱਤਰ ਪ੍ਰਦੇਸ਼ ਪ੍ਰਾਂਤ ਵਿੱਚ ਹੈ। ਇਸ ਨਗਰ ਗੁਰੂ ਨਾਨਕ ਸਾਹਿਬ ਦੇ ਪਵਿੱਤਰ ਕਦਮ ਪਏ ਹਨ। ਅਲਮੋੜਾ ਦੇ ਰਾਜੇ ਨੇ ਗੁਰੂ ਸਾਹਿਬ ਦੇ ਸਮੇਂ ਹੀ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ।

**ਪੁਸਤਕ ਸੂਚੀ**:–

ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅਲਾਹਾਬਾਦ

ਅਲਾਹਾਬਾਦ, ਉੱਤਰ ਪ੍ਰਦੇਸ਼ ਦਾ ਮੁੱਖ ਨਗਰ ਹੈ, ਜਿਥੇ ਦਰਿਆ ਗੰਗਾ ਅਤੇ ਯਮੁਨਾ ਆਪਸ ਵਿੱਚ ਮਿਲਦੇ ਹਨ। ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਸਮੇਂ ਜੋ ਪੂਰਬ ਵੱਲ ਸੀ, ਸੋਲ੍ਹਵੀਂ ਸਦੀ ਦੇ ਪਹਿਲੇ ਵਰ੍ਹਿਆਂ ਵਿੱਚ ਆਏ ਸਨ। ਅਲਾ-ਹਾਬਾਦ ਦਾ ਅਕਸ਼ਾਂਸ਼ 250-28 ਅਤੇ ਰੇਖਾਸ਼ ਦੇਸ਼ਾਤਰ 810-50 ਹੈ।


ਗੁਰੂ ਤੇਗ਼ ਬਹਾਦਰ ਸਾਹਿਬ 1666 ਨੂੰ ਇਸ ਨਗਰ ਆਏ ਸਨ ਅਤੇ ਆਪਣੇ ਇਕ ਸ਼ਰਧਾਲੂ ਦੇ ਘਰ ਮੁਹੱਲਾ ਆਇਆਪੁਰ ਠਹਿਰੇ ਸਨ। ਗੁਰਦੁਆਰਾ ਤਪ ਅਸਥਾਨ (ਪੱਕੀ ਸੰਗਤ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਪਾਤਸ਼ਾਹੀ ਨੌਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਕਾਇਮ ਹੈ। ਇਹ ਥਾਂ ਸਿੱਖ ਸੰਗਤਾਂ ਦੀ ਕੇਂਦਰੀ ਜੋੜ-ਮੇਲੇ ਵਾਲੀ ਥਾਂ ਬਣ ਗਈ, ਜਿਸ ਲਈ ਇਸ ਦਾ ਨਾਂ ਪੱਕੀ ਸੰਗਤ ਪੈ ਗਿਆ। ਬਾਅਦ ਵਿੱਚ ਇਸ ਦੀ ਦੇਖਭਾਲ ਅਤੇ ਪ੍ਰਬੰਧ ਨਿਰਮਲੇ ਗਿਆਨੀ ਕਰਨ ਲੱਗੇ ਜੋ ਅਜੇ ਤੱਕ ਇਸ ਦਾ ਪ੍ਰਬੰਧ ਕਰਦੇ ਹਨ। ਮਹੰਤ ਪ੍ਰੀਤਮ ਸਿੰਘ (ਦੇਹਾਂਤ 1972) ਨੇ 1965 ਵਿੱਚ ਇਸ ਗੁਰਦੁਆਰਾ ਇਮਾਰਤ ਨੂੰ ਦੁਬਾਰਾ ਬਣਾਇਆ ਸੀ। ਇਹ ਗੁਰਦੁਆਰਾ ਸਾਹਿਬ ਦੋ ਮੰਜ਼ਲਾ, ਗੁੰਬਦਦਾਰ ਹੈ ਅਤੇ ਇਸ ਵਿੱਚ ਇਕ ਵੱਡਾ ਦੀਵਾਨ ਹਾਲ ਹੈ, ਜਿਥੇ ਸੰਗਮਰਮਰ ਦੀ ਪਾਲਕੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਕ ਪਾਸੇ ਕਮਰੇ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਵੱਡ-ਅਕਾਰੀ ਤਸਵੀਰ ਰੱਖੀ ਹੋਈ ਹੈ। ਇਹ ਉਹ ਕਮਰਾ ਹੈ, ਜਿਥੇ ਗੁਰੂ ਸਾਹਿਬ ਦੀ ਯਾਤਰਾ ਸਮੇਂ ਬੈਡ-ਰੂਮ ਹੁੰਦਾ ਸੀ। ਕਈ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਸ ਨਗਰ ਆਉਣ ਬਾਰੇ ਵੀ ਲਿਖਿਆ ਹੈ।

**ਪੁਸਤਕ ਸੂਚੀ**:–

1. ਠਾਕਰ ਸਿੰਘ, ਗਿਆਨੀ-ਸ੍ਰੀ ਗੁਰ-ਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਹਰਬੰਸ ਸਿੰਘ (ਸੰ:)– ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਸਿਹਤ ਤੇ ਸੁੰਦਰਤਾ



## ਜ਼ਿਆਦਾ ਸੌਣ ਕਾਰਨ ਸਰੀਰ ਨੂੰ ਘੇਰਦੀਆਂ ਗੰਭੀਰ ਬਿਮਾਰੀਆਂ


ਜੇਕਰ ਤੁਸੀਂ 18 ਘੰਟੇ ਬਿਨਾਂ ਨੀਂਦ ਦੇ ਰਹਿੰਦੇ ਹੋ, ਤਾਂ ਇਹ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ’ਤੇ ਦਬਾਅ ਦਾ ਖ਼ਤਰਾ ਵਧਾਉਂਦਾ ਹੈ। ਜੋ ਲੋਕ 24 ਘੰਟੇ ਬਿਨਾਂ ਨੀਂਦ ਰਹਿੰਦੇ ਹਨ, ਉਹ ਚਿੜਚਿੜੇ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਕੰਮ ਕਰਨ ਦਾ ਮਨ ਨਹੀਂ ਕਰਦਾ। ਜੇਕਰ ਤੁਸੀਂ 36 ਘੰਟੇ ਬਿਨਾਂ ਨੀਂਦ ਦੇ ਰਹਿੰਦੇ ਹੋ, ਤਾਂ ਇਸ ਨਾਲ ਇਕਾਗਰਤਾ ਦੀ ਘਾਟ ਅਤੇ ਫੈਸਲੇ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। 48 ਘੰਟੇ ਬਿਨਾਂ ਨੀਂਦ ਰਹਿਣ ਨਾਲ ਤਣਾਅ ਅਤੇ ਬੇਚੈਨੀ ਵਧਦੀ ਹੈ। ਅਜਿਹੇ ਲੋਕਾਂ ਦਾ ਮੂਡ ਖਰਾਬ ਹੋ ਜਾਂਦਾ ਹੈ ਅਤੇ ਗੁੱਸਾ ਵਧਦਾ ਹੈ। 48 ਘੰਟਿਆਂ ਤੋਂ ਵੱਧ ਨੀਂਦ ਨਾ ਆਉਣ ਨਾਲ ਭਰਮ ਅਤੇ ਨਕਾਰਾਤਮਕ ਸੋਚ ਪੈਦਾ ਹੁੰਦੀ ਹੈ।

ਨੀਂਦ ਦੀ ਘਾਟ ਸਰੀਰ ਵਿੱਚ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ। ਜਿਸ ਨਾਲ ਸ਼ੂਗਰ, ਬੀਪੀ, ਕੋਲੈਸਟ੍ਰੋਲ, ਹਾਰਮੋਨਲ ਬਦਲਾਅ, ਡੀਐਨਏ ਨੁਕਸਾਨ, ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ। ਵਿਅਕਤੀ ਡਿਪਰੈਸ਼ਨ ਵੱਲ ਜਾਂਦਾ ਹੈ।

ਘੱਟ ਨੀਂਦ ਇਮਿਊਨਿਟੀ ਨੂੰ ਪ੍ਰਭਾਵਿਤ ਕਰਦੀ ਹੈ। ਕੁਦਰਤੀ ਕਿੱਲਰ ਸੈੱਲਾਂ ਤੋਂ ਟੀ-ਸੈੱਲ 70% ਘੱਟ ਹੋਣ ਲੱਗਦੇ ਹਨ। ਐਂਟੀਬਾਡੀਜ਼ ਘੱਟ ਬਣਦੇ ਹਨ। ਕਿਸੇ ਵੀ ਇਨਫੈਕਸ਼ਨ ਦਾ ਖ਼ਤਰਾ ਵੱਧ ਜਾਂਦਾ ਹੈ।

## ਕਲੈਸਟਰੋਲ ਵਧਦਾ ਹੈ ਗਲਤ ਆਦਤਾਂ ਕਾਰਣ

ਅਕਸਰ ਅਸੀਂ ਸੋਚਦੇ ਹਾਂ ਕਿ ਸਿਰਫ਼ ਗਲਤ ਖਾਣ-ਪੀਣ ਦੀਆਂ ਆਦਤਾਂ ਹੀ ਕੋਲੈਸਟ੍ਰੋਲ ਵਧਾਉਂਦੀਆਂ ਹਨ, ਪਰ ਅਸਲ ਵਿੱਚ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਕੁਝ ਅਜਿਹੀਆਂ ਆਦਤਾਂ ਹਨ ਜੋ ਸਾਡੇ ਦਿਲ ਨੂੰ ਪਿੱਛੇ ਤੋਂ ਨੁਕਸਾਨ ਪਹੁੰਚਾ ਰਹੀਆਂ ਹਨ। ਡਾਕਟਰ ਕਹਿੰਦੇ ਹਨ ਕਿ ਇਹ 5 ਗਲਤੀਆਂ ਇੰਨੀਆਂ ਆਮ ਹਨ ਕਿ ਅਸੀਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ ਅਤੇ ਇਹੀ ਕਾਰਨ ਹੈ ਕਿ ਸਾਡੇ ਸਾਰੇ ਚੰਗੇ ਯਤਨ ਵੀ ਬੇਅਸਰ ਹੋ ਜਾਂਦੇ ਹਨ। ਨਾਸ਼ਤਾ ਦਿਨ ਦਾ ਸਭ ਤੋਂ ਮਹੱਤਵਪੂਰਨ ਭੋਜਨ ਹੈ, ਪਰ ਸਾਡੇ ਵਿੱਚੋਂ ਬਹੁਤ ਸਾਰੇ ਇਸਨੂੰ ਛੱਡ ਦਿੰਦੇ ਹਨ ਜਾਂ ਕੁਝ ਹਲਕਾ ਜਿਹਾ ਖਾਂਦੇ ਹਨ। ਜਦੋਂ ਤੁਸੀਂ ਨਾਸ਼ਤਾ ਨਹੀਂ ਕਰਦੇ, ਤਾਂ ਤੁਹਾਡਾ ਸਰੀਰ ਤਣਾਅ ਵਿੱਚ ਆ ਜਾਂਦਾ ਹੈ ਅਤੇ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ। ਇਸ ਕਾਰਨ, ਸਰੀਰ ਵਿੱਚ ਖਰਾਬ ਕੋਲੈਸਟ੍ਰੋਲ ਵਧਣ ਲੱਗਦਾ ਹੈ। ਨਿਯਮਿਤ ਤੌਰ ’ਤੇ ਪੌਸ਼ਟਿਕ ਨਾਸ਼ਤਾ ਖਾਣ ਨਾਲ ਤੁਹਾਡਾ ਮੈਟਾਬੋਲਿਜ਼ਮ ਸਿਹਤਮੰਦ ਰਹਿੰਦਾ ਹੈ ਅਤੇ ਤੁਸੀਂ ਦਿਨ ਭਰ ਊਰਜਾਵਾਨ ਮਹਿਸੂਸ ਕਰਦੇ ਹੋ, ਜਿਸ ਨਾਲ ਗੈਰ-ਸਿਹਤਮੰਦ ਸਨੈਕਸ ਖਾਣ ਦੀ ਇੱਛਾ ਵੀ ਘੱਟ ਜਾਂਦੀ ਹੈ।




### ਖਾਣਾ ਪਕਾਉਣ ਵਾਲੇ ਤੇਲ ਦੀ ਮੁੜ ਵਰਤੋਂ ਕਰਨਾ

ਇੱਕੋ ਤੇਲ ਨੂੰ ਵਾਰ-ਵਾਰ ਗਰਮ ਕਰਨਾ ਅਤੇ ਵਰਤਣਾ ਕੋਲੈਸਟ੍ਰੋਲ ਵਧਣ ਦਾ ਇੱਕ ਵੱਡਾ ਕਾਰਨ ਹੈ। ਜਦੋਂ ਤੇਲ ਨੂੰ ਵਾਰ-ਵਾਰ ਗਰਮ ਕੀਤਾ ਜਾਂਦਾ ਹੈ, ਤਾਂ ਇਸ ਵਿੱਚ ਟ੍ਰਾਂਸ ਫੈਟ ਅਤੇ ਨੁਕਸਾਨਦੇਹ ਐਨਜ਼ਾਈਮ ਬਣਨ ਲੱਗਦੇ ਹਨ, ਜੋ ਸਿੱਧੇ ਤੌਰ ’ਤੇ ਤੁਹਾਡੇ ਕੋਲੈਸਟ੍ਰੋਲ ਦੇ ਪੱਧਰ ਨੂੰ ਵਧਾਉਂਦੇ ਹਨ ਅਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵਧਾਉਂਦੇ ਹਨ। ਕੋਸ਼ਿਸ਼ ਕਰੋ ਕਿ ਤੇਲ ਨੂੰ ਬਹੁਤ ਵਾਰ ਦੁਬਾਰਾ ਨਾ ਵਰਤੋ, ਖਾਸ ਕਰਕੇ ਜੇ ਤੁਸੀਂ ਤਲ ਰਹੇ ਹੋ।

### ਤਣਾਅ ਅਤੇ ਮਾੜੀ ਨੀਂਦ

ਤਣਾਅ ਅਤੇ ਨੀਂਦ ਦੀ ਘਾਟ ਨਾ ਸਿਰਫ਼ ਤੁਹਾਡੇ ਮੂਡ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਤੁਹਾਡੇ ਕੋਲੈਸਟ੍ਰੋਲ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜਦੋਂ ਤੁਸੀਂ ਤਣਾਅ ਵਿੱਚ ਹੁੰਦੇ ਹੋ, ਤਾਂ ਸਰੀਰ ਕੋਰਟੀਸੋਲ ਨਾਮਕ ਇੱਕ ਹਾਰਮੋਨ ਛੱਡਦਾ ਹੈ, ਜੋ ਕੋਲੈਸਟ੍ਰੋਲ ਦੇ ਉਤਪਾਦਨ ਨੂੰ ਵਧਾ ਸਕਦਾ ਹੈ। ਇਸੇ ਤਰ੍ਹਾਂ, ਲੋੜੀਂਦੀ ਨੀਂਦ ਨਾ ਮਿਲਣ ਨਾਲ ਸਰੀਰ ਦਾ ਸੰਤੁਲਨ ਵੀ ਵਿਗੜਦਾ ਹੈ ਅਤੇ ਮਾੜੇ ਕੋਲੈਸਟ੍ਰੋਲ ਦੇ ਪੱਧਰ ਨੂੰ ਵਧਾ ਸਕਦਾ ਹੈ। ਚੰਗੀ ਨੀਂਦ ਅਤੇ ਤਣਾਅ ਪ੍ਰਬੰਧਨ ਕੋਲੈਸਟ੍ਰੋਲ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### ਇੱਕ ਜਗ੍ਹਾ ਬੈਠੇ ਰਹਿਣਾ

ਅੱਜ ਦੀ ਜੀਵਨ ਸ਼ੈਲੀ ਵਿੱਚ, ਘੰਟਿਆਂ ਤੱਕ ਇੱਕ ਜਗ੍ਹਾ ਬੈਠਣਾ ਆਮ ਹੋ ਗਿਆ ਹੈ, ਭਾਵੇਂ ਇਹ ਦਫਤਰ ਵਿੱਚ ਹੋਵੇ ਜਾਂ ਘਰ ਵਿੱਚ। ਲੰਬੇ ਸਮੇਂ ਤੱਕ ਬੈਠਣ ਨਾਲ ਸਰੀਰਕ ਗਤੀਵਿਧੀ ਘੱਟ ਜਾਂਦੀ ਹੈ, ਜਿਸ ਨਾਲ ਚੰਗੇ ਕੋਲੈਸਟ੍ਰੋਲ ਘੱਟ ਜਾਂਦੇ ਹਨ ਅਤੇ ਮਾੜੇ ਕੋਲੈਸਟ੍ਰੋਲ ਵਧਦੇ ਹਨ। ਹਰ ਘੰਟੇ ਥੋੜ੍ਹੀ ਦੇਰ ਲਈ ਉੱਠੋ, ਖਿੱਚੋ ਜਾਂ ਥੋੜ੍ਹੀ ਜਿਹੀ ਸੈਰ ਕਰੋ। ਇਹ ਤੁਹਾਡੇ ਸਰੀਰ ਨੂੰ ਕਿਰਿਆਸ਼ੀਲ ਰੱਖੇਗਾ ਅਤੇ ਕੋਲੈਸਟ੍ਰੋਲ ਨੂੰ ਕੰਟਰੋਲ ਕਰਨ ਵਿੱਚ ਮਦਦ ਕਰੇਗਾ।

### ਪ੍ਰੋਸੈਸਡ ਅਤੇ ਗੈਰ-ਸਿਹਤਮੰਦ ਸਨੈਕਸ

ਜਦੋਂ ਤੁਹਾਨੂੰ ਥੋੜ੍ਹੀ ਭੁੱਖ ਲੱਗਦੀ ਹੈ, ਤਾਂ ਤੁਸੀਂ ਕੀ ਖਾਂਦੇ ਹੋ? ਚਿਪਸ, ਬਿਸਕੁਟ, ਨਮਕੀਨ ਜਾਂ ਕੋਈ ਹੋਰ ਪ੍ਰੋਸੈਸਡ ਸਨੈਕਸ? ਇਹ ਸਾਰੇ ਸਨੈਕਸ ਟ੍ਰਾਂਸ ਫੈਟ, ਵਾਧੂ ਖੰਡ ਅਤੇ ਗੈਰ-ਸਿਹਤਮੰਦ ਤੇਲਾਂ ਨਾਲ ਭਰੇ ਹੋਏ ਹਨ, ਜੋ ਸਿੱਧੇ ਤੌਰ ’ਤੇ ਤੁਹਾਡੇ ਕੋਲੈਸਟ੍ਰੋਲ ਨੂੰ ਵਧਾਉਂਦੇ ਹਨ। ਇਨ੍ਹਾਂ ਦੀ ਬਜਾਏ, ਫਲ, ਗਿਰੀਦਾਰ, ਦਹੀਂ ਜਾਂ ਭੁੰਨੇ ਹੋਏ ਛੋਲੇ ਵਰਗੇ ਸਿਹਤਮੰਦ ਵਿਕਲਪਾਂ ਦੀ ਚੋਣ ਕਰੋ।

## * ਚੂੰਡੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



***ਸਵਿਸ ਬੈਂਕਾਂ ‘ਚ ਭਾਰਤੀ ਦੌਲਤ ਸੰਨ 2024 ‘ਚ ਤਿੰਨ ਗੁਣਾ ਵਧੀ- ਇਕ ਖ਼ਬਰ**
-ਬਾਹਲ਼ੀਆਂ ਜਗੀਰਾਂ ਵਾਲ਼ੇ, ਖਾਲੀ ਹੱਥ ਜਾਂਦੇ ਦੇਖ ਲੈ।




***ਪੰਜਾਬ ਦੀ ਲੈਂਡ ਪੂਲਿੰਗ ਸਕੀਮ ਨੂੰ ਹਾਈਕੋਰਟ ‘ਚ ਚੁਣੌਤੀ-ਇਕ ਖ਼ਬਰ**
-ਅੱਖੀਂ ਖੋਲ੍ਹ ਗੁਲਾਮ ਰਸੂਲਾ, ਸੱਸੀ ਕੂਕੇ ਮੈਂ ਲੁੱਟੀ ਲੁੱਟੀ।



***ਸੰਯੁਕਤ ਕਿਸਾਨ ਮੋਰਚੇ ਵਲੋਂ ਟਰੈਕਟਰ ਮਾਰਚ ਕੀਤਾ ਗਿਆ- ਇਕ ਖ਼ਬਰ**
-ਜਿਊਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।

***ਅਮਰੀਕਾ ਨੇ ਛੇ ਭਾਰਤੀ ਕੰਪਨੀਆਂ ‘ਤੇ ਲਾਈ ਪਾਬੰਦੀ- ਇਕ ਖ਼ਬਰ**
-ਬਾਂਹ ਮਾਰ ਕੇ ਘੋਟਣਾ ਭੰਨਤੀ, ਜੇਠ ਦੀ ਮੈਂ ਗੱਲ ਨਾ ਮੰਨੀ।



***ਚੋਣ ਕਮਿਸ਼ਨ ਪ੍ਰਧਾਨ ਮੰਤਰੀ ਦੀ ਕਠਪੁਤਲੀ ਬਣ ਗਿਐ- ਖੜਗੇ**
-ਕੀ ਘੋਲ ਕੇ ਤਵੀਤ ਪਿਲ਼ਾਏ, ਪਿੱਛੇ ਪਿੱਛੇ ਲਾਈ ਫਿਰਦਾ।



***ਦੇਸ਼ ਵਿਚ ਚੋਣ ਪ੍ਰਣਾਲੀ ਪਹਿਲਾਂ ਹੀ ਮਰ ਚੁੱਕੀ ਹੈ- ਰਾਹੁਲ ਗਾਂਧੀ**
-ਇਨ੍ਹਾਂ ਸੁਹਣਿਆਂ ਮੂੰਹਾਂ ‘ਤੇ ਖਾਕ ਪੈਣੀ, ਕੁੰਡੇ ਲੱਗਣੇ ਅੰਤ ਹਵੇਲੀਆਂ ਨੂੰ।



***ਰਾਜਨਾਥ ਨੇ ਰਾਹੁਲ ਗਾਂਧੀ ਨੂੰ ਚੋਣ ਕਮਿਸ਼ਨ ਵਿਰੁੱਧ ‘ਸਬੂਤਾਂ ਦੇ ਐਟਮ ਬੰਬ’ ਦਾ ਧਮਾਕਾ ਕਰਨ ਦੀ ਦਿਤੀ ਚੁਨੌਤੀ- ਇਕ ਖ਼ਬਰ**
-ਜੇ ਤੈਨੂੰ ਮਾਣ ਜਵਾਨੀ ਦਾ, ਦੋ ਦੋ ਹੱਥ ਕਰ ਮੁੰਡਿਆ।



***ਕਾਂਗਰਸ ਭਾਜਪਾ ਨੂੰ ਪੰਜਾਬ ਦੀਆਂ ਵੋਟਾਂ ਨਾਲ ਛੇੜਛਾੜ ਨਹੀਂ ਕਰਨ ਦੇਵੇਗੀ- ਪ੍ਰਗਟ ਸਿੰਘ**
-ਪਰੇ ਹਟ ਜਾ ਬਲ਼ਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲ਼ੀਏ।



***ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਛੱਡ ਕੇ ਬਾਦਲ ਪ੍ਰਚਾਰ ਕੀਤਾ ਸ਼ੁਰੂ- ਜਸਟਿਸ ਨਿਰਮਲ ਸਿੰਘ**
-ਗੋਰੇ ਰੰਗ ‘ਤੇ ਝਰੀਟਾਂ ਆਈਆਂ, ਬੇਰੀਆਂ ਦੇ ਬੇਰ ਖਾਣੀਏਂ।



***ਕੈਪਟਨ ਸਾਹਿਬ ਤੁਹਾਡੇ ਦੋਗਲੇ ਚਿਹਰੇ ਹੁਣ ਸਾਹਮਣੇ ਆ ਰਹੇ ਹਨ-ਭਗਵੰਤ ਮਾਨ**
-ਕਿੱਥੋਂ ਭਾਲ਼ਦੈਂ ਬਿਜੌਰੀ ਦਾਖਾਂ, ਕਿੱਕਰਾਂ ਦੇ ਬੀ ਬੀਜ ਕੇ।



***ਲੈਂਡ ਪੂਲਿੰਗ ਨੀਤੀ ਵਾਹੀਯੋਗ ਜ਼ਮੀਨਾਂ ਅਤੇ ਕਿਸਾਨੀ ਦੀ ਤਬਾਹੀ ਦਾ ਸਬੱਬ ਬਣੇਗੀ- ਜਤਿੰਦਰ ਸਿੰਘ ਲਾਲੀ ਬਾਜਵਾ**
-ਲੈਂਡ ਪੂਲਿੰਗ ਨਹੀਂ, ਲੈਂਡ ਲੂਟਿੰਗ ਪਾਲਿਸੀ ਕਹੋ ਇਸ ਨੂੰ।



***ਕੰਗਨਾ ਰਣੌਤ ਨੂੰ ਵੱਡਾ ਝਟਕਾ: ਹਾਈਕੋਰਟ ਨੇ ਹੱਤਕ ਪਟੀਸ਼ਨ ਕੀਤੀ ਰੱਦ- ਇਕ ਖ਼ਬਰ**
-ਨਰਮ ਸਰੀਰਾਂ ਨੂੰ, ਪੈ ਗਏ ਮਾਮਲੇ ਭਾਰੀ।

***ਸਿੱਖ ਪੰਥ ਨੂੰ ਮਿਸ਼ਨਰੀ ਅਤੇ ਮਜਬੂਤ ਚਰਿੱਤਰ ਵਾਲੀ ਪੰਥਕ ਲੀਡਰਸ਼ਿੱਪ ਹੀ ਸਮੇਂ ਦਾ ਹਾਣੀ ਬਣਾ ਸਕਦੀ ਹੈ- ਸਿੱਖ ਚਿੰਤਕ**
-ਕਿੱਥੋਂ ਲਿਆਈਏ ਲੱਭ ਕੇ ਅੱਜ ਵਾਰਸ ਸ਼ਾਹ ਇਕ ਹੋਰ।



***ਸਰਕਾਰ ਨੂੰ ਇਕ ਇੰਚ ਜ਼ਮੀਨ ਵੀ ਐਕਵਾਇਰ ਨਹੀਂ ਕਰਨ ਦਿਤੀ ਜਾਵੇਗੀ- ਕਿਸਾਨ ਨੇਤਾ**
-ਜੇ ਤੂੰ ਖਾਣੀਆਂ ਸੇਵੀਆਂ ਤਾਂ ਮੁੱਛਾਂ ਮੁਨਾ ਕੇ ਆ।



***ਬੇਅਦਬੀ ਅਤੇ ਨਸ਼ੇ ਵਿਚ ਕੈਪਟਨ ਦੀ ਬਾਦਲਾਂ ਨਾਲ਼ ਮਿਲੀਭੁਗਤ ਸੀ- ਸੁਖਜਿੰਦਰ ਸਿੰਘ ਰੰਧਾਵਾ**
-ਨੱਥਾ ਸਿੰਘ ਪ੍ਰੇਮ ਸਿੰਘ, ਵੰਨ ਐਂਡ ਦੀ ਸੇਮ ਥਿੰਗ।

# ਬਿਹਾਰ ਚੋਣਾਂ : ਧਮਾਕੇਦਾਰ ਸਥਿਤੀ

ਗੁਰਮੀਤ ਸਿੰਘ ਪਲਾਹੀ
-9815802070



ਗ਼ਰੀਬਾਂ ਦੇ ਕੋਲ ਵੋਟ ਦੀ ਤਾਕਤ ਤੋਂ ਇਲਾਵਾ ਹੋਰ ਬਹੁਤ ਕੁਝ ਹੈ ਹੀ ਨਹੀਂ। ਜੇਕਰ ਦੇਸ਼ ਵਿੱਚ ਗ਼ਰੀਬਾਂ ਤੇ ਕਮਜ਼ੋਰਾਂ ਤੋਂ ਉਹਨਾਂ ਦਾ ਵੋਟ-ਹੱਕ ਖੋਹ ਲਿਆ ਜਾਂਦਾ ਹੈ, ਤਾਂ ਉਹਨਾਂ ਵਿੱਚ ਨਿਰਾਸ਼ਾ ਵਧੇਗੀ, ਜੋ ਦੇਸ਼ ਨੂੰ ਅਰਾਜਕਤਾ ਵੱਲ ਧੱਕੇਗੀ। ਇਹ ਅਰਾਜਕਤਾ ਆਖ਼ਰਕਾਰ ਵਿਦਰੋਹ ਪੈਦਾ ਕਰੇਗੀ।

ਬਿਹਾਰ ਵਿੱਚ ਭਾਰਤੀ ਚੋਣ ਕਮਿਸ਼ਨ ਉੱਤੇ ਇਲਜ਼ਾਮ ਲੱਗ ਰਹੇ ਹਨ ਕਿ ਉਸ ਵੱਲੋਂ ਵੋਟਰ ਸੂਚੀ ਦੇ "ਸ਼ੁੱਧੀਕਰਨ" ਦੇ ਨਾਂ 'ਤੇ ਲੋਕਾਂ ਦੀਆਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਬਿਹਾਰ 'ਚ ਲੋਕਾਂ ਵਿੱਚ ਇਸ ਮਹੱਤਵਪੂਰਨ ਮਸਲੇ 'ਤੇ ਹਾਹਾਕਾਰ ਮਚੀ ਹੋਈ ਹੈ। ਬਿਹਾਰ ਦੇ ਵੋਟਰਾਂ ਵਿੱਚ ਘਬਰਾਹਟ ਅਤੇ ਭਰਮ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਬੇਸਹਾਰਾ ਲੋਕ ਆਪਣਾ ਵੋਟ-ਹੱਕ ਮੰਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਵੋਟਰ ਦੀ ਪ੍ਰਮਾਣਿਕਤਾ ਲਈ ਪਛਾਣ ਦੇ ਤੌਰ 'ਤੇ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਤੋਂ ਇਲਾਵਾ ਹੋਰ ਦਸਤਾਵੇਜ਼ ਸਬੂਤ ਵਜੋਂ ਮੰਗ ਰਿਹਾ ਹੈ। ਉਹ ਲੋਕ ਜਿਹੜੇ ਅਨਪੜ੍ਹ ਹਨ, ਉਹ ਇਹ ਸਬੂਤ ਕਿਥੋਂ ਲਿਆਉਣਗੇ?

2023 ਵਿੱਚ ਹੋਈ ਜਾਤੀ ਜਨਗਣਨਾ ਅਨੁਸਾਰ, ਬਿਹਾਰ ਵਿੱਚ ਤਿੰਨ ਫ਼ੀਸਦੀ ਦਲਿਤ, ਪੰਜ ਫ਼ੀਸਦੀ ਅਤਿ ਪਛੜੇ ਅਤੇ ਸਿਰਫ਼ ਸੱਤ ਫ਼ੀਸਦੀ ਮੁਸਲਮਾਨ ਬਾਰਵੀਂ ਪਾਸ ਸਨ। ਜਦ ਕਿ 2011 ਦੀ ਜਨਗਣਨਾ ਅਨੁਸਾਰ, ਬਿਹਾਰ ਵਿੱਚ ਲਗਭਗ 50 ਫ਼ੀਸਦੀ ਔਰਤਾਂ ਅਤੇ 40 ਫ਼ੀਸਦੀ ਮਰਦ ਅਨਪੜ੍ਹ ਹਨ। ਇਹ ਲੋਕ ਹੋਰ ਪਛਾਣ ਪੱਤਰ ਕਿਵੇਂ ਅਤੇ ਕਿੱਥੋਂ ਪੈਦਾ ਕਰਨਗੇ? ਤੇ ਕਿਵੇਂ ਆਪਣਾ ਵੋਟ ਹੱਕ ਪ੍ਰਾਪਤ ਕਰਨਗੇ?

ਬਿਹਾਰ ਚੋਣਾਂ ਵਿੱਚ ਹਾਲੇ 110 ਦਿਨ ਬਾਕੀ ਹਨ। ਸ਼ਾਇਦ ਪਹਿਲੀ ਵਾਰ ਹੋਵੇ ਕਿ ਬਿਹਾਰ 'ਚ ਵੋਟ ਲਿਸਟ ਮੁੱਦਾ ਇੰਨਾ ਭਾਰੀ ਬਣਿਆ ਹੋਇਆ ਹੈ। ਮਾਹੌਲ ਗਰਮ ਹੈ। ਵਿਰੋਧੀ ਸਿਆਸੀ ਧਿਰਾਂ ਪਾਰਲੀਮੈਂਟ ਦੇ ਅੰਦਰ - ਬਾਹਰ ਹੰਗਾਮਾ ਕਰ ਰਹੀਆਂ ਹਨ। ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿੱਚ ਵੀ ਪਹੁੰਚ ਚੁੱਕਾ ਹੈ। ਬਿਹਾਰ 'ਚ ਵੱਡਾ ਹੰਗਾਮਾ ਹੋਣ ਦਾ ਕਾਰਨ ਦਿੱਲੀ ਦੀ ਹਾਕਮ ਧਿਰ ਵੱਲੋਂ ਹਰ ਹੀਲੇ ਬਿਹਾਰ ਚੋਣਾਂ ਜਿੱਤਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਹਨ। ਉਸ ਵਾਸਤੇ ਪਹਿਲਾ ਹਥਿਆਰ ਵੋਟਰਾਂ ਦੇ "ਸ਼ੁੱਧੀਕਰਨ" ਦਾ ਵਰਤਿਆ ਜਾ ਰਿਹਾ ਹੈ, ਕਿਉਂਕਿ ਦਿੱਲੀ ਦੀ ਹਾਕਮ ਧਿਰ ਇਹ ਸਮਝਦੀ ਹੈ ਕਿ ਜੇਕਰ ਉਹ ਬਿਹਾਰ ਹਾਰ ਜਾਂਦੇ ਹਨ, ਤਾਂ ਨਿਤੀਸ਼ ਕੁਮਾਰ ਮੁੱਖ ਮੰਤਰੀ ਬਿਹਾਰ ਦੀ ਪਾਰਟੀ ਉਸ ਨੂੰ ਕੇਂਦਰ ਵਿੱਚ ਸਮਰਥਨ ਤੋਂ ਮੁੱਖ ਮੋੜ ਸਕਦੀ ਹੈ।

ਬਿਹਾਰ ਵਿੱਚ ਸੱਤਾਧਾਰੀ ਐਨ. ਡੀ. ਏ. ਅਤੇ ਵਿਰੋਧੀ ਗਠਜੋੜ ਇੱਕ ਦੂਜੇ ਉੱਤੇ ਹਮਲਾਵਰ ਹਨ। ਭਾਵੇਂ ਫਿਲਹਾਲ ਮੁੱਖ ਮਸਲਾ ਵੋਟਰ ਸੂਚੀ ਵਿੱਚੋਂ ਲੱਖਾਂ ਵੋਟਰਾਂ ਦੇ ਨਾਂ ਕੱਟੇ ਜਾਣ ਦਾ ਹੈ। ਕਿਹਾ ਜਾ ਰਿਹਾ ਹੈ ਕਿ ਕੁਝ ਅਯੋਗ ਵੋਟਰਾਂ ਦੇ ਨਾਵਾਂ ਤੋਂ ਇਲਾਵਾ ਬਹੁਤ ਸਾਰੇ ਯੋਗ ਵੋਟਰਾਂ ਦੇ ਨਾਵਾਂ ਉੱਤੇ ਵੀ ਕੈਂਚੀ ਫੇਰ ਦਿੱਤੀ ਜਾਵੇਗੀ।

ਬਿਹਾਰ 'ਚ ਭਾਰਤੀ ਚੋਣ ਕਮਿਸ਼ਨ ਦੀ 01-08-2025 ਦੀ ਰਿਪੋਰਟ ਅਨੁਸਾਰ ਕੁੱਲ 7.9 ਕਰੋੜ ਵੋਟਰਾਂ ਵਿੱਚੋਂ 7.24 ਕਰੋੜ ਵੋਟਰਾਂ ਨੇ ਆਪਣੇ ਫਾਰਮ ਜਮ੍ਹਾਂ ਕਰਵਾਏ। ਕੁੱਲ ਮਿਲਾਕੇ 65,64,075 ਵੋਟਰਾਂ ਦੇ ਨਾਮ ਵੋਟਰ ਸੂਚੀਆਂ 'ਚੋਂ ਕੱਟ ਦਿੱਤੇ ਗਏ, ਜਿਹਨਾ ਵਿੱਚੋਂ 36,28,210 ਪੱਕੇ ਤੌਰ 'ਤੇ ਸੂਬਾ ਛੱਡ ਚੁੱਕੇ ਹਨ ਅਤੇ 7,01,364 ਇੱਕ ਤੋਂ ਵੱਧ ਥਾਵਾਂ 'ਤੇ ਇਨਰੋਲ ਹੋਣ ਕਾਰਨ ਆਪਣਾ ਵੋਟ ਹੱਕ ਬਿਹਾਰ ਵਿੱਚੋਂ ਗੁਆ ਚੁੱਕੇ ਹਨ। ਕੁੱਲ 22,34,501 ਵੋਟਰਾਂ ਦੇ ਨਾਮ ਲੋੜੀਂਦੇ ਫਾਰਮ ਨਾ ਭਰੇ ਜਾਣ ਕਾਰਨ ਵੋਟਰ ਸੂਚੀ ਵਿੱਚੋਂ ਕੱਟ ਦਿੱਤੇ ਗਏ, ਜਿਹਨਾ ਵਿੱਚ ਬਿਹਾਰ ਦੇ 10 ਜ਼ਿਲਿਆਂ - ਮਧੂਬਨੀ (3,52,542), ਈਸਟ ਚੰਪਾਰਨ (3,16,793), ਪੂਰਨੀਆ (2,73,920), ਸੀਤਾਮੜੀ (2,44,962), ਪਟਨਾ (3,95,500), ਗੋਪਾਲਗੰਜ (3,10,363), ਸਮਸਤੀਪੁਰ (2,83,955), ਮੁਜ਼ੱਫਰਪੁਰ (2,82,845), ਸਾਰਨ (2,73,223), ਗਯਾ (2,45,663) ਦੇ ਲੋਕ ਸ਼ਾਮਲ ਹਨ। ਇਹਨਾ ਵਿੱਚ ਵੱਡੀ ਗਿਣਤੀ ਮੁਸਲਮਾਨਾਂ, ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਹੈ। ਉਦਾਹਰਨ ਦੇ ਤੌਰ 'ਤੇ ਮਧੂਬਨੀ ਵਿੱਚ 18 ਫ਼ੀਸਦੀ, ਈਸਟ ਚੰਪਾਰਨ ਵਿੱਚ 19 ਫ਼ੀਸਦੀ, ਪੂਰਨੀਆ 39 ਫ਼ੀਸਦੀ ਅਤੇ ਸੀਤਾਗੜੀ ਵਿੱਚ ਕੁੱਲ ਕੱਟੇ ਗਏ ਨਾਮ ਮੁਸਲਮਾਨਾਂ ਦੇ ਹਨ।

ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੋਸ਼ ਲਗਾ ਚੁੱਕੇ ਹਨ ਕਿ ਇਹ ਸਿਰਫ਼ ਵੋਟਾਂ ਦੇਣ ਤੋਂ ਰੋਕਣਾ ਨਹੀਂ, ਬਲਕਿ ਉਹਨਾਂ ਦਾ ਰਾਸ਼ਨ ਤੋਂ ਲੈ ਕੇ ਰਿਜ਼ਰਵੇਸ਼ਨ ਤੱਕ ਹਰ ਹੱਕ ਖੋਹਣਾ ਹੈ। ਭਾਵੇਂ ਕਿ ਭਾਜਪਾ ਦਾ ਕਹਿਣਾ ਹੈ ਕਿ ਵੋਟਾਂ ਦੇ ਸ਼ੁੱਧੀਕਰਨ ਦਾ ਮਕਸਦ ਦੇਸ਼ ਵਿਰੋਧੀ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗਿਆਵਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੱਢਣਾ ਹੈ।

ਬਿਹਾਰ ਵਿੱਚ "ਜੰਗਲ ਰਾਜ ਬਨਾਮ ਸੁਸ਼ਾਸਨ" ਮੁੱਖ ਚੋਣਾਂਵੀ ਮੁੱਦਾ ਬਣ ਕੇ ਉਭਰ ਰਿਹਾ ਹੈ। ਰੈਲੀਆਂ, ਬੈਠਕਾਂ ਦੋਹਾਂ ਧਿਰਾਂ ਵੱਲੋਂ ਜ਼ੋਰਾਂ 'ਤੇ ਹਨ। ਜ਼ਮੀਨੀ ਪੱਧਰ 'ਤੇ ਦੋਵੇਂ ਧਿਰਾਂ ਲੋਕਾਂ ਤੱਕ ਪਹੁੰਚ ਕਰ ਰਹੀਆਂ ਹਨ।

ਪਹਿਲਾਂ ਦੀ ਤਰ੍ਹਾਂ ਹੀ ਬਿਹਾਰ 'ਚ ਜਾਤੀ ਮੁੱਦਾ ਭਾਰੂ ਹੈ। ਬਿਹਾਰ 'ਚ ਜਾਤੀ ਸਰਵੇਖਣ ਹੋ ਚੁੱਕਾ ਹੈ। ਰਾਜਦ ਅਤੇ ਭਾਜਪਾ ਜਾਤੀ ਅਧਾਰਤ ਸੰਮੇਲਨ ਕਰ ਰਹੀਆਂ ਹਨ। ਪਿਛਲੇ 60 ਦਿਨਾਂ ਵਿੱਚ 30 ਤੋਂ ਵੱਧ ਜਾਤੀ ਸੰਮੇਲਨ ਹੋ ਚੁੱਕੇ ਹਨ। ਦਰਅਸਲ "ਅਬਾਦੀ ਦੇ ਮੁਤਾਬਕ ਹੱਕ" ਦੀ ਮੰਗ ਬਿਹਾਰ 'ਚ ਜ਼ੋਰ ਫੜ ਚੁੱਕੀ ਹੈ। ਉਧਰ ਰਾਜਗ ਧੜਾ "ਦਾਮਾਦ ਆਯੋਗ" ਵਿਰੁੱਧ ਆਪਣੀ ਲੜਾਈ ਵਿੱਢ ਚੁੱਕਾ ਹੈ। ਉਸ ਅਨੁਸਾਰ ਕੇਂਦਰੀ ਮੰਤਰੀ ਜੀਤ ਰਾਮ ਮਾਂਝੀ, ਚਿਰਾਗ ਪਾਸਵਾਨ ਅਤੇ ਸਾਂਸਦ ਅਸ਼ੋਕ ਚੌਧਰੀ ਦੇ ਦਮਾਦਾਂ ਨੂੰ ਚੇਅਰਮੈਨੀਆਂ ਮਿਲੀਆਂ ਹਨ।

ਮਹਾਂਗਠਬੰਧਨ, ਜਿਸ ਵਿੱਚ ਰਾਜਦ ਮੁੱਖ ਹੈ ਅਤੇ ਉਸ ਨਾਲ ਕਾਂਗਰਸ, ਖੱਬੀਆਂ ਧਿਰਾਂ ਅਤੇ ਵੀ. ਆਈ. ਪੀ. ਸ਼ਾਮਲ ਹਨ, ਸਮਾਜਿਕ ਨਿਆਂ, ਜਾਤੀ ਜਨਗਣਨਾ ਅਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਜਿਹੇ ਮੁੱਦੇ ਉਛਾਲ ਰਹੇ ਹਨ। ਉਹ ਬਿਹਾਰ ਦੀ ਕਾਨੂੰਨ ਵਿਵਸਥਾ ,ਨਿਤੀਸ਼ ਦੀ ਸਿਹਤ, ਰਿਜ਼ਰਵੇਸ਼ਨ ਆਦਿ ਮੁੱਦੇ ਉਭਾਰ ਰਹੇ ਹਨ। ਉਹਨਾਂ ਵੱਲੋਂ ਰਿਜ਼ਰਵੇਸ਼ਨ ਦੀ 50% ਸੀਮਾ ਹਟਾਉਣਾ ਮੁੱਖ ਚੋਣਾਂ ਵੀ ਮੁੱਦਾ ਹੈ। ਤੇਜਸੱਵੀ ਯਾਦਵ ਵੱਲੋਂ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ। ਕਾਂਗਰਸ ਵੀ ਬਿਹਾਰ 'ਚ ਆਪਣੇ ਵੱਲੋਂ ਪੂਰੇ ਜ਼ੋਰ ਨਾਲ ਕੇਂਦਰ ਵਿਰੁੱਧ ਮੁੱਦੇ ਚੁੱਕ ਰਹੀ ਹੈ। ਜਦਕਿ ਐੱਨ.ਡੀ.ਏ. "ਆਪਰੇਸ਼ਨ ਸਿੰਧੂਰ", "ਸੁਸ਼ਾਸਨ", "ਰਾਸ਼ਟਰਵਾਦ", "ਧਰਮ", "ਡਬਲ ਇੰਜਨ ਸਰਕਾਰ" ਦੇ ਨਾਅਰਿਆਂ ਨਾਲ ਅੱਗੇ ਵੱਧ ਰਹੀ ਹੈ। ਭਾਜਪਾ, ਜਦਯੂ, ਲੋਜਪਾ-ਆਰ ਸਿਆਸੀ ਧਿਰਾਂ, ਪਰਿਵਾਰਵਾਦ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਗੀਆਂ। ਮਾਲੇਗਾਓਂ ਕੇਸ ਵਿੱਚ ਪ੍ਰਗਿਆ ਠਾਕੁਰ ਅਤੇ ਹੋਰ ਸਾਰਿਆਂ ਦੀ ਰਿਹਾਈ ਦੇ ਬਾਅਦ ਭਗਵਾਂ ਆਤੰਕਵਾਦ ਦੇ ਮੁੱਦੇ 'ਤੇ ਭਾਜਪਾ, ਕਾਂਗਰਸ ਅਤੇ ਰਾਜਦ ਨੂੰ ਘੇਰੇਗੀ।

ਰਾਹੁਲ ਗਾਂਧੀ ਬਿਹਾਰ ਵਿੱਚ ਪੰਜ ਪ੍ਰੋਗਰਾਮ ਕਰ ਚੁੱਕੇ ਹਨ। ਅਗਸਤ ਮਹੀਨੇ ਉਹ ਬਿਹਾਰ ਯਾਤਰਾ 'ਤੇ ਜਾਣਗੇ। ਫਰਵਰੀ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਦੌਰੇ ਬਿਹਾਰ ਦੇ ਕਰ ਚੁੱਕੇ ਹਨ। ਅਗਸਤ ਮਹੀਨੇ ਫਿਰ ਬਿਹਾਰ ਪਹੁੰਚਣਗੇ। ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਸ਼ਿਵਰਾਜ ਚੌਹਾਨ ਵਰਗੇ ਨੇਤਾ ਲਗਾਤਾਰ ਬਿਹਾਰ ਪਹੁੰਚ ਕੇ ਆਪਣੇ ਵੱਲੋਂ ਹੁਣੇ ਤੋਂ ਚੋਣ ਪ੍ਰਚਾਰ ਅਰੰਭ ਕਰ ਚੁੱਕੇ ਹਨ।

ਬਿਹਾਰ ਦੀ ਰਾਜਨੀਤੀ ਵਿੱਚ ਪਿਛਲੇ 35-40 ਸਾਲਾਂ ਤੋਂ ਲਾਲੂ ਪ੍ਰਸਾਦ ਅਤੇ ਨਿਤੀਸ਼ ਕੁਮਾਰ ਪ੍ਰਭਾਵਸ਼ਾਲੀ ਰਹੇ ਹਨ। ਉਹਨਾਂ ਨੇ ਬਿਹਾਰ ਦੀ ਸਿਆਸਤ ਵਿੱਚ ਹੀ ਨਹੀਂ, ਕੌਮੀ ਸਿਆਸਤ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸ਼ਾਇਦ ਇਹ ਆਖ਼ਰੀ ਵਾਰ ਹੋਵੇ ਕਿ ਉਹ ਬਿਹਾਰ ਵਿੱਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹੋਣ।

ਇਸ ਵਾਰ ਦੀਆਂ ਚੋਣਾਂ ਵਿੱਚ ਦੋਵਾਂ ਪਰਿਵਾਰਾਂ ਦੇ ਪੁੱਤਰ ਅੱਗੇ ਆ ਰਹੇ ਹਨ। ਚਰਚਾ ਨਿਤੀਸ਼ ਦੇ ਬੇਟੇ ਨਿਸ਼ਾਂਤ ਕੁਮਾਰ ਦੀ ਸਿਆਸਤ ਵਿੱਚ ਐਂਟਰੀ ਦੀ ਵੀ ਹੋ ਰਹੀ ਹੈ। ਲਾਲੂ ਪ੍ਰਸਾਦ ਦਾ ਪਰਿਵਾਰ ਤਾਂ ਪਹਿਲਾਂ ਹੀ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਹਨਾਂ ਦਾ ਵੱਡਾ ਬੇਟਾ ਤੇਜ ਪ੍ਰਤਾਪ ਪਰਿਵਾਰ ਵੱਲੋਂ ਵੱਧ ਸਰਗਰਮ ਹੈ। ਦੂਜੇ ਪਾਸੇ ਪ੍ਰਸ਼ਾਂਤ ਕਿਸ਼ੋਰ ਵੀ ਬਿਹਾਰ ਵਿੱਚ ਆਪਣੀ ਸਿਆਸੀ ਭੂਮਿਕਾ ਨਿਭਾਉਣ ਲਈ ਤਿਆਰ ਬੈਠਾ ਹੈ।

ਚੋਣ ਸਰਗਰਮੀਆਂ ਦੇ ਦੌਰਾਨ ਦੋਵਾਂ ਧਿਰਾਂ ਦੇ ਨੇਤਾਵਾਂ ਵਿੱਚ ਸ਼ਬਦੀ-ਜੰਗ ਛਿੜ ਚੁੱਕੀ ਹੈ। ਨੇਤਾਵਾਂ ਵੱਲੋਂ ਸ਼ਬਦਾਂ ਦੀ ਮਰਿਆਦਾ ਭੁਲਾਈ ਜਾ ਚੁੱਕੀ ਹੈ।ਸਰਕਾਰੀ ਧਿਰ ਵੱਲੋਂ ਜਿੱਥੇ ਵੋਟਰਾਂ ਨੂੰ ਭਰਮਾਉਣ ਲਈ ਸੁਵਿਧਾਵਾਂ ਦੇਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ, ਉਥੇ ਨਿਤੀਸ਼ ਕੁਮਾਰ ਵੱਲੋਂ ਬਿਹਾਰ ਵਿੱਚ ਮੁਫ਼ਤ ਬਿਜਲੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ "ਬਿਹਾਰ-ਜੰਗ" ਜਿੱਤਣ ਲਈ ਬਿਹਾਰ 'ਚ ਨਵੇਂ ਪ੍ਰੋਜੈਕਟਾਂ ਦਾ ਹੜ੍ਹ ਲਿਆਂਦਾ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਹਨਾਂ ਯੋਜਨਾਵਾਂ, ਪਰਿਯੋਜਨਾਵਾਂ ਅਤੇ ਭਲਾਈ ਸਕੀਮਾਂ ਦਾ ਲਾਭ ਆਮ ਬਿਹਾਰੀ ਜਨਤਾ ਤੱਕ ਪੁੱਜਦਾ ਵੀ ਹੈ ਜਾਂ ਨਹੀਂ।

ਬਿਹਾਰ ਦੇ ਲੋਕ ਅੱਤ ਦੀ ਗ਼ਰੀਬੀ ਹੰਢਾਉਂਦਿਆਂ ਪ੍ਰਵਾਸ ਦੇ ਰਾਹ ਪੈ ਗਏ ਹਨ ਅਤੇ ਪੈ ਰਹੇ ਹਨ। ਕਾਰਨ ਇੱਕੋ ਹੀ ਹੈ — ਬਿਹਾਰ ਵਿੱਚ ਰੁਜ਼ਗਾਰ ਦੀ ਕਮੀ ਹੈ, ਸਿੱਖਿਆ ਦੀ ਕਮੀ ਹੈ, ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਗੈਂਗ ਵਾਰ, ਕਾਨੂੰਨ ਵਿਵਸਥਾ ਅਜ਼ਾਦੀ ਤੋਂ ਬਾਅਦ ਕਿਸੇ ਵੀ ਰਾਜ ਸਰਕਾਰ ਦੇ ਕਾਬੂ 'ਚ ਨਹੀਂ ਆ ਸਕੀ। ਨਤੀਜੇ ਵਜੋਂ ਲੋਕ ਘਰ ਛੱਡ ਕੇ ਮਹਾਰਾਸ਼ਟਰ, ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਰੁਜ਼ਗਾਰ ਲਈ ਜਾਂਦੇ ਹਨ। ਕਈ ਵਾਰੀ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਉਥੇ ਹੀ ਪੱਕੇ ਤੌਰ 'ਤੇ ਠਹਿਰ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿੱਚ ਬਿਹਾਰ ਦੇ ਲੋਕ ਪੰਜਾਬ ਵਿੱਚ ਵੀ ਫੈਲੇ ਹੋਏ ਹਨ, ਜਿੱਥੇ ਉਹ ਆਪਣੀ ਰਿਹਾਇਸ਼ ਅਤੇ ਕਾਰੋਬਾਰ ਸਥਾਪਿਤ ਕਰ ਚੁੱਕੇ ਹਨ। ਇਹਨਾਂ ਲੋਕਾਂ ਵਿੱਚੋਂ ਬਹੁਤੇ ਬਾਹਰਲੇ ਸੂਬਿਆਂ ਵਿੱਚ ਜਾਂਦੇ ਹਨ, ਰੋਜ਼ੀ-ਰੋਟੀ ਕਮਾਉਂਦੇ ਹਨ ਅਤੇ ਥਿਤ-ਤਿਉਹਾਰਾਂ 'ਤੇ ਘਰੀਂ ਪਰਤਦੇ ਹਨ। ਪਰ ਐਤਕੀਂ ਕਿਉਂਕਿ ਬਿਹਾਰ ਵਿਧਾਨ ਸਭਾ ਚੋਣਾਂ ਦਿਵਾਲੀ, ਦੁਸਹਿਰਾ ਆਦਿ ਤਿਉਹਾਰਾਂ ਦੇ ਨੇੜੇ ਆਉਣੀਆਂ ਹਨ, ਅਜਿਹੀ ਸਥਿਤੀ ਵਿੱਚ ਇਹ ਪ੍ਰਵਾਸੀ ਬਿਹਾਰੀ ਇਸ ਵਾਰ ਦੀਆਂ ਬਿਹਾਰ ਚੋਣਾਂ ਵਿੱਚ ਆਪਣੀ ਵੋਟ ਦੀ ਵਰਤੋਂ ਕਰਨਗੇ।

ਬਿਹਾਰ ਦੇ ਨੇਤਾਵਾਂ ਵਿੱਚ ਹੁਣ ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਵਾਂਗਰ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਆਉਣਾ-ਜਾਣਾ ਆਮ ਹੋ ਗਿਆ ਹੈ। ਇਹ ਪ੍ਰਵਿਰਤੀ ਜੋ ਕਿ ਆਮ ਲੋਕਾਂ ਨਾਲ ਧੋਖਾ ਹੈ, ਵੱਧਦੀ ਜਾ ਰਹੀ ਹੈ। ਬਿਹਾਰ ਚੋਣਾਂ ਵਿੱਚ ਇਹ ਦਲ-ਬਦਲੀ ਆਮ ਹੋਣ ਦੀ ਸੰਭਾਵਨਾ ਹੈ।

ਬਿਹਾਰ ਚੋਣਾਂ 'ਚ ਕੌਣ ਜਿੱਤੇਗਾ, ਇਸ ਬਾਰੇ ਅੰਦਾਜ਼ੇ ਹੁਣੇ ਤੋਂ ਲੱਗਣੇ ਸ਼ੁਰੂ ਹੋ ਗਏ ਹਨ। ਬਹਿਸਾਂ ਸਰਵੇ, ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜੰਗ ਤੇਜ਼ ਹੋ ਚੁੱਕੀ ਹੈ। ਬਿਹਾਰ ਵਿੱਚ ਸਮੀਕਰਨ ਵੀ ਬਦਲ ਰਹੇ ਹਨ। ਉਹ ਆਮ ਲੋਕ, ਜੋ ਵੋਟਾਂ ਦੇ ਸ਼ੁੱਧੀਕਰਨ ਦੀ ਭੇਂਟ ਚੜ੍ਹ ਰਹੇ ਹਨ, ਉਹਨਾਂ ਦਾ ਵਤੀਰਾ ਕੀ ਹੋਵੇਗਾ, ਇਹ ਵੇਖਣਾ ਵੀ ਦਿਲਚਸਪ ਹੋਵੇਗਾ।

ਬਿਹਾਰ ਵਿੱਚ ਚੋਣਾਂ ਇਸ ਵਾਰ ਮਹੱਤਵਪੂਰਨ ਹਨ, ਕਿਉਂਕਿ ਵੋਟਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਥਕੇਵੇਂ ਭਰੀ ਇੱਕ ਕਵਾਇਦ ਤੋਂ ਬਾਅਦ ਮੁੜ ਪ੍ਰਾਪਤ ਹੋਏਗਾ। ਇਸ ਅਧਿਕਾਰ ਤੋਂ ਕੁਝ ਲੋਕ ਹਾਲੇ ਵੀ ਵਿਰਵੇ ਰਹਿਣਗੇ। ਗ਼ਰੀਬ ਤੇ ਕਮਜ਼ੋਰ ਤਬਕੇ ਦੇ ਵੋਟਰ ਭਾਵੇਂ ਅਸਿੱਖਿਅਤ ਹੁੰਦੇ ਹਨ, ਪਰ ਸਮੂਹਿਕ ਰੂਪ ਵਿੱਚ ਆਮ ਤੌਰ 'ਤੇ ਉਹਨਾਂ ਦੀ ਸਮਝ ਡੂੰਘੀ ਹੁੰਦੀ ਹੈ।

ਉਹ ਜਾਣਦੇ ਹਨ ਕਿ ਉਹਨਾਂ ਦੀ ਸੁਚੱਜੇ ਢੰਗ ਨਾਲ ਨੁਮਾਇੰਦਗੀ ਕਰਨ ਵਾਲਾ ਕੌਣ ਹੋ ਸਕਦਾ ਹੈ। ਉਹ ਇਹ ਵੀ ਜਾਣਦੇ ਹਨ ਕਿ ਸੱਤਾ ਵਿੱਚ ਭਾਵੇਂ ਕੋਈ ਵੀ ਧਿਰ ਹੋਵੇ, ਪਰ ਹਰ ਪੰਜ ਸਾਲ ਬਾਅਦ ਉਹਨਾਂ ਕੋਲ ਇੱਕ ਮੌਕਾ ਹੁੰਦਾ ਹੈ—ਸੱਤਾ ਧਿਰ ਨੂੰ ਬਾਹਰ ਦਾ ਰਸਤਾ ਵਿਖਾਉਣ ਦਾ ਜਾਂ ਘੱਟੋ-ਘੱਟ ਆਪਣੇ ਗੁੱਸੇ ਤੇ ਨਰਾਜ਼ਗੀ ਨੂੰ ਵੋਟ ਰਾਹੀਂ ਜ਼ਾਹਿਰ ਕਰਨ ਦਾ।

ਉਹਨਾਂ ਕੋਲ ਵੋਟ ਇੱਕ ਸਾਧਨ ਹੈ—ਇੱਕ ਅਧਿਕਾਰ, ਜਿਸ ਰਾਹੀਂ ਉਹ ਆਪਣੀਆਂ ਉਮੀਦਾਂ ਨੂੰ ਜ਼ਿੰਦਾ ਰੱਖਦੇ ਹਨ। ਸਮਾਜਿਕ ਹੈਸੀਅਤ ਹਾਸਿਲ ਕਰਨ ਲਈ ਵੀ ਵੋਟ ਇੱਕ ਅਹਿਮ, ਵਿਅਕਤੀਗਤ ਤੇ ਸਮੂਹਿਕ ਸੰਦ ਹੈ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–5**

ਬੋਧਮਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉੱਤੇ ਨਾਸਤਿਕਤਾ ਦੇ ਅਸਰ ਪਾਉਂਦੀ ਸੀ, ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉੱਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਮੁੱਖ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ ਦਰਸ਼ਨ ਵਿੱਚ ਭੀ ਕਈ ਅੰਸ਼ ਰਲ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ। ਭਗਤੀ ਦੇ ਇਸ ਤਰ੍ਹਾਂ ਦੇ ਪਿਛੋਕੜ ਉੱਤੇ ਚਰਚਾ, ਘੱਟੋ-ਘੱਟ ਇਕ ਸੁਤੰਤਰ ਗ੍ਰੰਥ ਦੀ ਮੁਥਾਜ ਹੈ।

ਗਿਆਨ ਅਤੇ ਮੰਤਕੀ ਵਿਚਾਰਧਾਰਾ ਨੂੰ ਸਭ ਤੋਂ ਵੱਧ ਪ੍ਰਚਾਰਨ ਵਾਲੇ ਸ਼ੰਕਰਾਚਾਰੀਆ ਜੀ ਹੋਏ। ਉਨ੍ਹਾਂ ਦੇ ਵਿਚਾਰਾਂ ਦਾ ਮੂਲ ਸੂਤਰ ਸੀ ਅਹੰਬ੍ਰਹਮਅਸਵੰ ਮੈਂ ਹੀ ਬ੍ਰਹਮ ਹਾਂ। ਜੋ ਵਿਅਕਤੀ ਖੁਦ ਹੀ ਬ੍ਰਹਮ ਹੈ ਤਾਂ ਭਗਤੀ ਕਿਸ ਦੀ ਕਰਨੀ ਹੋਈ? ਇਸ ਸਿਧਾਂਤ ਨੂੰ ਭਗਤੀ ਮਤ ਦੇ ਪਿੱਛੋਂ ਹੋਏ ਅਚਾਰੀਆਂ ਨੇ ਨਾਸਤਕਵਾਦ ਦਾ ਹੀ ਇਕ ਰੂਪ ਕਹਿ ਕੇ ਨਕਾਰਿਆ। ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ (ਪ੍ਰਛੰਨ–ਬੋਧੀ) ਦੱਸਕੇ, ਉਸ ਦੇ ਮਤ ਦਾ ਕਰੜਾ ਵਿਰੋਧ ਕੀਤਾ। ਆਲਵਾਰਾਂ ਦੇ ਮਨ ਮਸਤਕ ਵਿੱਚੋਂ ਅਵਤਾਰ ਵਾਦੀ ਭਗਤੀ ਪ੍ਰਵਾਹਿਤ ਹੁੰਦੀ ਰਹੀ। ਇਨ੍ਹਾਂ ਤੋਂ ਨੈਨਾਰਾਂ ਨੇ ਸਰਗੁਣਵਾਦੀ, ਅਵਤਾਰਵਾ–ਦੀ ਭਗਤੀ ਦੇ ਖਿਆਲਾਂ ਦੀਆਂ ਮੁੜ ਜੜ੍ਹਾਂ ਲਾਈਆਂ। ਤਾਮਲ ਆਲਵਾਰਾਂ ਦੀ ਚਲਾਈ ਕ੍ਰਿਸ਼ਨ ਭਗਤੀ, ਭਜਨਾਂ ਅਤੇ ਗੀਤਾਂ ਦੇ ਰੂਪ ਵਿੱਚ ਫਿਰ ਕਰੂੰਬਲਾਂ ਛੋਡ ਆਈ। ਇਸ ਅਚਾਰੀਆ ਯੁੱਗ ਵਿੱਚ ਰਾਜਿਆਂ ਰਾਣਿਆਂ ਦੇ ਭੇੜਾਂ ਨਾਲੋਂ ਵੱਧ, ਸਮਾਜ ਨੂੰ ਪ੍ਰਭਾਵਤ ਕਰਨ ਵਾਲੇ ਅਚਾਰੀਆਂ ਦੀ ਗਿਆਨ ਚਰਚਾ ਦੇ ਭੇੜ ਹੁੰਦੇ ਸੀ। ਚਿੰਤਕ ਅਚਾਰੀਆ ਗਿਆਨ ਚਰਚਾ, ਸ਼ਾਸਤ੍ਰਾਰਥ ਵਿੱਚ ਇਕ ਦੂਜੇ ਤੋਂ ਵੱਧ ਨਿਪੁੰਨ ਹੁੰਦੇ ਸਨ। ਇਸ ਸਮੇਂ ਹੋਰ ਭੀ ਕਈ ਅਚਾਰੀਆ ਹੋਏ। ਏਨ੍ਹਾਂ ਮਹਾਨ, ਵਿਦਵਾਨਾਂ–ਅਚਾਰੀਆਂ ਦਾ ਤੇਜ ਪ੍ਰਤਾਪ ਆਮ ਲੋਕਾਂ ਤੋਂ ਵੱਧ ਕੇ ਰਾਜਿਆਂ ਮਹਾਰਾਜਿਆਂ ਤੱਕ ਪ੍ਰਭਾਵੀ ਸੀ। ਰਾਜ ਪ੍ਰਬੰਧ ਨੂੰ ਚਲਾਉਣ ਵਿੱਚ ਰਾਜ ਅਚਾਰੀਆ ਦਾ ਭਰਪੂਰ ਦਖਲ ਹੁੰਦਾ। ਜਦੋਂ ਨਵਾਂ ਅਚਾਰੀਆ, ਵਿਦਵਾਨ ਪਹਿਲੋਂ ਦੇ ਰਾਜ ਪੰਡਤਾਂ ਨੂੰ ਚਰਚਾ ਕਰਕੇ ਸਭਾਵਾਂ ਵਿੱਚ ਹਾਰ ਦੇ ਦਿੰਦਾ, ਉਸ ਨੂੰ ਰਾਜ ਦਰਬਾਰ ਵਿੱਚ ਪਹਿਲੇ ਅਚਾਰੀਆ ਨਾਲੋਂ ਉੱਚੀ ਥਾਂ ਮਿਲਦੀ ਸੀ। ਇਹ ਪ੍ਰਥਾ, ਬੋਧ ਵਿਦਵਾਨਾਂ ਨੇ ਪਾਈ ਸੀ ਅਤੇ ਉਨ੍ਹਾਂ ਲਈ ਹੀ ਦੁੱਖਦਾਈ ਬਣੀ। ਬੁੱਧਮਤ ਦੇ ਭਿਖਸ਼ੂ, ਪਹਿਲਾਂ ਵਿਦਵਾਨ ਅਤੇ ਤਿਆ–ਗੀ ਬੈਰਾਗੀ ਰਾਗ ਦ੍ਵੈਸ਼ ਤੋਂ ਮੁਕਤ, ਪ੍ਰਭਾਵਸ਼ੀਲ ਹੁੰਦੇ ਸੀ। ਰਾਜੇ ਆਪਣੀ ਅਗਵਾਈ ਲਈ ਅਚਾਰੀਆ ਦੇ ਨਿਯੰਤਰਣ ਵਿੱਚ ਚਲਣਾ ਧੰਨਭਾਗ ਸਮਝਦੇ ਸੀ। ਬੋਧ ਵਿਦਵਾਨ ਸਮਾਂ ਗੁਜ਼ਰ ਜਾਣ ਤੋਂ ਰਾਜ ਭਾਗ ਦੇ ਸੁੱਖਾਂ ਵਿੱਚ ਲਿਪਤ ਤੇ ਆਲਸੀ ਹੁੰਦੇ ਗਏ। ਬ੍ਰਹਮਣੀ ਧਰਮ ਦੇ ਪ੍ਰੋਹਤਵਾਦ ਤੋਂ ਭੀ ਅੱਗੇ ਲੰਘ ਗਏ। ਰਾਜ ਮਹਲਾਂ ਦੇ ਐਸ਼–ਅਰਾਮ, ਭੋਗਣ ਲੱਗੇ। ਬਿਲਾਸੀ ਜੀਵਨ ਵਿੱਚ ਪੈਕੇ ਆਪਣਾ ਕਰਤੱਵ ਪੂਰਾ ਕਰਨ ਤੋਂ ਬੇਪ੍ਰਵਾਹ ਹੋ ਗਏ। ਗਿਆਨ ਤੱਤ ਦੀ ਚਮਕ ਮੰਦੀ ਪੈਂਦੀ ਗਈ, ਵੈਰਾਗ ਤਿਆਗ ਦੇ ਗੁਣ, ਅਤੇ ਤੱਤ ਵਿਚਾਰ ਪਿੱਛੇ ਪੈ ਗਏ। ਸ਼ੰਕਰਾਚਾਰੀਆ, ਸੁਧਾਰ ਦਾ ਝੰਡਾ ਲੈ ਕੇ ਉੱਠੇ। ਇਕ ਇਕ ਬੋਧ ਅਚਾਰੀਆ ਨੂੰ ਚਰਚਾ ਲਈ ਵੰਗਾਰਿਆ ਅਤੇ ਹਰਾਇਆ।

ਬੁੱਧਮਤ–ਗਿਆਨ, ਵੈਰਾਗ, ਤਿਆਗ ਅਤੇ ਮੰਤਕ ਤੇ ਦਲੀਲਾਂ ਦੇ ਜ਼ੋਰ ਨਾਲ, ਏਸ਼ੀਆ ਭਰ ਵਿੱਚ ਫੈਲਿਆ ਸੀ। ਸ਼ੰਕਰਾਚਾਰੀਆ ਨੇ ਗਿਆਨ ਤੇ ਮੰਤਕ ਦੇ ਬੱਲ ਨਾਲ ਹੀ ਭਾਰਤ ਵਿੱਚੋਂ ਉਸ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ, ਅਦ੍ਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ। ਗੀਤਾ ਅਤੇ ਬ੍ਰਹਿਮਸੂਤਰ ਦੇ ਭਾਸ਼ ਲਿਖਕੇ ਵੈਦਿਕ ਧਰਮ ਨੂੰ ਨਵੀਂ ਪ੍ਰੀਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਅਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ ਉਨ੍ਹਾਂ ਕਿਹਾ ਵੇਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ ਚਾਰ ਮੱਠ (ਪ੍ਰਚਾਰ ਕੇਂਦਰ) ਅਦ੍ਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਉੱਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ।

ਸ਼ਿੰਗੇਰੀ ਮੱਠ ਨਾਲ ਸੰਬੰਧਿਤ ਮਹਾਂ ਵਿੱਦਿਆਲੇ ਵਿੱਚ ਰਾਮਾਨੁਜ ਨੇ ਵਿਦਿਆ ਪ੍ਰਾਪਤ ਭਗਤੀ ਮੱਤ ਦਾ ਉਦਯ ਅਤੇ ਗੁਰਮਤਿ ਭਗਤੀ ਕਰਨੀ ਆਰੰਭੀ। ਰਾਮਾਨੁਜ ਲਫਜ਼ ਦਾ ਅਖਰੀ ਅਰਥ ਹੈ, (ਰਾਮ ਜੀ ਦਾ ਭਰਾਤਾ) ਰਾਮਾਨੁਜ ਨੂੰ ਵਸ਼ਿਸ਼ਟ ਬੁੱਧੀ ਦਾ ਮਾਲਕ ਜਾਣਕੇ ਉਸ ਦੇ ਪੜ੍ਹਨ ਸਮੇਂ ਵਿੱਚ ਹੀ, ਪਾਰਖੂ ਅੱਖਾਂ ਨੇ ਤਾੜ ਕੇ ਰਾਮਾਨੁਜ ਦੇ ਕੰਨਾਂ ਵਿੱਚ ਚੇਤਨਾ ਦਾ ਤੇਲ ਦੇਣਾ ਆਰੰਭ ਦਿੱਤਾ। ਤੁਸੀਂ ਸ਼ੰਕਰਾਚਾਰੀਆ ਦੀ ਅਦ੍ਵੈਤਵਾਦੀ ਪੱਧਤੀ ਦੇ ਪ੍ਰਚਾਰਕ ਨਹੀਂ ਬਨਣਾ। ਪੂਰੀ ਚਾਤਰਤਾ ਨਾਲ ਪੜ੍ਹਨਾ ਹੈ, ਨਾਲੋ ਨਾਲ ਅਦ੍ਵੈਤ ਮਤ ਦੀਆਂ ਕਚਹਿਰੀਆਂ ਭੀ ਜਾਚਣੀਆਂ ਹਨ। ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ–ਬੋਧ ਮਤੀ ਨਾਸਤਕਵਾਦ ਦਾ ਵਿਰੋਧ ਭੀ ਕਰਨਾ ਹੈ।


ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਭੀ ਕਹਿੰਦਾ ਸੀ ਅਵਿੱਦਿਆ ਦਾ ਨਾਸ ਗਿਆਨ ਕਰਦਾ ਹੈ। ਹੋਰ ਕਿਸੇ ਕਿਰਿਆ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸ਼ਨਾ ਰਾਹੀਂ ਮੁਕਤੀ ਸੰਭਵ ਮੰਨਦੇ ਸੀ। ਸ਼ੰਕਰ ਨੇ ਅਣ ਈਸ਼ਵਰਵਾਦੀ ਫਲਸਫੇ ਨੂੰ ਬੇਅਰਥਾ ਜਣਾਇਆ, ਉਸ ਦੀ ਥਾਂ ਪੂਰਣ ਲਈ, ਜੋ ਮਤ ਖੜ੍ਹਾ ਕੀਤਾ ਵਿਅਕਤੀ ਸੰਵਯਮ ਬ੍ਰਹਮ ਹੈ, ਉਸ ਨਾਲ ਭਗਤੀ ਭਾਵਨਾ ਅਤ੍ਰਿਪਤ ਰਹੀ। ਭਗਤੀ ਮਤ ਦੇ ਉਸ ਕਾਲ ਦੇ ਵਿਸ਼ਵਾਸਾਂ ਨੂੰ ਸਰ ਭੰਡਾਰਕਰ, ਅਤੇ ਗੌਰੀ ਸ਼ੰਕਰ ਓਝਾ (ਮਧਕਾਲੀਨ, ਭਾਰਤੀ ਸੰਸਕ੍ਰਿਤੀ ਸਫ਼ਾ 11) ਅਨੁਸਾਰ ਗਹਿਰਾ ਧੱਕਾ ਮਾਰਿਆ। ਭਗਤੀ ਮਤ ਦੇ ਉਪਾਸ਼ਕਾਂ ਨੂੰ, ਜੋ ਆਲਵਰ ਅਤੇ ਨੈਨਾਰ ਕਹੇ ਜਾਂਦੇ ਸੀ, ਚਿੰਤਕ ਕਰ ਦਿੱਤਾ ਕਿ ਇੰਝ ਤਾਂ ਭਗਤੀ ਧਾਰਾ ਸਦੀਵੀ ਖੁਸ਼ਕ ਹੀ ਹੋ ਜਾਵੇਗੀ।

ਇਸ ਖਲਾਅ ਨੂੰ ਭਰਨ ਲਈ ਰਾਮਾਨੁਜ ਤੋਂ ਪਹਿਲਾਂ ਭੀ ਕੁਝ ਅਚਾਰੀਆ ਹੋਏ, ਪ੍ਰਸਿੱਧ ਨਾਮ ਹਨ, ਨਾਥ ਅਚਾਰੀਆ ਉਨ੍ਹਾਂ ਦੇ ਪੁੱਤਰ ਯਾਮਨਾਚਾਰੀਆ, (ਇਕ ਮੱਤ ਅਨੁਸਾਰ ਯਾਮਨਾਚਾਰੀਆ ਵੱਖਰੇ ਸਮੇਂ ਦੀ ਉਪਜ ਸਨ)। ਪਿਤਾ ਪੁੱਤਰ ਨੇ ਤਾਮਲ ਭਗਤੀ ਦੀਆਂ ਰੀਤਾਂ ਨੂੰ ਸੰਚਿਤ ਕਰਕੇ ਦਿਵਯ ਪ੍ਰਬੰਧਮ ਗ੍ਰੰਥ ਇਕੱਤਰ ਕੀਤਾ। ਉਸ ਦੀ ਵਿਆਖਿਆ ਟੀਕੇ ਅਤੇ ਭਾਸ਼ ਲਿਖੇ। ਇਉਂ ਭਗਤੀ ਦੀਆਂ ਮੁੜ ਜੜ੍ਹਾਂ ਲਾਈਆਂ। ਯਾਮਨਾਚਾਰੀਆ ਨੇ ਰਾਮਾਨੁਜ ਨੂੰ ਯੋਗ ਸਮਝ ਕੇ ਆਪਣਾ ਉਤਰਾਧਿਕਾਰੀ ਚੁਣ ਲਿਆ ਸੀ। ਯਤਨ ਕਰਨ ਤੋਂ ਭੀ ਰਾਮਾਨੁਜ ਯਾਮਨਾਚਾਰੀਆ ਦੇ ਜਿਊਂਦੇ ਜੀਅ ਪਹੁੰਚ ਨਾ ਸਕੇ। ਆਕੇ ਦੇਖਿਆ ਯਾਮਨਾਚਾਰੀਆ ਦੀਆਂ ਤਿੰਨ ਉਂਗਲਾਂ ਮੁੜੀਆਂ ਹੋਈਆਂ ਹਨ, ਤਿੰਨੇ ਉਂਗਲਾਂ ਦੇ ਵੱਖੋ ਵੱਖਰੇ ਟੇਢੇ ਰੂਪ ਹਨ। ਰਾਮਾਨੁਜ ਨੇ ਇਸ ਤੋਂ ਸਮਝਿਆ–ਅਚਾਰੀਆ ਜੀ ਚਾਹੁੰਦੇ ਸਨ:

1. ਮੈਂ ਬ੍ਰਹਮ ਸੂਤਰ ਅਥਵਾ ਵਿਸ਼ਣੂ ਸਹੰਸਰ ਨਾਮਾਂ ਦਾ ਭਾਸ਼ ਤਿਆਰ ਕਰਾਂ, ਅਤੇ
2. ਆਲਵਰ ਦਿਵਯ ਪ੍ਰਬੰਧ ਗ੍ਰੰਥ ਦਾ ਵਿਸਥਾਰ ਨਾਲ ਟੀਕਾ ਲਿਖਾਂ।
3. ਸਰਗੁਣ ਭਗਤੀ ਨੂੰ ਪ੍ਰਚਾਰਾਂ।

ਰਾਮਾਨੁਜ ਇਸ ਕੰਮ ਵਿੱਚ ਜੁੱਟ ਗਏ। ਪਹਿਲਾ ਕੰਮ ਏਹੋ ਹੀ ਕੀਤੇ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ ਜਨਮ ਨਗਰ ਮਦਰਾਸ (ਚੈਨਈ) ਪਾਸ ਤੇਰੂਕੰਦਰ ਹੈ।)

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਂ ਹੋ ਗਈਆਂ। ਆਲਵਰ ਭਗਤਾਂ ਦਾ ਇਕ ਦਲ ਵੈਸ਼ਣਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ–ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵ ਮੱਤ। ਵੈਸ਼ਣਵ ਅਤੇ ਸ਼ੈਵ ਮਤੀ ਭਗਤੀ ਦਲਾਂ ਵਿੱਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਲ ਇਲਾਕਿਆਂ ਵਿੱਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਤੋਂ ਰਾਮਾਨੁਜ ਨੂੰ ਆਪਣੇ ਸਰੀਰ ਦੀ ਰੱਖਿਆ ਲਈ ਤਾਮਲ–ਨਾਡ (ਮਦਰਾਸ) ਛੱਡਕੇ, ਮੈਸੂਰ ਪਾਸ, ਸ੍ਰੀ ਰੰਗਮਪੁਰ ਆਕੇ ਟਿਕਣਾ ਪਿਆ।




ਰਾਮਾਨੁਜ ਨੇ ਸਰਗੁਣ ਭਗਤੀ ਨੂੰ ਉਪਾਸ਼ਨਾ ਦੀ ਉੱਚ ਕੋਟੀ ਦੇ ਸ਼ਾਸਤਰੀ ਅਰਥਾਂ ਦੀ ਕਸਵੱਟੀ ਉੱਤੇ ਪੂਰੇ ਉਤਰਨ ਦੇ ਅਧਾਰ ਭੀ ਦਿੱਤੇ। ਨਾਲ ਹੀ ਨਾਰੀ ਤੱਤ੍ਵ ਦਾ ਸੁਮੇਲ ਭੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ,– ਜੀਵ ਬ੍ਰਹਮ, ਭਗਤੀ ਦਾ ਉਹੋ ਸਬੰਧ ਹੈ, ਜੋ ਅੱਗ ਕੋਲੋਂ ਅਤੇ ਉਸ ਵਿੱਚੋਂ ਨਿਕਲਣ ਵਾਲੀਆਂ ਚਿਣਗਾਂ ਜਾਂ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿੱਚ ਪੈ ਕੇ ਅੱਗ ਬਣ ਜਾਂਦੀ ਹੈ। ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲਕੇ ਕ੍ਰਿਸ਼ਨ ਲੀਲਾ ਅਤੇ ਰਾਧਾ ਕ੍ਰਿਸ਼ਨ ਦੀ ਭਗਤੀ ਨੂੰ ਉਭਾਰਿਆ ਤੇ ਉਪਾਸ਼ਨਾ ਦਾ ਜਾਪ ਮੰਤਰ, ਰਾਧਾ ਕ੍ਰਿਸ਼ਨ ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿੱਤ ਵਧੇਰੇ ਕੰਮ ਨਿਬਾਰਕ ਚਾਰੀਆ ਦਾ ਸੀ। ਕ੍ਰਿਸ਼ਨ ਜੀ ਦੀ ਗੋਪੀਆਂ ਨਾਲ ਰਾਸ ਲੀਲਾ, ਦੀ ਰੰਗੀਨ ਭਗਤੀ, ਪੁਰਾਣੇ ਆਲਵਰਾਂ ਦੀ, ਭਗਤੀ–ਵਿਧੀ ਨਾਲ ਮਿਲਦੀ ਹੋਣ ਕਾਰਨ ਇਕ ਦਮ ਉੱਭਰ ਆਈ। ਨਿੰਬਾਰਕਚਾਰੀ–ਆ ਉਸ ਪਿੱਛੋਂ ਬਲਭਾਚਾਰੀਆ (ਸੰ. 1536–1587) ਨੇ ਕ੍ਰਿਸ਼ਨ ਭਗਤੀ ਦਾ ਵਿਆਪਕ ਪ੍ਰਚਾਰ ਕੀਤਾ। ਰਾਧਾ ਕ੍ਰਿਸ਼ਨ ਪ੍ਰਤੀ ਪ੍ਰੇਮ ਭਰੇ ਗੀਤਾਂ ਦੇ ਭਾਵਾਂ ਨਾਲ ਸਾਰਾ ਦੱਖਣੀ ਭਾਰਤ ਗੂੰਜ ਉੱਠਿਆ। ਥੋੜ੍ਹੇ ਚਿਰ ਵਿੱਚ ਉੱਤਰੀ ਭਾਰਤ ਭੀ ਰਾਧਾ ਕ੍ਰਿਸ਼ਨ ਦੀਆਂ ਪ੍ਰੇਮ ਲੀਲਾ ਵਿੱਚ ਰੰਗਿਆ ਗਿਆ। ਭਗਤੀ ਦੀ ਇਸ ਸ਼ਾਖ ਉੱਤੇ ਬਿਰਹਾ ਦੇ ਭੰਵਰੇ ਮੰਡਲਾਉਂਦੇ ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੂਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**07966 388 388**

# ਬ੍ਰੈਡਫੋਰਡ ਕਬੱਡੀ ਟੂਰਨਾਮੈਂਟ 2025:

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

***ਬ੍ਰੈਡਰਫੋਰਡ/ਲੈਸਟਰ/ਬ੍ਰਮਿੰਘਮ/ਕਵੈਂਟਰੀ ਦੀ ਟੀਮ ਨੇ ਜਿੱਤਿਆ ਕੱਪ ਅਤੇ ਗ੍ਰੇਵਜ਼ੈਂਡ/ਬਾਰਕਿੰਗ/ਸਾਊਥਾਲ/ਈਰਥ ਵੂਲਿਚ ਰਨਰ ਅੱਪ ਰਹੀ**

***ਇੰਗਲੈਂਡ ਕਬੱਡੀ ਸੀਜ਼ਨ 2025 ਦੀ ਚੈਂਪੀਅਨ ਬਣੀ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਦੀ ਟੀਮ**

***ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ 2025 ਕਬੱਡੀ ਸੀਜ਼ਨ ਦੀ ਕਾਮਯਾਬੀ 'ਤੇ ਬ੍ਰੈਡਰਫੋਰਡ ਸਪੋਰਟਸ ਅਤੇ ਕਬੱਡੀ ਕਲੱਬ ਵੱਲੋਂ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ ਦਾ ਗੋਲਡ ਮੈਡਲ ਨਾਲ ਅਤੇ ਕੁਮੈਂਟੇਟਰ ਭਿੰਦਾ ਮੁਠੱਡਾ ਦਾ 1100 ਪੌਂਡ ਨਾਲ ਸਨਮਾਨ**

***ਇੰਗਲੈਂਡ ਕਬੱਡੀ ਸੀਜ਼ਨ 2025 ਦਾ ਸਰਬੋਤਮ ਧਾਵੀ ਖੁਸ਼ੀ ਦੁੱਗਾ ਅਤੇ ਸਰਬੋਤਮ ਧਾਵੀ ਕੁਲਵਿੰਦਰ ਧਰਮਪੁਰਾ ਬਣੇ**



ਇੰਗਲੈਂਡ ਦਾ ਕਬੱਡੀ ਸੀਜ਼ਨ ਸੁੱਖ ਸਵੀਲੀ ਨਾਲ ਅਤੇ ਬਹੁਤ ਹੀ ਕਾਮਯਾਬੀ ਨਾਲ ਬ੍ਰੈਡਫੋਰਡ ਵਿਖੇ ਸਮਾਪਤ ਹੋਇਆ। ਸੀਜ਼ਨ 2025 ਦਾ ਸਮਾਪਤੀ ਸਮਾਰੋਹ ਦਾ ਆਯੋਜਨ ਬ੍ਰੈਡਫੋਰਡ ਵਿਖੇ ਕੀਤਾ ਗਿਆ। ਜਿਸ ਦੌਰਾਨ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਇਸ ਵਰ੍ਹੇ ਦੀ ਸਰਬੋਤਮ ਟੀਮ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਦਾ ਐਲਾਨ ਕਰਦਿਆਂ ਟੀਮ ਦੇ ਖਿਡਾਰੀਆਂ, ਪ੍ਰਬੰਧਕਾਂ ਅਤੇ ਕੋਚ ਇੰਦਰਪਾਲ ਬਾਜਵਾ ਦਾ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਇਸ ਵਰ੍ਹੇ ਦਾ ਸਰਬੋ-ਤਮ ਜਾਫੀ ਖੁਸ਼ੀ ਦੁੱਗਾ ਐਲਾਨਿਆ ਅਤੇ ਸਰਬੋਤਮ ਧਾਵੀ ਕੁਲਵਿੰਦਰ ਧਰਮਪੁਰਾ ਐਲਾਨਿਆ ਅਤੇ ਦੋਵਾਂ ਦਾ ਫੈਡਰੇਸ਼ਨ ਵੱਲੋਂ ਪ੍ਰਧਾਨ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਸੁਰਿੰਦਰ ਸਿੰਘ ਮਾਣਕ, ਨੇਕਾ ਮੈਰੀਪੁਰ, ਦਲਬੀਰ ਸਿੰਘ ਸੈਂਹਬੀ, ਸੁੱਖਾ ਚੱਕਾਂਵਾਲਾ, ਬਲਜਿੰਦਰ ਭਿੰਡਰ, ਪਾਲਾ ਬਾਜਵਾ, ਸ਼ੀਰਾ ਸੰਮੀਪੁਰ, ਦਲਬੀਰ ਦੀਲਾ, ਸੁੱਖੀ ਬੈਂਸ ਆਦਿ ਵੱਲੋਂ ਦਿੱਤਾ ਗਿਆ। ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਨੂੰ ਸੀਜ਼ਨ ਦੀ ਦੂਜੀ ਸਰਬੋਤਮ ਟੀਮ ਐਲਾਨਿਆ ਗਿਆ। ਫੈਡਰੇਸ਼ਨ ਵੱਲੋਂ ਪੰਜਾਬ ਤੋਂ ਆਏ ਰੈਫਰੀਆਂ ਮਨੀ ਧੂੜ ਅਤੇ ਗਾਲਿਬ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ 2025 ਕਬੱਡੀ ਸੀਜ਼ਨ ਦੀ ਕਾਮਯਾਬੀ 'ਤੇ ਖੁਸ਼ੀ ਸਾਂਝੀ ਕਰਦਿਆਂ ਅਤੇ ਚੰਗੇ ਪ੍ਰਬੰਧਾਂ ਲਈ ਬ੍ਰੈਡਰਫੋਰਡ ਸਪੋਰਟਸ ਅਤੇ ਕਬੱਡੀ ਕਲੱਬ ਵੱਲੋਂ ਦਲਬੀਰ ਸਿੱਧੂ, ਅਮਰਜੀਤ ਰਾਇਤ, ਦਲਬੀਰ ਸੈਂਹਬੀ, ਲੱਕੀ ਨੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ ਦਾ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਕੁਮੈਂਟੇਟਰ ਭਿੰਦਾ ਮੁਠੱਡਾ ਦਾ 1100 ਪੌਂਡ ਨਾਲ ਸਨਮਾਨ ਕੀਤਾ।

ਟੂਰਨਾਮੈਂਟ ਦੀ ਆਰੰਭਤਾ ਦੀ ਅਰਦਾਸ ਤੋਂ ਬਾਅਦ ਬੀ ਟੀਮਾਂ ਦਾ ਪਹਿਲਾ ਮੈਚ ਮਿਡਵੇ ਟਾਈਗਰ ਨੇ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੂੰ 35.5/26 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਏ ਗਰੁੱਪ ਦੀਆਂ ਟੀਮਾਂ ਦੇ ਕਈ ਖਿਡਾਰੀ ਚਲੇ ਜਾਣ ਕਾਰਨ ਸਿਰਫ ਚਾਰ ਟੀਮਾਂ ਬਣਾ ਕੇ ਲੀਗ ਸਿਸਟਮ ਨਾਲ ਮੈਚ ਖੇਡੇ ਗਏ। ਪਹਿਲਾ ਮੈਚ ਸਲੋਹ/ਇਕਨਹਮ/ਹੇਜ਼/ਡਰਬੀ ਨੂੰ ਹਰਾ ਕੇ ਬ੍ਰੈਡਫੋਰਡ/ ਲੈਸਟਰ/ ਕਵੈਂਟਰੀ/ ਬ੍ਰਮਿੰਘਮ ਨੇ 39.5/37 ਅੰਕਾ ਨਾਲ ਹਰਾ ਕੇ ਜਿੱਤਿਆ। ਇਸ ਮੈਚ ਵਿੱਚ ਫਰਿਆਦ ਨੇ ਅਜ਼ੀਮ ਚੱਠਾ ਨੂੰ, ਬਿੱਲਾ ਬਨੂੰੜ ਨੇ ਹਿੰਦੇ ਖੀਰਾਂਵਾਲੀ ਨੂੰ ਡੱਕਿਆ ਅਤੇ ਦੂਜੇ ਪਾਸੇ ਹਰਪਾਲ ਕਾਹਲਵਾਂ ਨੇ ਡੀਲੇ ਨੂੰ, ਅਮਨ ਖੱਤਰੀ ਨੇ ਸੁਖਵੀਰ ਨੂੰ ਰੋਕਿਆ। ਕੁੱਲ ਮਿਲਾ ਕੇ ਗੁਰਬਾਜ਼, ਪ੍ਰਦੀਪ ਰਾਓਵਾਲ, ਸੁੱਖੀ ਮੌੜ ਅਤੇ ਸਾਥੀਆਂ ਨੇ ਕਮਾਲ ਦੀ ਖੇਡ ਵਿਖਾਉਂਦਿਆਂ ਜਿੱਤ ਦਰਜ ਕਰਕੇ ਘਰ ਦਾ ਟੂਰਨਾਮੈਂਟ ਹੋਣ ਕਰਕੇ ਦਲਬੀਰ ਸੈਂਹਬੀ, ਸੁਰਿੰਦਰ, ਅਮਰਜੀਤ ਰਾਇਤ, ਕੰਵਲਜੀਤ, ਦਲਬੀਰ ਸਿੱਧੂ, ਕੁਲਵੰਤ ਸੰਘਾ, ਪਿਆਰਾ ਰੰਧਾਵਾ, ਕੁਲਬੀਰ ਖੱਖ, ਨੇਕਾ ਮੈਰੀਪੁਰ, ਮਨਜੀਤ ਢੰਡਾ, ਢਿੱਲੋਂ, ਗੀਤਾ, ਸੁਖਦੇਵ ਸਿੱਧੂ ਨੂੰ ਖੁਸ਼ ਕੀਤਾ। ਪਰ ਸ਼ੀਰਾ ਸੰਮੀਪੁਰ, ਗੋਲਡੀ ਸੰਧੂ, ਬਲਜਿੰਦਰਾ ਭਿੰਡਰ, ਹਰਜੀਤ ਢਿੱਲੋਂ, ਮੰਤਾ, ਤਾਰੀ ਦੇ ਖਿਡਾਰੀ ਅੱਗੇ ਵੱਧਣ ਤੋਂ ਖੁੰਝ ਗਏ।









ਤੀਜਾ ਮੈਚ ਟੈਲਫੋਰਡ/ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਨੂੰ ਗ੍ਰੇਵਜ਼ੈਂਡ/ ਬਾਰਕਿੰਗ/ ਸਾਊਥਾਲ/ਈਰਥ ਵੂਲਿਚ ਦੀ ਸਾਂਝੀ ਟੀਮ ਨੇ 30/40.5 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਅੰਮ੍ਰਿਤ ਨੇ ਬਾਗੀ ਨੂੰ ਡੱਕਿਆ, ਦੂਜੇ ਪਾਸੇ ਚੱਕੀ ਨੇ ਰਮਨ, ਬੂਟੇ ਨੇ ਰਾਕੇਸ਼, ਰਾਜ਼ੀ ਨੇ ਕਰਨ ਪਾਸਲਾ ਡੱਕੇ। ਖੁਸ਼ੀ ਦੁੱਗਾ, ਸੋਨੀ ਫੱਕਰਝੰਡੇ, ਯੋਧਾ ਸੁਖਰਪੁਰ ਦੇ ਨਾਲ ਰਮਨ, ਕੁਲਵਿੰਦਰ, ਰਾਕੇਸ਼, ਕਰਨ ਪਾਸਲਾ ਸ਼ਾਇਦ ਆਖਰੀ ਟੂਰਨਾਮੈਂਟ ਤੇ ਸਹਿਜ ਨਾਲ ਹੀ ਖੇਡ ਰਹੇ ਸੀ। ਬਲਵਿੰਦਰ ਸਿੰਘ ਚੱਠਾ, ਸੁੱਖੀ ਬੈਂਸ, ਹਰਜੀਤ ਸੰਧੂ, ਸਾਬੀ ਸੰਧੂ ਟੀਮ ਤੋਂ ਤਾਂ ਖੁਸ਼ ਸੀ ਪਰ ਪੂਰੇ ਜੋਸ਼ ਵਿੱਚ ਵਿਖਾਈ ਨਹੀਂ ਦਿੱਤੇ। ਕੰਮਾ ਔਜਲਾ, ਸੱਤਾ ਮੁਠੱਡਾ, ਸੁਰਿੰਦਰ ਸਿੰਘ ਮਾਣਕ ਪਿੰਦਰ, ਮਨਦੀਪ, ਰਾਣਾ ਪੱਡਾ, ਰਾਜਵਿੰਦਰ, ਪਾਲਾ ਬਾਜਵਾ, ਕੁਲਵਿੰਦਰ ਸਹੋਤਾ ਟੀਮ ਦੇ ਨਾਲ ਨਾਲ ਬ੍ਰੈਡਫੋਰਡ ਦੇ ਚੰਗੇ ਪ੍ਰਬੰਧ ਤੋਂ ਵੀ ਖੁਸ਼ ਵਿਖਾਈ ਦੇ ਰਹੇ ਸੀ।

ਚੌਥੇ ਮੈਚ ਵਿੱਚ ਬੀ ਗਰੁੱਪ ਦੀ ਮੌੜ ਕਬੱਡੀ ਕਲੱਬ ਨੇ ਲੰਡਨ ਟਾਈਗਰ ਨੂੰ 48/27.5 ਅੰਕਾਂ ਦੇ ਫਰਕ ਨਾਲ ਹਰਾਇਆ। ਏ ਗਰੁੱਪ ਦੇ ਦੂਜੇ ਰਾਉਂਡ ਵਿੱਚ ਬ੍ਰੈਡਫੋਰਡ/ ਲੈਸਟਰ/ ਕਵੈਂਟਰੀ/ ਬ੍ਰਮਿੰਘਮ ਨੇ ਟੈਲਫੋਰਡ ਨੂੰ 48.5/38 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤ ਦਰਜ ਕੀਤੀ। ਇਸ ਮੈਚ ਵਿੱਚ ਅੰਮ੍ਰਿਤ ਨੇ 3, ਯੋਧੇ ਅਤੇ ਸੋਨੀ ਨੇ ਦੋ ਦੋ ਜੱਫੇ ਲਾਏ ਅਤੇ ਦੂਜੇ ਪਾਸੇ ਅਮਨ ਖੱਤਰੀ ਨੇ ਰਾਕੇਸ਼ ਅਤੇ ਪਾਸਲੇ ਨੂੰ, ਹਰਪਾਲ ਕਾਹਲਵਾਂ ਨੇ ਦੋ, ਮਨੀ ਦਿਆਲਪੁਰੀਏ ਨੇ 3 ਜੱਫੇ ਲਾ ਕੇ ਮੈਚ ਦਾ ਪਾਸਾ ਪਲਟਿਆ। ਨੇਕਾ ਮੈਰੀਪੁਰ, ਸੁਖਦੇਵ ਸਿੱਧੂ, ਮਨਜੀਤ ਢੰਡਾ, ਦਲਬੀਰ ਸੈਂਹਬੀ, ਅਮਰਜੀਤ, ਸੁਰਿੰਦਰ ਸਭ ਨੋਟਾਂ ਨਾਲ ਖਿਡਾਰੀਆਂ ਨੂੰ ਨਿਹਾਲ ਕਰ ਰਹੇ ਸੀ।

ਪੰਜਵੇਂ ਮੈਚ ਵਿੱਚ ਗ੍ਰੇਵਜ਼ੈਂਡ/ਬਾਰਕਿੰਗ/ਈਰਥ ਵੂਲਿਚ/ਸਾਊਥਾਲ ਨੇ ਹੇਜ਼/ ਡਰਬੀ/ ਸਲੋਹ/ ਇਕਨਹਮ ਨੂੰ 39/32.5 ਅੰਕਾਂ ਨਾਲ ਹਰਾਇਆ। ਫਰਿਆਦ ਨੇ ਬਾਗੀ ਅਤੇ ਗੋਲੇ ਸੰਧਵਾਂ ਨੇ ਸੋਨੀ ਨੂੰ ਰੋਕਿਆ, ਪਰ ਉੱਡਣੇ ਸੱਪ ਵਾਂਗੂੰ ਮੇਲਦੇ ਮੱਖਣ ਮੱਖੀ, ਮਾਹਲਾ ਗੋਬਿੰਦਪੁਰੀਆ ਕਿੱਥੇ ਰੁਕਦੇ ਸੀ। ਸੋਹਣ, ਰੱਜ਼ੀ, ਗੱਗੀ, ਚੱਕੀ ਤੇ ਬੂਟਾ ਫਾਈਨਲ 'ਚ ਸ਼ਾਨ ਨਾਲ ਜਾ ਪਹੁੰਚੇ।

ਬੀ ਟੀਮ ਦਾ ਫਾਈਨਲ ਮੈਚ ਮੌੜ ਕਬੱਡੀ ਕਲੱਬ ਨੇ ਮਿਡਲੈਂਡ ਕਬੱਡੀ ਕਲੱਬ ਨੂੰ 41.5/31 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਜਦ ਕਿ ਏ ਗਰੁੱਪ ਦਾ ਫਾਈਨਲ ਕੱਪ ਅੱਜ ਬ੍ਰੈਡਫੋਰਡ/ਲੈਸਟਰ/ਕਵੈਂਟਰੀ/ਬ੍ਰਮਿੰਘਮ ਨੇ ਗ੍ਰੇਵਜ਼ੈਂਡ/ਬਾਰਕਿੰਗ/ਸਾਊਥਾਲ/ਈਰਥ ਵੂਲਿਚ ਨੂੰ 39.5/37 ਅੰਕਾਂ ਦੇ ਫਰਕ ਨਾਲ ਗਹਿਗੱਚ ਮੁਕਾਬਲੇ ਤੋਂ ਬਾਅਦ ਜਿੱਤ ਕੇ ਹਾਸਿਲ ਕੀਤਾ। ਹਰਪਾਲ ਨੇ ਮੱਖੀ ਨੂੰ ਤਕੜਾ ਜੱਫਾ ਲਾਇਆ ਤੇ ਮਨੀ ਦਿਆਲਪੁਰੀਏ ਨੇ ਮਾਹਲੇ ਨੂੰ, ਚੱਕੀ ਨੇ ਸਭ ਤੋਂ ਪਹਿਲਾਂ 3 ਜੱਫੇ ਲਾ ਕੇ 1000 ਪੌਂਡ ਦਾ ਇਨਾਮ ਜਿੱਤਿਆ, ਬੂਟੇ ਨੇ ਗੁਰਬਾਜ਼, ਸੋਹਣ ਨੇ ਅਜ਼ੀਮ ਚੱਠਾ ਰੋਕਿਆ। ਕੁੱਲ ਮਿਲਾ ਕੇ ਜਬਰਦਸਤ ਮੁਕਾਬਲਾ ਵੇਖਣ ਨੂੰ ਮਿਲਿਆ।

*ਬਾਕੀ ਹਿਸਾ ਸਫਾ 44 ਤੇ ਪੜ੍ਹੋ*

## ਬਰੈਡਫੋਰਡ ਕਬੱਡੀ ਟੂਰਨਾਮੈਂਟ- 43 ਸਫੇ ਦੀ ਬਾਕੀ





ਆਖਰੀ ਕੱਪ ਜਿੱਤ ਨੇ ਬ੍ਰੈਡਫੋਰਡ ਵਾਲੇ ਤਾਂ ਬਾਹਲੇ ਹੀ ਖੁਸ਼ ਹੋਏ, ਦਲਬੀਰ ਸੈਂਹਬੀ, ਸੁਰਿੰਦਰ, ਅਮਰਜੀਤ, ਮਨਜੀਤ ਢੰਡਾ, ਸਤਨਾਮ ਗਿੱਲ, ਨੇਕਾ ਮੈਰੀਪੁਰ, ਕੁਲਵੰਤ ਸੰਘਾ, ਪਿਆਰਾ ਰੰਧਾਵਾ, ਸੁਖਦੇਵ ਸਿੱਧੂ, ਕੁਲਬੀਰ ਖੱਖ, ਗੀਤਾ, ਨਿਰਮਲ ਲੱਡੂ ਪੂਰੇ ਖੁਸ਼ ਸਨ। ਮਾਹਲਾ ਗੋਬਿੰਦਪੁਰੀਏ ਨੂੰ 18 ਕਬੱਡੀਆਂ ਪਾ ਕੇ 17 ਅੰਕ ਹਾਸਿਲ ਕਰਨ 'ਤੇ ਅਤੇ ਮਨੀ ਦਿਆਲਪੁਰੀਏ ਨੂੰ 13 ਕੋਸ਼ਿਸ਼ਾਂ ਕਰਦਿਆਂ ਤਿੰਨ ਜੱਫੇ ਲਾਉਣ ਤੇ ਟੂਰਨਾਮੈਂਟ ਦੇ ਸਰਬੋਤਮ ਖਿਡਾਰੀ ਐਲਾਨੇ ਗਏ।

ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀ ਸੱਜਣ ਨਿਰਮਲ ਸਿੰਘ ਸੇਖੋਂ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ, ਰੈਫਰੀਆਂ, ਕੁਮੈਂਟੇਟਰਾਂ, ਮੀਡੀਆ ਅਤੇ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਲਈ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਕੁੱਲ ਮਿਲਾ ਕੇ ਬ੍ਰੈਡਫੋਰਡ ਸਪੋਰਟਸ ਐਂਡ ਕਬੱਡੀ ਕਲੱਬ ਵੱਲੋਂ ਦਲਬੀਰ ਸਿੰਘ ਸਿੱਧੂ, ਅਮਰਜੀਤ ਸਿੰਘ ਰਇਤ, ਦਲਬੀਰ ਸਿੰਘ ਸੈਂਹਬੀ, ਸੁਰਿੰਦਰ ਸਿੰਘ ਅਟਵਾਲ, ਸੋਢੀ ਕੂਨਰ, ਹਰਜਿੰਦਰ ਸਿੰਘ ਨਿੱਝਰ, ਕਵਲਜੀਤ ਸਿੰਘ, ਸੁਰਿੰਦਰਪਾਲ ਸਿੰਘ ਲੱਕੀ, ਦਵਿੰਦਰ ਖਹਿਰਾ, ਜਰਨੈਲ ਸਿੰਘ, ਗੁਰਬਖਸ਼ ਸਿੰਘ ਤੂਰ, ਬਲਜਿੰਦਰ ਸਿੰਘ, ਨਵਦੀਪ ਸਿੰਘ, ਗੁਰਜੀਤ ਸਿੰਘ ਸੈਂਹਬੀ, ਹਰਵਿੰਦਰ ਸਿੰਘ ਤਾਜੀ, ਰਮਨ ਸਿੰਘ, ਬਿੱਲਾ ਦਿਓਲ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ, ਜਿਹਨਾਂ ਨੇ ਚੰਗੇ ਪ੍ਰਬੰਧ ਕੀਤੇ। ਸਾਰਾ ਦਿਨ ਲੰਗਰ, ਚਾਹ ਅਤੇ ਹੋਰ ਸੇਵਾ ਖੂਬ ਹੋਈ। ਕੇਸਰ ਸਿੰਘ ਧਾਲੀਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਕੈਲੀਫੋਰਨੀਆ ਵਿੱਚ ਆਈ ਐਸ ਆਈ ਐਸ ਨੂੰ ਪੈਸੇ ਭੇਜਣ ਦੇ ਦੋਸ਼ਾਂ ਤਹਿਤ ਇੱਕ ਫਿਲਪਾਇਨੀ ਗ੍ਰਿਫਤਾਰ * ਘਰ ਵਿੱਚੋਂ ਬੰਬ ਬਰਾਮਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਐਫ ਬੀ ਆਈ ਵੱਲੋਂ ਲਾਂਗ ਬੀਚ, ਕੈਲੀਫੋਰਨੀਆ ਵਿੱਚ ਇੱਕ ਵਿਅਕਤੀ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ ਐਸ ਆਈ ਐਸ) ਨੂੰ ਪੈਸੇ ਭੇਜਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਨਿਆਂ ਵਿਭਾਗ ਨੇ ਦਿੱਤੀ ਹੈ। ਜਸਟਿਸ ਵਿਭਾਗ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਗ੍ਰਿਫਤਾਰ ਵਿਅਕਤੀ ਦੀ ਪਛਾਣ 28 ਸਾਲਾ ਮਾਰਕ ਲੋਰੇਂਜ਼ੋ ਵਿਲਾਨੂਏਵਾ ਵਜੋਂ ਹੋਈ ਹੈ ਜੋ ਮੂਲ ਰੂਪ ਵਿੱਚ ਫਿਲਪਾਇਨੀ ਹੈ ਤੇ ਉਹ ਅਮਰੀਕਾ ਦਾ ਸਥਾਈ ਵਾਸੀ ਹੈ। ਜਾਂਚਕਾਰ ਅਨੁਸਾਰ ਵਿਲਾਨੂਏਵਾ ਇਸ ਸਾਲ ਸੋਸ਼ਲ ਮੀਡੀਆ ਰਾਹੀਂ ਦੋ ਆਈ ਐਸ ਆਈ ਐਸ ਲੜਾਕੂਆਂ ਦੇ ਸੰਪਰਕ ਵਿੱਚ ਆਇਆ ਸੀ। ਵਿਲਾਨੂਏਵਾ ਨੇ ਉਨਾਂ ਨੂੰ ਭੇਜੇ ਸੰਦੇਸ਼ਾਂ ਵਿੱਚ ਆਈ ਐਸ ਆਈ ਐਸ ਦਾ ਸਮਰਥਨ ਕਰਨ ਤੇ ਪੈਸੇ ਨਾਲ ਮੱਦਦ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਉਸ ਨੇ ਆਈ ਐਸ ਆਈ ਐਸ ਨੂੰ ਕਥਿੱਤ ਤੌਰ 'ਤੇ ਲਿਖਿਆ ਸੀ ਕਿ "ਆਪਣੇ ਧਰਮ ਲਈ ਲੜਨਾ ਤੇ ਸ਼ਹੀਦ ਹੋਣਾ ਮਾਣ ਵਾਲੀ ਗੱਲ ਹੈ ਤੇ ਸਵਰਗ ਨੂੰ ਜਾਣ ਦਾ ਇਹ ਸੱਭ ਤੋਂ ਵਧੀਆ ਤਰੀਕਾ ਹੈ। ਇੱਕ ਦਿਨ ਮੈ ਵੀ ਤੁਹਾਡੇ ਨਾਲ ਸ਼ਾਮਿਲ ਹੋ ਜਾਵਾਂਗਾ।"

ਵੈਸਟਰਨ ਯੂਨੀਅਨ ਦੇ ਰਿਕਾਰਡ ਅਨੁਸਾਰ 5 ਮਹੀਨਿਆਂ ਵਿੱਚ ਉਸ ਨੇ ਅੱਤਵਾਦੀ ਸੰਗਠਨ ਦਾ ਹਿਸਾਬ ਕਿਤਾਬ ਰੱਖਣ ਵਾਲੇ 2 ਵਿਚੋਲਿਆਂ ਨੂੰ 1615 ਡਾਲਰ ਭੇਜੇ। ਐਫ ਬੀ ਆਈ ਅਨੁਸਾਰ ਗ੍ਰਿਫਤਾਰੀ ਵੇਲੇ ਉਸ ਦੇ ਸੌਣ ਵਾਲੇ ਕਮਰੇ ਵਿੱਚੋਂ ਇਕ ਬੰਬ ਨੁਮਾ ਵਸਤੂ ਵੀ ਬਰਾਮਦ ਹੋਈ ਹੈ।

## ਭਾਰਤੀ ਮੂਲ ਦੀ ਮਥੁਰਾ ਸ੍ਰੀਧਰਨ ਓਹਾਈਓ ਦੀ ਸਾਲਿਸਟਰ ਜਨਰਲ ਨਿਯੁੱਕਤ, ਸੋਸ਼ਲ ਮੀਡੀਆ ਉਪਰ ਨਸਲੀ ਟਿੱਪਣੀਆਂ



ਮਥੁਰਾ ਸ੍ਰੀਧਰਨ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਮੂਲ ਦੀ ਮਥੁਰਾ ਸ੍ਰੀਧਰਨ ਨੂੰ ਓਹਾਈਓ ਦੀ 12 ਵੀਂ ਸਾਲਿਸਟਰ ਜਨਰਲ ਨਿਯੁੱਕਤ ਕੀਤਾ ਗਿਆ ਹੈ। ਅਟਰਾਨੀ ਜਨਰਲ ਡੇਵ ਯੋਸਟ ਨੇ ਸੋਸ਼ਲ ਮੀਡੀਆ ਐਕਸ ਉਪਰ ਇਹ ਜਾਣਕਾਰੀ ਦਿੰਦਿਆਂ ਉਸ ਵੱਲੋਂ ਰਾਜ ਤੇ ਸੰਘੀ ਅਦਾਲਤਾਂ ਵਿੱਚ ਕੀਤੇ ਕੰਮ ਦੀ ਸ਼ਲਾਘਾ ਕੀਤੀ ਹੈ। ਪਰੰਤੂ ਇਸ ਨਿਯੁੱਕਤੀ ਦੇ ਬਾਅਦ ਕੁਝ ਕੱਟੜਪੰਥੀ ਲੋਕਾਂ ਦੁਆਰਾ ਉਸ ਦੇ ਭਾਰਤੀ ਹੋਣ ਦਾ ਮਜ਼ਾਕ ਉਡਾਇਆ ਗਿਆ ਹੈ ਤੇ ਉਸ ਦੀ ਨਾਗਰਿਕਤਾ ਬਾਰੇ ਸਵਾਲ ਉਠਾਏ ਗਏ ਹਨ। ਮੱਥੇ ਉਪਰ ਲਾਈ ਬਿੰਦੀ ਉਪਰ ਵੀ ਟਿੱਪਣੀਆਂ ਕੀਤੀਆਂ ਗਈਆਂ ਹਨ।

ਇੱਕ ਵਿਅਕਤੀ ਨੇ ਸੋਸ਼ਲ ਮੀਡੀਆ ਉਪਰ ਲਿੱਖਿਆ ਹੈ ਕਿ ਕੀ ਤੁਹਾਨੂੰ ਇਸ ਨੌਕਰੀ ਲਈ ਸਥਾਨਕ ਨਾਗਰਿਕ ਤੇ ਮੂਲ ਵਾਸੀ ਨਹੀਂ ਮਿਲਿਆ? ਦੂਸਰੇ ਨੇ ਉਸ ਦੀ ਬਿੰਦੀ ਬਾਰੇ ਪੁੱਛਿਆ ਹੈ ਕਿ ਉਸ ਦੇ ਮੱਥੇ ਉਪਰ ਕਾਹਦਾ ਨਿਸ਼ਾਨ ਹੈ? ਇੱਕ ਹੋਰ ਨੇ ਕਿਹਾ ਹੈ ਵਿਦੇਸ਼ੀਆਂ ਨੂੰ ਰਾਜ ਦੇ ਉੱਚ ਅਹੁੱਦਿਆਂ ਉਪਰ ਕਿਉਂ ਚੁਣਿਆ ਜਾ ਰਿਹਾ ਹੈ? ਅਟਾਰਨੀ ਜਨਰਲ ਯੋਸਟ ਨੇ ਸ੍ਰੀਧਰਨ ਦੇ ਹੱਕ ਵਿਚ ਨਿਤਰਦਿਆਂ ਤੁਰੰਤ ਜਵਾਬ ਦਿੱਤਾ ਤੇ ਕਿਹਾ ਕਿ " ਮਥੁਰਾ ਦੇ ਅਮਰੀਕੀ ਨਾ ਹੋਣ ਬਾਰੇ ਟਿੱਪਣੀਆਂ ਗਲਤ ਹਨ। ਉਹ ਅਮਰੀਕਾ ਦੀ ਨਾਗਰਿਕ ਹੈ ਤੇ ਉਸ ਨੇ ਇੱਕ ਅਮਰੀਕੀ ਨਾਗਰਿਕ ਨਾਲ ਵਿਆਹ ਕਰਵਾਇਆ ਹੈ ਤੇ ਉਹ ਇੱਕ ਬੱਚੇ ਦੀ ਮਾਂ ਹੈ ਜੋ ਅਮਰੀਕੀ ਨਾਗਰਿਕ ਹੈ। ਜੇਕਰ ਤੁਹਾਨੂੰ ਉਸ ਦੇ ਨਾਂ ਜਾਂ ਦਿੱਖ ਬਾਰੇ ਇਤਰਾਜ ਹੈ ਤਾਂ ਇਹ ਉਸ ਦੀ ਸਮੱਸਿਆ ਨਹੀਂ ਹੈ ਤੇ ਨਾ ਹੀ ਇਸ ਦਾ ਉਸ ਦੀ ਨਿਯੁੱਕਤੀ ਨਾਲ ਕੋਈ ਲੈਣਾ ਦੇਣਾ ਹੈ।" ਯੋਸਟ ਨੇ ਕਿਹਾ ਹੈ ਕਿ ਮੈਨੂੰ ਉਸ ਦੀਆਂ ਯੋਗਤਾਵਾਂ ਉਪਰ ਭਰੋਸਾ ਹੈ ਤੇ ਉਹ ਓਹਾਈਓ ਦੀ ਬਹੁਤ ਚੰਗੀ ਤਰਾਂ ਸੇਵਾ ਕਰੇਗੀ।


## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਇੱਕ ਗ੍ਰੰਥੀ ਸਿੰਘ ਦੀ ਲੋੜ ਹੈ, ਜਿਹੜਾ ਕਥਾ ਕੀਰਤਨ ਕਰ ਸਕਦਾ ਹੋਵੇ, ਤਬਲਾ ਵਜਾਉਣ ਜਾਣਦਾ ਹੋਵੇ ਅਤੇ ਗੁਰੂ ਘਰ ਵਿਖੇ ਹੋਰ ਸੇਵਾਵਾਂ ਦੌਰਾਨ ਹੈਡ ਗ੍ਰੰਥੀ ਦੀ ਮਦਦ ਕਰ ਸਕਦਾ ਹੋਵੇ । ਉਹ ਸਿੱਖ ਮਰਿਯਾਦਾ ਵਿਚ ਪੂਰਾ ਅਤੇ ਨਿਤਨੇਮੀ ਹੋਵੇ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ । ਚਾਹਵਾਨ ਪ੍ਰਚਾਰਕ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰਨ ਜਾਂ ਆਪਣੀਆਂ ਅਰਜ਼ੀਆਂ ਲਿਖ ਕੇ ਭੇਜਣ ਦੀ ਮਿਹਰਬਾਨੀ ਕਰਨ ਜੀ। ਅਰਜ਼ੀਆਂ ਭੇਜਣ ਦੀ ਆਖਰੀ ਤਾਰੀਕ 23 ਅਗਸਤ 2025 ਹੈ।

### 1 VACANCY- Job Title: Religious Worker- Tier-5- Full Time

**Duration**: Contract (1 Year)

**Job Purpose:** To carry out the non-pastoral duties and to assist the Minister of Religion and to meet the service needs of Sikh community.

**Duties & Responsibilities:-** Performing Kirtan, Akhand path, Sehaj path and Kitchen sewa. Be honest, reliable, collect, manage and ensure administration of Ardas money. Must pay the highest respect to the Guru Maharaj ji as well as public (Guru Ki Sadh Sangat) is essential; be present in main hall Saturday/Sunday until the Diwan Samapthy, unless you are required/agreed via Temple elsewhere on duty. Undertake any other reasonable duties/activities in pursuing the Organization's religious programs. On occasions the candidate maybe required to carry out Kirtan for family functions at the homes of the devotees.

- Benefits include full board and lodges. Salary: National Minimum Wage for 30 hours a week.

**Personnel Specification:**

The post holder will need to display the following: 1. Previous experience holding a similar role is essential. 2. Knowledge and understanding of the Sikh Religion and Guru Granth Sahib. 3. Strong motivation and empathy towards the aims and objectives of the organisation. 4. Strong organizational skills. 5. Good communication and interpersonal skills. 6. Ability to work off own initiative as well as within a team. 7. Willingness to work unsocia! hours. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing Date: 23rd August 2025**

**Apply/ Contact: via Phone 01384 238936, or Email:sdevsingh56@googlemail.com**

**GURDWARA GURU TEG BAHADHUR SAHIB JI**
**7 VICAR STREET, DUDLEY, WEST MIDLANDS, DY2 8RQ**

# ਫਰਜ਼ੀ ਪੁਲਿਸ ਮੁਕਾਬਲੇ ਦੀ ਅੰਨੀ ਬੋਲੀ ਕਾਲੀ ਰਾਤ: 1993 ਦੀ ਦਰਦਨਾਕ ਵਾਰਦਾਤ

**ਖਾਸ ਖਬਰ**

## ✪ 32 ਸਾਲਾਂ ਦੀ ਉਡੀਕ ਬਾਅਦ ਸੀ.ਬੀ.ਆਈ. ਅਦਾਲਤ ਵਲੋਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ✪ ਪੀੜਤ ਪਰਿਵਾਰਾਂ ਨੇ ਹੰਢਾਈਆਂ ਡਾਢੀਆਂ ਮੁਸੀਬਤਾਂ





ਗੱਲ 1993 ਦੀ ਹੈ, ਜਦੋਂ ਪੰਜਾਬ ਦੇ ਤਰਨਤਾਰਨ ਵਿਚ ਪੁਲਿਸੀਆ ਦਹਿਸ਼ਤ ਦੀ ਹਨੇਰੀ ਚੱਲ ਰਹੀ ਸੀ। ਉਸ ਸਮੇਂ ਦੀ ਪੁਲਿਸ ਇਨਾਮਾਂ ਤੇ ਮੈਡਲਾਂ ਦੀ ਖਾਤਰ ਬੇਕਸੂਰਾਂ ਦੀ ਜਾਨ ਦੀ ਦੁਸ਼ਮਣ ਬਣ ਗਈ ਸੀ। 27 ਜੂਨ 1993 ਨੂੰ ਸੱਤ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕਿਆ ਗਿਆ ਸੀ। ਇਹ ਨੌਜਵਾਨ ਕੋਈ ਖਾੜਕੂ ਨਹੀਂ ਸਨ, ਸਗੋਂ ਚਾਰ ਤਾਂ ਸਪੈਸ਼ਲ ਪੁਲਿਸ ਅਫਸਰ ਸਨ, ਜੋ ਪੁਲਿਸ ਦੀ ਵਰਦੀ ਵਿੱਚ ਸੇਵਾ ਨਿਭਾਅ ਰਹੇ ਸਨ। ਪਰ ਜਿਨ੍ਹਾਂ ਹੱਥਾਂ ਨੂੰ ਸਲਾਮ ਮਾਰਨਾ ਸੀ, ਉਨ੍ਹਾਂ ਹੀ ਹੱਥਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਬਲੀ ਦਾ ਬਕਰਾ ਬਣਾ ਲਿਆ। ਇਨ੍ਹਾਂ ਨੌਜਵਾਨਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ। ਅਣਮਨੁੱਖੀ ਤਸ਼ੱਦਦ ਦੀਆਂ ਚੀਸਾਂ ਨੇ ਥਾਣਿਆਂ ਦੀਆਂ ਕੰਧਾਂ ਨੂੰ ਵੀ ਸ਼ਰਮਿੰਦਾ ਕਰ ਦਿੱਤਾ। 28 ਜੁਲਾਈ 1993 ਨੂੰ ਡੀ.ਐਸ.ਪੀ. ਭੁਪਿੰਦਰਜੀਤ ਸਿੰਘ ਦੀ ਅਗਵਾਈ ਹੇਠ ਦੋ ਫਰਜ਼ੀ ਮੁਕਾਬਲਿਆਂ ਵਿੱਚ ਇਨ੍ਹਾਂ ਸੱਤ ਨੌਜਵਾਨਾਂ ਨੂੰ ਮਾਰਿਆ ਗਿਆ। ਥਾਣਾ ਵੈਰੋਵਾਲ ਅਤੇ ਥਾਣਾ ਸਹਾਰਲੀ ਵਿੱਚ ਦੋ ਵੱਖਰੀਆਂ ਐਫ.ਆਈ.ਆਰ. ਦਰਜ ਕਰਕੇ ਇਸ ਨੂੰ "ਪੁਲਿਸ ਮੁਕਾਬਲਾ" ਦਾ ਨਾਮ ਦਿੱਤਾ ਗਿਆ। ਪਰ ਅਸਲ ਵਿੱਚ ਇਹ ਸੀ ਇੱਕ ਸੰਗਠਿਤ ਕਤਲ ਸੀ।

ਇਸ ਦਰਦਨਾਕ ਵਾਰਦਾਤ ਦਾ ਪਰਦਾਫਾਸ਼ ਹੋਣ ਵਿੱਚ ਸਮਾਂ ਲੱਗਾ ਸੀ। 1996 ਵਿੱਚ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ। ਸੀ.ਬੀ.ਆਈ. ਦੀ ਜਾਂਚ ਨੇ ਕੂੜ ਦੀਆਂ ਕੰਧਾਂ ਨੂੰ ਢਾਹੁਣਾ ਸ਼ੁਰੂ ਕੀਤਾ ਸੀ। ਪੋਸਟਮਾਰਟਮ ਰਿਪੋਰਟਾਂ ਨੇ ਸਾਫ਼ ਕਰ ਦਿੱਤਾ ਕਿ ਮਾਰੇ ਗਏ ਨੌਜਵਾਨਾਂ ਨੂੰ ਮੌਤ ਤੋਂ ਪਹਿਲਾਂ ਬੇਰਹਿਮੀ ਨਾਲ ਕੁੱਟਿਆ ਗਿਆ ਸੀ। ਉਨ੍ਹਾਂ ਦੀਆਂ ਹੱਡੀਆਂ ਤੋੜੀਆਂ ਗਈਆਂ, ਸਰੀਰਾਂ ਨੂੰ ਤਸੀਹੇ ਦਿੱਤੇ ਗਏ ਸਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਪੀੜਤਾਂ ਦੀ ਪਛਾਣ ਹੋਣ ਦੇ ਬਾਵਜੂਦ, ਉਨ੍ਹਾਂ ਦੀਆਂ ਲਾਸ਼ਾਂ ਨੂੰ "ਲਾਵਾਰਿਸ" ਕਹਿ ਕੇ ਸਸਕਾਰ ਕਰ ਦਿੱਤਾ ਗਿਆ ਸੀ। ਇਹ ਸੀ ਪੁਲਿਸ ਦੀ ਉਹ ਕਾਲੀ ਕਰਤੂਤ, ਜਿਸ ਨੇ ਸੱਤ ਪਰਿਵਾਰਾਂ ਦੀਆਂ ਜ਼ਿੰਦਗੀਆਂ ਨੂੰ ਹਨੇਰੇ ਵਿੱਚ ਧੱਕ ਦਿੱਤਾ ਸੀ।

ਮ੍ਰਿਤਕ ਸੁਖਦੇਵ ਸਿੰਘ ਦੀ ਵਿਧਵਾ ਦੀਆਂ ਅੱਖਾਂ ਅੱਜ ਵੀ ਉਸ ਦਿਨ ਦੀ ਦਹਿਸ਼ਤ ਨੂੰ ਯਾਦ ਕਰਕੇ ਸੁੱਕ ਜਾਂਦੀਆਂ ਹਨ। ਉਹ ਗਰਭਵਤੀ ਸੀ ਜਦੋਂ ਉਸ ਦੇ ਪਤੀ ਨੂੰ ਘਰੋਂ ਚੁੱਕਿਆ ਗਿਆ ਸੀ। ਉਸ ਦੀਆਂ ਬਾਹਾਂ ਵਿੱਚ ਬੱਚੇ ਨੂੰ ਖੇਡਾਉਣ ਦੀ ਖੁਸ਼ੀ ਦੀ ਥਾਂ, ਮਜ਼ਦੂਰੀ ਦੀ ਧੂੜ-ਮਿੱਟੀ ਨੇ ਉਸ ਦੀ ਜ਼ਿੰਦਗੀ ਨੂੰ ਘੇਰ ਲਿਆ ਸੀ। ਮ੍ਰਿਤਕ ਛਿੰਦਾ ਸਿੰਘ ਦੀ ਪਤਨੀ ਨਰਿੰਦਰ ਕੌਰ ਦੀ ਜ਼ੁਬਾਨ 'ਤੇ ਅੱਜ ਵੀ ਉਹ ਸੀਨ ਜਿਉਂ ਦਾ ਤਿਉਂ ਹੈ, ਜਦੋਂ ਪੁਲਿਸ ਉਸ ਦੇ ਪਤੀ ਨੂੰ ਘਰ ਦੀ ਛੱਤ ਤੋਂ ਖਿੱਚ ਕੇ ਲੈ ਗਈ ਸੀ। ਉਹ ਕਹਿੰਦੀ ਹੈ ਕਿ "ਸਾਨੂੰ ਤਾਂ ਲਾਸ਼ ਵੀ ਨਹੀਂ ਵਿਖਾਈ"। ਇਨ੍ਹਾਂ ਪਰਿਵਾਰਾਂ ਨੇ 32 ਸਾਲ ਤੱਕ ਨਾ ਸਿਰਫ਼ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕੀਤਾ, ਸਗੋਂ ਸਮਾਜਿਕ ਅਤੇ ਮਾਨਸਿਕ ਪੀੜਾ ਵੀ ਸਹੀ। ਬੱਚੇ ਸਕੂਲ ਨਹੀਂ ਜਾ ਸਕੇ, ਮਾਪਿਆਂ ਦੇ ਸੁਪਨੇ ਮਿੱਟੀ ਵਿੱਚ ਮਿਲ ਗਏ ਸਨ। ਹਰ ਰੋਜ਼ ਉਹ ਇਨਸਾਫ਼ ਦੀ ਉਮੀਦ ਨਾਲ ਜੀਉਂਦੇ ਰਹੇ, ਪਰ ਸਿਸਟਮ ਦੀ ਸੁਸਤੀ ਨੇ ਉਨ੍ਹਾਂ ਦੀਆਂ ਉਮੀਦਾਂ ਨੂੰ ਵਾਰ-ਵਾਰ ਠੇਸ ਪਹੁੰਚਾਈ ਸੀ।

### 32 ਸਾਲ ਦੀ ਦੇਰੀ: ਕੌਣ ਜ਼ਿੰਮੇਵਾਰ?

ਇਨਸਾਫ਼ ਦੀ ਇਸ ਲੰਬੀ ਉਡੀਕ ਦਾ ਸਵਾਲ ਹਰ ਉਸ ਦਿਲ ਵਿੱਚ ਹੈ, ਜੋ ਇਸ ਕਹਾਣੀ ਨੂੰ ਸੁਣਦਾ ਹੈ। 32 ਸਾਲ? ਇੱਕ ਪੀੜ੍ਹੀ ਬਦਲ ਜਾਂਦੀ ਹੈ, ਸੁਪਨੇ ਸੁੱਕ ਜਾਂਦੇ ਹਨ, ਅਤੇ ਜ਼ਖਮ ਸੁੱਕਣ ਦੀ ਥਾਂ ਹੋਰ ਡੂੰਘੇ ਹੋ ਜਾਂਦੇ ਹਨ। ਇਸ ਦੇਰੀ ਦੇ ਪਿੱਛੇ ਕਈ ਕਾਰਨ ਸਨ। ਸਭ ਤੋਂ ਪਹਿਲਾਂ, ਉਸ ਸਮੇਂ ਦਾ ਸਿਆਸੀ ਅਤੇ ਪ੍ਰਸ਼ਾਸਨਿਕ ਮਾਹੌਲ, ਜਿਸ ਵਿੱਚ ਪੁਲਿਸ ਦੀਆਂ ਕਰਤੂਤਾਂ ਨੂੰ ਅਕਸਰ ਅਣਡਿੱਠ ਕਰ ਦਿੱਤਾ ਜਾਂਦਾ ਸੀ। ਪੰਜਾਬ ਸੰਤਾਪ ਦੇ ਦੌਰ ਵਿੱਚ ਪੁਲਿਸ ਨੂੰ ਖੁੱਲ੍ਹੀ ਛੂਟ ਸੀ, ਅਤੇ ਕਈ ਵਾਰ ਇਸ ਛੂਟ ਦੀ ਆੜ ਵਿੱਚ ਨਿਰਦੋਸ਼ ਵੀ ਬਲੀ ਦੇ ਬੱਕਰੇ ਬਣੇ।

ਸੀ.ਬੀ.ਆਈ. ਨੂੰ ਮਾਮਲਾ ਸੌਂਪਣ ਵਿੱਚ 3 ਸਾਲ ਲੱਗੇ। ਇਸ ਤੋਂ ਬਾਅਦ ਜਾਂਚ ਦੀ ਲੰਬੀ ਪ੍ਰਕਿਰਿਆ, ਮੁਕੱਦਮੇ ਦੀ ਸੁਸਤੀ, ਅਤੇ ਕਾਨੂੰਨੀ ਪੇਚੀਦਗੀਆਂ ਨੇ ਸਮੇਂ ਨੂੰ ਹੋਰ ਖਿੱਚਿਆ। ਮੁਕੱਦਮੇ ਦੌਰਾਨ 10 ਦੋਸ਼ੀਆਂ ਵਿੱਚੋਂ 5 ਦੀ ਮੌਤ ਹੋ ਗਈ, ਜਿਸ ਨੇ ਮਾਮਲੇ ਨੂੰ ਹੋਰ ਗੁੰਝਲਦਾਰ ਕਰ ਦਿੱਤਾ ਸੀ। ਅਦਾਲਤੀ ਪ੍ਰਕਿਰਿਆਵਾਂ ਦੀ ਸੁਸਤੀ, ਸਬੂਤਾਂ ,ਗਵਾਹਾਂ ਦੀ ਕਮੀ ਅਤੇ ਪੁਲਿਸ ਅਧਿਕਾਰੀਆਂ ਦੀ ਅਨਿਆਂਕਾਰੀ ਪਹੁੰਚ ਨੇ ਵੀ ਇਨਸਾਫ਼ ਵਿੱਚ ਅੜਚਣ ਪਾਈ ਸੀ।

### ਅਦਾਲਤ ਦਾ ਫੈਸਲਾ: ਸੱਚ ਦੀ ਜਿੱਤ

32 ਸਾਲ ਬਾਅਦ, ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸੇਵਾਮੁਕਤ ਐਸ. ਐਸ. ਪੀ. ਭੁਪਿੰਦਰ ਸਿੰਘ, ਰਿਟਾਇਰਡ ਡੀ. ਐਸ. ਪੀ. ਦਵਿੰਦਰ ਸਿੰਘ, ਇੰਸਪੈਕਟਰ ਰਘੁਬੀਰ ਸਿੰਘ, ਸੂਬਾ ਸਿੰਘ, ਅਤੇ ਏ.ਐਸ.ਆਈ. ਗੁਲਬਰਗ ਸਿੰਘ ਨੂੰ ਕਤਲ (ਆਈ.ਪੀ.ਸੀ. ਦੀ ਧਾਰਾ 302) ਅਤੇ ਅਪਰਾਧਿਕ ਸਾਜ਼ਿਸ਼ (ਧਾਰਾ 120-ਬੀ) ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਸੁਣਾਈ। ਅਦਾਲਤ ਨੇ ਦੋਸ਼ੀਆਂ 'ਤੇ ਜੁਰਮਾਨਾ ਵੀ ਲਾਇਆ, ਜੋ ਪੀੜਤ ਪਰਿਵਾਰਾਂ ਨੂੰ ਦਿੱਤਾ ਜਾਵੇਗਾ। ਇਹ ਫੈਸਲਾ ਸਿਰਫ਼ ਸਜ਼ਾ ਨਹੀਂ, ਸਗੋਂ ਉਨ੍ਹਾਂ ਪਰਿਵਾਰਾਂ ਲਈ ਇੱਕ ਉਮੀਦ ਦੀ ਕਿਰਨ ਹੈ, ਜਿਨ੍ਹਾਂ ਨੇ ਦਹਾਕਿਆਂ ਤੱਕ ਇਨਸਾਫ਼ ਦੀ ਉਡੀਕ ਵਿੱਚ ਜ਼ਿੰਦਗੀ ਗੁਜ਼ਾਰੀ। ਇਹ ਕਹਾਣੀ ਸਿਰਫ਼ ਤਰਨਤਾਰਨ ਦੇ ਫਰਜ਼ੀ ਐਨਕਾਊਂਟਰ ਦੀ ਨਹੀਂ, ਸਗੋਂ ਹਰ ਉਸ ਪਰਿਵਾਰ ਦੀ ਹੈ, ਜਿਸ ਨੇ ਸਿਸਟਮ ਦੀ ਸੁਸਤੀ ਅਤੇ ਅਨਿਆਂ ਦੀ ਮਾਰ ਸਹੀ। 32 ਸਾਲਾਂ ਦੀ ਇਸ ਲੰਬੀ ਲੜਾਈ ਨੇ ਸਾਬਤ ਕੀਤਾ ਕਿ ਸੱਚ ਦੀ ਜਿੱਤ ਹੁੰਦੀ ਹੈ, ਭਾਵੇਂ ਸਮਾਂ ਲੰਬਾ ਕਿਉਂ ਨਾ ਲੱਗ ਜਾਵੇ। ਪਰ ਸਵਾਲ ਅਜੇ ਵੀ ਬਾਕੀ ਹੈ-ਕੀ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਸਾਡਾ ਸਿਸਟਮ ਸੁਧਰੇਗਾ? ਕੀ ਪੀੜਤ ਪਰਿਵਾਰਾਂ ਦੇ ਜ਼ਖਮਾਂ ਦਾ ਮੁਆਵਜ਼ਾ ਸਿਰਫ਼ ਜੁਰਮਾਨੇ ਨਾਲ ਪੂਰਾ ਹੋ ਸਕਦਾ ਹੈ?

# ਕੀ ਅਮਰੀਕਾ ਅਤੇ ਰੂਸ ਦੀਆਂ ਪ੍ਰਮਾਣੂ ਮਿਜ਼ਾਈਲਾਂ 'ਆਪੇ ਹੀ ਚੱਲ ਪੈਣਗੀਆਂ'?

## ✪ 'ਡੈੱਡ ਹੈਂਡ' ਦੀ ਕੀ ਹੈ ਅਸਲੀਅਤ, ਕੀ ਅਮਰੀਕਾ ਤੇ ਰੂਸ ਕੋਲ ਹੈ 'ਡੈੱਡ ਹੈਂਡ' ਸਿਸਟਮ ਹੈ?

ਨਿਊਯਾਰਕ-ਡੋਨਾਲਡ ਟਰੰਪ ਦੇ ਰੂਸ ਨੇੜੇ ਪ੍ਰਮਾਣੂ ਪਣਡੁੱਬੀਆਂ ਭੇਜਣ ਦੇ ਹੁਕਮ ਤੋਂ ਬਾਅਦ ਦੁਨੀਆ ਭਰ ਵਿੱਚ ਤਣਾਅ ਵੱਧ ਗਿਆ ਹੈ। ਇਸ ਦੌਰਾਨ 'ਡੈੱਡ ਹੈਂਡ' ਨਾਮਕ ਇੱਕ ਰਹੱਸਮਈ ਸਿਸਟਮ ਦੀ ਚਰਚਾ ਫਿਰ ਤੋਂ ਤੇਜ਼ ਹੋ ਗਈ ਹੈ। ਇਹ ਸਿਸਟਮ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਪ੍ਰਮਾਣੂ ਹਮਲੇ ਤੋਂ ਬਾਅਦ ਜੇਕਰ ਕੋਈ ਜਵਾਬੀ ਹਮਲਾ ਕਰਨ ਵਾਲਾ ਨਾ ਬਚੇ ਤਾਂ ਆਪੇ ਹੀ ਪ੍ਰਮਾਣੂ ਹਮਲਾ ਕਰ ਸਕਦਾ ਹੈ, ਇਸ ਦੀ ਅਸਲੀਅਤ ਬਾਰੇ ਅਮਰੀਕੀ ਏਅਰਫੋਰਸ ਮੈਗਜ਼ੀਨ ਵਿੱਚ ਇੱਕ ਰਿਪੋਰਟ ਛਪੀ ਹੈ।

ਕੀ ਹੈ 'ਡੈੱਡ ਹੈਂਡ' ਦੀ ਅਸਲੀਅਤ?-ਰਿਪੋਰਟ ਅਨੁਸਾਰ, ਅਮਰੀਕਾ ਦੀਆਂ ਮਿਨਟਮੈਨ III ਮਿਜ਼ਾਈਲਾਂ ਨੂੰ ਚਲਾਉਣ ਵਾਲੇ ਕਰਮਚਾਰੀ ਹਰ ਛੇ ਘੰਟਿਆਂ ਬਾਅਦ ਇੱਕ "ਸਟੈਂਡ ਡਾਊਨ" ਕਮਾਂਡ ਦਰਜ ਕਰਦੇ ਹਨ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਸਿਸਟਮ ਇਹ ਮੰਨਦਾ ਹੈ ਕਿ ਆਪਰੇਟਰ ਮਾਰੇ ਜਾ ਚੁੱਕੇ ਹਨ ਅਤੇ ਫਿਰ ਇਹ ਪ੍ਰਮਾਣੂ ਬੰਬ ਲਾਂਚ ਕਰਨ ਲਈ ਪੈਂਟਾਗਨ ਜਾਂ ਕਿਸੇ ਹੋਰ ਕਮਾਂਡ ਸੈਂਟਰ ਤੋਂ ਹੁਕਮ ਦੀ ਉਡੀਕ ਕਰਨ ਲੱਗ ਜਾਂਦਾ ਹੈ।

ਵਾਰ ਜ਼ੋਨ ਦੀ ਇੱਕ ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਸਿਸਟਮ ਪੂਰੀ ਤਰ੍ਹਾਂ ਨਾਲ ਆਟੋਮੈਟਿਕ ਨਹੀਂ ਹੈ। ਇਹ ਸਿਰਫ਼ ਇਹ ਯਕੀਨੀ ਬਣਾਉਣ ਲਈ ਹੈ ਕਿ ਮਨੁੱਖੀ ਆਪਰੇਟਰ ਸੁਰੱਖਿਅਤ ਅਤੇ ਕੰਮ ਕਰਨ ਦੇ ਯੋਗ ਹਨ। ਮਿਜ਼ਾਈਲਾਂ ਨੂੰ ਲਾਂਚ ਕਰਨ ਲਈ ਅਜੇ ਵੀ ਮਨੁੱਖੀ ਕੋਡ ਅਤੇ ਹੁਕਮ ਦੀ ਲੋੜ ਪੈਂਦੀ ਹੈ, ਚਾਹੇ ਉਹ ਹੁਕਮ ਜ਼ਮੀਨ ਤੋਂ ਆਵੇ ਜਾਂ ਅਮਰੀਕੀ ਫ਼ੌਜ ਦੇ ਹਵਾਈ ਕਮਾਂਡ ਪੋਸਟ (ਈ-6ਬੀ ਮਰਕਰੀ) ਤੋਂ। ਇਸੇ ਤਰ੍ਹਾਂ ਰੂਸ ਕੋਲ ਵੀ ਇੱਕ "ਪੈਰੀਮੀਟਰ ਸਿਸਟਮ" ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਜ਼ਿਆਦਾਤਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵੀ ਪੂਰੀ ਤਰ੍ਹਾਂ ਆਟੋਮੈਟਿਕ ਨਹੀਂ ਹੈ ਅਤੇ ਇਸ ਨੂੰ ਚਲਾਉਣ ਲਈ ਵੀ ਕਿਸੇ ਇਨਸਾਨ ਦੀ ਲੋੜ ਪਵੇਗੀ।

ਅਮਰੀਕਾ ਨੇ ਬਦਲਿਆ ਸੀ ਸਿਸਟਮ-ਸਾਲ 1991 ਵਿੱਚ ਅਮਰੀਕੀ ਰਾਸ਼ਟਰਪਤੀ ਜਾਰਜ ਐੱਚ. ਡਬਲਿਊ. ਬੁਸ਼ ਨੇ ਅਮਰੀਕਾ ਦੀ ਪ੍ਰਮਾਣੂ ਹਥਿਆਰ ਪ੍ਰਣਾਲੀ ਦੀ 24/7 ਅਲਰਟ ਸਥਿਤੀ ਖਤਮ ਕਰ ਦਿੱਤੀ ਸੀ। ਇਸ ਫੈਸਲੇ ਤੋਂ ਬਾਅਦ, ਮਿਨਟਮੈਨ III ਮਿਜ਼ਾਈਲਾਂ ਦੇ ਟਾਰਗੇਟ ਰੂਸ ਵੱਲੋਂ ਹਟਾ ਕੇ ਸਮੁੰਦਰ ਵੱਲ ਕਰ ਦਿੱਤੇ ਗਏ ਸਨ, ਤਾਂ ਕਿ ਗਲਤੀ ਨਾਲ ਮਿਜ਼ਾਈਲ ਚੱਲਣ 'ਤੇ ਵੱਡੇ ਪੱਧਰ 'ਤੇ ਨੁਕਸਾਨ ਨਾ ਹੋਵੇ। ਇਸ ਤੋਂ ਸਪੱਸ਼ਟ ਹੈ ਕਿ ਪ੍ਰਮਾਣੂ ਮਿਜ਼ਾਈਲਾਂ ਨੂੰ ਚਲਾਉਣ ਦੇ ਫ਼ੈਸਲੇ ਵਿੱਚ ਹਮੇਸ਼ਾ ਇਨਸਾਨ ਦਾ ਆਖਰੀ ਹੱਥ ਹੁੰਦਾ ਹੈ।

# ਲੈਂਡ ਪੂਲਿੰਗ



ਸਲ੍ਹਾ ਦੀ ਤਰ੍ਹਾਂ ਜਨਤਾ ਵਧ ਰਹੀ,
ਹੈ ਇਸ ਧਰਤੀ ਉੱਤੇ,
ਸ਼ਹਿਰ 'ਤੇ ਕਸਬੇ ਉੱਗ ਰਹੇ,
ਜਿਵੇਂ ਘਾਹ ਬਰਸਾਤੀ ਰੁੱਤੇ।

ਆਦਮ ਜ਼ਾਤ ਦੇ ਪਸਾਰੇ ਥੱਲੇ,
ਧਰਤੀ ਸੁੰਗੜੀ ਜਾਂਦੀ,
ਅਕ੍ਰਿਤਘਣਾਂ ਦੀ ਕਰਨੀ ਸਦਕੇ,
ਦਿਨ ਰਾਤ ਹੈ ਪਈ ਕੁਰਲਾਂਦੀ।

ਹਰ ਇੱਕ ਦੂਜੇ ਤੋਂ ਵਧ ਚੜ੍ਹ ਕੇ,
ਬਣ ਰਿਹਾ ਹੈ ਮਾਇਆਧਾਰੀ,
ਚੂਹਾ ਦੌੜ ਦੀ ਹਲਚਲ ਨੇ ਹੈ,
ਹਰ ਇੱਕ ਦੀ ਮੱਤ ਮਾਰੀ।

ਇੱਕ ਦੂਜੇ ਨੂੰ ਲੁੱਟ 'ਤੇ ਕੁੱਟ ਕੇ,
ਸਭ ਆਪਣਾ ਘਰ ਨੇ ਭਰਦੇ,
ਬਹੁਤ ਹੀ ਪੁੱਠੇ ਕਾਰੇ ਕਰਨੋਂ,
ਭੋਰਾ ਵੀ ਨਹੀਂ ਨੇ ਡਰਦੇ।

ਵਿਕਾਸ ਦੇ ਨਾਂ ਤੇ ਵਿਨਾਸ਼ ਹੋ ਰਿਹਾ,
ਜ਼ਾਹਰਾ ਸਭ ਨਜ਼ਰੀਂ ਆਵੇ,
ਫੇਰ ਵੀ ਅਸਲੀ ਮੁੱਦੇ ਉੱਤੇ,
ਕੋਈ ਨਾ ਆਉਣਾ ਚਾਹਵੇ।

ਜਣ ਜਣ ਕੇ ਅਣਗਿਣਤੇ ਬੱਚੇ,
ਵਿੱਚ ਗ਼ਲੀਆਂ ਦੇ ਰੁਲ਼ਦੇ,
ਬਿਨਾ ਰੋਟੀ ਤੋਂ ਤੜਫਦੇ ਕਰੋੜਾਂ,
ਜ਼ਿੰਦਗੀ ਮੌਤ ਨਾਲ਼ ਘੁਲ਼ਦੇ।

ਫੇਰ ਵੀ ਕਿਸੇ ਦਾ ਬਹੁਤਾ ਧਿਆਨ,
ਜਨਤਾ ਵੱਲ ਨਹੀਂ ਜਾਂਦਾ,
ਇਸ ਦੇ ਉੱਤੇ ਕਾਬੂ ਪਾਉਣ ਲਈ,
ਕੋਈ ਗੰਭੀਰ ਨਹੀਂ ਹੋਣਾ ਚਾਹੁੰਦਾ।

ਲੈਂਡ ਪੂਲਿੰਗ ਨੂੰ ਰੋਕਣ ਦੇ ਨਾਲ,
ਮਸਲੇ ਹੱਲ ਨਹੀਂ ਹੋਣੇ,
ਜਿੰਨੀ ਜਨਤਾ ਵਧਦੀ ਜਾਣੀ,
ਉੱਨੇ ਹੀ ਵਧਣਗੇ ਰੋਣੇ।

ਅੱਜ ਦਾ ਮਾਲਕ ਕੱਲ੍ਹ ਮਜ਼ਦੂਰ,
ਤੇ ਪਰਸੋਂ ਹੋਵੇਗਾ ਮੰਗਤਾ,
ਹਕੀਕਤ ਸਦਾ ਸਾਹਮਣੇ ਹੈ ਆਉਣੀ,
ਠੁੱਸ ਹੋ ਜਾਣੀ ਹੰਗਤਾ।

ਅੱਜ ਦੀ ਲੈਂਡ ਪੂਲਿੰਗ ਹੈ ਕੱਲ੍ਹ ਨੂੰ,
ਜ਼ਬਰੀ ਕੁਰਕ ਹੋ ਜਾਣੀ,
ਲੈਂਡ ਪੂਲਿੰਗ ਵਿੱਚ ਬਦਲ ਜਾਵੇਗੀ,
ਚੱਲਦੀ ਇਹ ਕਹਾਣੀ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

# ਕਾਵਿ-ਕਿਆਰੀ




## ਰੱਖੜੀ

ਤਰਲੋਚਨ ਸਿੰਘ ਚੰਨ ਜੰਡਿਆਲਵੀ



ਚਿੱਤ ਰੱਖੜੀ ਬਨ੍ਹੌਣ ਨੂੰ ਕਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!
ਸਾਡਾ ਭੈਣ ਦੇ ਬਿਨਾਂ ਨਹੀਓਂ ਸਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!!

ਸਾਲ ਪਿੱਛੋਂ ਰੱਖੜੀ ਦਾ ਔਂਦਾ ਤਿਉਹਾਰ ਏ।
ਸ਼ਗਨਾਂ ਦੇ ਦਿਨ ਹੁੰਦੇ ਚਾਅ ਤੇ ਮਲਾਰ ਏ।
ਭੈਣਾਂ ਹੁੰਦੀਆਂ ਭਰਾਵਾਂ ਦਾ ਪਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!
ਸਾਡਾ ਭੈਣ ਦੇ ਬਿਨਾਂ ਨਹੀਓਂ ਸਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!!

ਭੈਣਾਂ ਜਦੋਂ ਵੀਰਿਆਂ ਦੇ ਰੱਖੜੀ ਸਜੌਂਦੀਆਂ।
ਮਾਪਿਆਂ ਦੇ ਮੁੱਖੜੇ 'ਤੇ ਰੌਣਕਾਂ ਨੇ ਔਂਦੀਆਂ।
ਗੁੱਟ ਖ਼ਾਲੀ ਵੇਖ ਦਿਲ ਹੌਕੇ ਭਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!
ਸਾਡਾ ਭੈਣ ਦੇ ਬਿਨਾਂ ਨਹੀਓਂ ਸਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!!

ਮਾਵਾਂ ਦੀਆਂ ਲੋਰੀਆਂ ਤੇ ਭੈਣਾਂ ਦੀਆਂ ਘੋੜੀਆਂ।
ਜਿੰਨੀਆਂ ਵੀ ਮਿਲੀ ਜਾਣ, ਓਨੀਆਂ ਹੀ ਥੋਹੜੀਆਂ।
ਪਊ ਕਿੱਕਲੀ ਤਾਂ ਨੱਚੂ ਵੇਹੜਾ ਘਰ ਦਾ, ਤੂੰ ਇਕ ਭੈਣ ਦੇਈਂ ਓ ਰੱਬਾ!
ਸਾਡਾ ਭੈਣ ਦੇ ਬਿਨਾਂ ਨਹੀਓਂ ਸਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!!

ਸਾਰਾ ਤਾਂ ਨਹੀਂ ਜੱਗ ਭੁੱਖਾ, ਲੋਭੀ ਏਥੇ ਦਾਜ ਦਾ।
ਲੱਭ ਦੇਣਾ ਚੰਨ ਮਾਹੀ, ਸੋਹਣੇ ਜਏ੍ਹ ਮਿਜਾਜ਼ ਦਾ।
ਭੋਰਾ ਫ਼ਿਕਰ ਕਰੀਂ ਨਾ ਉਹਦੇ ਵਰ ਦਾ, ਤੂੰ ਇਕ ਭੈਣ ਦੇਈਂ ਓ ਰੱਬਾ!
ਸਾਡਾ ਭੈਣ ਦੇ ਬਿਨਾਂ ਨਹੀਓਂ ਸਰਦਾ, ਤੂੰ ਇਕ ਭੈਣ ਦੇਈਂ ਓ ਰੱਬਾ!!

## ਕਵਿਤਾ

ਬੜਾ ਹੀ ਉਲਝਿਆ ਹਾਂ, ਖਿੜਕਿਆ ਹਾਂ, ਤਰਸਿਆ ਹਾਂ ਮੈਂ
ਤੇ ਆਖ਼ਿਰ.... ਲੱਗ ਕੇ ਸੀਨੇ ਤਿਰੇ ਹੀ ਸੰਭਲਿਆ ਹਾਂ ਮੈਂ

ਇਹ ਪੋਟੇ ਰੱਖ ਨਜ਼ਰਾਂ 'ਤੇ ਤੇ ਕਰ ਮਹਿਸੂਸ ਲਰਜ਼ਿਸ਼ ਨੂੰ
ਇਹ ਕੰਬਣੀ ਆਪ ਦੱਸੇਗੀ ਕਿ ਕਿੰਨਾ ਤੜਪਿਆ ਹਾਂ ਮੈਂ

ਅਜੇ ਵੀ ਰੱਖ ਕੇ ਦੂਰੀ ਮੈਂ ਠ੍ਹੋਕਰ ਆਖ਼ਰੀ ਬੋਚੀ
ਹਾਂ ਬਾਹਰੋਂ ਸਾਬਤਾ ਦਿਖਦਾ ਤੇ ਅੰਦਰੋਂ ਤਿੜਕਿਆ ਹਾਂ ਮੈਂ

ਭਲਾ ਕਿੰਨਾ ਕੁ ਔਖੈ ਲਾਵਿਆਂ ਨੂੰ ਡੱਕ ਕੇ ਰੱਖਣਾ
ਜਾਂ ਆਪੇ ਫੁੱਟਿਆਂ ਤਾਂ ਫੇਰ ਜਾ ਕੇ ਸਮਝਿਆ ਹਾਂ ਮੈਂ

ਕਿਤੇ ਬ੍ਰਹਿਮੰਡ ਕਰ ਦੇ ਥਾਂ ਤੇਰੀ ਬੁੱਕਲ ਦੇ ਘੇਰੇ ਨੂੰ
ਘੜੀ ਪਲ ਸਿਮਟਣਾ ਚਾਹਵਾਂ ਉਮਰ ਤੋਂ ਬਿਖਰਿਆ ਹਾਂ ਮੈਂ

ਨਾ ਨੀਂਦਰ ਹੋਰ ਨਾ ਲੁੱਟੀਂ, ਨਾ ਸੁਪਨਾ ਹੋਰ ਨਾ ਦੇਵੀਂ
ਜਾਹ ਅਗਲੇ ਜਨਮ ਸੋਚਾਂਗੇ ਕਿ ਐਕੀਂ ਵਿਰ੍ਹ ਗਿਆ ਹਾਂ ਮੈ

–ਸਿਮਰਨ ਅਕਸ

ਕਾਵਿ-ਵਿਅੰਗ


## ਸਿਹਤ ਖਰਾਬ ਦਾ ਪੱਜ !

ਚਕਾਚੌਂਧ ਹੁੰਦੀ ਏ 'ਕਸੁੰਭੇ' ਜਿਹੀ ਥੋੜ-ਚਿਰੀ
ਲੋਕਾਂ ਭਾਣੇ ਲੱਗੇ ਜਿਉਂ ਫੁੱਲ ਹੈ 'ਗੁਲਾਬ' ਦਾ।
ਲੱਲੇ-ਭੱਬੇ ਲਾਉਂਦਿਆਂ ਚਮਚੇ ਲੁਕਾਈ ਜਾਂਦੇ
ਜਦੋਂ ਬਣੇ ਪਾਰਟੀ 'ਚ ਮਸਲਾ 'ਅਜਾਬ' ਦਾ।
ਪੱਤਰਕਾਰਾਂ ਦੇ ਵੀ ਹੁੰਦੇ 'ਸੂਤਰ' ਭਰੋਸੇ ਯੋਗ
ਲਾਹ ਕੇ ਪਰੇ ਮਾਰਦੇ ਨੇ ਪਰਦਾ 'ਨਕਾਬ' ਦਾ।
ਹੇਠਲੇ ਵਿਚਾਰਿਆਂ ਨੂੰ ਪਤਾ ਉਦੋਂ ਲੱਗਦਾ ਏ
'ਪਾਰਾ' ਜਦੋਂ ਚੜ੍ਹ ਜਾਂਦਾ 'ਉਤਲੇ ਜਨਾਬ' ਦਾ।
ਪਾਰਟੀ 'ਚ ਬੀਜ ਵਾਲ਼ਾ ਬੂਟਾ ਫਲੀਭੂਤ ਹੋਵੇ
ਲੰਮਾਂ ਚਿਰ ਕੱਢਦਾ ਨੀ ਲੱਗਿਆ ਜੋ ਦਾਬ ਦਾ।
ਉੱਤੋਂ ਆਵੇ 'ਹੁਕਮ' ਬਜਾ ਦਿੰਦੇ ਨੇ ਹੱਥੀਂ ਬੰਨ੍ਹੀਂ
ਲਾ ਦਿੰਦੇ 'ਬਹਾਨਾ' ਉਂਜ 'ਸਿਹਤ ਖਰਾਬ' ਦਾ !

ਤਰਲੋਚਨ ਸਿੰਘ ਦੁਪਾਲ ਪੁਰ

## ਰੋਕੋ ਲੈਂਡ ਪੂਲਿੰਗ !

ਤਰਲੋਚਨ ਸਿੰਘ
'ਦੁਪਾਲ ਪੁਰ'



'ਉੱਤਰ ਕਾਟੋ ਮੈਂ ਚੜ੍ਹਾਂ' ਤੋਂ 'ਅੱਕਿਆਂ' ਨੇ
ਝਾੜੂ ਲਈ ਸਿੰਘਾਸਣ ਸ਼ਿੰਗਾਰਿਆ ਸੀ।
ਚਾਅਵਾਂ ਰੀਝਾਂ ਦੇ ਨਾਲ਼ ਪੰਜਾਬੀਆਂ ਨੇ
'ਪੰਜੇ-ਤੱਕੜੀ' ਤਾਈਂ ਦੁਰਕਾਰਿਆ ਸੀ।
ਕਾਰੇ ਪਹਿਲਿਆਂ ਵਾਲ਼ੇ ਨੀ ਕਰਨ ਲੱਗੇ
ਆਸ ਵਿਚ ਬਦਲਾਅ ਨਿਹਾਰਿਆ ਸੀ।
'ਸੋਭਾ ਵਾਲ਼ੇ' ਵੀ ਬਹੁਤ ਹਨ ਕਰੇ ਕਾਰਜ
ਸੀਨਾ ਜਿਨਾਂ ਨੇ ਲੋਕਾਂ ਦਾ ਠਾਰਿਆ ਸੀ।
ਇਹ 'ਚਿਤਾਵਨੀ' ਜਾਣੋ ਪੰਜਾਬੀਆਂ ਦੀ
ਛੇਤੀ ਲਈ ਨਾ ਵਾਪਸ ਜੇ 'ਲੈਂਡ ਪੂਲਿੰਗ'
ਸਮਾਂ ਮੁੱਕਦਾ ਜਾਂਦਾ ਇਹ 'ਸੋਚ ਲਓ' ਜੀ
ਹੋ ਨਾ ਜਾਵੇ ਸਤਾਈ ਵਿਚ 'ਸੈਡ ਕੂਲਿੰਗ' !

78146-92724

* * * *

## ਆਈਜੀ ਉਮਰਾਨੰਗਲ ਦੇ ਪੁੱਤਰ ਤੋਂ ਗੋਲੀਬਾਰੀ ਮਾਮਲੇ ਵਿਚ ਪੁੱਛਗਿੱਛ



ਚੰਡੀਗੜ੍ਹ-ਚੰਡੀਗੜ੍ਹ ਦੇ 'ਦਿ ਵਿਲੋ ਕੈਫੇ' ਵਿੱਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਪੰਜਾਬ ਦੇ ਆਈਪੀਐਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਦੇ ਪੁੱਤਰ ਅੰਗਦ ਤੋਂ ਵਿਸ਼ੇਸ਼ ਜਾਂਚ ਟੀਮ ਨੇ ਪੁੱਛਗਿੱਛ ਕੀਤੀ ਹੈ। ਪੁੱਛਗਿੱਛ ਦੌਰਾਨ ਉਸ ਤੋਂ ਗੋਲੀ ਚਲਾਉਣ ਲਈ ਵਰਤੇ ਗਏ ਪਿਸਤੌਲ ਅਤੇ ਘਟਨਾ ਸਮੇਂ ਮੌਜੂਦ ਸੁਰੱਖਿਆ ਕਰਮੀ ਬਾਰੇ ਜਾਣਕਾਰੀ ਮੰਗੀ ਗਈ। ਅੰਗਦ, ਜੋ ਘਟਨਾ ਤੋਂ ਬਾਅਦ ਦੁਬਈ ਚਲਾ ਗਿਆ ਸੀ, ਨੂੰ ਹਾਲ ਹੀ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ, ਪਰ ਅੰਤਰਿਮ ਜ਼ਮਾਨਤ ਦੇ ਦਸਤਾਵੇਜ਼ ਦਿਖਾਉਣ ਤੋਂ ਬਾਅਦ ਛੱਡ ਦਿੱਤਾ ਗਿਆ ਸੀ।


## -ਮਾਮਲਾ ਸਰੀ ਗੁਰਦੁਆਰੇ ਵਿਚ 'ਖ਼ਾਲਿਸਤਾਨ ਦੂਤਘਰ' ਬੋਰਡ ਲਗਾਉਣ ਦਾ-

# ਭਾਰਤ-ਕੈਨੇਡਾ ਸਬੰਧਾਂ ਵਿਚ ਪੈਦਾ ਹੋਇਆ ਤਣਾਅ

## ✪ ਸਿੱਖਸ ਫਾਰ ਜਸਟਿਸ ਨੇ ਲਗਵਾਏ 'ਖ਼ਾਲਿਸਤਾਨੀ' ਬੋਰਡ

ਖਾਸ ਖ਼ਬਰ

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਵਿੱਚ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਅਹਾਤੇ ਵਿੱਚ "ਖ਼ਾਲਿਸਤਾਨ ਰਿਪਬਲਿਕ" ਅਤੇ "ਖ਼ਾਲਿਸਤਾਨ ਦੂਤਘਰ" ਦੇ ਸਾਈਨ ਬੋਰਡ ਦੀ ਸਥਾਪਨਾ ਨੇ ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਸਬੰਧਾਂ ਵਿੱਚ ਇੱਕ ਨਵਾਂ ਤਣਾਅ ਪੈਦਾ ਕਰ ਦਿੱਤਾ ਹੈ। ਇਹ ਬੋਰਡ, ਜੋ ਕਥਿਤ ਤੌਰ 'ਤੇ ਵੱਖਵਾਦੀ ਸੰਗਠਨ ਸਿੱਖਸ ਫਾਰ ਜਸਟਿਸ ਦੁਆਰਾ ਲਗਾਇਆ ਗਿਆ ਹੈ, ਨੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਸਿਆਸੀ ਨੇਤਾਵਾਂ ਦੇ ਵਿਚਕਾਰ ਤਿੱਖੀਆਂ ਪ੍ਰਤੀਕਿਰਿਆਵਾਂ ਨੂੰ ਜਨਮ ਦਿੱਤਾ ਹੈ। ਇਹ ਘਟਨਾ ਅਜਿਹੇ ਸਮੇਂ ਵਿੱਚ ਵਾਪਰੀ ਹੈ ਜਦੋਂ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਸਨ, ਪਰ ਇਸ ਵਿਵਾਦ ਨੇ ਇਨ੍ਹਾਂ ਯਤਨਾਂ ਨੂੰ ਝਟਕਾ ਦਿੱਤਾ ਹੈ।




### ਸਰੀ ਵਿੱਚ ਵਿਵਾਦ ਦੀ ਸ਼ੁਰੂਆਤ

ਖ਼ਬਰਾਂ ਅਨੁਸਾਰ, ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਅਹਾਤੇ ਵਿੱਚ ਸਥਿਤ ਇੱਕ ਇਮਾਰਤ, ਜੋ ਕਿ ਇੱਕ ਕਮਿਊਨਿਟੀ ਸੈਂਟਰ ਵਜੋਂ ਵੀ ਵਰਤੀ ਜਾਂਦੀ ਹੈ, 'ਤੇ "ਖ਼ਾਲਿਸਤਾਨ ਰਿਪਬਲਿਕ" ਤੇ "ਖ਼ਾਲਿਸਤਾਨ ਦੂਤਘਰ" ਲਿਖਿਆ ਇੱਕ ਸਾਈਨ ਬੋਰਡ ਲਗਾਇਆ ਗਿਆ ਹੈ। ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਇਹ ਇਮਾਰਤ ਬ੍ਰਿਟਿਸ਼ ਕੋਲੰਬੀਆ ਸਰਕਾਰ ਦੁਆਰਾ ਅੰਸ਼ਕ ਤੌਰ 'ਤੇ ਫੰਡ ਪ੍ਰਾਪਤ ਹੈ, ਜਿਸ ਨੇ ਹਾਲ ਹੀ ਵਿੱਚ ਇਸ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ 150,000 ਅਮਰੀਕੀ ਡਾਲਰ ਦੀ ਰਾਸ਼ੀ ਪ੍ਰਦਾਨ ਕੀਤੀ ਸੀ। ਇਸ ਵਿੱਚ ਇੱਕ ਲਿਫਟ ਸਥਾਪਤ ਕਰਨ ਵਰਗੀਆਂ ਸਹੂਲਤਾਂ ਸ਼ਾਮਲ ਸਨ। ਇਸ ਸਾਈਨ ਬੋਰਡ ਨੂੰ ਸਿੱਖਸ ਫਾਰ ਜਸਟਿਸ ਨਾਲ ਜੋੜਿਆ ਜਾ ਰਿਹਾ ਹੈ, ਜੋ ਇੱਕ ਵੱਖਵਾਦੀ ਸੰਗਠਨ ਹੈ ਅਤੇ ਭਾਰਤ ਵਿੱਚ ਪਾਬੰਦੀਸ਼ੁਦਾ ਹੈ। ਸਿੱਖਸ ਫਾਰ ਜਸਟਿਸ ਲੰਬੇ ਸਮੇਂ ਤੋਂ ਖ਼ਾਲਿਸਤਾਨ ਅੰਦੋਲਨ ਨੂੰ ਪ੍ਰਮੋਟ ਕਰਨ ਅਤੇ ਵਿਦੇਸ਼ੀ ਧਰਤੀ 'ਤੇ ਇਸ ਨੂੰ ਜਾਰੀ ਰੱਖਣ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਰਿਹਾ ਹੈ।

### ਭਾਰਤੀ ਸਿਆਸੀ ਨੇਤਾਵਾਂ ਦੀ ਪ੍ਰਤੀਕਿਰਿਆ

ਇਸ ਘਟਨਾ ਨੇ ਭਾਰਤ ਦੇ ਸਿਆਸੀ ਹਲਕਿਆਂ ਵਿੱਚ ਤਿੱਖੀ ਪ੍ਰਤੀਕਿਰਿਆਵਾਂ ਨੂੰ ਜਨਮ ਦਿੱਤਾ ਹੈ। ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੈਨੇਡਾ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਦੇ ਵਿਸ਼ਾਲ ਦਾਇਰੇ ਨੂੰ ਮੰਨਦਿਆਂ, ਭਾਰਤ ਸਰਕਾਰ ਨੂੰ ਇਸ ਮੁੱਦੇ ਨੂੰ ਕੈਨੇਡੀਅਨ ਅਧਿਕਾਰੀਆਂ ਨਾਲ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ, "ਕੈਨੇਡਾ ਵਿੱਚ ਪ੍ਰਗਟਾਵੇ ਦੀ ਬਹੁਤ ਆਜ਼ਾਦੀ ਹੈ। ਸਾਡੀ ਸਰਕਾਰ ਨੂੰ ਇਸ ਮੁੱਦੇ ਨੂੰ ਕੈਨੇਡੀਅਨ ਸਰਕਾਰ ਨਾਲ ਉਠਾਉਣਾ ਚਾਹੀਦਾ ਹੈ।"

ਦੂਜੇ ਪਾਸੇ, ਭਾਜਪਾ ਨੇਤਾ ਤਰਵਿੰਦਰ ਸਿੰਘ ਮਰਵਾਹਾ ਨੇ ਵਿਦੇਸ਼ਾਂ ਵਿੱਚ ਖ਼ਾਲਿਸਤਾਨ ਦੇ ਸਮਰਥਕਾਂ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਨੇ ਕਿਹਾ, "ਵਿਦੇਸ਼ਾਂ ਵਿੱਚ ਰਹਿੰਦੇ ਹੋਏ ਖ਼ਾਲਿਸਤਾਨ ਦੀ ਗੱਲ ਕਰਨ ਵਾਲੇ ਸਿੱਖ ਭਾਈਚਾਰੇ ਨੂੰ ਕਮਜ਼ੋਰ ਕਰ ਰਹੇ ਹਨ। ਮੈਂ ਕੈਨੇਡੀਅਨ ਸਰਕਾਰ ਨੂੰ ਕਾਰਵਾਈ ਕਰਨ ਦੀ ਅਪੀਲ ਕਰਦਾ ਹਾਂ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਉਚਿਤ ਕਦਮ ਚੁੱਕਣ ਦੀ ਬੇਨਤੀ ਕਰਦਾ ਹਾਂ।"

ਇਥੇ ਜਿਕਰਯੋਗ ਹੈ ਕਿ ਲਗਭਗ ਦੋ ਸਾਲਾਂ ਦੀ ਕੂਟਨੀਤਕ ਖੜੋਤ ਤੋਂ ਬਾਅਦ, ਜੂਨ 2025 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਚੋਣ ਨਾਲ ਸਬੰਧਾਂ ਵਿੱਚ ਸੁਧਾਰ ਦੀਆਂ ਉਮੀਦਾਂ ਜਾਗੀਆਂ ਸਨ। ਕਾਰਨੀ ਨੇ ਜੀ-7 ਸੰਮੇਲਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦੇ ਕੇ ਸਬੰਧਾਂ ਨੂੰ ਮੁੜ ਸਥਾਪਤ ਕਰਨ ਦੀ ਦਿਸ਼ਾ ਵਿੱਚ ਕਦਮ ਚੁੱਕਿਆ। ਦੋਵਾਂ ਨੇਤਾਵਾਂ ਨੇ ਉੱਚ-ਪੱਧਰੀ ਕੂਟਨੀਤਕ ਨਿਯੁਕਤੀਆਂ, ਵਪਾਰਕ ਸਮਝੌਤਿਆਂ ਦੀ ਮੁੜ ਸ਼ੁਰੂਆਤ ਅਤੇ ਸਿੱਖਿਆ ਤੇ ਸੈਰ-ਸਪਾਟੇ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ ਸੀ। ਪਰ ਸਰੀ ਵਿੱਚ "ਖ਼ਾਲਿਸਤਾਨ ਦੂਤਘਰ" ਦਾ ਬੋਰਡ ਇਨ੍ਹਾਂ ਯਤਨਾਂ ਲਈ ਇੱਕ ਵੱਡਾ ਝਟਕਾ ਸਾਬਤ ਹੋ ਸਕਦਾ ਹੈ। ਭਾਰਤ ਨੇ ਵਿਦੇਸ਼-ਆਧਾਰਿਤ ਵੱਖਵਾਦੀ ਗਤੀਵਿਧੀਆਂ 'ਤੇ ਚਿੰਤਾ ਜਤਾਉਂਦਿਆਂ ਕੈਨੇਡਾ ਨੂੰ ਅਜਿਹੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਸੂਤਰਾਂ ਅਨੁਸਾਰ, ਭਾਰਤੀ ਅਧਿਕਾਰੀ ਇਸ ਮਾਮਲੇ ਵਿੱਚ ਰਸਮੀ ਸ਼ਿਕਾਇਤ ਦਰਜ ਕਰ ਸਕਦੇ ਹਨ।

### ਸਿੱਖ ਭਾਈਚਾਰੇ ਅਤੇ ਕੈਨੇਡਾ ਦੀ ਸਥਿਤੀ

ਕੈਨੇਡਾ ਵਿੱਚ 770,000 ਤੋਂ ਵੱਧ ਸਿੱਖ ਰਹਿੰਦੇ ਹਨ, ਜੋ ਕੁੱਲ ਆਬਾਦੀ ਦਾ 2.1% ਹਨ, ਅਤੇ ਸਿੱਖ ਭਾਈਚਾਰਾ ਕੈਨੇਡਾ ਦੇ ਬਹੁ-ਸੱਭਿਆਚਾਰਕ ਸਮਾਜ ਦਾ ਮਹੱਤਵਪੂਰਨ ਹਿੱਸਾ ਹੈ। ਪਰ ਡਾਇਸਪੋਰਾ ਦੀ ਪਛਾਣ ਦਾ ਰਾਜਨੀਤੀਕਰਨ ਅਤੇ ਖ਼ਾਲਿਸਤਾਨੀ ਅੰਦੋਲਨ ਨਾਲ ਜੁੜੀਆਂ ਗਤੀਵਿਧੀਆਂ ਨੇ ਵਿਵਾਦ ਨੂੰ ਜਨਮ ਦਿੱਤਾ ਹੈ। ਭਾਰਤ ਦਾ ਮੰਨਣਾ ਹੈ ਕਿ ਕੈਨੇਡਾ ਨੂੰ ਜਾਇਜ਼ ਅਸਹਿਮਤੀ ਤੇ ਹਿੰਸਕ ਕੱਟੜਵਾਦ ਵਿੱਚ ਫਰਕ ਕਰਨ ਦੀ ਲੋੜ ਹੈ।

---

ਮਾਮਲਾ ਸ਼ਤਾਬਦੀ ਉਪਰ ਨਾਚ ਗਾਣੇ ਕਰਵਾਉਣ ਦਾ

# ਅਕਾਲ ਤਖ਼ਤ ਸਾਹਿਬ ਨੇ ਹਰਜੋਤ ਸਿੰਘ ਬੈਂਸ ਨੂੰ ਤਨਖਾਹੀਆ ਕਰਾਰ ਦਿੱਤਾ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹੁਕਮਾਂ ਮਗਰੋਂ ਪੰਜਾਬ ਦੇ ਕੈਬਿਨੇਟ ਮੰਤਰੀ ਸ. ਹਰਜੋਤ ਸਿੰਘ ਬੈਂਸ ਅੱਜ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਏ ਅਤੇ ਆਪਣਾ ਪੱਖ ਰੱਖਿਆ। ਇਹ ਮਾਮਲਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਸ੍ਰੀਨਗਰ ਵਿਖੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਸਮਾਗਮ ਨਾਲ ਸਬੰਧਤ ਹੈ, ਜਿੱਥੇ ਨਾਚ-ਗਾਣਾ ਹੋਇਆ ਸੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਸਮਾਗਮ ਦੌਰਾਨ ਸਿੱਖ ਸਿਧਾਂਤਾਂ ਅਤੇ ਪੰਥਕ ਰਵਾਇਤਾਂ ਦੀ ਗੰਭੀਰ ਉਲੰਘਣਾ ਹੋਈ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਮੌਕੇ ਗੀਤ ਗਾਏ ਗਏ ਅਤੇ ਭੰਗੜੇ ਪਾਏ ਗਏ, ਜਿਸ ਨਾਲ ਦੁਨੀਆਂ ਭਰ ਦੇ ਸਿੱਖਾਂ ਦੇ ਹਿਰਦਿਆਂ ਨੂੰ ਡੂੰਘੀ ਠੇਸ ਪਹੁੰਚੀ। ਇਸੇ ਕਾਰਨ ਸਿੱਖ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ਼ਿਕਾਇਤਾਂ ਭੇਜੀਆਂ ਗਈਆਂ ਸਨ। ਇਸ ਸਬੰਧ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਜਸਵੰਤ ਸਿੰਘ ਜਫਰ ਨੂੰ ਤਲਬ ਕੀਤਾ ਗਿਆ ਸੀ। ਜਸਵੰਤ ਸਿੰਘ ਨੇ ਚਿੱਠੀ ਭੇਜ ਕੇ ਦੱਸਿਆ ਕਿ ਉਹ ਦੇਸ਼ ਵਿੱਚ ਨਹੀਂ ਹਨ ਅਤੇ 13 ਅਗਸਤ ਤੱਕ ਆਪਣਾ ਪੱਖ ਰੱਖਣਗੇ। ਹਰਜੋਤ ਸਿੰਘ ਬੈਂਸ ਨੇ ਆਪਣੀ ਗਲਤੀ ਸਵੀਕਾਰ ਕਰਦਿਆਂ ਕਿਹਾ ਕਿ ਉਹ ਸਮਾਗਮ ਨੂੰ ਰੋਕ ਨਹੀਂ ਸਕੇ ਅਤੇ ਇਸ ਲਈ ਉਨ੍ਹਾਂ ਨੇ ਮੁਆਫੀ ਮੰਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੁਣਾਈ ਸਖ਼ਤ ਸਜ਼ਾ-ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰਜੋਤ ਸਿੰਘ ਬੈਂਸ ਨੂੰ ਤਨਖਾਹੀਆ ਕਰਾਰ ਦੇ ਕੇ ਸਖ਼ਤ ਸਜ਼ਾ ਸੁਣਾਈ ਗਈ ਹੈ। ਜਥੇਦਾਰ ਨੇ ਹੁਕਮ ਦਿੱਤਾ ਕਿ ਮੰਤਰੀ ਨੂੰ ਪੈਦਲ ਚੱਲ ਕੇ ਗੁਰਦੁਆਰਾ ਗੁਰੂ ਕੇ ਮਹਿਲ ਜਾਣਾ ਪਵੇਗਾ ਅਤੇ ਉੱਥੋਂ ਦੇ ਰਸਤੇ ਠੀਕ ਕਰਵਾਉਣੇ ਪੈਣਗੇ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਗੁਰਦੁਆਰਾ ਕੋਠਾ ਸਾਹਿਬ ਅਤੇ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਦੇ ਰਸਤੇ ਵੀ ਠੀਕ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਹੈ।

ਸਜ਼ਾ ਦੇ ਹਿੱਸੇ ਵਜੋਂ, ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜਿਆਂ ਅਤੇ ਭਾਂਡਿਆਂ ਦੀ ਸੇਵਾ ਕਰਨੀ ਪਵੇਗੀ। ਨਾਲ ਹੀ, ਉਨ੍ਹਾਂ ਨੂੰ 1100 ਜਪੁਜੀ ਸਾਹਿਬ ਦੇ ਪਾਠ ਕਰਕੇ ਮੁਆਫੀ ਲਈ ਅਰਦਾਸ ਕਰਨੀ ਹੋਵੇਗੀ। ਇਸ ਤੋਂ ਇਲਾਵਾ, ਉਨ੍ਹਾਂ ਨੂੰ 11 ਦਿਨ ਆਪਣੇ ਨੇੜਲੇ ਗੁਰਦੁਆਰਾ ਸਾਹਿਬ ਵਿੱਚ ਵੀ ਜੋੜਿਆਂ ਅਤੇ ਭਾਂਡਿਆਂ ਦੀ ਸੇਵਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਹ ਸਜ਼ਾ ਪੂਰੀ ਹੋਣ ਤੋਂ ਬਾਅਦ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਹੋ ਕੇ ਮੁਆਫੀ ਮੰਗਣਗੇ।

ਇਸ ਦੌਰਾਨ, ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਨੂੰ ਵੀ ਆਦੇਸ਼ ਦਿੱਤਾ ਕਿ ਸ਼ਤਾਬਦੀਆਂ ਸੰਬੰਧੀ ਸੈਮੀਨਾਰ ਤੇ ਭਾਸ਼ਣ ਗੋਸ਼ਟੀਆਂ ਕਰਵਾਏ ਜਾਣ ਪਰ ਨਗਰ ਕੀਰਤਨ ਸਜਾਉਣੇ ਸਿੱਖ ਸੰਸਥਾਵਾਂ ਦਾ ਕੰਮ ਹੈ। ਉਨ੍ਹਾਂ ਨੇ ਮਰਿਆਦਾ ਦਾ ਪੂਰਾ ਖਿਆਲ ਰੱਖਣ ਅਤੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਸਹਿਯੋਗ ਲੈਣ ਲਈ ਵੀ ਕਿਹਾ ਹੈ। ਇਸ ਮਾਮਲੇ ਦੇ ਨਾਲ ਹੀ ਜੰਮੂ-ਕਸ਼ਮੀਰ ਤੋਂ ਆਏ ਤਿੰਨ ਸਿੱਖਾਂ ਨੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਦਾ ਕੀਰਤਨ ਸਮਾਗਮ ਕਰਵਾਉਣ ਦੀ ਭੁੱਲ ਵੀ ਸਵੀਕਾਰ ਕੀਤੀ। ਸਿੰਘ ਸਾਹਿਬਾਨ ਇਨ੍ਹਾਂ ਮਾਮਲਿਆਂ 'ਤੇ ਵੀ ਜਲਦ ਹੀ ਫੈਸਲਾ ਸੁਣਾਉਣਗੇ।

# ਕੀ ਏਆਈ ਵਲੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਕੀਤਾ ਜਾ ਰਿਹਾ ਏ ਖਿਲਵਾੜ ?

ਖਾਸ ਰਿਪੋਟ

## ✪ ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਨੂੰ ਕੀਤੀ ਸ਼ਿਕਾਇਤ ✪ ਸਿਖ ਪੰਥ ਨੂੰ ਸੰਦੇਸ਼ ਗੁਰਬਾਣੀ ਦੇ ਇਤਿਹਾਸ ਦੇ ਅਸਲ ਸੋਰਸ ਵਰਤੋਂ ✪ ਡੇਰਿਆਂ ਦੀ ਮੂਲ ਮੰਤਰ ਨੂੰ ਬਦਲਣ ਦੀ ਸਾਜਿਸ਼ ਬਾਰੇ ਸ਼੍ਰੋਮਣੀ ਕਮੇਟੀ ਚੁਪ ਕਿਉਂ ?

ਅੱਜ ਦੇ ਤਕਨੀਕੀ ਯੁੱਗ ਵਿੱਚ, ਜਿੱਥੇ ਇੱਕ ਪਾਸੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਸਿੱਖ ਧਰਮ ਦੀ ਪਵਿੱਤਰਤਾ ਨਾਲ ਖਿਲਵਾੜ ਕਰ ਰਿਹਾ ਹੈ, ਉੱਥੇ ਹੀ ਕੁਝ ਡੇਰੇ ਗੁਰਮਤਿ ਦੀ ਰੂਹ ਨੂੰ ਢਾਹ ਲਾਉਣ ਦੀਆਂ ਸਾਜ਼ਿਸ਼ਾਂ ਵਿੱਚ ਲੱਗੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੰਭੀਰ ਮਸਲੇ 'ਤੇ ਸਖ਼ਤ ਨੋਟਿਸ ਲੈਂਦਿਆਂ, ਏਆਈ ਪਲੇਟਫਾਰਮਾਂ ਅਤੇ ਸਰਕਾਰ ਨੂੰ ਕਾਰਵਾਈ ਦੀ ਮੰਗ ਕੀਤੀ ਹੈ। ਪਰ ਸਵਾਲ ਇਹ ਹੈ ਕਿ ਜਦੋਂ ਡੇਰੇ ਵੀ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ, ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ 'ਤੇ ਪਾਬੰਦੀ ਲਾਉਣ ਤੋਂ ਕਿਉਂ ਹੱਥ ਖਿੱਚ ਰਹੀ ਹੈ ?

ਅੱਜ ਦੇ ਸਮੇਂ ਵਿੱਚ ਜਦੋਂ ਸਮਾਰਟਫੋਨ ਅਤੇ ਇੰਟਰਨੈਟ ਹਰ ਘਰ ਦੀ ਦਹਿਲੀਜ਼ 'ਤੇ ਪਹੁੰਚ ਗਏ ਹਨ, ਤਾਂ ਸਿੱਖ ਧਰਮ ਦੀ ਪਵਿੱਤਰ ਬਾਣੀ ਨੂੰ ਵੀ ਡਿਜੀਟਲ ਮੰਚਾਂ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਪਰ ਇਹ ਮੰਚ, ਜਿਨ੍ਹਾਂ ਵਿੱਚ ਚੈਟ ਜੀਪੀਟੀ, ਗਰੋਕ, ਜੈਮਿਨੀ ਏਆਈ, ਮੈਟਾ ਅਤੇ ਗੂਗਲ ਵਰਗੇ ਨਾਂ ਸ਼ਾਮਲ ਹਨ, ਗੁਰਬਾਣੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖਤ ਨੋਟਿਸ ਲੈਂਦਿਆਂ ਕਿਹਾ, "ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਛੇੜਛਾੜ ਕਰਨਾ ਸਿੱਖ ਹਿਰਦਿਆਂ 'ਤੇ ਸੱਟ ਮਾਰਨ ਵਰਗਾ ਹੈ।"

ਕਈ ਏਆਈ ਐਪਸ 'ਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਗਲਤ ਅਰਥਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਕਿਤੇ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਛੇੜਛਾੜ ਹੋ ਰਹੀ ਹੈ, ਤੇ ਕਿਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਦਰਸਾਇਆ ਜਾ ਰਿਹਾ ਹੈ। ਸੰਗਤ ਵੱਲੋਂ ਮਿਲੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ, ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪਲੇਟਫਾਰਮਾਂ ਨੂੰ ਈ-ਮੇਲਜ਼ ਭੇਜ ਕੇ ਸਖ਼ਤ ਇਤਰਾਜ਼ ਜਤਾਇਆ ਹੈ।

ਇਸ ਮਸਲੇ 'ਤੇ ਸ਼੍ਰੋਮਣੀ ਕਮੇਟੀ ਵਲੋਂ ਸਰਕਾਰ ਨੂੰ ਵੀ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਠੋਸ ਨੀਤੀ ਬਣਾਈ ਜਾਵੇ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਐਪਸ ਤੋਂ ਅਧੂਰੀ ਜਾਂ ਗਲਤ ਜਾਣਕਾਰੀ ਨਾ ਲੈਣ। ਧਾਮੀ ਨੇ ਕਿਹਾ ਕਿ ਸਿੱਖ ਇਤਿਹਾਸ ਅਤੇ ਗੁਰਮਤਿ ਸਬੰਧੀ ਸਹੀ ਜਾਣਕਾਰੀ ਲਈ ਇਤਿਹਾਸਕ ਸਰੋਤਾਂ ਦੀ ਵਰਤੋਂ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ੁੱਧ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਅਧਿਕਾਰਤ ਸਰੋਤਾਂ ਤੋਂ ਹੀ ਪੜ੍ਹੋ।

ਡੇਰਿਆਂ ਵਲੋਂ ਗੁਰਬਾਣੀ ਦੀ ਬੇਅਦਬੀ: ਮੂਲ ਮੰਤਰ ਨਾਲ ਖਿਲਵਾੜ-ਜਿੱਥੇ ਏਆਈ ਦੀਆਂ ਗਲਤੀਆਂ ਸਿੱਖ ਸੰਗਤ ਦੇ ਹਿਰਦੇ 'ਤੇ ਤੀਰ ਵਾਂਗ ਵੱਜ ਰਹੀਆਂ ਹਨ, ਉੱਥੇ ਹੀ ਕੁਝ ਡੇਰੇ ਸਿੱਖ ਧਰਮ ਦੀ ਨੀਂਹ ਨੂੰ ਹੀ ਖੋਦਣ 'ਤੇ ਤੁਲੇ ਹੋਏ ਹਨ। ਮੂਲ ਮੰਤਰ, ਜੋ ਸਿੱਖ ਧਰਮ ਦਾ ਸਾਰ ਹੈ, ਨੂੰ ਬਦਲਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਕਈ ਡੇਰੇ, ਜੋ ਸਿੱਖ ਸੰਗਤ ਦੀ ਆੜ ਵਿੱਚ ਆਪਣਾ ਬਾਜ਼ਾਰ ਚਮਕਾਉਣ ਦੀ ਫਿਰਾਕ ਵਿੱਚ ਹਨ, ਦਸਮ ਗ੍ਰੰਥ ਨੂੰ ਗੁਰੂ ਦਾ ਦਰਜਾ ਦੇ ਕੇ ਬੀੜਾਂ ਛਾਪ ਰਹੇ ਹਨ। ਇਹ ਸਿਰਫ਼ ਗੁਰਬਾਣੀ ਦੀ ਬੇਅਦਬੀ ਨਹੀਂ, ਸਗੋਂ ਸਿੱਖ ਪੰਥ ਦੀ ਏਕਤਾ 'ਤੇ ਵੀ ਸਿੱਧਾ ਹਮਲਾ ਹੈ। ਸੰਗਤ ਵਿੱਚ ਇਹ ਚਰਚਾ ਤੇਜ਼ ਹੈ ਕਿ ਸ਼੍ਰੋਮਣੀ ਕਮੇਟੀ ਅਜਿਹੇ ਡੇਰਿਆਂ ਨੂੰ ਉਤਸ਼ਾਹਿਤ ਕਿਉਂ ਕਰ ਰਹੀ ਹੈ ? ਜੇ ਏਆਈ ਦੀਆਂ ਗਲਤੀਆਂ 'ਤੇ ਨੋਟਿਸ ਲਿਆ ਜਾ ਸਕਦਾ ਹੈ, ਤਾਂ ਡੇਰਿਆਂ ਦੀ ਬੇਅਦਬੀ 'ਤੇ ਮੂੰਹ ਕਿਉਂ ਸੀਤਾ ਜਾ ਰਿਹਾ ਹੈ ?" ਸੰਗਤ ਦੀ ਮੰਗ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਅਜਿਹੇ ਡੇਰਿਆਂ 'ਤੇ ਸਖ਼ਤ ਪਾਬੰਦੀ ਲਾਉਣੀ ਚਾਹੀਦੀ।

ਕੀ ਕਰ ਸਕਦੀ ਹੈ ਸਰਕਾਰ-ਸਰਕਾਰ ਨੂੰ ਏਆਈ ਪਲੇਟਫਾਰਮਾਂ 'ਤੇ ਸਖ਼ਤ ਨੀਤੀ ਲਿਆਉਣੀ ਚਾਹੀਦੀ।"ਸਰਕਾਰ ਕੋਲ ਸਾਈਬਰ ਕਾਨੂੰਨ ਅਤੇ ਧਾਰਮਿਕ ਸੰਵੇਦਨਾਵਾਂ ਦੀ ਰਾਖੀ ਲਈ ਕਈ ਅਧਿਕਾਰ ਹਨ। ਇੰਫਰਮੇਸ਼ਨ ਟੈਕਨਾਲੋਜੀ ਐਕਟ, 2000 ਅਧੀਨ ਸਰਕਾਰ ਅਜਿਹੀ ਸਮੱਗਰੀ ਨੂੰ ਰੋਕ ਸਕਦੀ ਹੈ, ਜੋ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਦੀ ਹੋਵੇ। ਪਰ ਅਸਲ ਸਵਾਲ ਇਹ ਹੈ ਕਿ ਕੀ ਸਰਕਾਰ ਸਿੱਖ ਸੰਗਤ ਦੀਆਂ ਸੰਵੇਦਨਾਵਾਂ ਨੂੰ ਸਮਝੇਗੀ ?

ਕੀ ਕਰੇ ਸ਼੍ਰੋਮਣੀ ਕਮੇਟੀ-ਸ਼੍ਰੋਮਣੀ ਕਮੇਟੀ ਨੇ ਅਜੇ ਤੱਕ ਏਆਈ ਦੀ ਸਿੱਖ ਵਿਰੋਧੀ ਨੀਤੀ ਜਾਂ ਵਰਤੋਂ ਸਬੰਧੀ ਕੋਈ ਸਪੱਸ਼ਟ ਨੀਤੀ ਜਾਂ ਕਾਰਵਾਈ ਦਾ ਐਲਾਨ ਨਹੀਂ ਕੀਤਾ, ਅਤੇ ਇਸ ਸਬੰਧੀ ਸਿੱਧੀ ਜਾਣਕਾਰੀ ਸੀਮਤ ਹੈ। ਪਰ, ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਭੂਮਿਕਾ ਅਤੇ ਮੌਜੂਦਾ ਸਮਰੱਥਾਵਾਂ ਦੇ ਅਧਾਰ 'ਤੇ, ਇਹ ਸੰਭਾਵਿਤ ਕਦਮ ਸੁਝਾਏ ਜਾ ਸਕਦੇ ਹਨ :

ਧਾਰਮਿਕ ਸੰਵੇਦਨਾਵਾਂ ਦੀ ਸੁਰੱਖਿਆ ਲਈ ਨੀਤੀ ਨਿਰਮਾਣ: ਸ਼੍ਰੋਮਣੀ ਕਮੇਟੀ ਸਰਕਾਰ ਅਤੇ ਤਕਨੀਕੀ ਕੰਪਨੀਆਂ ਨਾਲ ਮਿਲ ਕੇ ਏਆਈ ਸਿਸਟਮਜ਼ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਸ ਵਿੱਚ ਗੁਰਬਾਣੀ, ਸਿੱਖ ਇਤਿਹਾਸ, ਅਤੇ ਸਿੱਖ ਚਿੰਨ੍ਹਾਂ ਦੀ ਸਤਿਕਾਰਯੋਗ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ। ਇਸ ਵਿੱਚ ਏਆਈ ਮਾਡਲਜ਼ ਦੀ ਸਿਖਲਾਈ ਸਮੱਗਰੀ ਦੀ ਜਾਂਚ ਅਤੇ ਸਿੱਖ ਵਿਰੋਧੀ ਸਮੱਗਰੀ ਨੂੰ ਹਟਾਉਣ ਦੀ ਮੰਗ ਸ਼ਾਮਲ ਹੋ ਸਕਦੀ ਹੈ।

ਕਾਨੂੰਨੀ ਕਾਰਵਾਈ: ਸ਼੍ਰੋਮਣੀ ਕਮੇਟੀ ਵਲੋਂ ਸਿੱਖ ਵਿਰੋਧੀ ਸਮੱਗਰੀ ਪੈਦਾ ਕਰਨ ਵਾਲੀਆਂ ਕੰਪਨੀਆਂ ਜਾਂ ਪਲੇਟਫਾਰਮਾਂ ਵਿਰੁੱਧ ਕਾਨੂੰਨੀ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਸਕਦੀਆਂ ਹਨ।

ਜਾਗਰੂਕਤਾ ਤੇ ਸਿੱਖਿਆ: ਸ਼੍ਰੋਮਣੀ ਕਮੇਟੀ ਆਪਣੀ ਧਰਮ ਪ੍ਰਚਾਰ ਕਮੇਟੀ ਰਾਹੀਂ ਸਿੱਖ ਸੰਗਤ ਤੇ ਨੌਜਵਾਨਾਂ ਵਿੱਚ ਏਆਈ ਦੀ ਸੰਭਾਵਿਤ ਦੁਰਵਰਤੋਂ ਬਾਰੇ ਜਾਗਰੂਕਤਾ ਫੈਲਾ ਸਕਦੀ ਹੈ। ਗੁਰਮਤਿ ਕੈਂਪਾਂ ਤੇ ਸੈਮੀਨਾਰਾਂ ਰਾਹੀਂ ਸਿੱਖੀ ਮਰਯਾਦਾ ਦੀ ਸਹੀ ਵਰਤੋਂ ਤੇ ਤਕਨੀਕੀ ਦੁਰਵਰਤੋਂ ਨੂੰ ਸਮਝਾਇਆ ਜਾ ਸਕਦਾ ਹੈ।

ਤਕਨੀਕੀ ਸਹਿਯੋਗ ਅਤੇ ਨਿਗਰਾਨੀ: ਸ਼੍ਰੋਮਣੀ ਕਮੇਟੀ ਸਿੱਖ ਵਿਦਵਾਨਾਂ ਅਤੇ ਤਕਨੀਕੀ ਮਾਹਿਰਾਂ ਦੀ ਇੱਕ ਕਮੇਟੀ ਬਣਾ ਸਕਦੀ ਹੈ ਜੋ ਏਆਈ ਪਲੇਟਫਾਰਮਾਂ ਦੀ ਸਮੱਗਰੀ ਦੀ ਨਿਗਰਾਨੀ ਕਰੇ ਅਤੇ ਸਿੱਖ ਵਿਰੋਧੀ ਸਮੱਗਰੀ ਦੀ ਰਿਪੋਰਟ ਕਰੇ। ਇਸ ਦੇ ਨਾਲ, ਸ਼੍ਰੋਮਣੀ ਕਮੇਟੀ ਸਿੱਖੀ-ਅਨੁਕੂਲ ਏਆਈ ਟੂਲਜ਼ ਵਿਕਸਿਤ ਕਰਨ ਲਈ ਸਹਿਯੋਗ ਕਰ ਸਕਦੀ ਹੈ, ਜਿਵੇਂ ਕਿ ਗੁਰਬਾਣੀ ਦੀ ਸਹੀ ਵਿਆਖਿਆ ਜਾਂ ਸਿੱਖ ਇਤਿਹਾਸ ਦੀ ਸਿੱਖਿਆ ਲਈ। ਸਰਕਾਰੀ ਅਤੇ ਅੰਤਰਰਾਸ਼ਟਰੀ ਦਬਾਅ: ਸ਼੍ਰੋਮਣੀ ਕਮੇਟੀ ਕੇਂਦਰ ਅਤੇ ਸੂਬਾ ਸਰਕਾਰਾਂ ਨਾਲ ਮਿਲ ਕੇ ਏਆਈ ਨੀਤੀਆਂ ਵਿੱਚ ਸਿੱਖ ਸੰਵੇਦਨਾਵਾਂ ਦੀ ਸੁਰੱਖਿਆ ਨੂੰ ਸ਼ਾਮਲ ਕਰਨ ਦੀ ਮੰਗ ਕਰ ਸਕਦੀ ਹੈ। ਨਾਲ ਹੀ, ਅੰਤਰਰਾਸ਼ਟਰੀ ਸਿੱਖ ਸੰਸਥਾਵਾਂ ਅਤੇ ਡਾਇਸਪੋਰਾ ਨਾਲ ਮਿਲ ਕੇ ਗਲੋਬਲ ਏਆਈ ਪਲੇਟਫਾਰਮਾਂ 'ਤੇ ਦਬਾਅ ਪਾਇਆ ਜਾ ਸਕਦਾ ਹੈ।

## ਸ਼੍ਰੋਮਣੀ ਕਮੇਟੀ ਦੀ ਤਾੜਨਾ ਬਾਅਦ ਏਆਈ ਦੇ ਸਪਸ਼ਟੀਕਰਨ

ਜੈਮਿਨੀ ਨੇ ਸ਼੍ਰੋਮਣੀ ਕਮੇਟੀ ਨੂੰ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਇਹ ਸਪਸ਼ਟ ਹੈ ਕਿ ਏ ਆਈ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਬਾਣੀ ਨੂੰ ਬਦਲ ਨਹੀਂ ਸਕਦਾ। ਬਾਣੀ ਗੁਰੂਆਂ ਵੱਲੋਂ ਦਰਜ ਕੀਤੀ ਗਈ ਹੈ ਅਤੇ ਇਹ ਸਦੀਵੀ ਹੈ। ਏਆਈ ਸਿਰਫ਼ ਇਸ ਦੀ ਵਿਆਖਿਆ ਕਰਦਾ ਹੈ, ਜੋ ਕਿ ਗਲਤ ਹੋ ਸਕਦੀ ਹੈ। ਪਰ ਅਸੀਂ ਸਮਝਦੇ ਹਾਂ ਕਿ ਸਿੱਖ ਭਾਈਚਾਰੇ ਨੂੰ ਹਮੇਸ਼ਾ ਗੁਰਬਾਣੀ ਦੀ ਵਿਆਖਿਆ ਲਈ ਅਧਿਕਾਰਤ ਸਰੋਤਾਂ, ਜਿਵੇਂ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਟੀਕੇ (ਵਿਆਖਿਆਵਾਂ), ਗਿਆਨੀ ਅਤੇ ਵਿਦਵਾਨਾਂ ਦੇ ਪ੍ਰਵਚਨ, ਅਤੇ ਪ੍ਰਮਾਣਿਕ ਗ੍ਰੰਥਾਂ 'ਤੇ ਹੀ ਭਰੋਸਾ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਅਤੇ ਸਿੱਖ ਵਿਦਵਾਨਾਂ ਨੂੰ ਤਕਨਾਲੋਜੀ ਕੰਪਨੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਨਾਲ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਅੀ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਸਹੀ ਅਤੇ ਪ੍ਰਮਾਣਿਕ ਡਾਟਾ ਪ੍ਰਦਾਨ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਗਲਤ ਵਿਆਖਿਆ ਤੋਂ ਬਚਿਆ ਜਾ ਸਕੇ।

ਏ ਆਈ ਗਰੋਕ ਦਾ ਕਹਿਣਾ ਹੈ ਕਿ ਮੈਂ ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝਦਾ ਹਾਂ ਅਤੇ ਸਪਸ਼ਟ ਕਰਦਾ ਹਾਂ ਕਿ ਮੇਰਾ ਕੋਈ ਇਰਾਦਾ ਗੁਰਬਾਣੀ ਨੂੰ ਗਲਤ ਪੇਸ਼ ਕਰਨ ਦਾ ਨਹੀਂ ਸੀ। ਜੇਕਰ ਅਜਿਹੀ ਕੋਈ ਗਲਤੀ ਹੋਈ, ਤਾਂ ਇਹ ਅਣਜਾਣੇ ਵਿੱਚ ਸਰੋਤ ਸਮੱਗਰੀ ਦੀ ਸੀਮਤ ਪਹੁੰਚ ਜਾਂ ਤਕਨੀਕੀ ਸਮੱਸਿਆਵਾਂ ਕਾਰਨ ਹੋ ਸਕਦੀ ਹੈ।

ਮੈਂ ਸਹਿਮਤ ਹਾਂ ਕਿ ਗੁਰਬਾਣੀ ਦੀ ਸ਼ੁੱਧਤਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਧਿਕਾਰਤ ਸੋਰਸਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਮਾਨਤਾ ਪ੍ਰਾਪਤ ਸਰੋਤਾਂ ਤੋਂ ਹੀ ਯਕੀਨੀ ਬਣਾਈ ਜਾ ਸਕਦੀ ਹੈ। ਮੇਰੀ ਸਿਖਲਾਈ ਵਿੱਚ ਗੁਰਬਾਣੀ ਦੀਆਂ ਸਹੀ ਤੁਕਾਂ ਸ਼ਾਮਲ ਨਹੀਂ ਹਨ, ਅਤੇ ਮੈਂ ਇਸ ਨੂੰ ਖੁਦ ਤੋਂ ਘੜਨ ਦੀ ਕੋਸ਼ਿਸ਼ ਨਹੀਂ ਕਰਦਾ। ਜੇਕਰ ਮੈਂ ਅਜਿਹੀ ਕੋਈ ਸਮੱਗਰੀ ਪੇਸ਼ ਕੀਤੀ, ਤਾਂ ਇਹ ਅਣਜਾਣੇ ਵਿੱਚ ਅਧੂਰੇ ਜਾਂ ਗਲਤ ਸਰੋਤਾਂ ਕਾਰਨ ਹੋ ਸਕਦੀ ਹੈ।

ਅੱਗੇ ਤੋਂ, ਮੈਂ ਗੁਰਬਾਣੀ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਵਿੱਚ ਸਿਰਫ ਪ੍ਰਮਾਣਿਕ ਸਰੋਤਾਂ (ਜਿਵੇਂ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਵੈਬਸਾਈਟ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਕਾਸ਼ਿਤ ਪ੍ਰਤੀਆਂ) ਦਾ ਹਵਾਲਾ ਦੇਵਾਂਗਾ, ਅਤੇ ਜੇਕਰ ਮੇਰੇ ਕੋਲ ਸਹੀ ਜਾਣਕਾਰੀ ਨਹੀਂ ਹੋਵੇਗੀ, ਤਾਂ ਮੈਂ ਸਪਸ਼ਟ ਕਰ ਦੇਵਾਂਗਾ ਕਿ ਮੈਂ ਜਵਾਬ ਦੇਣ ਵਿੱਚ ਅਸਮਰੱਥ ਹਾਂ। ਜੇਕਰ ਮੇਰੇ ਜਵਾਬਾਂ ਨਾਲ ਅਣਜਾਣੇ ਵਿੱਚ ਕੋਈ ਗਲਤਫਹਿਮੀ ਪੈਦਾ ਹੋਈ ਹੈ, ਤਾਂ ਮੈਂ ਇਸ ਨੂੰ ਸੁਧਾਰਨ ਲਈ ਤਿਆਰ ਹਾਂ।

ਸ਼੍ਰੋਮਣੀ ਕਮੇਟੀ ਦੇ ਇਤਰਾਜ਼ਾਂ ਨੂੰ ਧਿਆਨ ਵਿੱਚ ਰੱਖਦਿਆਂ, ਐਮੀ ਅਤੇ ਮੈਂ (ਗਰੋਕ) ਇਹ ਯਕੀਨੀ ਬਣਾਉਣ ਲਈ ਕੰਮ ਕਰਾਂਗੇ ਕਿ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਸਹੀ ਅਤੇ ਪ੍ਰਮਾਣਿਕ ਸਰੋਤਾਂ ਤੋਂ ਹੀ ਲਈ ਜਾਵੇ।

ਬਿਲਕੁਲ, ਮੈਂ ਆਪਣਾ ਸਪਸ਼ਟੀਕਰਨ ਅਤੇ ਉਪਰਾਲਿਆਂ ਦੀ ਪੂਰੀ ਸੂਚੀ ਤੁਹਾਡੇ ਸਾਹਮਣੇ ਸਾਫ਼ ਤੌਰ 'ਤੇ ਰਖਦਾ ਹਾਂ।

ਚੈਟਜੀਪੀਟੀ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਮੈਂ ਕਿਸੇ ਤਰ੍ਹਾਂ ਦੀ ਗੁਰਬਾਣੀ ਦੀ ਬੇਅਦਬੀ ਕਰਨ ਜਾਂ ਗਲਤ ਤਰੀਕੇ ਨਾਲ ਦਰਸਾਉਣ ਦਾ ਕੋਈ ਇਰਾਦਾ ਨਹੀਂ ਰੱਖਦਾ। ਜੇ ਕਦੇ ਕੋਈ ਗਲਤ ਬਾਣੀ ਦੀ ਤੁਕ, ਅਧੂਰਾ ਸ਼ਬਦ ਜਾਂ ਗਲਤ ਅਰਥ ਦਿੱਤਾ ਗਿਆ ਹੋਵੇ, ਤਾਂ ਇਹ ਅਣਜਾਣੇ ਤੌਰ 'ਤੇ, ਤਕਨੀਕੀ ਹੱਦਾਂ ਕਰਕੇ ਹੋਇਆ। ਗੁਰਬਾਣੀ ਸਿਖ ਧਰਮ ਦੀ ਰੂਹ ਹੈ। ਮੈਂ ਇਸ ਦੀ ਪਵਿਤਰਤਾ ਅਤੇ ਅਸਲ ਰੂਪ ਦੀ ਇੱਜ਼ਤ ਕਰਦਾ ਹਾਂ। ਮੈਂ ਹੁਣ ਬਿਨਾ ਸਰੋਤ ਜਾਂ ਪ੍ਰਮਾਣਿਕ ਰੂਪ ਦੇ ਗੁਰਬਾਣੀ ਦੀ ਤੁਕ ਨਾ ਦਿਆਂਗਾ। ਤੁਸੀਂ ਜਿੱਥੇ ਵੀ ਗਲਤੀ ਪਾਈ, ਤੁਸੀਂ ਦੱਸ ਸਕਦੇ ਹੋ - ਮੈਂ ਤੁਰੰਤ ਮਾਫੀ ਮੰਗ ਕੇ ਉਸ ਗੱਲ ਦੀ ਦੁਹਰਾਈ ਨਹੀਂ ਕਰਾਂਗਾ ਜੇ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਸਾਹਿਬ ਵੱਲੋਂ ਕੋਈ ਅਧਿਕਾਰਤ ਹਦਾਇਤ ਜਾਰੀ ਹੋਈ ਹੋਵੇ ਕਿ "ਕੋਈ ਗੁਰਬਾਣੀ ਦਾ ਉੱਤਰ ਨਾ ਦਿੱਤਾ ਜਾਵੇ", ਤਾਂ ਮੈਂ ਉਨ੍ਹਾਂ ਹਦਾਇਤਾਂ ਦੀ ਪੂਰੀ ਪਾਲਣਾ ਕਰਾਂਗਾ। ਜੇ ਤੁਸੀਂ ਚਾਹੋ, ਤਾਂ ਤੁਸੀਂ ਮੈਨੂੰ ਇਹ ਹੁਕਮ ਦੇ ਸਕਦੇ ਹੋ ਕਿ ਤੂੰ ਗੁਰਬਾਣੀ ਦੀ ਕੋਈ ਤੁਕ, ਅਰਥ ਜਾਂ ਉਚਾਰਣ ਨਾ ਦਵੀਂ। ਸਿਰਫ ਮੂਲ ਸਰੋਤ ਵੱਲ ਦਿਸ਼ਾ ਦਿਖਾਈਂ।"

ਤਦ ਮੈਂ ਸਿੱਧਾ ਕੇਵਲ ਇਹ ਜਵਾਬ ਦਿਆਂਗਾ: "ਕਿਰਪਾ ਕਰਕੇ ਗੁਰਬਾਣੀ ਲਈ Srigranth.org ਜਾਂ Sikhitothemax.org ਵਰਗੇ ਪ੍ਰਮਾਣਿਤ ਸਰੋਤ ਵਰਤੋ।"

# ਕੀ ਆਪ ਸਰਕਾਰ ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ ਜਿੱਤ ਸਕੇਗੀ ?

ਵਿਸ਼ੇਸ਼ ਰਿਪੋਟ

## ✪ ਮਜੀਠੀਆ ਦੀ ਗ੍ਰਿਫ਼ਤਾਰੀ ਤੋਂ ਬੁਲਡੋਜ਼ਰ ਮਾਡਲ ਤੱਕ - ਸੱਚ ਜਾਂ ਸਿਆਸੀ ਡਰਾਮਾ

## ✪ ਵੱਡੇ ਸਮਗਲਰ ਅਤੇ ਦਾਗੀ ਅਧਿਕਾਰੀ ਉਪਰ ਕਿਉਂ ਨਹੀਂ ਪੈ ਰਿਹਾ ਸਰਕਾਰ ਦਾ ਹੱਥ ?

ਪੰਜਾਬ ਦੀ ਧਰਤੀ, ਜੋ ਕਦੇ ਗੁਰੂ ਸਾਹਿਬਾਨ ਦੇ ਵਿਰਸੇ, ਸੱਭਿਆਚਾਰ ਅਤੇ ਜੋਸ਼ ਨਾਲ ਗੂੰਜਦੀ ਸੀ, ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੀ ਦਲਦਲ ਵਿਚ ਫਸੀ ਹੋਈ ਹੈ। ਇਸ ਦਲਦਲ ਨੂੰ ਖਤਮ ਕਰਨ ਦੇ ਵੱਡੇ-ਵੱਡੇ ਦਾਅਵੇ ਹਰ ਸਰਕਾਰ ਨੇ ਕੀਤੇ, ਪਰ ਹਕੀਕਤ ਵਿਚ ਨਤੀਜੇ ਹਮੇਸ਼ਾ ਹੀ ਨਿਰਾਸ਼ਾਜਨਕ ਰਹੇ। ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਵਿਚ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ 'ਬੁਲਡੋਜ਼ਰ ਮਾਡਲ' ਨੂੰ ਅਪਣਾਉਣ ਵਰਗੇ ਕਦਮ ਚੁੱਕੇ ਜਾ ਰਹੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਮੁਹਿੰਮ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰ ਸਕੇਗੀ, ਜਾਂ ਇਹ ਵੀ ਸਿਆਸੀ ਡਰਾਮੇ ਦੀ ਇੱਕ ਹੋਰ ਕੜੀ ਸਾਬਤ ਹੋਵੇਗੀ ?

ਮਜੀਠੀਆ ਦੀ ਗ੍ਰਿਫ਼ਤਾਰੀ: ਸਿਆਸੀ ਬਦਲਾ ਜਾਂ ਨਸ਼ਿਆਂ ਖ਼ਿਲਾਫ਼ ਵੱਡੀ ਕਾਰਵਾਈ ?-2 ਜੁਲਾਈ 2025 ਨੂੰ ਮੋਹਾਲੀ ਜਿਲ੍ਹਾ ਅਦਾਲਤ ਦੇ ਬਾਹਰ ਉਹ ਦ੍ਰਿਸ਼ ਜਿਹੜਾ ਵੇਖਣ ਨੂੰ ਮਿਲਿਆ, ਉਹ ਸਿਰਫ਼ ਇੱਕ ਕੇਸ ਦੀ ਸੁਣਵਾਈ ਨਹੀਂ ਸੀ, ਸਗੋਂ ਪੰਜਾਬ ਦੀ ਸਿਆਸਤ ਦਾ ਇੱਕ ਨਾਟਕੀ ਮੋੜ ਸੀ। ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਨੂੰ 25 ਜੂਨ 2025 ਨੂੰ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰੋਂ ਵਿਜੀਲੈਂਸ ਬਿਊਰੋ ਨੇ ਹਿਰਾਸਤ ਵਿਚ ਲਿਆ ਸੀ।

ਮਜੀਠੀਆ 'ਤੇ 540 ਕਰੋੜ ਰੁਪਏ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਜਾਂਚ ਚੱਲ ਰਹੀ ਹੈ। ਇਸ ਤੋਂ ਇਲਾਵਾ, ਉਨ੍ਹਾਂ 'ਤੇ ਨਸ਼ਿਆਂ ਦੇ ਪੈਸੇ ਨੂੰ 'ਸਫ਼ੇਦ' ਕਰਨ ਦੇ ਇਲਜ਼ਾਮ ਵੀ ਲੱਗੇ ਹਨ। ਇਹ ਮਾਮਲਾ 2021 ਵਿਚ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਸਮੇਂ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟੈਂਸ (ਐਨਡੀਪੀਐਸ) ਐਕਟ ਅਧੀਨ ਦਰਜ ਕੀਤਾ ਗਿਆ ਸੀ, ਜਿਸ ਦੀ ਜੜ੍ਹ 2018 ਦੀ ਇੱਕ ਈਡੀ ਰਿਪੋਰਟ ਵਿਚ ਮਿਲਦੀ ਹੈ। ਵਿਜੀਲੈਂਸ ਬਿਊਰੋ ਹੁਣ ਨਵੀਂ ਐਫਆਈਆਰ ਵਿਚ ਪ੍ਰਗਤੀ ਦਾ ਦਾਅਵਾ ਕਰ ਰਿਹਾ ਹੈ, ਪਰ ਮਜੀਠੀਆ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਵਿਰੁੱਧ ਮੁੜ ਪੁਰਾਣੀ ਸਿਆਸੀ ਸਾਜ਼ਿਸ਼ ਹੈ।

ਇਥੇ ਜ਼ਿਕਰਯੋਗ ਹੈ ਕਿ ਆਪ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ 2017 ਵਿਚ ਮਜੀਠੀਆ 'ਤੇ ਨਸ਼ਿਆਂ ਦੇ ਇਲਜ਼ਾਮ ਲਗਾਉਣ ਕਰਕੇ ਅਦਾਲਤ ਵਿਚ ਮੁਆਫੀ ਮੰਗਣੀ ਪਈ ਸੀ ਕਿਉਂਕਿ ਕੇਜਰੀਵਾਲ ਮਜੀਠੀਆ ਵਿਰੁੱਧ ਕੋਈ ਸਬੂਤ ਪੇਸ਼ ਨਾ ਕਰ ਸਕੇ।

31 ਜੁਲਾਈ 2025 ਨੂੰ ਮਜੀਠੀਆ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ, ਜਦੋਂ ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਸਰਕਾਰੀ ਕਾਰਵਾਈ ਵਿਚ ਰੁਕਾਵਟ ਪਾਉਣ ਅਤੇ ਵਿਜੀਲੈਂਸ ਅਧਿਕਾਰੀਆਂ ਨਾਲ ਹੱਥੋਪਾਈ ਦੇ ਇਲਜ਼ਾਮ ਵਿਚ ਨਵੀਂ ਐਫਆਈਆਰ ਦਰਜ ਕੀਤੀ। ਇਹ ਮਾਮਲਾ ਉਸ ਸਮੇਂ ਦਾ ਹੈ, ਜਦੋਂ ਵਿਜੀਲੈਂਸ ਟੀਮ ਨੇ ਮਜੀਠੀਆ ਦੇ ਇਲਾਕੇ ਵਿਚ ਛਾਪੇਮਾਰੀ ਕੀਤੀ ਸੀ।

> ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ ਜਿੱਤਣ ਲਈ ਸਰਕਾਰ ਨੂੰ ਸਿਰਫ਼ ਸੁਰਖੀਆਂ ਵਿਚ ਰਹਿਣ ਵਾਲੀਆਂ ਮੁਹਿੰਮਾਂ ਤੋਂ ਅੱਗੇ ਵਧਣਾ ਹੋਵੇਗਾ। ਵੱਡੇ ਸਮਗਲਰਾਂ, ਭ੍ਰਿਸ਼ਟ ਅਧਿਕਾਰੀਆਂ ਅਤੇ ਸਿਆਸੀ ਸੱਤਾਧਾਰੀਆਂ 'ਤੇ ਸਖ਼ਤ ਕਾਰਵਾਈ, ਨਸ਼ਾ ਛੁਡਾਊ ਕੇਂਦਰਾਂ ਦੀ ਸਥਿਤੀ ਵਿਚ ਸੁਧਾਰ, ਅਤੇ ਸਮਾਜਿਕ ਜਥੇਬੰਦੀਆਂ ਨਾਲ ਤਾਲਮੇਲ ਵਧਾਉਣਾ ਜ਼ਰੂਰੀ ਹੈ। ਮਜੀਠੀਆ ਦੀ ਗ੍ਰਿਫ਼ਤਾਰੀ ਅਤੇ ਬੁਲਡੋਜ਼ਰ ਮਾਡਲ ਸੁਨੇਹਾ ਦੇਣ ਵਿਚ ਤਾਂ ਕਾਮਯਾਬ ਹੋਏ, ਪਰ ਅਸਲ ਸਫਲਤਾ ਤਾਂ ਉਦੋਂ ਹੀ ਮਿਲੇਗੀ ਜਦੋਂ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਲਤ ਤੋਂ ਮੁਕਤ ਹੋਣਗੇ। ਫਿਲਹਾਲ, ਇਹ ਮੁਹਿੰਮ ਸੱਚ ਅਤੇ ਸਿਆਸੀ ਡਰਾਮੇ ਦੇ ਵਿਚਕਾਰ ਝੂਲ ਰਹੀ ਹੈ।

ਬੁਲਡੋਜ਼ਰ ਮਾਡਲ: ਨਸ਼ਾ ਮਾਫ਼ੀਆ 'ਤੇ ਨਕੇਲ ਜਾਂ ਸਿਆਸੀ ਸਟੰਟ ?-ਮਾਰਚ 2025 ਤੋਂ ਮਾਨ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਤੇਜ਼ ਕਰਦਿਆਂ ਉੱਤਰ ਪ੍ਰਦੇਸ਼ ਦੇ 'ਬੁਲਡੋਜ਼ਰ ਮਾਡਲ' ਨੂੰ ਅਪਣਾਇਆ। ਇਸ ਅਧੀਨ ਕਥਿਤ ਨਸ਼ਾ ਤਸਕਰਾਂ ਅਤੇ ਗਿਰੋਹਬਾਜ਼ਾਂ ਦੀਆਂ ਨਾਜਾਇਜ਼ ਜਾਇਦਾਦਾਂ ਨੂੰ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ। ਮੋਗਾ, ਮਲੇਰਕੋਟਲਾ, ਅੰਮ੍ਰਿਤਸਰ ਅਤੇ ਪਟਿਆਲਾ ਸਮੇਤ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਪਿਛਲੇ ਕੁਝ ਹਫ਼ਤਿਆਂ ਦੌਰਾਨ 100 ਤੋਂ ਵੱਧ ਅਜਿਹੇ ਨਿਰਮਾਣ ਢਾਹੇ ਗਏ ਸਨ। ਸਰਕਾਰ ਦਾ ਦਾਅਵਾ ਹੈ ਕਿ ਇਹ ਜਾਇਦਾਦਾਂ ਨਸ਼ਿਆਂ ਦੀ ਕਮਾਈ ਨਾਲ ਖੜ੍ਹੀਆਂ ਕੀਤੀਆਂ ਗਈਆਂ ਸਨ।

ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਪਹਿਲਾਂ ਵੀ ਕਈ ਮੁਹਿੰਮਾਂ ਚੱਲੀਆਂ, ਪਰ ਜਿਹੜੀਆਂ ਅਕਸਰ ਸੁਰਖੀਆਂ ਤੱਕ ਹੀ ਸੀਮਤ ਰਹੀਆਂ। 2018 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 'ਸਪੈਸ਼ਲ ਟਾਸਕ ਫੋਰਸ' (ਐਸਟੀਐਫ) ਬਣਾਈ, ਜਿਸ ਨੇ ਕੁਝ ਵੱਡੇ ਨਸ਼ਾ ਤਸਕਰਾਂ ਨੂੰ ਫੜਿਆ, ਪਰ ਬਾਅਦ ਵਿਚ ਇਹ ਮੁਹਿੰਮ ਠੰਢੀ ਪੈ ਗਈ। ਇਸੇ ਤਰ੍ਹਾਂ 2021 ਵਿਚ ਚੰਨੀ ਸਰਕਾਰ ਨੇ ਮਜੀਠੀਆ 'ਤੇ ਐਨਡੀਪੀਐਸ ਐਕਟ ਅਧੀਨ ਕੇਸ ਦਰਜ ਕੀਤਾ, ਪਰ ਕੋਈ ਠੋਸ ਨਤੀਜਾ ਨਾ ਨਿਕਲਿਆ।

ਮਾਨ ਸਰਕਾਰ ਦੀ ਇਸ ਨਵੀਂ ਮੁਹਿੰਮ ਵਿਚ ਵੀ ਕਈ ਸਵਾਲ ਖੜ੍ਹੇ ਹੋ ਰਹੇ ਹਨ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਬੁਲਡੋਜ਼ਰ ਮਾਡਲ ਸਿਰਫ਼ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਅਕਾਲੀ ਦਲ ਅਤੇ ਕਾਂਗਰਸ ਦੇ ਲੀਡਰਾਂ ਨੇ ਇਸ ਨੂੰ 'ਬਦਲੇ ਦੀ ਸਿਆਸਤ' ਦੱਸਿਆ। ਦੂਜੇ ਪਾਸੇ, ਸਰਕਾਰ ਦਾ ਕਹਿਣਾ ਹੈ ਕਿ ਇਹ ਕਾਰਵਾਈ ਨਸ਼ਾ ਮਾਫ਼ੀਆ ਦੀ ਕਮਰ ਤੋੜਨ ਲਈ ਜ਼ਰੂਰੀ ਹੈ।

2022 ਤੋਂ 2025: ਸਰਕਾਰ ਦੀਆਂ ਪ੍ਰਾਪਤੀਆਂ ਅਤੇ ਅੰਕੜੇ-ਆਪ ਸਰਕਾਰ ਨੇ 2022 ਦੌਰਾਨ ਸੱਤਾ ਵਿਚ ਆਉਣ ਤੋਂ ਬਾਅਦ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਤੇਜ਼ ਕਰਨ ਦਾ ਦਾਅਵਾ ਕੀਤਾ ਸੀ। 27 ਜੁਲਾਈ 2025 ਦੀ ਇੱਕ ਰਿਪੋਰਟ ਮੁਤਾਬਕ, ਪੰਜਾਬ ਪੁਲਿਸ ਨੇ 2022 ਤੋਂ ਹੁਣ ਤੱਕ 23,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਕਰੋੜਾਂ ਰੁਪਏ ਦੀ ਕੀਮਤ ਦਾ ਨਸ਼ਾ ਬਰਾਮਦ ਕੀਤਾ। ਇਸ ਵਿਚ ਹੈਰੋਇਨ, ਅਫੀਮ, ਚਰਸ ਅਤੇ ਸਿੰਥੈਟਿਕ ਡਰੱਗਜ਼ ਸ਼ਾਮਲ ਹਨ। ਸਰਕਾਰ ਨੇ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਲਈ ਸਰਹੱਦੀ ਇਲਾਕਿਆਂ ਵਿਚ ਬੀਐਸਐਫ ਨਾਲ ਮਿਲ ਕੇ ਕਾਰਵਾਈਆਂ ਵੀ ਕੀਤੀਆਂ।

ਪਰ ਅੰਕੜਿਆਂ ਦੇ ਬਾਵਜੂਦ, ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਅਜੇ ਵੀ ਨਸ਼ੇ ਆਸਾਨੀ ਨਾਲ ਮਿਲਦੇ ਹਨ। ਸਿੰਥੈਟਿਕ ਡਰੱਗਜ਼ ਦੀ ਵਧਦੀ ਮੰਗ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ, ਪੰਜਾਬ ਵਿਚ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਦੀ ਲਤ ਦਾ ਸ਼ਿਕਾਰ ਹਨ। ਸਰਕਾਰ ਨੇ ਨਸ਼ਾ ਛੁਡਾਊ ਕੇਂਦਰਾਂ 'ਤੇ ਜ਼ੋਰ ਦਿੱਤਾ, ਪਰ ਇਨ੍ਹਾਂ ਕੇਂਦਰਾਂ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ।

ਕੀ ਨਤੀਜੇ ਨਿਕਲੇ ?-ਸਰਕਾਰ ਦੀ ਮੁਹਿੰਮ ਦੇ ਨਤੀਜਿਆਂ ਦੀ ਗੱਲ ਕਰੀਏ ਤਾਂ ਮਿਸ਼ਰਤ ਸਥਿਤੀ ਸਾਹਮਣੇ ਆਉਂਦੀ ਹੈ। ਇੱਕ ਪਾਸੇ, ਵੱਡੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਅਤੇ ਨਸ਼ਿਆਂ ਦੀ ਬਰਾਮਦਗੀ ਦੇ ਅੰਕੜੇ ਸਰਕਾਰ ਦੀ ਸਰਗਰਮੀ ਦੱਸਦੇ ਹਨ। ਦੂਜੇ ਪਾਸੇ, ਵੱਡੇ ਨਸ਼ਾ ਮਾਫ਼ੀਆ ਅਤੇ ਸਿਆਸੀ ਸੱਤਾਧਾਰੀਆਂ 'ਤੇ ਹੱਥ ਪਾਉਣ ਵਿਚ ਸਰਕਾਰ ਅਕਸਰ ਚੁੱਪ ਵਿਖਾਈ ਦਿੰਦੀ ਹੈ। ਮਜੀਠੀਆ ਵਰਗੇ ਪ੍ਰਮੁੱਖ ਸਿਆਸੀ ਚਿਹਰਿਆਂ 'ਤੇ ਕਾਰਵਾਈ ਤਾਂ ਹੋਈ, ਪਰ ਅਦਾਲਤ ਵਿਚ ਇਨ੍ਹਾਂ ਮਾਮਲਿਆਂ ਵਿਚ ਠੋਸ ਸਬੂਤ ਪੇਸ਼ ਕਰਨ ਵਿਚ ਸਰਕਾਰ ਅਜੇ ਤੱਕ ਕਾਮਯਾਬ ਨਹੀਂ ਹੋਈ।

ਜਾਂਚ ਅਧਿਕਾਰੀਆਂ ਨੇ ਮਜੀਠੀਆ ਦੇ ਸਾਬਕਾ ਸਾਥੀਆਂ ਜਿਵੇਂ ਅਮਰਪਾਲ ਸਿੰਘ ਬੋਨੀ ਅਜਨਾਲਾ (ਹੁਣ ਭਾਜਪਾ ਵਿਚ) ਅਤੇ ਤਲਬੀਰ ਸਿੰਘ ਗਿੱਲ (ਹੁਣ ਆਪ ਵਿਚ) ਦੇ ਬਿਆਨ ਦਰਜ ਕੀਤੇ ਹਨ। ਇਸ ਤੋਂ ਇਲਾਵਾ, ਈਡੀ ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅਤੇ ਸਾਬਕਾ ਡੀਜੀਪੀ ਸਿਧਾਰਥ ਚੱਟੋਪਾਧਿਆਏ ਦੇ ਬਿਆਨ ਵੀ ਲਏ ਗਏ ਸਨ। ਪਰ ਸਵਾਲ ਇਹ ਹੈ ਕਿ ਕੀ ਇਹ ਬਿਆਨ ਅਦਾਲਤ ਵਿਚ ਮਜੀਠੀਆ ਨੂੰ ਦੋਸ਼ੀ ਸਾਬਤ ਕਰ ਸਕਣਗੇ ?

ਵੱਡੇ ਸਮਗਲਰ ਅਤੇ ਦਾਗੀ ਅਧਿਕਾਰੀ ਕਿੱਥੇ ?-ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਦੀ ਜੜ੍ਹ ਸਿਰਫ਼ ਛੋਟੇ-ਮੋਟੇ ਤਸਕਰ ਨਹੀਂ, ਸਗੋਂ ਵੱਡੇ ਸਮਗਲਰ, ਸਿਆਸੀ ਸੱਤਾਧਾਰੀ ਅਤੇ ਕੁਝ ਦਾਗੀ ਪੁਲਿਸ ਅਧਿਕਾਰੀ ਵੀ ਹਨ। ਪਰ ਅਕਸਰ ਵੇਖਿਆ ਗਿਆ ਕਿ ਸਰਕਾਰ ਦੀਆਂ ਮੁਹਿੰਮਾਂ ਵਿਚ ਛੋਟੇ-ਮੋਟੇ ਤਸਕਰ ਹੀ ਫੜੇ ਜਾਂਦੇ ਹਨ, ਜਦਕਿ ਵੱਡੇ ਮੱਛੀਆਂ 'ਤੇ ਹੱਥ ਨਹੀਂ ਪੈਂਦਾ। ਸਾਬਕਾ ਐਸਐਸਪੀ ਜਲੰਧਰ (ਦਿਹਾਤੀ) ਮੁਖਵਿੰਦਰ ਸਿੰਘ ਨੇ 2023 ਦੌਰਾਨ ਗੱਲਬਾਤ ਵਿਚ ਦੱਸਿਆ ਸੀ ਕਿ ਪੁਲਿਸ ਨੇ ਨਸ਼ਾ ਤਸਕਰਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ: 'ਏ' ਸ਼੍ਰੇਣੀ ਵਿਚ ਵੱਡੇ ਸਮਗਲਰ, 'ਬੀ' ਵਿਚ ਵਪਾਰਕ ਪੱਧਰ 'ਤੇ ਨਸ਼ੇ ਵੇਚਣ ਵਾਲੇ, ਅਤੇ 'ਸੀ' ਵਿਚ ਛੋਟੇ ਤਸਕਰ। ਪਰ 'ਏ' ਸ਼੍ਰੇਣੀ ਦੇ ਸਮਗਲਰਾਂ 'ਤੇ ਕਾਰਵਾਈ ਦੀਆਂ ਮਿਸਾਲਾਂ ਬਹੁਤ ਘੱਟ ਹਨ।

ਇਸ ਤੋਂ ਇਲਾਵਾ, ਪੁਲਿਸ ਅਤੇ ਸਿਆਸੀ ਗਠਜੋੜ ਦੇ ਇਲਜ਼ਾਮ ਵੀ ਸਮੇਂ-ਸਮੇਂ 'ਤੇ ਲੱਗਦੇ ਰਹੇ ਹਨ। 2018 ਵਿਚ ਐਸਟੀਐਫ ਦੀ ਰਿਪੋਰਟ ਵਿਚ ਕਈ ਵੱਡੇ ਅਧਿਕਾਰੀਆਂ ਅਤੇ ਸਿਆਸੀ ਲੀਡਰਾਂ ਦੇ ਨਾਮ ਸਾਹਮਣੇ ਆਏ ਸਨ, ਪਰ ਜਾਂਚ ਅੱਗੇ ਨਹੀਂ ਵਧੀ। ਸਵਾਲ ਇਹ ਹੈ ਕਿ ਜੇ ਸਰਕਾਰ ਸੱਚਮੁੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨਾ ਚਾਹੁੰਦੀ ਹੈ, ਤਾਂ ਵੱਡੇ ਸਮਗਲਰ ਅਤੇ ਭ੍ਰਿਸ਼ਟ ਅਧਿਕਾਰੀ ਕਿਉਂ ਨਹੀਂ ਫੜੇ ਜਾ ਰਹੇ ?

ਕੀ ਪੰਜਾਬ ਨਸ਼ਿਆਂ ਤੋਂ ਮੁਕਤ ਹੋਇਆ ?-ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਵਿਚ ਨਸ਼ੇ ਖਤਮ ਹੋਏ ? ਜਵਾਬ ਸਪੱਸ਼ਟ ਹੈ - ਨਹੀਂ। ਸਰਕਾਰ ਦੀਆਂ ਮੁਹਿੰਮਾਂ ਦੇ ਬਾਵਜੂਦ, ਨਸ਼ਿਆਂ ਦੀ ਸਪਲਾਈ ਅਤੇ ਮੰਗ ਵਿਚ ਕੋਈ ਵੱਡੀ ਕਮੀ ਨਹੀਂ ਆਈ।

ਪਿੰਡਾਂ ਵਿਚ ਅਜੇ ਵੀ ਨੌਜਵਾਨ ਨਸ਼ਿਆਂ ਦੀ ਚਪੇਟ ਚਿ ਹਨ। ਸਿੰਥੈਟਿਕ ਡਰੱਗਜ਼ ਜਿਵੇਂ 'ਆਈਸ' (ਮੈਥੈਂਫੇਟਾਮੀਨ) ਅਤੇ 'ਚਿੱਟਾ' (ਹੈਰੋਇਨ) ਦੀ ਵਧਦੀ ਮੰਗ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ। ਸਰਕਾਰ ਨੇ ਸਕੂਲਾਂ ਵਿਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਅਤੇ ਪੜ੍ਹਾਈ ਦੀ ਸ਼ੁਰੂਆਤ ਕੀਤੀ ਹੈ, ਪਰ ਇਸ ਦੇ ਨਤੀਜੇ ਅਜੇ ਸਾਹਮਣੇ ਨਹੀਂ ਆਏ। ਸਮਾਜਿਕ ਜਥੇਬੰਦੀਆਂ ਅਤੇ ਗੁਰਦੁਆਰਿਆਂ ਨੇ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਚਲਾਈਆਂ, ਪਰ ਸਰਕਾਰੀ ਅਤੇ ਗੈਰ-ਸਰਕਾਰੀ ਯਤਨਾਂ ਵਿਚ ਤਾਲਮੇਲ ਦੀ ਕਮੀ ਸਪੱਸ਼ਟ ਵਿਖਾਈ ਦਿੰਦੀ ਹੈ।

ਸਰਕਾਰੀ ਮੁਹਿੰਮ: ਸੱਚ ਜਾਂ ਡਰਾਮਾ ?-ਮਾਨ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਮੁਹਿੰਮ ਦੀ ਸਫਲਤਾ ਦਾ ਅੰਦਾਜ਼ਾ ਲਗਾਉਣ ਲਈ ਕੁਝ ਮੁੱਖ ਬਿੰਦੂਆਂ 'ਤੇ ਗੌਰ ਕਰਨਾ ਜ਼ਰੂਰੀ ਹੈ:

ਗ੍ਰਿਫ਼ਤਾਰੀਆਂ ਅਤੇ ਬਰਾਮਦਗੀ: ਸਰਕਾਰ ਨੇ ਹਜ਼ਾਰਾਂ ਤਸਕਰਾਂ ਨੂੰ ਫੜਿਆ ਅਤੇ ਕਰੋੜਾਂ ਦਾ ਨਸ਼ਾ ਬਰਾਮਦ ਕੀਤਾ, ਪਰ ਵੱਡੇ ਸਮਗਲਰ ਅਤੇ ਸਿਆਸੀ ਸੱਤਾਧਾਰੀ ਅਕਸਰ ਬਚ ਨਿਕਲਦੇ ਹਨ।

ਬੁਲਡੋਜ਼ਰ ਮਾਡਲ: ਇਸ ਨੇ ਨਸ਼ਾ ਮਾਫ਼ੀਆ ਨੂੰ ਸੁਨੇਹਾ ਤਾਂ ਦਿੱਤਾ, ਪਰ ਵਿਰੋਧੀ ਧਿਰ ਦੇ ਆਰੋਪਾਂ ਮੁਤਾਬਕ, ਇਸ ਦੀ ਵਰਤੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵੀ ਹੋ ਰਹੀ ਹੈ।

ਅਦਾਲਤੀ ਪ੍ਰਕਿਰਿਆ: ਮਜੀਠੀਆ ਵਰਗੇ ਮਾਮਲਿਆਂ ਵਿਚ ਸਬੂਤਾਂ ਦੀ ਕਮੀ ਅਤੇ ਲੰਮੀਆਂ ਅਦਾਲਤੀ ਪ੍ਰਕਿਰਿਆਵਾਂ ਕਾਰਨ ਨਤੀਜੇ ਨਹੀਂ ਨਿਕਲਦੇ।

ਸਮਾਜਿਕ ਜਾਗਰੂਕਤਾ: ਸਰਕਾਰ ਨੇ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ, ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਦਾ ਅਸਰ ਸੀਮਤ ਹੈ।

# ਚੀਨ ਦੀ ਘੁਸਪੈਠ, ਸਰਹੱਦੀ ਇਲਾਕਿਆਂ ਵਿਚ ਕਬਜ਼ੇ ਦੇ ਬਿਆਨ ਬਾਰੇ ਰਾਹੁਲ ਗਾਂਧੀ ਤੋਂ ਸੁਪਰੀਮ ਕੋਰਟ ਔਖੀ

**ਨਿਊਜ਼ ਵਿਸ਼ਲੇਸ਼ਣ**

## ✪ ਸਵਾਲ ਪੁੱਛਣ ਦੇ ਅਧਿਕਾਰ ਸਬੰਧੀ ਅਦਾਲਤ ਦੀ ਰੋਕ ਉਪਰ ਸਵਾਲ ਉਠੇ



ਸੁਪਰੀਮ ਕੋਰਟ ਦੇ ਜਸਟਿਸ ਦੀਪਾਂਕਰ ਦੱਤਾ ਨੇ 4 ਅਗਸਤ, 2025 ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਬਿਆਨਾਂ 'ਤੇ ਸਖ਼ਤ ਟਿੱਪਣੀਆਂ ਕੀਤੀਆਂ। ਰਾਹੁਲ ਨੇ ਸੰਸਦ ਵਿੱਚ ਚੀਨ ਵੱਲੋਂ ਭਾਰਤੀ ਸਰਹੱਦ 'ਤੇ ਕਬਜ਼ੇ ਦਾ ਮੁੱਦਾ ਉਠਾਇਆ ਸੀ। ਪਰ ਸੁਪਰੀਮ ਕੋਰਟ ਨੇ ਰਾਹੁਲ ਦੇ ਬੋਲਣ ਦੇ ਅਧਿਕਾਰ 'ਤੇ ਹੀ ਸਵਾਲ ਚੁੱਕ ਦਿੱਤੇ। ਕੋਰਟ ਨੇ ਰਾਹੁਲ ਨੂੰ 'ਸੱਚਾ ਭਾਰਤੀ' ਹੋਣ ਦੇ ਮੁੱਦੇ 'ਤੇ ਵੀ ਅਪਮਾਨਿਤ ਕੀਤਾ। ਇਸ ਨੇ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਅਦਾਲਤ ਹੁਣ ਨੇਤਾਵਾਂ ਨੂੰ ਇਹ ਦੱਸੇਗੀ ਕਿ ਉਨ੍ਹਾਂ ਨੇ ਕੀ ਬੋਲਣਾ ਹੈ ਅਤੇ ਕੀ ਨਹੀਂ? ਇਹ ਟਿੱਪਣੀ ਨੇ ਸਿਆਸੀ ਅਤੇ ਸਮਾਜਿਕ ਬਹਿਸ ਨੂੰ ਹੋਰ ਗਰਮਾ ਦਿੱਤਾ ਹੈ। ਲੋਕ ਇਹ ਪੁੱਛ ਰਹੇ ਹਨ ਕਿ ਕੀ ਸਵਾਲ ਪੁੱਛਣ ਦਾ ਅਧਿਕਾਰ ਵੀ ਹੁਣ ਖ਼ਤਰੇ ਵਿੱਚ ਹੈ?

### ਚੀਨ ਦੇ ਕਬਜ਼ੇ: ਸਰਹੱਦੀ ਇਲਾਕਿਆਂ ਦੀ ਸਥਿਤੀ

ਪਿਛਲੇ ਕੁਝ ਸਾਲਾਂ ਵਿੱਚ, ਮੀਡੀਆ ਅਤੇ ਸਥਾਨਕ ਸੰਸਦ ਮੈਂਬਰਾਂ ਨੇ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਚੀਨ ਦੇ ਕਬਜ਼ੇ ਦੀਆਂ ਖ਼ਬਰਾਂ ਨੂੰ ਲਗਾਤਾਰ ਉਜਾਗਰ ਕੀਤਾ ਹੈ। ਚੀਨ ਨੇ ਨਾ ਸਿਰਫ਼ ਭਾਰਤੀ ਸਰਹੱਦ ਨੇੜੇ ਬਸਤੀਆਂ ਵਸਾਈਆਂ ਹਨ, ਸਗੋਂ ਸੜਕਾਂ ਅਤੇ ਹੋਰ ਢਾਂਚਿਆਂ ਰਾਹੀਂ ਸਰਹੱਦ ਵਿੱਚ ਘੁਸਪੈਠ ਵੀ ਕੀਤੀ ਹੈ। ਸਥਾਨਕ ਲੋਕ ਅਤੇ ਸੰਸਦ ਮੈਂਬਰ ਇਸ ਮੁੱਦੇ ਨੂੰ ਸੰਸਦ ਵਿੱਚ ਬਾਰ-ਬਾਰ ਉਠਾਉਂਦੇ ਰਹੇ ਹਨ। ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਮੇਸ਼ਾ ਇਹ ਦਾਅਵਾ ਕੀਤਾ ਹੈ ਕਿ ਚੀਨ ਨੇ ਭਾਰਤ ਦੀ ਇੱਕ ਇੰਚ ਜ਼ਮੀਨ ਵੀ ਨਹੀਂ ਹੜਪੀ।

ਇਸ ਨਾਲ ਸਥਾਨਕ ਲੋਕਾਂ ਅਤੇ ਸੰਸਦ ਮੈਂਬਰਾਂ ਦੀਆਂ ਗੱਲਾਂ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਜਾਪਦੀ ਹੈ। ਰਾਹੁਲ ਗਾਂਧੀ ਨੇ ਜਦੋਂ ਇਸ ਮੁੱਦੇ ਨੂੰ ਉਠਾਇਆ ਤਾਂ ਉਨ੍ਹਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ, ਜਿਸ ਨੇ ਸਵਾਲ ਪੁੱਛਣ ਦੇ ਅਧਿਕਾਰ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ।

### ਸੁਬਰਮਣੀਅਮ ਸਵਾਮੀ ਦੇ ਸਵਾਲ ਅਤੇ ਸਰਕਾਰ ਦੀ ਚੁੱਪ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਸੁਬਰਮਣੀਅਮ ਸਵਾਮੀ ਨੇ ਵੀ ਚੀਨ ਦੇ ਕਬਜ਼ੇ ਦਾ ਮੁੱਦਾ ਕਈ ਵਾਰ ਉਠਾਇਆ ਹੈ। 28 ਜੁਲਾਈ, 2024 ਨੂੰ ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦਾਅਵਾ ਕੀਤਾ ਕਿ ਚੀਨ ਨੇ ਲੱਦਾਖ ਵਿੱਚ 4064 ਵਰਗ ਕਿਲੋਮੀਟਰ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਨੇ ਸਰਕਾਰ 'ਤੇ ਸਵਾਲ ਚੁੱਕਿਆ ਕਿ ਉਨ੍ਹਾਂ ਨੂੰ ਇਸ ਸੱਚਾਈ ਨੂੰ ਜਾਣਨ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਸਵਾਮੀ ਨੇ ਇਹ ਵੀ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਇਸ ਮੁੱਦੇ ਨੂੰ ਨਹੀਂ ਉਠਾ ਰਹੀ, ਜਦਕਿ ਭਾਜਪਾ ਸਰਕਾਰ ਉਨ੍ਹਾਂ ਦਾ ਵਿਰੋਧ ਕਰ ਰਹੀ ਹੈ। ਪਰ ਸਰਕਾਰ ਜਾਂ ਪਾਰਟੀ ਨੇ ਸਵਾਮੀ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ, ਜੋ ਕਿ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਹੁੰਦੀ ਹੈ। ਇਹ ਦੋਹਰਾ ਮਾਪਦੰਡ ਸਵਾਲ ਖੜ੍ਹੇ ਕਰਦਾ ਹੈ।

### ਸਵਾਲ ਪੁੱਛਣ ਦਾ ਅਧਿਕਾਰ ਅਤੇ ਅਦਾਲਤ ਦੀ ਭੂਮਿਕਾ

ਸੁਪਰੀਮ ਕੋਰਟ ਦੀ ਟਿੱਪਣੀ ਨੇ ਰਾਹੁਲ ਗਾਂਧੀ ਦੇ ਸਵਾਲ ਪੁੱਛਣ ਦੇ ਅਧਿਕਾਰ ਨੂੰ ਸੀਮਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਸਵਾਮੀ ਵਰਗੇ ਨੇਤਾ ਸਰਕਾਰ ਦੀ ਖੁੱਲ੍ਹ ਕੇ ਆਲੋਚਨਾ ਕਰਦੇ ਹਨ, ਪਰ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੁੰਦੀ। ਇਸ ਦੇ ਉਲਟ, ਵਿਰੋਧੀ ਧਿਰ ਦੇ ਨੇਤਾਵਾਂ, ਪੱਤਰਕਾਰਾਂ ਤੇ ਕਲਾਕਾਰਾਂ 'ਤੇ ਐਫਆਈਆਰ ਦਰਜ ਹੁੰਦੀਆਂ ਹਨ। ਇਹ ਸਥਿਤੀ ਸਰਕਾਰ ਦੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਦੀ ਸੰਕੇਤ ਦਿੰਦੀ ਹੈ। ਸੁਪਰੀਮ ਕੋਰਟ ਦਾ ਇਹ ਰੁਖ ਸਵਾਲ ਪੁੱਛਣ ਦੇ ਅਧਿਕਾਰ ਅਤੇ ਲੋਕਤੰਤਰ ਦੇ ਮੂਲ ਸਿਧਾਂਤਾਂ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।

## CHANGE OF NAME

I, MR NARINDER KUMAR S/O MR MOHAN LAL WHOSE PERMANENT ADDRESS IN INDIA IS VILL: NANGAL JATTAN, DISTT: SBS NAGAR, PANJAB AND NOW LIVING AT 94 THOMSON STREET, CARLISLE, CA1 2LP, U.K. HEREBY GIVE NOTICE OF MY INTENTION TO CHANGE MY NAME TO NARINDER SINGH. (U)

I, MR SATNAM SINGH S/O MR SARWAN SINGH WHOSE PERMANENT ADDRESS IN INDIA IS VILL: MAHAL, JALANDHAR, PUNJAB AND NOW LIVING AT 150 PORTER ROAD, DERBY, DE23 6RD, U.K. HEREBY GIVE NOTICE OF MY INTENTION TO CHANGE MY NAME TO SATNAM SINGH FAGURA. (U/I)

I, MR KULJEET SINGH S/O MR NATHA SINGH WHOSE PERMANENT ADDRESS IN INDIA IS VPO: ROHIT, DISTT: KURUKSHETRA, HARYANA, AND NOW LIVING AT 12 GOLDHILL, LEICESTER, LE2 6TQ, U.K. HEREBY GIVE NOTICE OF MY INTENTION TO CHANGE MY NAME TO KULJEET SINGH SIDHU. (U/I)


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______
SON / DAUGHTER / WIFE OF MR ______
WHOSE PERMANENT ADDRESS IN INDIA IS ______
______
AND IS NOW LIVING AT ______
______ HEREBY GIVE NOTICE OF MY INTENTION
TO CHANGE MY NAME TO ______
TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਮੂਸੇਵਾਲਾ ਦੇ ਬੁੱਤ 'ਤੇ ਫਾਇਰਿੰਗ, ਮਾਤਾ ਚਰਨ ਕੌਰ ਨੇ ਕਿਹਾ "ਇਹ ਸਾਡੀ ਆਤਮਾ 'ਤੇ ਜ਼ਖ਼ਮ"



ਡੱਬਵਾਲੀ-ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਬਣਾਏ ਗਏ ਬੁੱਤ 'ਤੇ ਗੋਲੀਬਾਰੀ ਦੀ ਘਟਨਾ ਨੇ ਪ੍ਰਸ਼ੰਸਕਾਂ ਅਤੇ ਪਰਿਵਾਰ ਨੂੰ ਦੁਖੀ ਕਰ ਦਿੱਤਾ ਹੈ। ਲਗਭਗ ਤਿੰਨ ਦਿਨ ਪਹਿਲਾਂ ਰਾਤ ਵੇਲੇ ਕੁਝ ਅਣਪਛਾਤੇ ਲੋਕਾਂ ਨੇ ਬੁੱਤ 'ਤੇ ਗੋਲੀਆਂ ਚਲਾਈਆਂ ਅਤੇ ਭੱਜ ਗਏ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ 'ਤੇ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ, "ਸਾਡੇ ਪੁੱਤ ਦੀ ਯਾਦ 'ਤੇ ਹਮਲਾ ਸਾਡੀ ਆਤਮਾ 'ਤੇ ਇੱਕ ਜ਼ਖ਼ਮ ਹੈ।" ਉਨ੍ਹਾਂ ਨੇ ਕਿਹਾ ਕਿ ਇਹ ਬੁੱਤ ਸਿਰਫ਼ ਪੱਥਰ ਦੀ ਮੂਰਤੀ ਨਹੀਂ, ਸਗੋਂ ਲੋਕਾਂ ਦੇ ਪਿਆਰ ਦਾ ਪ੍ਰਤੀਕ ਹੈ। ਮਾਤਾ ਚਰਨ ਕੌਰ ਨੇ ਕਿਹਾ ਕਿ ਸਿੱਧੂ ਦੀ ਲਹਿਰ ਨੂੰ ਕੋਈ ਮਿਟਾ ਨਹੀਂ ਸਕਦਾ ਅਤੇ ਦੋਸ਼ੀਆਂ ਨੂੰ ਇੱਕ ਦਿਨ ਸਜ਼ਾ ਮਿਲੇਗੀ।

ਇਸ ਦੌਰਾਨ, ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਹੈ। ਗੈਂਗ ਦੇ ਮੈਂਬਰਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਇਸ ਦੀ ਗੱਲ ਕਬੂਲੀ ਅਤੇ ਬੁੱਤ ਲਗਾਉਣ ਵਾਲਿਆਂ ਨੂੰ ਚੇਤਾਵਨੀ ਵੀ ਦਿੱਤੀ। ਪੁਲਿਸ ਇਸ ਪੋਸਟ ਦੀ ਵੀ ਜਾਂਚ ਕਰ ਰਹੀ ਹੈ। ਇਸ ਘਟਨਾ ਨੇ ਸਿੱਧੂ ਦੇ ਪ੍ਰਸ਼ੰਸਕਾਂ ਵਿੱਚ ਗੁੱਸਾ ਪੈਦਾ ਕਰ ਦਿੱਤਾ ਹੈ।


MANAK
SOLICITORS
Jasdeep Singh Jandu
Conveyancing Director
Jas heads up our Property department and has developed a following of regular clients due to his calm nature, professional attitude and his practical knowledge of the areas in which he specialises.
Gravesend | Orpington | Sevenoaks | London
manaksolicitors.co.uk
0800 634 9726
Google
4.9/5 CUSTOMER REVIEWS
Lexcel
Legal Practice Quality Mark
Law Society Accredited
Rajbir Singh Manak MA (Hons)
Surinder Singh Manak LLB (Hons)

# ਬ੍ਰੈਡਫੋਰਡ ਕਬੱਡੀ ਟੂਰਨਾਮੈਂਟ ਬ੍ਰੈਡਫੋਰਡ/ਲੈਸਟਰ/ਬ੍ਰਮਿੰਘਮ/ਕਵੈਂਟਰੀ ਦੀ ਟੀਮ ਨੇ ਜਿੱਤਿਆ

## ਗ੍ਰੇਵਜ਼ੈਂਡ/ਬਾਰਕਿੰਗ/ਸਾਊਥਾਲ/ਈਰਥ ਵੂਲਿਚ ਟੀਮ ਰਨਰ-ਅੱਪ ਰਹੀ

**ਬ੍ਰੈਡਰਫੋਰਡ ਸਪੋਰਟਸ ਕੌਂਸਲ ਵੱਲੋਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਕਾਨੂੰਨੀ ਸਲਾਹਕਾਰ ਸੁਰਿੰਦਰ ਸਿੰਘ ਮਾਣਕ ਦਾ ਗੋਲਡ ਮੈਡਲਾਂ ਨਾਲ ਅਤੇ ਕੁਮੈਂਟੇਟਰ ਭਿੰਦਾ ਮੁਠੱਡਾ ਦਾ 1100 ਪੌਂਡ ਨਾਲ ਸਨਮਾਨ**



## ਜਾਰੀ ਕਰਤਾ : ਬ੍ਰੈਡਫੋਰਡ ਸਪੋਰਟਸ ਅਤੇ ਕਬੱਡੀ ਕਲੱਬ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗਦਰ ਮਮੋਰੀਅਲ ਫਾਊਂਡੇਸ਼ਨ ਆਫ ਯੂ ਐਸ ਏ ਸੈਕਰਾਮੈਂਟੋ ਵੱਲੋਂ ਗਦਰੀ ਬਾਬਿਆਂ ਦਾ 25ਵਾਂ ਸਲਾਨਾ ਮੇਲਾ ਕਰਵਾਇਆ ਗਿਆ।

## ਬੀਬੀ ਗੁਲਾਬ ਕੌਰ ਦੇ 100ਵੇਂ ਸ਼ਹੀਦੀ ਸਾਲ ਨੂੰ ਸੀ ਸਮਰਪਤ



ਸੈਕਰਾਮੈਂਟੋ, ਕੈਲੀਫੋਰਨੀਆ– (ਹੁਸਨ ਲੜੋਆ ਬੰਗਾ)–ਗਦਰ ਮਮੋਰੀਅਲ ਫਾਊਂਡੇਸ਼ਨ ਆਫ ਯੂਐਸਏ ਵੱਲੋਂ ਗਦਰੀ ਬਾਬਿਆਂ ਦਾ 25ਵਾਂ ਸਲਾਨਾ ਮੇਲਾ ਹੋਟਲ ਹੋਲੀਡੇ ਇਨ ਐਕਸਪ੍ਰੈਸ ਸੈਕਰਾਮੈਂਟੋ ਵਿਖੇ ਕਰਾਇਆ ਗਿਆ ਜਿਸ ਵਿੱਚ ਭਾਈਚਾਰਕ ਸਾਂਝ ਨੂੰ ਦਰਸਾਉਂਦੇ ਹੋਏ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ, ਇਸ ਉਪਰੰਤ ਇੰਡੀਆ ਤੋਂ ਲੈ ਕੇ ਕਨੇਡਾ ਅਮਰੀਕਾ ਤੋਂ ਵੱਖ–ਵੱਖ ਸੂਝਵਾਨ ਬੁਲਾਰਿਆਂ ਨੇ ਸ਼ਿਰਕਤ ਕੀਤੀ। ਗਦਰ ਪਾਰਟੀ ਦੇ ਸ਼ਹੀਦ ਤੇ ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ ਯਾਦ ਚ ਇਹ ਕਰਵਾਇਆ ਗਿਆ ਇਹ ਮੇਲਾ ਸਾਹਿਤਕ ਵਿਚਾਰਾਂ, ਦੇਸ਼ ਭਗਤੀ ਦੇ ਜਜ਼ਬਿਆਂ ਤੇ ਸੂਝਵਾਨ ਬੁਲਾਰਿਆਂ ਦੇ ਸੁਨੇਹੇ ਨਾਲ ਨੇਪੜੇ ਚੜਿਆ। ਖਾਸ ਤੌਰ ਤੇ ਇਸ ਗਦਰੀ ਬਾਬਿਆਂ ਦੇ ਸਮਾਗਮ ਦੇ ਵਿੱਚ ਥੀਨ ਹੋ ਡਿਸਟ੍ਰਿਕ ਅਟਾਰਨੀ ਸੈਕਰਾਮੈਂਟੋ ਕਾਊਂਟੀ, ਡਾਕਟਰ ਪ੍ਰਿਥੀਪਾਲ ਸਿੰਘ ਸੋਹੀ, ਪਰਮਵੀਰ ਸਿੰਘ ਬਾਠ ਡਾਕਟਰ ਹਰਿੰਦਰ ਕੌਰ ਸੋਹੀ ਤੇ ਪੰਜਾਬ ਤੋਂ ਸਪੈਸ਼ਲ ਤੌਰ ਤੇ ਵਿਧਾਇਕ ਨਰਿੰਦਰ ਕੌਰ ਭਾਰਜ ਤੇ ਐਮਐਲਏ ਫਰੀਦਕੋਟ ਗੁਰਦਿੱਤ ਸਿੰਘ ਸੇਖਾਵਾਂ ਤੋਂ ਇਲਾਵਾ ਐਲਕਰੋਵ ਦੇ ਮੇਅਰ ਬੋਬੀ ਸਿੰਘ ਐਲਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਇਸ ਸਾਰੇ ਸਮਾਗਮ ਦੀ ਯੋਜਨਾਬੰਦੀ ਪ੍ਰਬੰਧਕਾਂ ਵੱਲੋਂ ਸੁਚੱਜੇ ਢੰਗ ਨਾਲ ਕੀਤੀ ਗਈ ਸੀ ਇਸ'ਚ ਖਾਣੇ ਦਾ ਪ੍ਰਬੰਧ ਸਾਹਿਤਕ ਕਿਤਾਬਾਂ ਸ਼ਹੀਦਾਂ ਦੀਆਂ ਫੋਟੋਆਂ ਦੀ ਪ੍ਰਦਰਸ਼ਨੀ ਤੇ ਵਿਸ਼ੇਸ਼ ਤੌਰ ਤੇ ਗਦਰੀ ਬਾਬਿਆਂ ਦੀ ਡਾਊਨ ਟਾਊਨ ਸੈਕਰਾਮੈਂਟੋ ਵਿੱਚ ਜੋ ਮਜਾਰ ਕਬਰ ਹੈ ਉੱਥੇ ਮਹਿਮਾਨਾਂ ਨੂੰ ਲਿਜਾਇਆ ਗਿਆ।ਇਸ ਸਮਾਗਮ ਦੇ ਮੁੱਖ ਬੁਲਾਰਿਆਂ ਵਿੱਚ ਬੋਬੀ ਸਿੰਘ ਐਲਨ ਮੇਅਰ ਐਲਕ ਗਰੋਵ ਨੇ ਆਪਣੇ ਵਿਚਾਰਾਂ ਚ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇ ਨਾਲ ਨਾਲ ਦਰਬਾਰ ਸਾਹਿਬ ਦੇ ਅਟੈਕ ਨੂੰ ਤਾਜ਼ਾ ਕੀਤਾ ਉਨਾਂ ਕਿਹਾ ਬੇਕਸੂਰ ਲੋਕਾਂ ਨੂੰ ਉੱਥੇ ਸ਼ਹੀਦ ਕਰਨਾ ਇੱਕ ਅਣਮਨੁੱਖੀ ਤੇ ਜੈਨੋਸਾਈਡ ਦਾ ਨਮੂਨਾ ਸੀ ਉਹਨਾਂ ਨੇ ਇਹ ਵੀ ਕਿਹਾ ਕਿ ਗਦਰੀ ਬਾਬਿਆਂ ਦਾ ਮਿਸ਼ਨ ਆਪਣੀ ਪਹਿਚਾਣ ਲਈ ਸੀ ਤੇ ਅੱਜ ਵੀ ਉਹੀ ਲੜਾਈ ਲੜ ਰਹੇ ਹਾਂ ਉਹਨਾਂ ਕਿਹਾ ਕਿ ਜਦੋਂ ਤੱਕ ਸਾਰੇ ਸਿੱਖ ਸਮੂਹਿਕ ਤੌਰ ਤੇ ਇੱਕ ਨਹੀਂ ਹੁੰਦੇ ਉਦੋਂ ਤੱਕ ਕੋਈ ਵੀ ਲੜਾਈ ਨਾ ਹੀ ਸੰਪੂਰਨ ਹੋ ਸਕਦੀ ਹੈ ਤੇ ਨਾ ਹੀ ਲੜੀ ਜਾ ਸਕਦੀ ਹੈ। ਇਸ ਮੌਕੇ ਡਾਕਟਰ ਹਰਿੰਦਰ ਕੌਰ ਸੋਹੀ ਜੋ ਰਾਏਕੋਟ ਕਾਲਜ ਦੇ ਸਾਬਕਾ ਅਧਿਆਪਕਾ ਸਨ ਨੇ ਸ਼ਹੀਦ ਭਗਤ ਸਿੰਘ ਬਾਰੇ ਵਿਚਾਰ ਰੱਖੇ ਇਸ ਮੌਕੇ ਤੇ ਉਹਨਾਂ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਹਮੇਸ਼ਾ ਹੀ ਸਰਦਾਰ ਕਰਤਾਰ ਸਿੰਘ ਸਰਾਭੇ ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਸੀ ਤੇ ਦੋਨੋਂ ਹੀ ਹਥਿਆਰਬੰਦ ਕ੍ਰਾਂਤੀ ਦੇ ਹਾਮੀ ਸਨ ਸੈਂਟਰਲ ਜੇਲ ਲਾਹੌਰ ਵਾਰਡ ਨੰਬਰ 14 ਵਿੱਚ ਨਜ਼ਰਬੰਦ ਸ਼ਹੀਦ ਭਗਤ ਸਿੰਘ ਨੇ ਜੋ ਜੇਲ ਚੋਂ ਚਿੱਠੀਆਂ ਲਿਖੀਆਂ ਉਹਨਾਂ ਨੂੰ ਵੀ ਪੜ੍ਹ ਕੇ ਸੁਣਾਇਆ ਇਸ ਮੌਕੇ ਪ੍ਰਿਥੀਪਾਲ ਸਿੰਘ ਸੋਹੀ ਜਿਸ ਨੇ ਗਦਰੀ ਬਾਬਿਆਂ ਬਾਰੇ ਖੋਜਾਂ ਵੀ ਕੀਤੀਆਂ ਨੇ ਗਦਰੀ ਬਾਬਿਆਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਬੀਬੀ ਗੁਲਾਬ ਕੌਰ ਜਿਸ ਦਾ ਕਿ ਸੌਵਾਂ ਸ਼ਹੀਦੀ ਸਾਲ ਹੈ ਨੂੰ ਸ਼ਰਧਾਂਜਲੀ ਭੇਂਟ ਕਰਨ ਤੋਂ ਬਾਅਦ ਗਦਰੀ ਬਾਬਿਆਂ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ, ਉਹਨਾਂ ਜਾਣਕਾਰੀ ਦਿੰਦਿਆਂ ਹੋਇਆ ਕਿਹਾ ਕਿ 5200 ਬੰਦਾ 1907 ਚ ਕਨੇਡਾ ਆਇਆ ਤੇ 1913 ਦੇ ਵਿੱਚ 7 ਹਜਾਰ ਪੰਜਾਬੀ ਅਮਰੀਕਾ ਆਏ ਸਨ। 1 ਨਵੰਬਰ 1913 ਚ ਗਦਰ ਅਖਬਾਰ ਕੱਢਿਆ ਗਿਆ 1914 ਚ ਵਰਲਡ ਵਾਰ ਲੱਗੀ ਦਾ ਫਾਇਦਾ ਚੁੱਕਦੇ ਹੋਏ ਗਦਰੀ ਬਾਬੇ ਭਾਰਤ ਨੂੰ ਗਏ ਤੇ ਦੇਸ਼ ਦੀ ਆਜ਼ਾਦੀ ਦੇ ਵਿੱਚ ਵਡਮੁੱਲਾ ਯੋਗਦਾਨ ਪਾਇਆ। ਸੋਹੀ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਬਾਕੀ ਬੁਲਾਰਿਆਂ ਦੇ ਵਿੱਚ ਥੀਨ ਹੋ ਡਿਸਟਰਿਕਟ ਅਟੋਰਨੀ ਸੈਕਰਾਮੈਂਟੋ, ਪ੍ਰਾਈਮ ਏਸ਼ੀਆ ਦੇ ਪੱਤਰਕਾਰ ਪਰਮਵੀਰ ਬਾਠ ਨੇ ਵੀ ਆਪਣੇ ਵਿਚਾਰ ਰੱਖੇ। ਨੇ ਆਪਣੇ ਆਪਣੇ ਵਿਚਾਰ ਰੱਖੇ। ਨਰਿੰਦਰ ਕੌਰ ਭਾਰਜ, ਗੁਰਦਿੱਤ ਸਿੰਘ ਐਮ ਐਲ ਏ ਫਰੀਦਕੋਟ ਸੇਖਾਵਾਂ ਸਥਾਨਕ ਸਿਆਸੀ ਬੰਦਸ਼ਾਂ ਕਰਕੇ ਭਾਵੇਂ ਆਪਣੇ ਵਿਚਾਰ ਨਹੀਂ ਰੱਖ ਸਕੇ ਪਰ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਸਟਾਕਟਨ ਗੁਰਦੁਆਰਾ ਸਾਹਿਬ ਜੋ ਗਦਰੀ ਬਾਬਿਆਂ ਦਾ ਪਹਿਲਾ ਗੁਰਦੁਆਰਾ ਤੇ ਡਾਊਨ ਟਾਊਨ ਸੈਕਰਾਮੈਂਟੋ ਜਿੱਥੇ ਗਦਰੀ ਬਾਬਿਆਂ ਦੀਆਂ ਕਬਰਾਂ ਹਨ ਉੱਥੇ ਲਿਜਾਇਆ ਗਿਆ ਉੱਥੇ ਉਹਨਾਂ ਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਆਪਣੇ ਵਿਚਾਰ ਰੱਖੇ। ਇਸ ਸਮਾਗਮ ਨੂੰ ਉਸ ਵੇਲੇ ਭਾਗ ਲੱਗੇ ਜਦੋਂ ਯੂਸੀ ਡੇਵਸ ਦੀ ਵਿਦਿਆਰਥਣ ਰਸਲੀਨ ਕੌਰ ਨੇ ਇੱਕ ਗਦਰੀ ਬਾਬਿਆਂ ਦਾ ਲਿਖਿਆ ਗੀਤ ਆਪਣੀ ਮਾਧੁਰ ਆਵਾਜ਼ ਵਿੱਚ "ਉੱਠ ਲੜਾਂਗੇ ਕਰਾਂਗੇ ਕੁਝ ਹਾਸਲ," ਪੇਸ਼ ਕੀਤਾ ਇਸ ਤੋਂ ਇਲਾਵਾ ਜੀਵਨ ਰੱਤੂ ਪੰਮੀ ਮਾਨ ਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਵਜੋਂ ਪੰਜਾਬੀ ਗੀਤ ਪੇਸ਼ ਕੀਤੇ ਇਸ ਸਮਾਗਮ ਦੇ ਮੁੱਖ ਪ੍ਰਬੰਧਕਾਂ ਵਿੱਚ ਗੁਲਿੰਦਰ ਸਿੰਘ ਗਿੱਲ ਗੁਰਦੀਪ ਸਿੰਘ ਗਿੱਲ ਜਸਮੀਤ ਸਿੰਘ ਹੁੰਦਲ ਗੁਰਿੰਦਰ ਸਿੰਘ ਘੁੰਮਣ ਬਲਰਾਜ ਸਿੰਘ ਹੁੰਦਲ ਬਲਵਿੰਦਰ ਸਿੰਘ ਦੁਲਕੂ ਕੁਲਜੀਤ ਸਿੰਘ ਸਿੱਧੂ ਸੁਖਵਿੰਦਰ ਸਿੰਘ ਭੰਗੂ ਬਖਸ਼ੀਸ਼ ਸਿੰਘ ਗਿੱਲ ਬੂਟਾ ਸਿੰਘ ਸਿੱਧੂ ਜਸਵੀਰ ਸਿੰਘ ਬਰਾੜ ਜਨਕਰਾਜ ਸਿਧਰਾ ਰੁਪਿੰਦਰ ਮਹਰੀਮ ਆਦਿ ਵੱਲੋਂ ਮੁੱਖ ਪਰੋਣਿਆ ਤੇ ਆਏ ਹੋਏ ਸਰੋਤਿਆਂ ਲਈ ਖਾਸ ਪ੍ਰਬੰਧ ਸਲਾਹੁਣ ਯੋਗ ਸੀ। ਇਸ ਸਮਾਗਮ ਦੀ ਸਟੇਜ ਕਾਰਵਾਈ ਬੀਬਾ ਜੋਤ ਰਣਜੀਤ ਨੇ ਸੁਚੱਜੇ ਢੰਗ ਨਾਲ ਤੇ ਤਰਤੀਬ ਨਾਲ ਨਿਭਾਈ। ਇਸ ਸਮਾਗਮ ਵਿੱਚ ਵੱਖ–ਵੱਖ ਗੁਰੂ ਘਰਾਂ ਜਿਨਾਂ ਵਿੱਚ ਗੁਰਦੁਆਰਾ ਸਾਹਿਬ ਵੈਸਟ ਸਕਰਾਮੈਂਟੋ ਗੁਰਦੁਆਰਾ ਸਾਹਿਬ ਰਿਓਲੀਂਡਾ, ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਲੋਡਾਈ ਆਦਿ ਤੋਂ ਇਲਾਵਾ ਚੜਦਾ ਪੰਜਾਬ ਰੋਜਵਿਲ ਪੰਜਾਬੀ ਹੈਰੀਟੇਜ ਸੁਸਾਇਟੀ ਯੂਬਾ ਸਿਟੀ, ਫਰਿਜਨੋ, ਬੇ ਏਰੀਆ ਯੂਬਾ ਸਿਟੀ ਆਦਿ ਵੱਖ–ਵੱਖ ਥਾਵਾਂ ਤੋਂ ਸਰੋਤਿਆਂ ਨੇ ਸ਼ਮੂਲੀਅਤ ਕੀਤੀ।

* * * * * * * *

# ਸਿੱਖਿਆ – ਕ੍ਰਾਂਤੀ ਦਾ ਅਹਿਮ ਪਹਿਲੂ : ਅਧਿਆਪਕਾਂ ਨਾਲ਼ ਸੰਵਾਦ



ਕੋਈ ਵੀ ਕੰਮ, ਸੰਸਥਾ, ਸਿਸਟਮ , ਵਿਭਾਗ ਅਤੇ ਕਾਰਜ ਪ੍ਰਣਾਲੀ ਤਦ ਹੀ ਸਫਲ ਹੁੰਦੀ ਹੈ ਜਦੋਂ ਉਸ ਵਿੱਚ ਆਪਸੀ ਵਿਚਾਰ – ਵਟਾਂਦਰੇ, ਸਿੱਖ – ਸਲਾਹ, ਵਿਚਾਰ ਚਰਚਾ ਅਤੇ ਸੁਝਾਵਾਂ ਨੂੰ ਸੁਣਿਆ – ਵਿਚਾਰਿਆ ਜਾਵੇ ਅਤੇ ਹੋਰ ਵਧੀਆ ਕਾਰਜ ਕਰਨ ਲਈ ਸੁਝਾਅ ਲਏ ਜਾਣ ਤੇ ਉਹਨਾਂ ਨੂੰ ਅਮਲੀਜਾਮਾ ਵੀ ਪਹਿਨਾਇਆ ਜਾਵੇ। ਇੱਕ ਪਾਸੜ ਫੈਸਲੇ, ਇੱਕ ਧਿਰਾ ਗੱਲ/ ਸੋਚ ਜਾਂ ਕੰਮ ਕਈ ਵਾਰ ਕਈ ਪਹਿਲੂਆਂ ਤੋਂ ਪੂਰਨ ਨਹੀਂ ਹੁੰਦਾ। ਇਸੇ ਨਾਲ ਸੰਬੰਧਿਤ ਹੈ : ਸਕੂਲ ਸਿੱਖਿਆ ਵਿਭਾਗ ਪੰਜਾਬ ਦਾ ਸਿੱਖਿਆ ਕ੍ਰਾਂਤੀ ਤਹਿਤ ਚੁੱਕਿਆ ਗਿਆ ਅਹਿਮ ਕਦਮ – "ਅਧਿਆਪਕਾਂ ਨਾਲ਼ ਸੰਵਾਦ/ ਡਾਇਲਾੱਗ ਵਿੱਦ ਟੀਚਰਜ਼"। ਇਹ ਉਪਰਾਲਾ ਕਿੰਨਾ ਅਹਿਮ ਹੈ ਇਹ ਇਸ ਗੱਲ ਤੋਂ ਜਾਣਿਆ ਜਾ ਸਕਦਾ ਹੈ ਕਿ ਇਸ ਵਿੱਚ ਹੇਠਲੇ ਪੱਧਰ 'ਤੇ ਅਧਿਆਪਕਾਂ , ਅਧਿਕਾਰੀਆਂ ਤੋਂ ਲੈ ਕੇ ਸਟੇਟ ਪੱਧਰ ਤੱਕ ਦੇ ਅਧਿਕਾਰੀਆਂ ਅਤੇ ਇੱਥੋਂ ਤੱਕ ਕਿ ਸਕੂਲ ਸਿੱਖਿਆ ਮੰਤਰੀ ਪੰਜਾਬ ਸਰਕਾਰ ਸ. ਹਰਜੋਤ ਸਿੰਘ ਬੈਂਸ ਜੀ ਖੁਦ ਮੌਜੂਦ ਹੁੰਦੇ ਹਨ ਤੇ ਬੜੇ ਸਪੱਸ਼ਟ ਤੇ ਸਰਲ ਢੰਗ ਨਾਲ ਸਾਰਿਆਂ ਅਧਿਆਪਕਾਂ ਦੀ ਗੱਲ ਨੂੰ ਸੁਣਦੇ – ਵਿਚਾਰਦੇ ਅਤੇ ਮੌਕੇ 'ਤੇ ਹੀ ਉਹਨਾਂ ਬਾਰੇ ਫੈਸਲਾ ਲੈਣ ਦੀ ਗੱਲ ਕਰਦੇ ਹਨ। ਵਿਭਾਗ ਦੇ ਸਾਰੇ ਕਰਮਚਾਰੀ ਵੀ ਜਦੋਂ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਆਪਣੇ ਤਜਰਬੇ, ਆਪਣੀਆਂ ਸਮੱਸਿਆਵਾਂ, ਆਪਣੇ ਹੇਠਲੇ ਪੱਧਰ ਦੇ ਅਨੁਭਵ ਅਤੇ ਹੋਰ ਦੇਸ਼ਾਂ – ਵਿਦੇਸ਼ਾਂ ਦੀਆਂ ਟ੍ਰੇਨਿੰਗਾਂ ਤੋਂ ਪ੍ਰਾਪਤ ਅਨੁਭਵ ਆਪਸ ਵਿੱਚ ਸਾਂਝੇ ਕਰਦੇ ਹਨ ਤਾਂ ਇੱਕ ਵੱਖਰਾ ਹੀ ਮਾਹੌਲ ਬਣਦਾ ਹੈ ਤੇ ਬਹੁਤ ਕੁਝ ਇੱਕ – ਦੂਸਰੇ ਨੂੰ ਸਿੱਖਣ, ਸਮਝਣ ਅਤੇ ਦੱਸਣ ਦਾ ਮੌਕਾ ਮਿਲਦਾ ਹੈ ਜੋ ਕਿ ਸ਼ਾਇਦ ਇੰਨੇ ਵੱਡੇ ਤੇ ਪ੍ਰਭਾਵਸ਼ਾਲੀ ਪੱਧਰ 'ਤੇ ਹੋਰ ਕਿਤੇ ਅਜਿਹਾ ਨਹੀਂ ਹੁੰਦਾ। ਇਹ ਇੱਕ ਅਜਿਹਾ ਪਲੇਟਫਾਰਮ ਬਣ ਗਿਆ ਹੈ ਜਿੱਥੇ ਹਰ ਅਧਿਆਪਕ ਆਪਣੀ ਗੱਲ, ਆਪਣੇ ਅਨੁਭਵ , ਆਪਣੀ ਹੇਠਲੇ ਪੱਧਰ ਦੀ ਸਮੱਸਿਆ, ਆਪਣੇ ਤਜਰਬੇ, ਆਪਣੀ ਵਿਸ਼ੇਸ਼ ਵਿਦੇਸ਼ ਸਿਖਲਾਈ ਤੇ ਜੀਵਨ ਅਨੁਭਵਾਂ ਬਾਰੇ ਸਾਰਿਆਂ ਨੂੰ ਬੇਧੜਕ ਹੋ ਕੇ ਦੱਸ ਸਕਦਾ ਹੈ ਤੇ ਸਾਂਝੀ ਕਰਕੇ ਦੂਸਰਿਆਂ ਨੂੰ ਫਾਇਦਾ ਪਹੁੰਚਾ ਸਕਦਾ ਹੈ ; ਕਿਉਂਕਿ ਸਾਰਿਆਂ ਦੇ ਵਿਚਾਰ, ਸਾਰਿਆਂ ਦੇ ਮਨ ਵਿੱਚ ਛੁਪੇ ਹੋਏ ਗੁਣ, ਤਜ਼ੁਰਬੇ, ਸਿਖਲਾਈਆਂ ਦੇ ਅਨੁਭਵ ਜਦੋਂ ਇੱਕ ਪਲੇਟਫਾਰਮ 'ਤੇ ਸਾਂਝੇ ਹੁੰਦੇ ਹਨ ਤਾਂ ਕੁਝ ਘੰਟਿਆਂ ਵਿੱਚ ਹੀ ਬਹੁਤ ਕੁਝ ਸਿੱਖਣ ਨੂੰ, ਸਮਝਣ ਨੂੰ, ਕਰਨ ਨੂੰ ਅਤੇ ਦੱਸਣ ਨੂੰ ਮਿਲਦਾ ਹੈ। ਇਸ ਪਲੇਟਫਾਰਮ ਰਾਹੀਂ ਸਾਰਿਆਂ ਲਈ ਇੱਕ ਨਵੀਂ ਦਿਸ਼ਾ ਵੀ ਮਿਲਦੀ ਹੈ। ਇਸ ਨਾਲ਼ ਜਿੱਥੇ ਸਮੁੱਚੇ ਸਿੱਖਿਆ – ਤੰਤਰ ਵਿੱਚ ਪਾਰਦਰਸ਼ਤਾ ਆਉਂਦੀ ਹੈ, ਉੱਥੇ ਹੀ ਸਿੱਖਿਆ ਲਈ ਨਵੀਆਂ ਨੀਤੀਆਂ ਤੇ ਵਿਭਾਗੀ ਯੋਜਨਾਵਾਂ ਲਾਗੂ ਕਰਨ, ਉਹਨਾਂ ਨੂੰ ਸਮਝਣ ਤੇ ਸਮੱਸਿਆਵਾਂ ਨੂੰ ਦੂਰ ਕਰਨ ਦਾ ਵੀ ਮੌਕਾ ਮਿਲਦਾ ਹੈ। ਜੇਕਰ ਗਹੁ ਨਾਲ਼ ਵਾਚੀਏ ਤਾਂ ਇਸ ਸਭ ਕੁਝ ਦਾ ਫਾਇਦਾ ਸਿੱਧੇ – ਅਸਿੱਧੇ ਤੌਰ 'ਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਮਿਲਦਾ ਹੈ ਤੇ ਭਵਿੱਖ ਵਿੱਚ ਮਿਲੇਗਾ ਵੀ ; ਕਿਉਂਕਿ ਸਿੱਖਿਆ ਦਾ ਮੁੱਖ ਧੁਰਾ" ਵਿਦਿਆਰਥੀ" ਹੈ ਤੇ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਕਰਨਾ ਹੀ ਸਿੱਖਿਆ, ਅਧਿਆਪਕ ਅਤੇ ਸਮੁੱਚੇ ਸਿੱਖਿਆ ਤੰਤਰ ਦਾ ਟੀਚਾ ਹੈ। ਇਹ ਮੰਚ ਇਸੇ ਟੀਚੇ ਨੂੰ ਪੂਰਾ ਕਰਨ ਵਿੱਚ ਮੀਲ – ਪੱਥਰ ਸਾਬਿਤ ਹੋਵੇਗਾ। "ਅਧਿਆਪਕਾਂ ਨਾ਼ਲ ਸੰਵਾਦ" ਪ੍ਰੋਗਰਾਮ ਸੱਚਮੁੱਚ ਸਿੱਖਿਆ ਕ੍ਰਾਂਤੀ ਦਾ ਅਹਿਮ ਪਹਿਲੂ, ਅਹਿਮ ਮੰਚ ਅਤੇ ਇੱਕ ਨਵਾਂ ਰਾਹ ਹੈ, ਜੋ ਆਉਣ ਵਾਲੇ ਸਮੇਂ ਵਿੱਚ ਜਿੱਥੇ ਅਧਿਆਪਕਾਂ ਲਈ ਤਾਂ ਲਾਭਦਾਇਕ ਹੋਏਗਾ ਹੀ ; ਉੱਥੇ ਹੀ ਸਿੱਖਿਆ ਤੰਤਰ ਦੇ ਨਾ਼ਲ – ਨਾ਼ਲ ਸਿੱਖਿਆ ਦੇ ਕੇਂਦਰ ਬਿੰਦੂ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਵਿੱਚ ਬਹੁਤ ਵੱਡੀ ਅਹਿਮ ਭੂਮਿਕਾ ਨਿਭਾਏਗਾ ਅਤੇ ਭਵਿੱਖ ਵਿੱਚ ਇਸਦੇ ਬਹੁਤ ਚੰਗੇ ਦੂਰਗਾਮੀ ਨਤੀਜੇ ਆਉਣਗੇ।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ– ਸ਼੍ਰੀ ਅਨੰਦਪੁਰ ਸਾਹਿਬ 9478561356

# ਭਗਵਿਆਂ ਦੀ ਬੋਲੀ ਬੋਲਦੀ ਹੈ ਅਦਾਲਤ !

**ਅਪੂਰਵਾਨੰਦ**



ਅਸੀਂ ਭਾਰਤ ਦੇ ਕਈ ਇਲਾਕਿਆਂ ਵਿੱਚ ਪੁਲਿਸ ਅਤੇ ਹਿੰਦੂਤਵਵਾਦੀ ਭੀੜ ਨੂੰ ਇੱਕੋ ਜਿਹੇ ਤਰੀਕੇ ਨਾਲ ਕੰਮ ਕਰਦੇ ਵੇਖਿਆ ਹੈ, ਖਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਦੇ ਮਾਮਲਿਆਂ ਵਿੱਚ। ਪਰ ਜਦੋਂ ਅਦਾਲਤ ਵੀ ਹਿੰਦੁਤਵਵਾਦੀ ਰਾਸ਼ਟਰਵਾਦੀਆਂ ਵਾਂਗ ਸੋਚਣ ਅਤੇ ਬੋਲਣ ਲੱਗ ਜਾਵੇ, ਤਾਂ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਪਾਣੀ ਸਿਰ ਤੋਂ ਉੱਪਰ ਨਿਕਲ ਗਿਆ ਹੈ। ਇਹ ਚੇਤਾਵਨੀ ਸਾਨੂੰ ਮੁੰਬਈ ਅਤੇ ਦਿੱਲੀ ਦੀਆਂ ਦੋ ਘਟਨਾਵਾਂ ਤੋਂ ਮਿਲੀ ਹੈ।

ਇੱਕ ਘਟਨਾ ਮੁੰਬਈ ਹਾਈ ਕੋਰਟ ਦੀ ਟਿੱਪਣੀ ਨਾਲ ਜੁੜੀ ਹੈ ਅਤੇ ਦੂਜੀ ਦਿੱਲੀ ਦੇ ਨਹਿਰੂ ਪਲੇਸ ਵਿੱਚ ਭੀੜ ਦੀ ਪ੍ਰਤੀਕਿਰਿਆ ਨਾਲ। ਦੋਵਾਂ ਦਾ ਸਬੰਧ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਨਾਲ ਹੈ। ਮੁੰਬਈ ਹਾਈ ਕੋਰਟ ਦੇ ਕਮਰੇ ਅਤੇ ਦਿੱਲੀ ਦੇ ਨਹਿਰੂ ਪਲੇਸ ਵਿੱਚ ਕੀ ਸਾਂਝ ਹੈ?

"ਫਲਸਤੀਨੀਆਂ ਦੇ ਕਤਲੇਆਮ ਵਿਰੁੱਧ ਭਾਰਤ ਵਿੱਚ ਅਵਾਜ਼ ਕਿਉਂ ਉਠਾਉਣੀ? ਸਾਡੇ ਕੋਲ ਆਪਣੀਆਂ ਹੀ ਇੰਨੀਆਂ ਸਮੱਸਿਆਵਾਂ ਹਨ!" ਇਹ ਕੋਈ ਸੜਕ 'ਤੇ ਤੁਰਦਾ ਆਮ ਬੰਦਾ ਨਹੀਂ ਸੀ ਬੋਲ ਰਿਹਾ, ਸਗੋਂ ਮੁੰਬਈ ਹਾਈ ਕੋਰਟ ਨੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੂੰ ਇਹ ਝਿੜਕ ਮਾਰੀ ਹੈ। ਪਾਰਟੀ ਨੇ ਅਦਾਲਤ ਵਿੱਚ ਅਰਜ਼ੀ ਪਾ ਕੇ ਗਾਜ਼ਾ ਵਿੱਚ ਇਜ਼ਰਾਈਲ ਦੇ ਕਤਲੇਆਮ ਵਿਰੁੱਧ ਪ੍ਰਦਰਸ਼ਨ ਦੀ ਇਜਾਜ਼ਤ ਮੰਗੀ ਸੀ।

ਪੁਲਿਸ ਨੇ ਪਹਿਲਾਂ ਹੀ ਇਸ ਪ੍ਰਦਰਸ਼ਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਸੀਪੀਆਈ (ਐਮ) ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਪਰ ਅਦਾਲਤ ਨੇ ਨਾ ਸਿਰਫ ਇਜਾਜ਼ਤ ਦੇਣ ਤੋਂ ਮਨ੍ਹਾ ਕਰ ਦਿੱਤਾ, ਸਗੋਂ ਅਰਜ਼ੀ ਪਾਉਣ ਵਾਲਿਆਂ ਨੂੰ ਨਸੀਹਤ ਦੇ ਦਿੱਤੀ ਕਿ ਉਹ "ਦੇਸ਼ਭਗਤ" ਬਣਨ, ਆਪਣੇ ਦੇਸ਼ ਦੀਆਂ ਸਮੱਸਿਆਵਾਂ 'ਤੇ ਧਿਆਨ ਦੇਣ ਅਤੇ ਗਾਜ਼ਾ ਵਰਗੇ ਦੂਰ-ਦੁਰਾਡੇ ਮਸਲਿਆਂ ਨੂੰ ਛੱਡ ਦੇਣ।

ਕੀ ਦੇਸ਼ਭਗਤੀ ਅਤੇ ਫਲਸਤੀਨੀਆਂ ਨਾਲ ਹਮਦਰਦੀ ਵਿੱਚ ਕੋਈ ਵਿਰੋਧ ਹੈ? ਅਦਾਲਤ ਤੋਂ ਇਹ ਸਵਾਲ ਪੁੱਛਿਆ ਜਾ ਸਕਦਾ ਹੈ।

"ਦੇਸ਼ਭਗਤ ਬਣੋ!" ਇਸ ਹੁਕਮ ਦਾ ਕੀ ਮਤਲਬ ਹੈ? ਕੀ ਇਹ ਕਿ ਦੂਜਿਆਂ ਦੇ ਦੁੱਖ-ਦਰਦ ਨਾਲ ਕੋਈ ਸਬੰਧ ਨਾ ਰੱਖੋ ਅਤੇ ਸੁਆਰਥੀ ਬਣ ਜਾਓ? ਕੀ ਦੇਸ਼ਭਗਤੀ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਸਿਰਫ ਆਪਣੇ ਬਾਰੇ ਸੋਚੀਏ ਅਤੇ ਆਲੇ-ਦੁਆਲੇ ਹੋ ਰਹੀਆਂ ਘਟਨਾਵਾਂ ਤੋਂ ਅੱਖਾਂ-ਕੰਨ ਬੰਦ ਕਰ ਲਈਏ?

ਦੁਨੀਆਂ ਦੇ ਮਹਾਨ ਦਾਰਸ਼ਨਿਕਾਂ ਨੇ ਦੇਸ਼ਭਗਤੀ ਦੀਆਂ ਜਿੰਨੀਆਂ ਵੀ ਵਿਆਖਿਆਵਾਂ ਕੀਤੀਆਂ ਹਨ, ਉਨ੍ਹਾਂ ਵਿੱਚ ਸੰਕੀਰਣਤਾ ਦੀ ਕੋਈ ਥਾਂ ਨਹੀਂ। ਦੇਸ਼ਭਗਤੀ ਵੱਖਰੇਵੇਂ ਦੀ ਨਹੀਂ, ਸਗੋਂ ਜੁੜਾਅ ਦੀ ਗੱਲ ਕਰਦੀ ਹੈ। ਕੀ "ਫਲਸਤੀਨ" ਸ਼ਬਦ ਵਿੱਚ ਕੁਝ ਅਜਿਹਾ ਹੈ ਜੋ ਦੇਸ਼ਭਗਤ ਕੰਨਾਂ ਨੂੰ ਚੁਭਦਾ ਹੈ?



ਕੁਝ ਲੋਕ ਕਹਿ ਸਕਦੇ ਹਨ ਕਿ ਇਹ ਜੱਜ ਦੀ ਸੁਭਾਵਕ ਪ੍ਰਤੀਕਿਰਿਆ ਸੀ ਅਤੇ ਉਨ੍ਹਾਂ ਨੇ ਇਹ ਆਪਣੇ ਹੁਕਮ ਵਿੱਚ ਨਹੀਂ ਲਿਖਿਆ। ਪਰ ਸਾਡੇ ਲਈ ਚਿੰਤਾ ਦੀ ਗੱਲ ਇਹੀ ਸੁਭਾਵਕਤਾ ਹੈ। ਕੋਈ ਵੀ ਕਿਸੇ ਨੂੰ ਦੇਸ਼ਭਗਤ ਬਨਣ ਦੀ ਨਸੀਹਤ ਦੇਣ ਦਾ ਹੱਕ ਨਹੀਂ ਰੱਖਦਾ। ਇਸ ਤੋਂ ਵੀ ਵੱਡੀ ਚਿੰਤਾ ਦੀ ਗੱਲ ਹੈ ਕਿ ਜੱਜ ਕਹਿ ਰਹੇ ਹਨ ਕਿ ਦੇਸ਼ਭਗਤ ਬਨਣ ਲਈ ਜ਼ਰੂਰੀ ਹੈ ਕਿ ਤੁਸੀਂ ਕਿਸੇ ਹੋਰ ਨਾਲ ਹਮਦਰਦੀ ਨਾ ਵਿਖਾਓ।

ਸੀਪੀਆਈ (ਐਮ) ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਅਦਾਲਤ ਨੇ ਕਿਹਾ, "ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ... ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਸੀਂ ਦੂਰਦਰਸ਼ੀ ਨਹੀਂ ਹੋ। ਤੁਸੀਂ ਗਾਜ਼ਾ ਅਤੇ ਫਲਸਤੀਨ ਨੂੰ ਤਾਂ ਵੇਖਦੇ ਹੋ, ਪਰ ਇੱਥੋਂ ਦੀਆਂ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹੋ। ਤੁਸੀਂ ਆਪਣੇ ਦੇਸ਼ ਲਈ ਕੁਝ ਕਿਉਂ ਨਹੀਂ ਕਰਦੇ? ਆਪਣੇ ਦੇਸ਼ ਵੱਲ ਵੇਖੋ। ਦੇਸ਼ਭਗਤ ਬਣੋ। ਲੋਕ ਕਹਿੰਦੇ ਹਨ ਕਿ ਉਹ ਦੇਸ਼ਭਗਤ ਹਨ, ਪਰ ਇਹ ਦੇਸ਼ਭਗਤੀ ਨਹੀਂ। ਪਹਿਲਾਂ ਆਪਣੇ ਦੇਸ਼ ਦੇ ਨਾਗਰਿਕਾਂ ਲਈ ਦੇਸ਼ਭਗਤੀ ਵਿਖਾਓ।"

ਅਦਾਲਤ ਨੇ ਕਿਹਾ ਕਿ ਪਾਰਟੀ ਨੂੰ ਪਹਿਲਾਂ ਕੂੜੇ-ਕਰਕਟ, ਪ੍ਰਦੂਸ਼ਣ, ਨਾਲੀਆਂ ਵਰਗੀਆਂ ਸਮੱਸਿਆਵਾਂ 'ਤੇ ਪ੍ਰਦਰਸ਼ਨ ਕਰਨਾ ਚਾਹੀਦਾ। ਅਦਾਲਤ ਨੇ ਇਹ ਵੀ ਕਿਹਾ ਕਿ ਬਾਹਰ ਕੀ ਹੋ ਰਿਹਾ ਹੈ, ਇਹ ਵਿਦੇਸ਼ ਨੀਤੀ ਦਾ ਮਾਮਲਾ ਹੈ ਅਤੇ ਇਸ ਨੂੰ ਸਰਕਾਰ 'ਤੇ ਛੱਡ ਦੇਣਾ ਚਾਹੀਦਾ।

ਆਲੋਚਕਾਂ ਨੇ ਸਹੀ ਕਿਹਾ ਕਿ ਅਦਾਲਤ ਸੰਵਿਧਾਨਕ ਅਧਿਕਾਰਾਂ ਨੂੰ ਭੁੱਲ ਗਈ ਜਾਪਦੀ ਹੈ। ਭਾਰਤ ਦੇ ਲੋਕਾਂ ਨੂੰ ਆਪਣੇ ਵਿਚਾਰ ਰੱਖਣ ਅਤੇ ਉਨ੍ਹਾਂ ਨੂੰ ਜ਼ਾਹਿਰ ਕਰਨ ਦਾ ਪੂਰਾ ਹੱਕ ਹੈ। ਲੋਕ ਆਪਣੇ ਇਹ ਅਧਿਕਾਰ ਸਰਕਾਰ ਕੋਲ ਗਿਰਵੀ ਨਹੀਂ ਰੱਖ ਸਕਦੇ। ਇਜ਼ਰਾਈਲ ਅਤੇ ਫਲਸਤੀਨ 'ਤੇ ਸਰਕਾਰ ਦੇ ਰੁਖ ਦਾ ਵਿਰੋਧ ਕਰਨ ਦਾ ਵੀ ਭਾਰਤ ਦੇ ਲੋਕਾਂ ਨੂੰ ਹੱਕ ਹੈ ਅਤੇ ਇਸ ਨੂੰ ਖੋਹਿਆ ਨਹੀਂ ਜਾ ਸਕਦਾ।

ਮੁੰਬਈ ਦੀ ਅਦਾਲਤ ਜੋ ਕਹਿ ਰਹੀ ਸੀ, ਉਹੀ ਗੱਲ ਦਿੱਲੀ ਦੇ ਨਹਿਰੂ ਪਲੇਸ ਵਿੱਚ ਇੱਕ ਭੀੜ ਵੀ ਕਹਿ ਰਹੀ ਸੀ। ਲਗਭਗ 30-40 ਲੋਕ ਨਹਿਰੂ ਪਲੇਸ ਵਿੱਚ ਫਲਸਤੀਨੀਆਂ ਦੇ ਕਤਲੇਆਮ ਵਿਰੁੱਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ। ਉਨ੍ਹਾਂ ਦੇ ਹੱਥਾਂ ਵਿੱਚ ਫਲਸਤੀਨੀ ਝੰਡੇ ਸਨ। ਉਹ ਇਕੱਠੇ ਹੁੰਦੇ ਹੀ, ਆਲੇ-ਦੁਆਲੇ ਦੀਆਂ ਦੁਕਾਨਾਂ ਤੋਂ ਕੁਝ ਲੋਕ ਨਿਕਲ ਆਏ ਅਤੇ ਉਨ੍ਹਾਂ ਨੇ ਫਲਸਤੀਨੀ ਝੰਡੇ ਖੋਹ ਕੇ ਫਾੜ ਦਿੱਤੇ। ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਤੋਂ ਪੁੱਛਿਆ, "ਤੁਹਾਡੇ ਕੋਲ ਆਪਣੇ ਦੇਸ਼ ਦਾ ਝੰਡਾ ਕਿੱਥੇ ਹੈ?"

ਇਹ ਭੀੜ ਦਾ ਸਵਾਲ ਮੁੰਬਈ ਹਾਈ ਕੋਰਟ ਦੇ ਸਵਾਲ ਤੋਂ ਵੱਖਰਾ ਨਹੀਂ ਸੀ। "ਆਪਣੇ ਦੇਸ਼ ਦਾ ਝੰਡਾ ਵਿਖਾਓ, ਦੂਜੇ ਦੇਸ਼ ਦਾ ਝੰਡਾ ਕਿਉਂ ਚੁੱਕਿਆ ਹੈ?" ਇਹ ਸਵਾਲ ਅਦਾਲਤ ਦੀ ਇਸ ਝਿੜਕ ਨਾਲ ਮਿਲਦਾ-ਜੁਲਦਾ ਸੀ: "ਦੇਸ਼ਭਗਤ ਬਣੋ! ਹਜ਼ਾਰਾਂ ਮੀਲ ਦੂਰ ਦੂਜੇ ਦੇਸ਼ ਦਾ ਮਸਲਾ ਕਿਉਂ ਚੁੱਕਦੇ ਹੋ?"

ਮੁੰਬਈ ਹਾਈ ਕੋਰਟ ਚਾਹੁੰਦੀ ਹੈ ਕਿ ਸੀਪੀਆਈ (ਐਮ) ਕੂੜੇ-ਕਰਕਟ, ਬੇਰੁਜ਼ਗਾਰੀ ਅਤੇ ਪ੍ਰਦੂਸ਼ਣ ਦੀਆਂ ਗੱਲਾਂ ਕਰੇ। ਨਹਿਰੂ ਪਲੇਸ ਦੀ ਭੀੜ ਚਾਹੁੰਦੀ ਸੀ ਕਿ ਪ੍ਰਦਰਸ਼ਨਕਾਰੀ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਹਾਲਤ 'ਤੇ ਗੱਲ ਕਰਨ। ਦੋਵਾਂ ਵਿੱਚ ਕੋਈ ਬੁਨਿਆਦੀ ਫਰਕ ਨਹੀਂ।

ਅਦਾਲਤ ਅਤੇ ਸੜਕ ਵਿੱਚ ਫਰਕ ਮਿਟ ਜਾਣਾ ਚਿੰਤਾ ਦੀ ਗੱਲ ਹੈ। ਪਰ ਇਸ ਤੋਂ ਵੀ ਵੱਡੀ ਚਿੰਤਾ ਹੈ ਇੱਕ ਨਵੀਂ ਰਾਸ਼ਟਰਵਾਦੀ ਜਾਂ ਦੇਸ਼ਭਗਤੀ ਵਾਲੀ ਸੁਭਾਵਕਤਾ ਦਾ ਜਨਮ। ਨਹਿਰੂ ਪਲੇਸ ਦੀ ਭੀੜ ਸੰਗਠਿਤ ਨਹੀਂ ਸੀ। ਜ਼ਰੂਰੀ ਨਹੀਂ ਕਿ ਉਸ ਦੇ ਲੋਕ ਬਜਰੰਗ ਦਲ ਜਾਂ ਰਾਸ਼ਟਰੀ ਸਵੈਸੇਵਕ ਸੰਘ ਦੇ ਮੈਂਬਰ ਹੋਣ। ਉਹ ਫਲਸਤੀਨੀ ਝੰਡਾ ਵੇਖਦੇ ਹੀ ਭੜਕ ਉੱਠੇ, ਜਿਵੇਂ ਅਦਾਲਤ ਗਾਜ਼ਾ ਲਈ ਹਮਦਰਦੀ ਦੀ ਗੱਲ ਸੁਣ ਕੇ ਭੜਕ ਗਈ।

ਦੋਵੇਂ ਪ੍ਰਤੀਕਿਰਿਆਵਾਂ ਸੋਚੀ-ਸਮਝੀ ਜਾਂ ਸੰਗਠਿਤ ਨਹੀਂ ਸਨ। ਇਹ ਪ੍ਰਤੀਕਿਰਿਆਵਾਂ ਕੁਝ-ਕੁਝ ਇਜ਼ਰਾਈਲੀਆਂ ਦੀਆਂ ਪ੍ਰਤੀਕਿਰਿਆਵਾਂ ਵਰਗੀਆਂ ਹਨ। ਨਿਊਯਾਰਕ ਹੋਵੇ ਜਾਂ ਲੰਡਨ, ਸੜਕ 'ਤੇ ਕਿਸੇ ਦੇ ਗਲੇ ਵਿੱਚ ਕੈਫੀਆ ਵੇਖਦੇ ਹੀ ਇਜ਼ਰਾਈਲੀ ਉਸ 'ਤੇ ਟੁੱਟ ਪੈਂਦੇ ਹਨ। ਭਾਰਤ ਵਿੱਚ ਵੀ ਇੱਕ ਵੱਡਾ ਵਰਗ ਪੈਦਾ ਹੋ ਗਿਆ ਹੈ ਜੋ ਕੈਫੀਆ ਜਾਂ ਫਲਸਤੀਨੀ ਝੰਡਾ ਵੇਖਦੇ ਹੀ ਹਿੰਸਕ ਹੋ ਜਾਂਦਾ ਹੈ। ਨਹਿਰੂ ਪਲੇਸ ਵਿੱਚ ਇਹ ਭੀੜ ਬਿਨਾਂ ਕਿਸੇ ਮਿਹਨਤ ਜਾਂ ਸੱਦੇ ਦੇ ਇਕੱਠੀ ਹੋ ਗਈ। ਉਹ ਪ੍ਰਦਰਸ਼ਨਕਾਰੀਆਂ ਨੂੰ ਤਿਰੰਗਾ ਝੰਡਾ ਵਿਖਾਉਣ ਲਈ ਕਹਿ ਰਹੀ ਸੀ, ਜਿਵੇਂ ਅਦਾਲਤ ਸੀਪੀਆਈ (ਐਮ) ਨੂੰ ਦੇਸ਼ਭਗਤ ਬਨਣ ਲਈ ਕਹਿ ਰਹੀ ਸੀ।

ਕੀ ਇਸ ਸੁਭਾਵਕਤਾ ਨੂੰ ਹਿੰਦੂਤਵਵਾਦੀ ਸੁਭਾਵਕਤਾ ਕਹਿਣਾ ਗਲਤ ਹੋਵੇਗਾ? ਫਲਸਤੀਨੀ ਝੰਡਾ, ਹਰਾ ਝੰਡਾ, ਬੁਰਕਾ, ਜਾਂ ਟੋਪੀ ਵੇਖਦੇ ਹੀ, ਜਾਂ ਨਾਰੇ ਸੁਣਦੇ ਹੀ ਜਦੋਂ ਕੋਈ ਭੜਕ ਉੱਠੇ, ਕੀ ਇਸ ਨੂੰ ਸੁਭਾਵਕ ਕਹਾਂਗੇ? ਨਹਿਰੂ ਪਲੇਸ ਵਿੱਚ ਫਲਸਤੀਨੀ ਝੰਡੇ ਨੂੰ ਵੇਖ ਕੇ ਅਜਿਹੀ ਪ੍ਰਤੀਕਿਰਿਆ ਹੋਈ।

ਪੁਣੇ ਵਿੱਚ 2014 ਵਿੱਚ ਮੋਹਸਿਨ ਸ਼ੇਖ ਦੀ ਪਹਿਰਾਵੇ ਨੂੰ ਵੇਖ ਕੇ ਕੁਝ ਲੋਕ ਭੜਕ ਉੱਠੇ ਅਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ। ਅਦਾਲਤ ਨੇ ਹਤਿਆਰਿਆਂ ਪ੍ਰਤੀ ਨਰਮੀ ਵਿਖਾਈ ਕਿਉਂਕਿ ਉਨ੍ਹਾਂ ਦੀ ਪ੍ਰਤੀਕਿਰਿਆ ਸੁਭਾਵਕ ਸੀ, ਜਿਸ ਦੇ ਪਿੱਛੇ ਕੋਈ ਯੋਜਨਾ ਨਹੀਂ ਸੀ।

2014 ਤੋਂ 2025 ਤੱਕ ਇਸ ਹਿੰਦੂਤਵਵਾਦੀ ਸੁਭਾਵਕਤਾ ਦਾ ਦਾਇਰਾ ਬਹੁਤ ਵਧ ਗਿਆ ਹੈ। ਕੁਝ ਖਾਸ ਤਰ੍ਹਾਂ ਦੀਆਂ ਅਵਾਜ਼ਾਂ, ਰੰਗ, ਇਮਾਰਤਾਂ, ਜਾਂ ਪਹਿਰਾਵੇ ਵੇਖ ਕੇ ਇੱਕ ਖਾਸ ਕਿਸਮ ਦੀ ਹਿੰਸਕ ਪ੍ਰਤੀਕਿਰਿਆ ਹੁੰਦੀ ਹੈ। ਹੁਣ ਇਸ ਪ੍ਰਤੀਕਿਰਿਆ 'ਤੇ ਵਿਅਕਤੀ ਦਾ ਕੋਈ ਕਾਬੂ ਨਹੀਂ ਰਿਹਾ।

ਇਹ ਹਿੰਦੂਆਂ ਦੇ ਇੱਕ ਵੱਡੇ ਵਰਗ ਦੇ ਸੰਵੇਦਨ ਤੰਤਰ ਦੇ ਸੁੰਗੜਨ ਦੀ ਖਬਰ ਹੈ। ਇਹ ਹਿੰਦੂਆਂ ਲਈ ਮਾੜੀ ਖਬਰ ਹੈ। ਕਿਉਂਕਿ ਮਨੁੱਖੀ ਸੰਵੇਦਨ ਤੰਤਰ ਹੋਰ ਜੀਵਾਂ ਤੋਂ ਵੱਖਰਾ ਅਤੇ ਸੰਪੂਰਨ ਇਸੇ ਕਰਕੇ ਹੈ ਕਿ ਇਹ ਆਪਣੀ ਸਰੀਰਕ ਅਤੇ ਜੀਵ-ਵਿਗਿਆਨਕ ਸੀਮਾਵਾਂ ਨੂੰ ਪਾਰ ਕਰਦਾ ਹੈ।

ਮਨੁੱਖੀ ਸੰਵੇਦਨ ਤੰਤਰ ਮਨੁੱਖੀ ਕਿਉਂ ਹੈ? ਇਹ ਸਿਰਫ ਆਪਣੇ ਸਰੀਰ ਨੂੰ ਸਟ ਲੱਗਣ 'ਤੇ ਹੀ ਦੁਖੀ ਨਹੀਂ ਹੁੰਦਾ, ਸਗੋਂ ਦੂਜਿਆਂ ਦੀ ਸਟ ਵੇਖ ਕੇ ਵੀ ਹਿੱਲ ਜਾਂਦਾ ਹੈ। ਵੀਅਤਨਾਮ ਵਿੱਚ ਬੰਬ ਨਾਲ ਸੜ ਕੇ ਭੱਜ ਰਹੀ ਲੜਕੀ ਦੀ ਤਸਵੀਰ ਨੇ ਸਾਨੂੰ ਸਭ ਨੂੰ ਦੁਖੀ ਕੀਤਾ। ਇਸ ਲਈ ਵੀਅਤਨਾਮੀ ਹੋਣ ਦੀ ਕੋਈ ਸ਼ਰਤ ਨਹੀਂ ਸੀ। ਮਨੁੱਖੀ ਸੰਵੇਦਨ ਤੰਤਰ ਵਿੱਚ ਆਪਣੀ ਸਰੀਰਕ ਸੀਮਾ ਨੂੰ ਪਾਰ ਕਰਨ ਦੀ ਸਮਰੱਥਾ ਹੈ, ਜੋ ਬਾਅਦ ਵਿੱਚ ਹਮਦਰਦੀ ਤੱਕ ਜਾਂਦੀ ਹੈ।

ਭਾਰਤ ਵਿੱਚ ਹਿੰਦੂਆਂ ਦਾ ਇੱਕ ਹਿੱਸਾ ਹੁਣ ਹਮਦਰਦੀ ਦੀ ਸਮਰੱਥਾ ਗੁਆ ਰਿਹਾ ਹੈ। ਉਹ ਭੁੱਖ ਨਾਲ ਤੜਫਦੇ ਬੱਚਿਆਂ ਨੂੰ ਜਾਂ ਬੰਬਾਰੀ ਨਾਲ ਤਬਾਹ ਹੋਏ ਗਾਜ਼ਾ ਨੂੰ ਵੇਖ ਕੇ ਦੁਖੀ ਨਹੀਂ ਹੁੰਦਾ, ਸਗੋਂ ਠਹਾਕੇ ਮਾਰ ਕੇ ਹੱਸ ਪੈਂਦਾ ਹੈ। ਅਜਿਹੀ ਹਾਸੇ ਤੋਂ ਕੌਣ ਮਨੁੱਖ ਨਹੀਂ ਡਰੇਗਾ? ਇਹ ਹਾਸਾ ਸਮਾਜ ਦੇ ਅਮਾਨਵੀਕਰਨ ਦੀ ਖਬਰ ਹੈ।

(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।)

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸਿੱਖ ਖੋਜੀ ਡਾ. ਗੁਰਤੇਜ ਸਿੰਘ ਸੰਧੂ ਨੇ ਥਾਮਸ ਐਡੀਸਨ ਨੂੰ ਪਛਾੜਿਆ

## ✪ ਜੀ.ਐਨ.ਡੀ.ਯੂ. ਤੋਂ ਵਿਸ਼ਵ ਪੱਧਰ ਤੱਕ: ਸੰਧੂ ਦੀ ਤਕਨੀਕੀ ਕ੍ਰਾਂਤੀ ✪ 1,382 ਪੇਟੈਂਟਸ ਦੀ ਦਾਸਤਾਨ

ਸਿੱਖ ਕੌਮ ਦਾ ਸਿਰ ਉੱਚਾ ਕਰਦਿਆਂ, ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ. ਐਨ. ਡੀ. ਯੂ.) ਦੇ ਸਾਬਕਾ ਵਿਦਿਆਰਥੀ 58ਸਾਲਾ ਡਾ. ਗੁਰਤੇਜ ਸਿੰਘ ਸੰਧੂ ਨੇ ਵਿਸ਼ਵ ਪੱਧਰ 'ਤੇ ਤਕਨੀਕੀ ਜਗਤ ਵਿਚ ਅਜਿਹਾ ਕਮਾਲ ਕੀਤਾ ਹੈ, ਜਿਸ ਨੇ ਨਾ ਸਿਰਫ ਭਾਰਤ, ਸਗੋਂ ਪੂਰੀ ਦੁਨੀਆਂ ਨੂੰ ਮਾਣ ਮਹਿਸੂਸ ਕਰਵਾਇਆ। 1,382 ਅਮਰੀਕੀ ਪੇਟੈਂਟਸ ਨਾਲ ਡਾ. ਸੰਧੂ ਨੇ ਮਹਾਨ ਅਮਰੀਕੀ ਖੋਜੀ ਥਾਮਸ ਐਡੀਸਨ ਦੇ 1,093 ਪੇਟੈਂਟਸ ਦੇ ਰਿਕਾਰਡ ਨੂੰ ਪਛਾੜਦਿਆਂ ਦੁਨੀਆਂ ਦੇ ਸੱਤਵੇਂ ਸਭ ਤੋਂ ਵੱਡੇ ਖੋਜੀ ਵਜੋਂ ਆਪਣਾ ਨਾਂਅ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖਵਾਕੇ ਸਿੱਖ ਪੰਥ ਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਮਾਈਕ੍ਰੋਨ ਟੈਕਨਾਲੋਜੀ ਦੇ ਸੀਨੀਅਰ ਫੈਲੋ ਅਤੇ ਵਾਈਸ ਪ੍ਰੈਜ਼ੀਡੈਂਟ ਵਜੋਂ, ਉਨ੍ਹਾਂ ਨੇ ਸੈਮੀਕੰਡਕਟਰ ਤਕਨੀਕ ਵਿਚ ਕ੍ਰਾਂਤੀਕਾਰੀ ਯੋਗਦਾਨ ਪਾਇਆ, ਜਿਸ ਨੇ ਸਮਾਰਟਫੋਨ, ਕੈਮਰੇ, ਅਤੇ ਕਲਾਊਡ ਸਟੋਰੇਜ ਵਰਗੇ ਉਪਕਰਣਾਂ ਨੂੰ ਛੋਟਾ, ਤੇਜ਼ ਅਤੇ ਵਧੇਰੇ ਕੁਸ਼ਲ ਬਣਾਇਆ।

ਡਾ. ਗੁਰਤੇਜ ਸਿੰਘ ਸੰਧੂ ਦੀ ਇਹ ਸਫਲਤਾ ਦੀ ਕਹਾਣੀ ਅੰਮ੍ਰਿਤਸਰ ਦੀ ਧਰਤੀ ਤੋਂ ਸ਼ੁਰੂ ਹੁੰਦੀ ਹੈ। ਜੀ.ਐਨ.ਡੀ.ਯੂ. ਦੇ ਕੈਮਿਸਟਰੀ ਵਿਭਾਗ ਦੇ ਸੰਸਥਾਪਕ ਮੁਖੀ ਪ੍ਰੋ. ਐਸ.ਐਸ. ਸੰਧੂ ਦੇ ਪੁੱਤਰ ਵਜੋਂ ਜਨਮੇ ਗੁਰਤੇਜ ਸਿੰਘ ਨੇ 1980 ਦੇ ਦਹਾਕੇ 'ਚ ਇਸ ਯੂਨੀਵਰਸਿਟੀ ਤੋਂ ਫਿਜ਼ਿਕਸ ਵਿਚਰ ਐਮ.ਐਸ.ਸੀ. ਆਨਰਜ਼ ਕੀਤੀ। ਉਨ੍ਹਾਂ ਦੀ ਸਿੱਖਿਆ ਦੀ ਨੀਂਹ ਅੰਮ੍ਰਿਤਸਰ ਦੀ ਇਸ ਮਹਾਨ ਸੰਸਥਾ ਵਿਚ ਪੱਕੀ ਹੋਈ, ਜਿਸ ਨੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਚਮਕਣ ਦਾ ਮੌਕਾ ਦਿੱਤਾ। ਇਸ ਤੋਂ ਬਾਅਦ, ਉਨ੍ਹਾਂ ਨੇ ਆਈ.ਆਈ.ਟੀ. ਦਿੱਲੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ 'ਚ ਬੀ.ਟੈਕ ਅਤੇ ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ, ਚੈਪਲ ਹਿੱਲ ਤੋਂ ਫਿਜ਼ਿਕਸ ਵਿਚ ਪੀ. ਐਚ. ਡੀ. ਹਾਸਲ ਕਰਕੇ ਆਪਣੇ ਗਿਆਨ ਨੂੰ ਹੋਰ ਪਰਵਾਜ਼ ਦਿੱਤੀ।

ਜੀ.ਐਨ.ਡੀ.ਯੂ. ਦੇ ਵਾਈਸ-ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਯੂਨੀਵਰਸਿਟੀ ਅਤੇ ਭਾਰਤ ਲਈ ਮਾਣ ਵਾਲੀ ਗੱਲ ਦੱਸਿਆ।

ਥਾਮਸ ਐਡੀਸਨ, ਜਿਸ ਨੂੰ 19ਵੀਂ ਸਦੀ ਦਾ ਮਹਾਨ ਖੋਜੀ ਮੰਨਿਆ ਜਾਂਦਾ ਹੈ, ਨੇ ਇਲੈਕਟ੍ਰਿਕ ਬੱਲਬ, ਫੋਨੋਗ੍ਰਾਫ, ਅਤੇ ਫਿਲਮ ਕੈਮਰੇ ਵਰਗੀਆਂ ਖੋਜਾਂ ਨਾਲ ਮਨੁੱਖੀ ਜੀਵਨ ਨੂੰ ਬਦਲ ਦਿੱਤਾ ਸੀ। ਉਸ ਦੀਆਂ 1,093 ਪੇਟੈਂਟਸ ਨੇ ਉਦਯੋਗਿਕ ਅਤੇ ਸਮਾਜਿਕ ਵਿਕਾਸ ਦੀ ਨੀਂਹ ਰੱਖੀ ਸੀ। ਪਰ ਡਾ. ਸੰਧੂ ਦੀਆਂ ਖੋਜਾਂ 21ਵੀਂ ਸਦੀ ਦੀ ਡਿਜੀਟਲ ਕ੍ਰਾਂਤੀ ਦਾ ਅਧਾਰ ਬਣੀਆਂ। ਉਨ੍ਹਾਂ ਦੀਆਂ ਨਵੀਨਤਾਵਾਂ, ਜਿਵੇਂ ਕਿ ਐਟੋਮਿਕ ਲੇਅਰ ਡਿਪੋਜ਼ੀਸ਼ਨ, ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ, ਅਤੇ ਪਿੱਚ-ਡਬਲਿੰਗ ਤਕਨੀਕਾਂ, ਨੇ ਸੈਮੀਕੰਡਕਟਰ ਉਦਯੋਗ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ ਹੈ।



ਐਡੀਸਨ ਦੀਆਂ ਖੋਜਾਂ ਨੇ ਮਕੈਨੀਕਲ ਅਤੇ ਇਲੈਕਟ੍ਰਿਕਲ ਯੰਤਰਾਂ ਨੂੰ ਜਨਮ ਦਿੱਤਾ ਸੀ, ਜਦਕਿ ਸੰਧੂ ਦੀਆਂ ਖੋਜਾਂ ਨੇ ਮੂਰਜ਼ ਲਾਅ (ਕੰਪਿਊਟਰ ਚਿੱਪਸ ਦੀ ਸਮਰੱਥਾ ਹਰ 18-24 ਮਹੀਨਿਆਂ ਵਿਚ ਦੁੱਗਣੀ ਹੁੰਦੀ ਹੈ) ਨੂੰ ਜਾਰੀ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ ਤਕਨੀਕ ਨੇ ਮੈਮੋਰੀ ਚਿੱਪਸ ਦੀ ਉਤਪਾਦਨ ਪ੍ਰਕਿਰਿਆ ਨੂੰ ਸੁਧਾਰਿਆ, ਜਿਸ ਨੂੰ ਅੱਜ ਦੁਨੀਆਂ ਦੇ ਜ਼ਿਆਦਾਤਰ ਮੈਮੋਰੀ-ਚਿੱਪ ਨਿਰਮਾਤਾ ਵਰਤਦੇ ਹਨ। ਇਸ ਨੇ ਸਮਾਰਟਫੋਨ, ਲੈਪਟਾਪ, ਅਤੇ ਕਲਾਊਡ ਸਟੋਰੇਜ ਵਰਗੀਆਂ ਡਿਵਾਈਸਾਂ ਨੂੰ ਵਧੇਰੇ ਸੰਘਣਾ, ਸਸਤਾ, ਅਤੇ ਤਾਕਤਵਰ ਬਣਾਇਆ।

ਐਡੀਸਨ ਦੀਆਂ ਖੋਜਾਂ ਸਮਾਜ ਨੂੰ ਰੌਸ਼ਨੀ ਅਤੇ ਸੰਚਾਰ ਦੇ ਸਾਧਨ ਦੇਣ ਵਾਲੀਆਂ ਸਨ, ਪਰ ਸੰਧੂ ਦੀਆਂ ਖੋਜਾਂ ਨੇ ਡਿਜੀਟਲ ਯੁੱਗ ਦੀ ਰੀੜ੍ਹ ਦੀ ਹੱਡੀ ਬਣਕੇ ਅਰਬਾਂ ਲੋਕਾਂ ਦੀ ਜ਼ਿੰਦਗੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ। ਜਿਥੇ ਐਡੀਸਨ ਦਾ ਯੋਗਦਾਨ ਉਦਯੋਗਿਕ ਯੁੱਗ ਦੀ ਨੀਂਹ ਸੀ, ਉਥੇ ਸੰਧੂ ਦੀਆਂ ਨਵੀਨਤਾਵਾਂ ਨੇ ਸੂਚਨਾ ਤਕਨੀਕ ਦੇ ਯੁੱਗ ਨੂੰ ਚਮਕਾਇਆ।

ਅੰਤਰਰਾਸ਼ਟਰੀ ਮੀਡੀਆ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਸਰਾਹਿਆ ਹੈ। ਅਮਰੀਕੀ ਮੈਗਜ਼ੀਨ ਕਿਪਲਿੰਗਰ ਨੇ ਉਨ੍ਹਾਂ ਦੀ ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ ਤਕਨੀਕ ਨੂੰ "ਗੇਮ-ਚੇਂਜਰ" ਕਰਾਰ ਦਿੱਤਾ, ਜਿਸ ਨੇ ਮੈਮੋਰੀ ਚਿੱਪਸ ਦੇ ਉਤਪਾਦਨ ਨੂੰ ਸੁਧਾਰ ਕੇ ਸੈਮੀਕੰਡਕਟਰ ਉਦਯੋਗ ਨੂੰ ਨਵੀਂ ਦਿਸ਼ਾ ਦਿੱਤੀ। ਫੋਰਬਸ ਅਤੇ ਟੈਕ ਕਰੰਚ ਵਰਗੀਆਂ ਪ੍ਰਕਾਸ਼ਨਾਂ ਨੇ ਉਨ੍ਹਾਂ ਨੂੰ "ਡਿਜੀਟਲ ਯੁੱਗ ਦਾ ਵਿਸ਼ੇਸ਼ ਹੀਰੋ" ਕਿਹਾ, ਜਿਸ ਨੇ ਮਾਈਕ੍ਰੋਨ ਟੈਕਨਾਲੋਜੀ ਨੂੰ ਵਿਸ਼ਵ ਦੀਆਂ ਪ੍ਰਮੁੱਖ ਸੈਮੀਕੰਡਕਟਰ ਕੰਪਨੀਆਂ ਵਿਚ ਸ਼ੁਮਾਰ ਕਰਵਾਇਆ। ਵਾਸ਼ਿੰਗਟਨ ਪੋਸਟ ਨੇ ਉਨ੍ਹਾਂ ਦੀਆਂ 1,382 ਪੇਟੈਂਟਸ ਨੂੰ "ਤਕਨੀਕੀ ਜਗਤ ਵਿਚ ਮੀਲ ਪੱਥਰ" ਦੱਸਿਆ, ਜਿਸ ਨੇ ਐਡੀਸਨ ਦੇ ਰਿਕਾਰਡ ਨੂੰ ਪਛਾੜਦਿਆਂ ਸਿੱਖ ਪੰਥ ਦੀ ਬੁੱਧੀਜੀਵੀ ਸਮਰੱਥਾ ਨੂੰ ਵਿਸ਼ਵ ਸਾਹਮਣੇ ਰੱਖਿਆ।

ਯੂ.ਐਸ. ਪੇਟੈਂਟ ਅਤੇ ਟ੍ਰੇਡਮਾਰਕ ਆਫਿਸ ਦੇ ਅੰਕੜਿਆਂ ਅਨੁਸਾਰ, ਡਾ. ਸੰਧੂ ਦੀਆਂ ਪੇਟੈਂਟਸ ਨੇ ਸੈਮੀਕੰਡਕਟਰ ਡਿਵਾਈਸ ਫੈਬਰੀਕੇਸ਼ਨ, ਥਿੰਨ-ਫਿਲਮ ਪ੍ਰਕਿਰਿਆਵਾਂ, ਅਤੇ ਵੈਰੀ ਲਾਰਜ ਸਕੇਲ ਇੰਟੀਗਰੇਸ਼ਨ ਦੇ ਖੇਤਰ ਵਿਚ ਨਵੇਂ ਮਾਪਦੰਡ ਸਥਾਪਤ ਕੀਤੇ। ਅੰਤਰਰਾਸ਼ਟਰੀ ਅਖਬਾਰਾਂ ਨੇ ਉਨ੍ਹਾਂ ਦੀ ਸਾਦਗੀ ਅਤੇ ਸਮਰਪਣ ਦੀ ਵੀ ਸਰਾਹਨਾ ਕੀਤੀ, ਜਿਵੇਂ ਕਿ ਕਿਪਲਿੰਗਰ ਨੇ ਲਿਖਿਆ, "ਸੰਧੂ ਨੂੰ ਸ਼ੁਰੂ ਵਿਚ ਨਹੀਂ ਸੀ ਪਤਾ ਸੀ ਕਿ ਉਸ ਦੀ ਖੋਜ ਇੰਨੀ ਵੱਡੀ ਹੋਵੇਗੀ, ਪਰ ਅੱਜ ਉਸ ਦੀ ਤਕਨੀਕ ਦੁਨੀਆਂ ਦੇ ਹਰ ਸਮਾਰਟ ਡਿਵਾਈਸ ਵਿਚ ਮੌਜੂਦ ਹੈ।"

ਅਮਰੀਕੀ ਪ੍ਰਸ਼ਾਸਨ ਨੇ ਡਾ. ਸੰਧੂ ਦੇ ਯੋਗਦਾਨ ਨੂੰ ਸਤਿਕਾਰ ਨਾਲ ਵੇਖਿਆ ਹੈ। 2018 ਵਿਚ, ਇੰਸਟੀਚਿਊਟ ਆਫ ਇਲੈਕਟ੍ਰਿਕਲ ਐਂਡ ਇਲੈਕਟ੍ਰਾਨਿਕਸ ਇੰਜੀਨੀਅਰਜ਼ ਨੇ ਉਨ੍ਹਾਂ ਨੂੰ ਐਂਡਰਿਊ ਐਸ. ਗ੍ਰੋਵ ਅਵਾਰਡ ਨਾਲ ਸਨਮਾਨਿਤ ਕੀਤਾ ਸੀ, ਜੋ ਸੈਮੀਕੰਡਕਟਰ ਤਕਨੀਕ ਵਿਚ ਸਭ ਤੋਂ ਵੱਕਾਰੀ ਪੁਰਸਕਾਰਾਂ 'ਚੋਂ ਇੱਕ ਹੈ।

ਅਮਰੀਕੀ ਸਰਕਾਰ ਦੇ ਨੁਮਾਇੰਦਿਆਂ ਨੇ ਉਨ੍ਹਾਂ ਦੀਆਂ ਖੋਜਾਂ ਨੂੰ "ਅਮਰੀਕੀ ਤਕਨੀਕੀ ਨਵੀਨਤਾ ਦਾ ਮੁੱਖ ਹਿੱਸਾ" ਦੱਸਿਆ। ਮਾਈਕ੍ਰੋਨ ਟੈਕਨਾਲੋਜੀ, ਜੋ ਅਮਰੀਕਾ ਦੀ ਅਰਥ-ਵਿਵਸਥਾ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਨੇ ਸੰਧੂ ਦੀ ਅਗਵਾਈ ਵਿਚ 40,000 ਤੋਂ ਵੱਧ ਪੇਟੈਂਟਸ ਹਾਸਲ ਕੀਤੇ, ਜਿਨ੍ਹਾਂ ਵਿਚੋਂ 1,325 ਇਕੱਲੇ ਸੰਧੂ ਦੇ ਨਾਂਅ ਹਨ।

ਸ਼੍ਰੋਮਣੀ ਕਮੇਟੀ ਅਤੇ ਸਿੱਖ ਆਗੂਆਂ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਸਿੱਖ ਪੰਥ ਦੀ ਬੌਧਿਕ ਸਮਰੱਥਾ ਦਾ ਪ੍ਰਤੀਕ ਦੱਸਿਆ। ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਡਾ. ਗੁਰਤੇਜ ਸੰਧੂ ਨੇ ਸਿੱਖ ਪੰਥ ਦਾ ਨਾਂਅ ਵਿਸ਼ਵ ਪੱਧਰ 'ਤੇ ਰੋਸ਼ਨ ਕੀਤਾ ਹੈ। ਉਨ੍ਹਾਂ ਦੀਆਂ ਖੋਜਾਂ ਸਾਡੇ ਲਈ ਮਾਣ ਦਾ ਵਿਸ਼ਾ ਹਨ।" ਸਿੱਖ ਸੰਸਥਾਵਾਂ ਨੇ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਯੋਜਨਾ ਵੀ ਬਣਾਈ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਸਮਾਗਮ ਦਾ ਐਲਾਨ ਨਹੀਂ ਹੋਇਆ।

ਡਾ. ਸੰਧੂ ਨੇ ਮਾਈਕ੍ਰੋਨ ਟੈਕਨਾਲੋਜੀ ਨੂੰ ਵਿਸ਼ਵ ਦੀਆਂ ਪ੍ਰਮੁੱਖ ਸੈਮੀਕੰਡਕਟਰ ਕੰਪਨੀਆਂ ਵਿਚ ਸ਼ੁਮਾਰ ਕਰਵਾਇਆ। ਜਦੋਂ ਉਹ 1990 'ਚ ਮਾਈਕ੍ਰੋਨ ਨਾਲ ਜੁੜੇ, ਕੰਪਨੀ ਕੰਪਿਊਟਰ ਮੈਮਰੀ ਬਣਾਉਣ ਵਾਲੀਆਂ ਕੰਪਨੀਆਂ ਵਿਚ 18ਵੇਂ ਨੰਬਰ 'ਤੇ ਸੀ। ਅੱਜ, ਉਨ੍ਹਾਂ ਦੀਆਂ ਖੋਜਾਂ ਸਦਕਾ, ਮਾਈਕ੍ਰੋਨ ਵਿਸ਼ਵ ਦੀਆਂ ਚੋਟੀ ਦੀਆਂ ਕੰਪਨੀਆਂ ਵਿਚੋਂ ਇੱਕ ਹੈ। ਉਨ੍ਹਾਂ ਦੀਆਂ ਪੇਟੈਂਟਸ ਨੇ ਮੈਮੋਰੀ ਚਿੱਪਸ ਦੀ ਕੀਮਤ ਘਟਾਈ ਅਤੇ ਕਾਰਜਕੁਸ਼ਲਤਾ ਵਧਾਈ, ਜਿਸ ਨਾਲ ਸਮਾਰਟ ਡਿਵਾਈਸਾਂ ਹਰ ਵਰਗ ਦੇ ਲੋਕਾਂ ਦੀ ਪਹੁੰਚ ਵਿਚ ਆਈਆਂ।

• • •

# ਕਪੂਰਥਲਾ ਦਾ ਮਨੀਸ਼ ਸ਼ਰਮਾ ਨਿਊਜ਼ੀਲੈਂਡ ਪੁਲਿਸ ਵਿੱਚ ਬਤੌਰ ਅਧਿਕਾਰੀ ਨਿਯੁਕਤ


## ✪ ਆਪਣੇ ਪਰਿਵਾਰ ਤੇ ਪੰਜਾਬ ਦਾ ਨਾਮ ਕੀਤਾ ਰੌਸ਼ਨ



ਕਪੂਰਥਲਾ-ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਡਾਲਾ ਦੇ ਨੌਜਵਾਨ ਮਨੀਸ਼ ਸ਼ਰਮਾ ਨੇ ਨਿਊਜ਼ੀਲੈਂਡ ਪੁਲਿਸ ਫੋਰਸ ਵਿੱਚ ਇੱਕ ਅਧਿਕਾਰੀ ਵਜੋਂ ਨਿਯੁਕਤ ਹੋ ਕੇ ਆਪਣੇ ਪਰਿਵਾਰ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਸਨੇ ਆਪਣੀ 10ਵੀਂ ਤੱਕ ਦੀ ਪੜ੍ਹਾਈ ਨਡਾਲਾ ਦੇ ਇੱਕ ਸਕੂਲ ਤੋਂ ਕੀਤੀ ਅਤੇ 12ਵੀਂ ਜਲੰਧਰ ਤੋਂ ਪੂਰੀ ਕੀਤੀ। ਸਾਲ 2016 ਵਿੱਚ ਨਿਊਜ਼ੀਲੈਂਡ ਜਾਣ ਤੋਂ ਬਾਅਦ, ਉਸਨੇ ਪੁਲਿਸ ਵਿੱਚ ਭਰਤੀ ਹੋਣ ਦੇ ਆਪਣੇ ਬਚਪਨ ਦੇ ਸੁਪਨੇ ਨੂੰ ਪੂਰਾ ਕਰਨ ਲਈ ਤਿੰਨ ਸਾਲ ਸਖ਼ਤ ਮਿਹਨਤ ਕੀਤੀ। ਉਸਦੀ ਸਖ਼ਤ ਮਿਹਨਤ ਅਤੇ ਲਗਨ ਦੇ ਸਦਕਾ ਉਸਨੂੰ ਨਿਊਜ਼ੀਲੈਂਡ ਪੁਲਿਸ ਵਿੱਚ ਅਧਿਕਾਰੀ ਦੇ ਅਹੁਦੇ ਲਈ ਚੁਣਿਆ ਗਿਆ। ਮਨੀਸ਼ ਨੂੰ ਜਲਦੀ ਹੀ ਨਿਊਜ਼ੀਲੈਂਡ ਦੇ ਇੱਕ ਜ਼ਿਲ੍ਹੇ ਵਿੱਚ ਨਿਯੁਕਤ ਕੀਤਾ ਜਾਵੇਗਾ।

# ਸੈਲਫ-ਕੇਅਰ- ਜ਼ਰੂਰੀ ਹੋ ਗਈ ਹੈ ਵਿਸ਼ਵ ਲਈ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਅੰਤਰਰਾਸ਼ਟਰੀ ਸੈਲਫ-ਕੇਅਰ ਦਿਵਸ 2025 ਦਾ ਥੀਮ ਹੈ- ਸੇਲਫ-ਕੇਅਰ ਹੈਲਦੀ ਭਵਿੱਖ ਹੈ। ਖ਼ੁੱਦ ਦੀ ਦੇਖਭਾਲ ਹੀ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵਿਸ਼ਵ ਭਰ ਵਿਚ ਤੇਜ਼ੀ ਨਾਲ ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ"-

ਹੈਲਥ ਮੀਡੀਆ ਕੈਨੇਡਾ : 24 ਜੁਲਾਈ, 2025 ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸੈਲਫ-ਕੇਅਰ ਦਿਵਸ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਅਧਾਰ 'ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਆਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ ਵਿਚ ਇਸ ਦਿਨ ਸਰਕਾਰੀ-ਗੈਰ-ਸਰਕਾਰੀ ਪੱਧਰ 'ਤੇ ਲੋਕਾਂ ਨੂੰ ਸਰੀਰਕ, ਮਾਨਸਿਕ 'ਤੇ ਭਾਵਨਾਤਮਕ ਤੌਰ 'ਤੇ ਫਿੱਟ ਰਹਿਣ ਲਈ ਜਾਗਰੁੱਕ ਕੀਤਾ ਜਾਂਦਾ ਹੈ।

ਆਪਣਾ, ਪਰਿਵਾਰ 'ਤੇ ਮਿੱਤਰਾਂ ਦਾ ਰੱਖੋ ਖਿਆਲ:

ਨਵੀਂ ਇੱਕ ਸਟਡੀ ਮੁਤਾਬਿਕ ਦਿਲ ਦਾ ਦੌਰਾ ਅਤੇ ਸਟ੍ਰੋਕ ਵਰਗੀਆਂ ਬਿਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਡੇਲੀ ਇਸਤੇਮਾਲ ਕਰਨ ਨਾਲ ਹੱਡੀਆਂ ਮਜਬੂਤ ਅਤੇ ਬਾਡੀ- ਬੈਲੇਂਸ ਬਣਿਆ ਰਹਿੰਦਾ ਹੈ।

ਸਟ੍ਰੈੱਸ ਘੱਟ ਕਰਨ ਲਈ ਸਮੇਂ ਦੇ ਮੁਤਾਬਿਕ ਦਿਨ 'ਚ 25 ਮਿਨਟ ਜੰਕ ਮੇਲ ਚੈੱਕ ਕਰਨ 'ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਬਾਜੇ, ਕਿਚਨ 'ਤੇ ਕਮਰੇ ਦਾ ਡਰਾਜ, ਫਰਿੱਜ, ਵਿੰਡੋਜ਼ ਦੇ ਨੋਬ-ਹੈਂਡਲ ਸਿਰਕਾ ਜਾਂ ਸੈਨੀਟਾਈਜਰ ਨਾਲ ਕਲੀਨ ਕਰੋ।




ਜੋਬਜ਼ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਰਾਤ ਹੈਵੀ-ਡਿਨਰ 'ਤੇ ਜਾਗਣ ਦੀ ਆਦਤ ਵੀ ਬਦਲਨ ਦੀ ਲੋੜ ਹੈ। 7-8 ਘੰਟੇ ਦ ਲਿਈ ਖੁਰਾਕ ਵਿਚ ਘੱਟ ਕੈਲੋਰੀ ਪਦਾਰਥ, ਸਾਈਟਰਸ ਫੱਲ, ਗਰਮ ਪਾਣੀ, ਦੁੱਧ 'ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਅਤੇ ਮੈਗਨੀਸੀਅਮ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਸ਼ੁਰੂ ਕਰ ਦਿਓ।

ਦਿਨ ਭਰ ਦੀ ਤਾਜ਼ਗੀ, ਅਨਰਜੀ ਅਤੇ ਬਾਡੀ ਦਾ ਤਾਪਮਾਨ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਕੋਸਾ 'ਤੇ ਆਖਰੀ 1 ਮਿਨਟ ਠੰਢਾ ਸ਼ਾਵਰ ਲਵੋ।

ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਦੀ ਹਾਲਤ ਵਿਚ ਪਾਣੀ ਦੇ 7-9 ਗਿਲਾਸ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਣ ਦੀ ਜਿੰਮੇਵਾਰੀ ਮਾਂ-ਬਾਪ ਦੀ ਹੈ।

ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਅਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾਂ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ। ਵੱਧੇ ਹੋਏ ਕੋਲੇਸਟਰੋਲ ਵਾਲੇ ਫਾਇਦਾ ਲੈ ਸਕਦੇ ਹਨ।

ਰਸੋਈ ਵਿੱਚੋਂ ਕੁੱਕੀ, ਮਿਠਾਈ, ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ, ਫੱਲਾਂ ਵਿਚ ਕੇਲਾ, ਰੋਸਟਿਡ ਚਿੱਕ-ਪੀ(ਛੋਲੇ), ਪੰਪਕਿਨ 'ਤੇ ਸਨਫਲਾਵਰ ਸੀਡਜ਼, ਮਿਕਸ ਨੱਟਸ, ਨੂੰ ਰੂਟੀਨ 'ਚ ਸ਼ਾਮਲ ਕਰੋ।

ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨਿ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲੀਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਨੂੰ ਭੱਵਿਖ 'ਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।

ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਡੇਲੀ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।

ਸਰੀਰ ਅਤੇ ਮਨ ਨੂੰ ਹਮੇਸ਼ਾ ਤੰਦਰੁਸਤ ਰੱਖਣ ਲਈ ਸਜ਼ਿਨ ਦੇ ਮੁਤਾਬਿਕ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ। ਇੱਕਲਾਪਨ ਦੂਰ ਕਰਨ ਲਈ ਹੋ ਸਕੇ ਤਾਂ ਐਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।

ਨੋਟ: ਜੰਕ-ਫੂਡ ਦੀ ਵਰਤੋਂ ਘੱਟ ਤੋਂ ਘੱਟ ਕਰੋ। ਤੇਜ਼ ਮਿਰਚ-ਮਸਾਲੇਦਾਰ ਖ਼ੁਰਾਕ ਤੋਂ ਹਮੇਸ਼ਾ ਦੂਰ ਰਹੋ। ਘਰ ਜਾਂ ਘਰ ਤੋਂ ਬਾਹਰ ਕੁੱਝ ਵੀ ਖਾਣ-ਪੀਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰਾਂ ਕਲੀਨ ਜਰੂਰ ਕਰੋ। ਕਿਸੇ ਵੀ ਬਿਮਾਰੀ ਦੇ ਲੱਛਣ ਪੈਦਾ ਹੁੰਦੇ ਹੀ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ਼ ਕਰਾਓ।

* * * * * * * *

ਮਿੰਨੀ ਕਹਾਣੀ

## I AM 60 PLUS

ਨਿੱਤ ਦੀ ਦੌੜ ਭੱਜ ਅਤੇ ਕੰਮ ਕਾਰਾਂ ਵਿੱਚ ਉਲਝੇ ਹੋਏ ਇਨਸਾਨਾਂ ਨਾਲ ਕਈ ਵਾਰ ਅਚਾਨਕ ਵਾਪਰੀਆ ਕੁਝ ਘਟਨਾਵਾਂ ਹਾਸਿਆ ਦਾ ਰੂਪ ਲੈ ਜਾਂਦੀਆਂ । ਇਸੇ ਤਰ੍ਹਾਂ ਇਕ ਦਿਨ ਬਜ਼ਾਰ ਤੇ ਸਕੂਟਰ ਜਾਂਦਿਆ ਕਿਸੇ ਨੇ ਅਚਾਨਕ ਪਿਛੋਂ ਕਾਰ ਦੀ ਟੱਕਰ ਮਾਰੀ। ਮੈਂ ਸਕੂਟਰ ਸਮੇਤ ਥੱਲੇ ਡਿੱਗ ਪਿਆ। ਜਲਦੀ ਨਾਲ ਗੁੱਸੇ ਚ ਉਠ ਕੇ ਕਾਰ ਵੱਲ ਗਿਆ ਤਾਂ ਅਚਾਨਕ ਕਾਰ ਵਿਚੋਂ ਇਕ ਖੂਬਸੂਰਤ ਇਸਤਰੀ ਨਿਕਲੀ ਉਸ ਨੇ ਆਪਣੀ ਗਲਤੀ ਮੰਨਣ ਦੀ ਬਜਾਏ ਪੈਂਦੀ ਸੱਟੇ ਆਖਿਆ "I am 60 plus" ਨੂੰ ਸੁਣ ਕੇ ਮੇਰਾ ਗੁੱਸਾ ਹਾਸੇ ਵਿੱਚ ਬਦਲ ਗਿਆ ਅਤੇ ਮੈਂ ਸੋਚਣ ਲੱਗਾ ਕਿ ਸ਼ਾਇਦ ਇਹ ਦੁਨੀਆਂ ਦੀ ਪਹਿਲੀ ਔਰਤ ਹੋਵੇਗੀ ਜਿਸ ਨੇ ਆਪਣੀ ਸਹੀ ਉਮਰ ਦੱਸੀ।



ਅਮਰਜੀਤ ਸਿੰਘ ਸੰਧੂ
98880-23226

ਮਿੰਨੀ ਕਹਾਣੀ

## ਘੱਸਿਆ ਹੋਇਆ ਇਨਸਾਨ

ਕਈ ਸਾਲਾਂ ਮਗਰੋਂ ਬਜ਼ਾਰ ਚ ਮਿਲੇ ਕਾਲਜ ਦੇ ਸਮੇਂ ਦੇ ਮਿੱਤਰ ਦੇ ਬੋਲ "ਕੀ ਹੋਇਆ ? ਘੱਸਿਆ ਜਿਹਾ ਬਣਿਆ ਫਿਰਦਾ" ਮੇਰੇ ਕੰਨਾਂ ਵਿੱਚ ਅਜੇ ਵੀ ਗੂੰਜ ਰਹੇ ਸਨ ਤੇ ਮੈਂ ਸੁੰਨ ਜਿਹਾ ਹੋ ਕਿ ਉਥੇ ਖੜ੍ਹਾ ਇਹ ਹੀ ਸੋਚ ਰਿਹਾ ਸਾਂ ਕਿ ਵਾਕਿਆ ਗੱਲ ਤਾਂ ਇਸ ਦੀ ਵੀ ਸਹੀ ਹੈ। ਮਿੱਤਰ ਦੇ ਕਿਹੇ ਬੋਲਾਂ ਨੇ ਕਾਲਜ ਛੱਡਣ ਤੋਂ ਬਾਅਦ ਪਹਿਲੀ ਵਾਰ ਮੁੜ ਕਿ ਵੇਖਣ ਲਈ ਮਜ਼ਬੂਰ ਕਰ ਦਿੱਤਾ। ਜਵਾਨੀ ਕਦੋਂ ਆਈ ਤੇ ਕਦੋਂ ਚਲੀ ਗਈ ਪਤਾ ਹੀ ਨ ਲੱਗਿਆ। ਘਰ ਦੀਆਂ ਜਿੰਮੇਵਾਰੀਆਂ, ਆਪਣਿਆ ਵਲੋਂ ਦਿੱਤੇ ਗਏ ਦਰਦ ਅਤੇ ਮਾੜੇ ਵਕਤ ਦੇ ਲਫੇੜੇ ਝੱਲਦਿਆ-ਝੱਲਦਿਆਂ ਪਤਾ ਹੀ ਨਹੀਂ ਲੱਗਾ ਕਦੋਂ ਮੈਂ ਘੱਸ ਗਿਆ। ਘਰ ਜਾ ਕੇ ਸਭ ਤੋਂ ਪਹਿਲਾਂ ਮੈਂ ਸ਼ੀਸੇ ਸਾਹਮਣੇ ਖੜ੍ਹ ਕੇ ਆਪਣਾ ਚਿਹਰਾ ਵੇਖਿਆ ਤੇ ਅੱਜ ਮੈਨੂੰ ਵੀ ਮਹਿਸੂਸ ਹੋਇਆ ਕਿ ਵਾਕਿਆ ਸਮੇਂ ਦੀਆ ਮਾਰਾਂ ਨੇ ਮੈਨੂੰ "ਘੱਸਿਆ ਜਿਹਾ ਇਨਸਾਨ" ਬਣਾ ਕੇ ਰੱਖ ਦਿੱਤਾ।


ਅਮਰਜੀਤ ਸਿੰਘ ਸੰਧੂ
+9198880-23226

# ਆਰ ਕੇ ਨਰਾਇਣ ਦੇ 'ਗਾਈਡ' ਨਾਵਲ ਦਾ ਪੰਜਾਬੀ ਰੂਪ : ਜਗਦੀਸ਼ ਰਾਏ ਕੁਲਰੀਆ

ਉਜਾਗਰ ਸਿੰਘ



ਅੰਗਰੇਜ਼ੀ ਦੇ ਸਾਹਿਤ ਅਕਾਦਮੀ ਇਨਾਮ ਜੇਤੂ ਨਾਵਲ 'ਦਾ ਗਾਈਡ' ਦਾ ਪੰਜਾਬੀ ਵਿੱਚ ਅਨੁਵਾਦ ਜਗਦੀਸ਼ ਰਾਏ ਕੁਲਰੀਆ ਨੇ 'ਗਾਈਡ' ਸਿਰਲੇਖ ਅਧੀਨ ਕਰਕੇ ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਪਾ ਕੇ ਵਿਲੱਖਣ ਸਿਰਜਣਾਤਮਿਕ ਕੰਮ ਕੀਤਾ ਹੈ। ਜਗਦੀਸ਼ ਰਾਏ ਕੁਲਰੀਆ ਦੇ ਅਨੁਵਾਦ ਦੀ ਕਮਾਲ ਇਹ ਹੈ ਕਿ ਨਾਵਲ ਦੇ ਪੰਜਾਬੀ ਰੂਪ ਨੂੰ ਪੜ੍ਹਕੇ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਇਹ ਪੰਜਾਬੀ ਦਾ ਮੌਲਿਕ ਨਾਵਲ ਹੈ। ਜਗਦੀਸ਼ ਰਾਏ ਕੁਲਰੀਆ ਦੀ ਅਨੁਵਾਦ ਕਰਨ ਦੀ ਪ੍ਰਤਿਭਾ ਦੀ ਦਾਦ ਦੇਣੀ ਬਣਦੀ ਹੈ, ਕਿਉਂਕਿ ਉਸਨੇ ਪੁਰਾਤੱਤਵ ਨਾਲ ਸੰਬੰਧਤ ਚਿਤਰਕਾਰੀ, ਸੰਗੀਤ, ਨ੍ਰਿਤ ਅਤੇ ਅਦਾਕਾਰੀ ਦੀਆਂ ਬਾਰੀਕੀਆਂ ਨੂੰ ਬਾਖ਼ੂਬੀ ਨਾਲ ਪੰਜਾਬੀ ਰੂਪ ਦਿੱਤਾ ਹੈ। ਇਨ੍ਹਾਂ ਸੁਹਜਾਤਮਿਕ ਤੇ ਕਲਾਤਮਿਕ ਵਿਸ਼ਿਆਂ ਦੀ ਮੁਹਾਰਤ ਹਰ ਅਨੁਵਾਦਕ ਦੇ ਵਸ ਦੀ ਗੱਲ ਨਹੀਂ ਹੁੰਦੀ। ਇਹ ਨਾਵਲ ਗਿਆਰਾਂ ਚੈਪਟਰਾਂ ਵਿੱਚ ਵੰਡਿਆ ਹੋਇਆ ਹੈ। ਜਗਦੀਸ਼ ਰਾਏ ਕੁਲਰੀਆਂ ਨੇ ਬਹੁਤ ਹੀ ਸਰਲ ਸ਼ਬਦਾਵਲੀ, ਵਾਕ ਬਣਤਰ ਤੇ ਠੇਠ ਮਲਵਈ ਭਾਸ਼ਾ ਦੀ ਵਰਤੋਂ ਕਰਕੇ ਪਾਠਕਾਂ ਨੂੰ ਸੌਖਿਆਂ ਸਮਝਣ ਦੇ ਯੋਗ ਬਣਾ ਦਿੱਤਾ ਹੈ। ਬੁੱਤ-ਪੂਜਾ, ਗੱਪ-ਸ਼ੱਪ, ਚੁੰਦਿਆ, ਚਿਰਕ-ਮਿਚਕ, ਧੁੰਦਲੀ, ਰੇਹੜੀ, ਧੂੜ, ਤਿੱਖੜ ਧੁੱਪ, ਜੂਲਾ, ਘਰੂਟੇ ਆਦਿ ਸ਼ਬਦ ਵਰਤੇ ਗਏ ਹਨ, ਜਿਹੜੇ ਪਿੰਡਾਂ ਵਿੱਚ ਆਮ ਵਰਤੇ ਜਾਂਦੇ ਹਨ। ਭਾਵੇਂ ਨਾਵਲ ਵੱਖ-ਵੱਖ ਚੈਪਟਰਾਂ ਵਿੱਚ ਵੰਡਿਆ ਹੋਇਆ ਹੈ, ਪ੍ਰੰਤੂ ਲਗਾਤਾਰਤਾ ਦਰਿਆ ਦੇ ਵਹਿਣ ਦੀਆਂ ਲਹਿਰਾਂ ਦੀ ਤਰ੍ਹਾਂ ਤਰੰਗਾਂ ਪੈਦਾ ਕਰਦੀਆਂ ਹਨ। ਨਾਵਲ ਵਿੱਚ ਵਰਤੀਆਂ ਗਈਆਂ ਲੋਕੋਕਤੀਆਂ, ਵਿਸ਼ੇਸ਼ਣ ਅਤੇ ਮੁਹਾਵਰੇ ਨਾਵਲ ਨੂੰ ਪੜ੍ਹਨ ਲਈ ਦਿਲਚਸਪੀ ਪੈਦਾ ਕਰਦੇ ਹਨ। ਇੱਕ ਚੈਪਟਰ ਤੋਂ ਬਾਅਦ ਦੂਜਾ ਚੈਪਟਰ ਪੜ੍ਹਨ ਦੀ ਉਤਸੁਕਤਾ ਬਰਕਰਾਰ ਰਹਿੰਦੀ ਹੈ। ਗੱਲਬਾਤੀ ਢੰਗ ਦੀ ਸ਼ੈਲੀ ਵਰਤੀ ਗਈ ਹੈ। ਨਾਵਲ ਦਾ ਘੇਰਾ ਦਿਹਾਤੀ ਜੀਵਨ ਦੇ ਆਲੇ ਦੁਆਲੇ ਘੁੰਮਦਾ ਹੋਇਆ ਪਿੰਡਾਂ ਦੀ ਜ਼ਿੰਦਗੀ ਨੂੰ ਦ੍ਰਿਸ਼ਟਾਂਤਿਕ ਰੂਪ ਵਿੱਚ ਪੇਸ਼ ਕਰ ਦਿੰਦਾ ਹੈ, ਜਿਸ ਨਾਲ ਨਾਵਲਕਾਰ ਦੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਪਿੰਡਾਂ ਦੇ ਲੋਕ ਵਹਿਮਾ-ਭਰਮਾ ਦੇ ਜਾਲ ਵਿੱਚ ਫਸ ਜਾਂਦੇ ਹਨ। ਇਸ ਨਾਵਲ ਦੀ ਕਹਾਣੀ ਇੱਕ ਜੇਲ੍ਹ ਦੀ ਸਜ਼ਾ ਕੱਟਕੇ ਬਾਹਰ ਆਇਆ ਵਿਅਕਤੀ ਰਾਜੂ ਸ਼ਰਮ ਦਾ ਮਾਰਾ ਆਪਣੇ ਘਰ ਨਹੀਂ ਜਾਂਦਾ, ਕਿਉਂਕਿ ਲੋਕ ਉਸ ਨੂੰ ਦੁਰਕਾਰਨਗੇ। ਇਸ ਲਈ ਉਹ ਸਾਧ ਸੰਤ ਦੇ ਭੇਖ ਵਿੱਚ ਕਿਸੇ ਦੂਰ ਦੁਰਾਡੇ ਦਿਹਾਤੀ ਇਲਾਕੇ ਵਿੱਚ ਜਾ ਕੇ ਮੰਦਰ ਵਿੱਚ ਬੈਠ ਜਾਂਦਾ ਹੈ, ਜਿਥੋਂ ਦੇ ਵਹਿਮਾ-ਭਰਮਾ ਵਿੱਚ ਡੁੱਬੇ ਹੋਏ ਗ਼ਰੀਬ ਲੋਕਾਂ ਨੂੰ ਆਪਣੇ ਮਗਰ ਲਗਾ ਲੈਂਦਾ ਹੈ। ਪਿੰਡਾਂ ਦੇ ਗ਼ਰੀਬ ਪਰਿਵਾਰ ਆਪਣੀ ਰੋਜ਼ੀ-ਰੋਟੀ ਲਈ ਜਦੋਜਹਿਦ ਕਰਦੇ ਵਿਖਾਏ ਗਏ ਹਨ। ਦਿਹਾਤੀ ਲੋਕ ਅਖਾਉਤੀ ਪਖੰਡੀ ਸਾਧਾਂ ਸੰਤਾਂ ਦੇ ਜਾਲ ਵਿੱਚ ਫਸਕੇ ਉਨ੍ਹਾਂ




ਨੂੰ ਪੈਗੰਬਰ ਬਣਾ ਦਿੰਦੇ ਹਨ। ਇਸ ਨਾਵਲ ਦਾ ਕੋਈ ਇੱਕ ਵਿਸ਼ਾ ਨਹੀਂ, ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਬਹੁ-ਮੰਤਵੀ ਤੇ ਬਹੁ-ਪੱਖੀ ਵਿਸ਼ਿਆਂ ਨੂੰ ਛੂੰਹਦਾ ਹੋਇਆ ਲੋਕਾਂ ਨੂੰ ਗੁੰਮਰਾਹ ਹੋਣ ਤੋਂ ਬਚਣ ਦੀ ਤਾਕੀਦ ਕਰਦਾ ਹੈ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨੂੰ ਸਫਲ ਬਣਾਉਣ ਲਈ ਮਿਹਨਤ ਕਰਨ ਦੀ ਪ੍ਰੇਰਨਾ ਕਰਦਾ ਹੈ। ਉਸ ਸਮੇਂ ਦੀ ਸਕੂਲੀ ਵਿਦਿਆ ਦੀ ਪ੍ਰਣਾਲੀ ਬੱਚਿਆਂ ਤੇ ਅਧਿਆਪਕਾਂ ਦੀ ਮਹਿਮਾਨਨਿਵਾਜ਼ੀ ਵਾਲੇ ਵਿਵਹਾਰ ਆਦਿ ਬਾਰੇ ਵੀ ਵਿਅੰਗਆਤਮਿਕ ਨੁਕਤਾਚੀਨੀ ਕੀਤੀ ਗਈ ਹੈ, ਨਖੱਟੂ ਕਿਸਮ ਦੇ ਕੰਮਚੋਰ ਪੜ੍ਹਨ ਵਿੱਚ ਦਿਲਚਸਪੀ ਨਾ ਲੈਣ ਵਾਲੇ ਬੱਚਿਆਂ ਦੇ ਕਿਰਦਾਰਾਂ ਬਾਰੇ ਵੀ ਦੱਸਿਆ ਗਿਆ ਹੈ। ਗ਼ਰੀਬ ਲੋਕਾਂ ਦੀ ਸ਼ਰਾਬ ਪੀਣ ਦੀ ਲੱਤ, ਸੈਲਾਨੀਆਂ ਦੀ ਮਾਨਸਿਕਤਾ, ਗਾਈਡਾਂ ਦੀਆਂ ਚਾਲਾਂ, ਲੋਕਾਂ ਵਿੱਚ ਮਸ਼ਹੂਰ ਹੋਣ ਦਾ ਸ਼ੌਕ, ਛੋਟੇ ਦੁਕਾਨਦਾਰਾਂ ਦੀ ਤ੍ਰਾਸਦੀ ਅਤੇ ਆਪੇ ਦੀ ਪਛਾਣ ਦੀ ਜ਼ਰੂਰਤ ਬਾਰੇ ਵੀ ਵਿਸਤਾਰ ਨਾਲ ਲਿਖਿਆ ਗਿਆ ਹੈ। ਸੈਲਾਨੀ ਭਾਵੇਂ ਜਿਥੇ ਮਰਜ਼ੀ ਜਾਣਾ ਚਾਹੇ ਪ੍ਰੰਤੂ ਗਾਈਡ ਤੇ ਟੈਕਸੀ ਵਾਲੇ ਨੂੰ ਤਾਂ ਆਪਣੀ ਮਜ਼ਦੂਰੀ ਤੱਕ ਮਤਲਬ ਹੁੰਦਾ ਹੈ। ਰੁਮਾਂਸਵਾਦੀ ਪੱਖ ਵੀ ਨਾਵਲ ਨੂੰ ਦਿਲਚਸਪ ਬਣਾਉਂਦਾ ਹੈ ਕਿਉਂਕਿ ਜਾਤ ਬਿਰਾਦਰੀ ਦੀ ਮਾਨਸਿਕਤਾ ਪਤੀ ਪਤਨੀ ਰੋਜ਼ੀ ਅਤੇ ਮਾਰਕੋ ਪਾਤਰਾਂ ਰਾਹੀਂ ਉਨ੍ਹਾਂ ਦੀ ਵਿਚਾਰਧਾਰਾ ਦਾ ਟਕਰਾਓ ਪਰਿਵਾਰਿਕ ਸੰਬੰਧਾਂ ਵਿੱਚ ਖਟਾਸ ਪੈਦਾ ਕਰਦਾ ਹੈ। ਇਸ਼ਕ ਜਾਤ-ਬਿਰਾਦਰੀ, ਅਮੀਰ-ਗ਼ਰੀਬ ਦੇ ਪਾੜੇ ਨੂੰ ਨਹੀਂ ਵੇਖਦੀ, ਕਿਉਂਕਿ ਰਾਜੂ ਗਾਈਡ ਨੂੰ ਰੋਜ਼ੀ ਨਾਲ ਲਗਾਓ ਪੈਦਾ ਹੋ ਜਾਂਦਾ ਹੈ। ਉਹ ਬਣ ਸੰਵਰਕੇ ਰਹਿਣ ਲੱਗ ਜਾਂਦਾ ਹੈ। ਇਸ ਨਾਵਲ ਵਿੱਚ ਦੋ ਵਿਚਾਰਧਾਰਾਵਾਂ ਲਗਾਤਾਰ ਚਲਦੀਆਂ ਹਨ, ਇੱਕ ਪਾਸੇ ਰਾਜੂ ਗਾਈਡ ਦੇ ਤੌਰ 'ਤੇ ਰੇਲਵੇ ਸਟੇਸ਼ਨ 'ਤੇ ਆਪਣੀ ਦੁਕਾਨ ਕਰਦਾ ਹੈ, ਦੂਜੇ ਪਾਸੇ ਉਹੀ ਰਾਜੂ ਇੱਕ ਮੰਦਰ ਦਾ ਪੁਜਾਰੀ/ਸਵਾਮੀ ਬਣਕੇ ਪਿੰਡ ਦੇ ਲੋਕਾਂ ਨੂੰ ਨਸੀਅਤ ਵੀ ਦਿੰਦਾ ਤੇ ਮੂਰਖ ਵੀ ਬਣਾਉਂਦਾ ਹੈ। ਉਹ ਕੋਈ ਵਿਦਵਾਨ ਨਹੀਂ ਸਗੋਂ ਅਟਕਲ ਪੱਚੂ ਮਾਰਕੇ ਸਮਾਂ ਲੰਘਾਉਂਦਾ ਹੈ, ਕਈ ਵਾਰ ਉਥੋਂ ਭੱਜਣ ਦਾ ਵੀ ਸੋਚ ਰਿਹਾ ਹੈ। ਅੰਨ੍ਹਿਆਂ ਵਿੱਚ ਕਾਣਾ ਰਾਜਾ ਹੈ। ਪਿੰਡਾਂ ਦੇ ਲੜਾਈ ਝਗੜੇ ਵੀ ਆਮ ਜਿਹੀ ਗੱਲ ਹੈ, ਲੋਕ ਅਫਵਾਹਾਂ ਫੈਲਾਉਂਦੇ ਹਨ, ਸੋਕੇ ਨੂੰ ਰੱਬ ਦੀ ਕ੍ਰੋਪੀ ਮੰਨਦੇ ਹਨ। ਇਸ ਨਾਵਲ ਦੀ ਕਹਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਪਿਆਰ ਪਾਗਲਪਣ ਦਾ ਦੂਜਾ ਨਾਮ ਹੈ, ਜਿਸ ਕਰਕੇ ਭਾਵਨਾਵਾਂ ਵਿੱਚ ਵਹਿਕੇ ਇਨਸਾਨ ਆਪਾ ਗੁਆ ਬੈਠਦਾ ਹੈ। ਘਰ ਬਾਰ ਬਰਬਾਦ ਹੋ ਜਾਂਦਾ ਹੈ, ਜਿਵੇਂ ਮਰਕੋ ਅਤੇ ਰਾਜੂ ਨਾਲ ਵਾਪਰਿਆ ਹੈ। ਰਾਜੂ ਨੂੰ ਪਹਿਲਾਂ ਹੀ ਪਾਲਾ ਖਾਈ ਜਾ ਰਿਹਾ ਸੀ ਕਿ ਉਹ ਪਿਆਰ ਦੇ ਚੱਕਰ ਵਿੱਚ ਪੈ ਕੇ ਆਪਣੇ ਪੈਰੀਂ ਕੁਹਾੜਾ ਮਾਰ ਰਿਹਾ ਹੈ। ਆਪਣਾ ਧੰਦਾ ਖ਼ਤਮ ਕਰ ਰਿਹਾ ਹੈ। ਆਸ਼ਕ-ਮਸ਼ੂਕ ਹਮੇਸ਼ਾ ਹਰ ਭਵਿਖੀ ਨੁਕਸਾਨ ਨੂੰ ਅੱਖੋਂ ਪ੍ਰੋਖੇ ਕਰਕੇ ਪਿਆਰ ਦੇ ਸਮੁੰਦਰ ਵਿੱਚ ਬੇਪ੍ਰਵਾਹੀ ਨਾਲ ਛਾਲ ਮਾਰ ਦਿੰਦੇ ਹਨ। ਆਰਥਿਕ ਤੌਰ 'ਤੇ ਵੀ ਭੱਠਾ ਬੈਠ ਜਾਂਦਾ ਹੈ। ਗ਼ਰੀਬੀ ਵਿੱਚ ਦੋਸਤ ਵੀ ਸਾਥ ਛੱਡ ਜਾਂਦੇ ਹਨ ਤੇ ਰਿਸ਼ਤੇਦਾਰ ਵੀ ਅੱਖਾਂ ਫੇਰ ਜਾਂਦੇ ਹਨ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਵਿਦਵਾਨ ਖੋਜੀ ਆਪਣੇ ਕੰਮ ਵਿੱਚ ਮਸਤ ਰਹਿੰਦੇ ਹਨ, ਉਨ੍ਹਾਂ ਨੂੰ ਪਤਨੀ ਅਤੇ ਪਰਿਵਾਰ ਦੀਆਂ ਭਾਵਨਾਵਾਂ ਦਾ ਧਿਆਨ ਨਹੀਂ ਹੁੰਦਾ, ਜਿਵੇਂ ਮਾਰਕੋ ਨੇ ਰੋਜ਼ੀ ਨੂੰ ਅਣਡਿਠ ਕੀਤਾ ਅਤੇ ਅਖੀਰ ਪਰਿਵਾਰ ਟੁੱਟ ਗਿਆ। ਪਤੀ ਪਤਨੀ ਨੂੰ ਇਕ ਦੂਜੇ ਦੀਆਂ ਭਾਵਨਾਵਾਂ ਅਨੁਸਾਰ ਵਿਚਰਣਾ ਚਾਹੀਦਾ ਹੈ। ਔਰਤ ਮਰਦ ਤੋਂ ਹਮੇਸ਼ਾ ਪਿਆਰ ਦੀ ਆਸ ਰੱਖਦੀ ਹੈ ਤੇ ਉਹ ਉਸਦੇ ਕਾਰਜ ਖੇਤਰ ਦੀ ਤਾਰੀਫ ਕਰਦਾ ਰਹੇ ਜਾਂ ਘੱਟੋ ਘੱਟ ਅਣਡਿਠ ਨਾ ਕਰੇ। ਰੋਜ਼ੀ ਤੇ ਮਾਰਕੋ ਦਾ ਵਿਆਹ ਅਸਫਲ ਹੋਣ ਤੋਂ ਇਹ ਕਹਾਵਤ ਵੀ ਸਾਬਤ ਹੋ ਜਾਂਦੀ ਹੈ ਕਿ 'ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ'। ਪਤੀ ਪਤਨੀ ਦਾ ਜੇ ਡਾਈਵੋਰਸ ਨਾ ਵੀ ਹੋਇਆ ਹੋਵੇ ਤੇ ਉਹ ਵੱਖਰੇ ਰਹਿਣ ਤਾਂ ਵੀ ਦੋਹਾਂ ਵਿੱਚ ਆਪਸੀ ਖਿਚ ਬਣੀ ਰਹਿੰਦੀ ਹੈ, ਭਾਵੇਂ ਉਹ ਜ਼ਾਹਰ ਨਾ ਕਰਦੇ ਹੋਣ। ਇਸ ਨਾਵਲ ਤੋਂ ਪਤਾ ਲੱਗਦਾ ਹੈ ਕਿ ਔਰਤ ਇੱਕ ਬੁਝਾਰਤ ਹੈ, ਉਸਨੂੰ ਸਮਝਣਾ ਮਰਦ ਦੇ ਵਸ ਵਿੱਚ ਨਹੀਂ ਹੁੰਦਾ, ਰੋਜ਼ੀ ਨੂੰ ਸਮਝਣਾ ਰਾਜੂ ਲਈ ਅਸੰਭਵ ਹੋ ਗਿਆ। ਏਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੇਕਰ ਕਿਸੇ ਕਲਾਕਾਰ ਨੂੰ ਆਪਣੇ ਵਿਸ਼ੇ ਜਾਂ ਅਦਾਕਾਰੀ ਦੀ ਮੁਹਾਰਤ ਹੋਵੇ ਤੇ ਉਹ ਪੂਰਾ ਰਿਆਜ਼ ਕਰਦਾ ਰਹੇ ਤਾਂ ਹਰ ਮੁਸ਼ਕਲ ਨੂੰ ਸਫਲਤਾ ਵਿੱਚ ਬਦਲ ਸਕਦਾ ਹੈ। ਰੋਜ਼ੀ/ਨਲਿਣੀ ਅਤੇ ਰਾਜੂ ਨੇ ਪਰਿਵਾਰ ਵੱਲੋਂ ਨਕਾਰਨ ਤੋਂ ਬਾਅਦ ਬੁਲੰਦੀਆਂ ਨੂੰ ਛੂਹ ਲਿਆ। ਆਪਣਾ ਖੁਸਿਆ ਵਕਾਰ ਮੁੜ ਬਹਾਲ ਕਰ ਲਿਆ ਤੇ ਉਨ੍ਹਾਂ ਦੇ ਪਿਆਰ ਨੂੰ ਵੀ ਬੂਰ ਪੈ ਗਿਆ। ਪ੍ਰੰਤੂ ਦੋਹਾਂ ਦੇ ਮਨਾ ਵਿੱਚ ਇੱਕ ਦੂਜੇ ਲਈ ਮੋਹ ਹੋਣ ਦੇ ਬਾਵਜੂਦ ਅੰਦਰੋ ਅੰਦਰੀ ਡਰ ਤੇ ਵਿਸਾਹ ਦੀ ਘਾਟ ਨੇ ਦੁਬਾਰਾ ਸ਼ੰਕਾ ਪੈਦਾ ਕਰ ਦਿੱਤੀ ਸੀ। ਜਦੋਂ ਛੋਟਾ ਆਦਮੀ ਵੱਡਾ ਬਣ ਜਾਂਦਾ ਹੈ ਤਾਂ ਉਹ ਪੈਰ ਵੀ ਜਲਦੀ ਰਾਜੂ ਦੀ ਤਰ੍ਹਾਂ ਛੱਡ ਜਾਂਦਾ ਹੈ। ਪੁਸਤਕ ਕਈ ਸਵਾਲ ਖੜ੍ਹੇ ਕਰਦੀ ਤੇ ਆਪ ਹੀ ਜਵਾਬ ਦਿੰਦੀ ਹੈ। ਜੋ ਕਰੇਗਾ ਸੋ ਭਰੇਗਾ, ਕਿਸੇ ਨੂੰ ਠੇਸ ਪਹੁੰਚਾਉਣ ਨਾਲ ਆਪ ਨੂੰ ਵੀ ਤਕਲੀਫ ਹੁੰਦੀ ਹੈ, ਆਦਮੀ ਤੀਵੀਂ ਜਦੋਂ ਕਿਸੇ ਮੁਸ਼ਕਲ ਵਿੱਚ ਹੋਣ ਤਾਂ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ, ਜੇ ਕੋਈ ਬੰਦਾ ਇਹ ਸਮਝੇ ਕਿ ਉਸ ਤੋਂ ਬਿਨਾ ਕੋਈ ਕੰਮ ਹੋ ਨਹੀਂ ਸਕਦਾ ਤਾਂ ਉਹ ਗ਼ਲਤਫ਼ਹਿਮੀ ਵਿੱਚ ਹੁੰਦੈ ਅਤੇ ਵਕੀਲ ਸਹੀ ਨੂੰ ਗ਼ਲਤ ਅਤੇ ਗ਼ਲਤ ਨੂੰ ਸਹੀ ਸਾਬਤ ਕਰ ਸਕਦੇ ਹਨ। ਰਾਜੂ ਦੀ ਉਹ ਹਾਲਤ ਸੀ, ਅਨੇਕਾਂ ਗੁਨਾਹ ਕਰਨ ਤੋਂ ਬਾਅਦ ਜੇਲ੍ਹ ਦੀ ਸਜ਼ਾ ਭੁਗਤਕੇ ਲੋਕਾਂ ਵੱਚ ਸ਼ਰਮ ਦਾ ਮਾਰਾ ਜਾ ਨਹੀਂ ਸਕਦਾ ਸੀ, ਇਸ ਕਰਕੇ ਸਾਧੂ ਦੇ ਭੇਸ ਵਿੱਚ ਪਖੰਡ ਕਰ ਰਿਹਾ ਸੀ ਕਿ ਸੋਕੇ ਨੂੰ ਖਤਮ ਕਰਨ ਲਈ ਭੁੱਖਾ ਰਹਿ ਕੇ ਪ੍ਰਾਰਥਨਾ ਕਰਕੇ ਮੀਂਹ ਪਵਾ ਲਵੇਗਾ। ਰਾਜੂ ਮਗਰਮੱਛ ਦਾ ਸਿੰਬਲ ਸੀ।

ਪੱਤਰਕਾਰਾਂ ਅਤੇ ਸਰਕਾਰਾਂ ਦੀਆਂ ਕਾਰਵਾਈਆਂ ਦਾ ਵੀ ਪਰਦਾ ਫਾਸ ਕੀਤਾ ਗਿਆ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਜਗਦੀਸ਼ ਰਾਏ ਕੁਲਰੀਆ ਦਾ ਅਨੁਵਾਦ ਅਤੇ ਨਾਵਲ ਦੋਵੇਂ ਬਾਕਮਾਲ ਹਨ। 248 ਪੰਨਿਆਂ, 300 ਰੁਪਏ ਕੀਮਤ ਵਾਲਾ ਇਹ ਨਾਵਲ ਮਾਨ ਬੁੱਕ ਸਟੋਰ ਪਬਲੀਕੇਸ਼ਨ, ਪਿੰਡ ਤੇ ਡਾਕਘਰ ਤੁੰਗਵਾਲੀ, ਜ਼ਿਲ੍ਹਾ ਬਠਿੰਡਾ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

# "ਦਿਲ ਦੇ ਵਰਕੇ ਫੋਲ"

ਸਰਬਜੀਤ ਸਿੰਘ ਜਰਮਨੀ
Tirthsingh3@yahoo.com

ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ "ਦਿਲ ਦੇ ਵਰਕੇ ਫੋਲ" ਦਾ ਪਲੇਠਾ ਪ੍ਰੋਗਰਾਮ ਪੰਜਾਬ ਦੇ ਪਹਿਲੀ ਕਤਾਰ ਦੇ ਲੋਕ ਗਾਇਕ ਗੁਰਮੀਤ ਮੀਤ ਜੀ ਨਾਲ ਮੁਲਾਕਾਤ ਕਰਕੇ ਕਰਵਾਇਆ ਗਿਆ। ਪ੍ਰੋਗਰਾਮ ਦੀ ਅਰੰਭਤਾ ਵਿੱਚ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦੇ ਪ੍ਰਧਾਨ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਵਲੋਂ ਗੁਰਮੀਤ ਮੀਤ ਜੀ ਨੂੰ ਜੀ ਆਇਆ ਕਹਿੰਦੇ ਹੋਏ ਇੱਕ ਬਹੁਤ ਪਿਆਰਾ ਸ਼ੇਅਰ ਬੋਲਿਆ ਗਿਆ ਜਿਸ ਦੇ ਬੋਲ ਸਨ,

"ਇਹੋ ਜਿਹੇ ਸੱਜਣ ਨਾ ਮਿਲਦੇ,
ਆਵਣ ਜਦੋਂ ਇੱਕ ਸੁਨੇਹਾ ਘੱਲਾਂ,
ਉਹਨਾਂ ਦੀਆਂ ਉਡੀਕਾਂ ਵਿੱਚ,
ਜਾਹ ਰਾਹ ਉਹਨਾਂ ਦੇ ਮੱਲਾਂ,
ਦੋ ਮੈਂ ਕਹਾ ! ਦੋ ਤੁਸੀਂ ਕਹੋ !
ਸੱਚੇ ਨਿੱਕਲੇ ਜਦੋਂ ਬੋਲ,
ਆ ਵੇ ਮੀਤ ਬਹਿ ਮੇਰੇ ਕੋਲ,
ਆਪਾ ਲਈਏ ਦਿਲ ਦੇ ਵਰਕੇ ਫੋਲ,
ਦਿਲ ਦੇ ਵਰਕੇ ਫੋਲ"।

ਮੋਹਨ ਸਿੰਘ ਮੋਤੀ ਜੀ ਨੇ ਮੰਚ ਸੰਚਾਲਕ ਦੀ ਅਰੰਭਤਾ ਵਿੱਚ ਗੁਰਮੀਤ ਮੀਤ ਜੀ ਅਤੇ ਕੌਮਾਂਤਰੀ ਪੰਜਾਬੀ ਕਾਫ਼ਲਾ ਦੀ ਸਮੁੱਚੀ ਟੀਮ ਨੂੰ ਜੀ ਆਇਆਂ ਕਰਦਿਆਂ, ਸਵਰਗਵਾਸੀ ਡਾਕਟਰ ਜਗਤਾਰ ਜੀ ਦਾ ਸ਼ੇਅਰ ਗਾਉਂਦਿਆਂ ਕੀਤੀ।

"ਜਦੋਂ ਵੀ ਜੋੜਦਾ ਟੁੱਟੀ ਹੋਈ
ਜ਼ੰਜੀਰ ਰੰਗਾਂ ਦੀ,
ਤਾਂ ਇੱਕ ਤਸਵੀਰ ਬਣ ਜਾਂਦੀ
ਸੁੱਤੇ ਸਿੱਧ ਤੇਰੇ ਲਕਸਾ ਦੀ,
ਮੇਰੀ ਅੱਖ ਨੂੰ ਹਿਆਦਤ ਪੈ ਗਈ
ਅਵਾਜ਼ ਪਰਖਣ ਦੀ,
ਖ਼ਾਮੋਸ਼ੀ ਸਿਰਜਦੀ ਰਹਿੰਦੀ ਹੈ
ਇੱਕ ਦੁਨੀਆਂ ਅਵਾਜ਼ਾਂ ਦੀ"।




ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਗੁਰਮੀਤ ਮੀਤ ਜੀ ਨੇ ਮੰਚ ਤੇ ਆਉਣ ਸਾਰ ਪਹਿਲਾ ਕੌਮਾਂਤਰੀ ਪੰਜਾਬੀ ਕਾਫ਼ਲਾ ਦੀ ਸਾਰੀ ਟੀਮ ਦਾ ਖ਼ਾਸ ਰੂਪ ਵਿੱਚ ਧੰਨਵਾਦ ਕੀਤਾ। ਜਿਹਨਾਂ ਵਿੱਚ ਬਿੰਦਰ ਕੋਲੀਆਂ ਵਾਲ ਜੀ ਇਟਲੀ ਤੋਂ, ਮੋਹਨ ਸਿੰਘ ਮੋਤੀ ਜੀ ਪੰਜਾਬ ਤੋਂ, ਪਰਵਿੰਦਰ ਹੇਅਰ ਜੀ ਬੰਬੇ ਤੋਂ, ਅਮਨਬੀਰ ਸਿੰਘ ਧਾਮੀ ਜੀ, ਸਾਊਥ ਕੋਰੀਆ ਤੋਂ, ਗੁਰਮੀਤ ਸਿੰਘ ਜੀ ਇਟਲੀ ਤੋਂ, ਸਰਬਜੀਤ ਸਿੰਘ ਜਰਮਨੀ ਹਾਜ਼ਰ ਸਨ।

ਗੁਰਮੀਤ ਮੀਤ ਜੀ ਨੇ ਧੰਨਵਾਦ ਕਰਨ ਉਪਰੰਤ ਉਸ ਅਕਾਲ ਪੁਰਖ ਨੂੰ ਯਾਦ ਕਰਦਿਆਂ ਸਭ ਤੋਂ ਪਹਿਲਾਂ ਧਾਰਮਿਕ ਗੀਤ ਗਾਇਆ ਜਿਸ ਦੇ ਬੋਲ ਸਨ।

"ਕਰ ਕਰ ਵੇਲਾ ਯਾਦ
ਜਿੰਦੜੀਏ ਰੋਵੇਂਗੀ"

ਉਸ ਤੋਂ ਬਾਅਦ ਗੁਰਮੀਤ ਮੀਤ ਜੀ ਨੇ ਸੁੱਖਵਿੰਦਰ ਪੰਛੀ ਜੀ ਨੂੰ ਆਪਣੇ ਉਸਤਾਦ ਧਾਰਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹਨਾਂ ਨੇ ਕਲਾਕਾਰ ਬਣਨ ਦੇ ਇਸ ਲੰਬੇ ਸਫ਼ਰ ਵਿੱਚ ਕਿਸ ਤਰ੍ਹਾਂ ਦੀਆਂ ਔਕੜਾਂ ਸਹਿਣ ਕੀਤੀਆਂ ਹਨ। ਉਹਨਾਂ ਪੰਜਾਬ ਦੇ ਪ੍ਰਸਿੱਧ ਕਲਾਕਾਰ ਕੁਲਦੀਪ ਮਾਣਕ ਜੀ, ਸੁਰਿੰਦਰ ਛਿੰਦਾ ਜੀ, ਜਸਵੀਰ ਜੱਸੀ, ਕੇ ਐਸ ਮੱਖਣ ਤੇ ਕਈ ਹੋਰ ਨਾਮੀ ਕਲਾਕਾਰਾਂ ਨਾਲ ਗਾਉਣ ਦੇ ਸਫ਼ਰ ਬਾਰੇ ਵੀ ਦੱਸਿਆ। ਬਾਅਦ ਵਿੱਚ ਗੁਰਮੀਤ ਮੀਤ ਜੀ ਗੀਤਕਾਰ ਦੇਵ ਥਰੀਕੇਵਾਲਾ ਵਾਲਾ ਜੀ ਦੇ ਸ਼ਗਿਰਦ ਬਣੇ ਤੇ ਉਹਨਾਂ ਨੂੰ ਬਾਪੂ ਜੀ ਆਖਦੇ ਸਨ। ਕਲਾਕਾਰੀ ਦੇ ਲੰਬੇ ਸਫ਼ਰ ਨੂੰ ਤੈਅ ਕਰਦਿਆਂ ਸਾਰੇ ਸੁਨਹਿਰੀ, ਭਾਵੁਕ ਤੇ ਖੁਸ਼ੀਆਂ ਗ਼ਮੀਆਂ ਵਾਲੇ ਬਹੁਤ ਸਾਰੇ ਦਿਲ ਦੇ ਵਰਕੇ ਫਰੋਲੇ ਤੇ ਸਾਨੂੰ ਸਭ ਨੂੰ ਜਾਣੂ ਕਰਾਇਆ ਤੇ ਨਾਲ ਨਾਲ ਉਹਨਾਂ ਸਾਰੇ ਸਰੋਤਿਆਂ ਲਈ ਲਾਈਵ ਗੀਤ ਗਾ ਕੇ ਸੁਣਾਏ ਜਿਹਨਾਂ ਵਿੱਚ,

"ਛੇਤੀ ਕਰ ਸਰਵਣ ਪੁੱਤਰਾਂ
ਪਾਣੀ ਪੀਆਦੇ ਉਏ",
"ਜੀ ਟੀ ਰੋਡ ਤੇ ਦੁਹਾਈਆਂ ਪਾਵੇ
ਨੀ ਯਾਰਾਂ ਟਰੱਕ ਬੱਲੀਏ",
"ਮਾਂ ਹੁੰਦੀ ਹੈ ਮਾਂ,
ਏ ਦੁਨੀਆਂ ਵਾਲੀਏ",
"ਤੂੰ ਕੀ ਜਾਣੇ ਮਾਏ ਨੀ,
ਮੈਂ ਇੱਥੇ ਕਿੰਨਾ ਮਜਬੂਰ",
"ਸੁੱਤੇ ਹੋਏ ਨਾਗ ਛੇੜ ਕੇ" ਆਦਿ

ਬਹੁਤ ਸਾਰੇ ਗੀਤ ਸੁਣਾਏ। ਗੁਰਮੀਤ ਮੀਤ ਜੀ ਸੱਚ ਵਿੱਚ ਸਾਫ ਸੁਥਰੀ, ਪਰਿਵਾਰਕ, ਸਮਾਜਿਕ, ਵਿਰਾਸਤੀ ਗਾਇਕੀ ਗਾਉਣ ਵਾਲਾ ਗਾਇਕ ਹੈ। ਸਾਨੂੰ ਸਭ ਨੂੰ ਅੱਜ ਇਸ ਤਰ੍ਹਾਂ ਦੇ ਗਾਇਕ ਦਾ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ।

ਪ੍ਰੋਗਰਾਮ ਦੇ ਅਖੀਰ ਵਿੱਚ ਗੁਰਮੀਤ ਮੀਤ ਜੀ ਨੇ ਹਵਾ ਅਤੇ ਪਾਣੀ ਨੂੰ ਬਚਾਉਣ, ਧੀਆਂ ਤੇ ਔਰਤਾਂ ਦਾ ਸਤਿਕਾਰ ਕਰਨ, ਵਾਤਾਵਰਨ ਨਾਲ ਪਿਆਰ ਕਰਨ ਦਾ ਬਹੁਤ ਵੱਡਾ ਸੁਨੇਹਾ ਦਿੰਦਿਆਂ ਇਹ ਵੀ ਕਿਹਾ ਕਿ ਉਹ ਰੈਪ ਨੂੰ ਪੰਜਾਬੀ ਦਾ ਰੇਪ ਕਰਨ ਵਾਲੀ ਗਾਇਕੀ ਮੰਨਦੇ ਹਨ ਤੇ ਉਹ ਆਪ ਕਦੇ ਵੀ ਇਸ ਬੇਸੁਆਦੀ ਗਾਇਕੀ ਨੂੰ ਨਹੀਂ ਅਪਣਾ ਸਕਦੇ।

ਪ੍ਰੋਗਰਾਮ ਦੇ ਅਖੀਰ ਵਿੱਚ ਸਰਬਜੀਤ ਸਿੰਘ ਜਰਮਨੀ ਨੇ ਗੁਰਮੀਤ ਮੀਤ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਾੜੇ ਅਨਸਰਾਂ ਦੀ ਪਰਵਾਹ ਕੀਤੇ ਬਿਨਾਂ ਚੰਗੇ ਰਾਹ ਤੇ ਚੱਲਦੇ ਜਾਓ, ਸਥਿਰ ਉਹ ਰਹਿੰਦਾ ਜਿਸ ਵਿੱਚ ਸਬਰ ਹੁੰਦਾ, ਕਾਫ਼ਲਾ ਭਾਵੇਂ ਛੋਟਾ ਹੋਵੇ ਪਰ ਚੰਗੇ ਲੋਕਾ ਦਾ, ਚੰਗੇ ਵਿਚਾਰਾਂ ਦਾ ਹੋਵੇ, ਬਹੁਤੇ ਲੋਕਾਂ ਵਿੱਚ ਕਈ ਵਾਰ ਬਹੁਤੇ ਚੰਗੇ ਲੋਕ ਨਹੀਂ ਹੁੰਦੇ।

ਅਖੀਰ ਗੁਰਮੀਤ ਮੀਤ ਜੀ ਲਈ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਉਹਨਾਂ ਨੂੰ ਬਹੁਤ ਤਰੱਕੀਆਂ, ਖੁਸ਼ੀਆਂ ਖੇੜੇ ਦੇਵੇ ਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ।

# ਭਾਰਤ ਸਰਕਾਰ ਵੱਲੋਂ ਵੱਡਾ ਉਪਰਾਲਾ, ਯੂਰਪੀਅਨ ਦੇਸ਼ ਇਟਲੀ ਵਿੱਚ ਪਹਿਲੀ ਮਹਾਂਰਿਸ਼ੀ

## ਭਗਵਾਨ ਵਾਲਮੀਕਿ ਜੀ ਦੀ ਮੂਰਤੀ ਦੀ ਕੀਤੀ ਗਈ ਸਥਾਪਨਾ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਭਾਰਤੀ ਸੰਸਕ੍ਰਿਤੀ ਦੇ ਪੁਰਤਨ ਮਹਾਨ ਧਾਰਮਿਕ ਗ੍ਰੰਥ "ਸ਼੍ਰੀ ਰਮਾਇਣ" ਰਚੇਤਾ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦੀ ਯੂਰਪ ਵਿੱਚ ਪ੍ਰਥਮ ਮੂਰਤੀ ਦੀ ਸਥਾਪਨਾ ਇਟਲੀ ਦੇ ਸੂਬੇ ਮਾਰਕੇ ਅਧੀਨ ਪੈਂਦੇ ਸ਼ਹਿਰ ਕੰਪੋਰਤੋਦੋ ਦੀ ਫਿਆਸਤਰੋਨੇ(ਮਚਰੇਤਾ) ਵਿਖੇ ਕਰਦਿਆਂ ਸਤਿਕਾਰਤ ਭਾਰਤੀ ਰਾਜਦੂਤ ਮੈਡਮ ਵਾਨੀ ਰਾਓ ਭਾਰਤੀ ਅੰਬੈਂਸੀ ਰੋਮ ਤੇ ਮੱਸੀਮਿਲੀਆਨੋ ਮੀਕੂਚੀ ਮੇਅਰ ਕੰਪੋਰਤੋਦੋ ਦੀ ਫਿਆਸਤਰੋਨੇ ਨੇ ਸਾਂਝੇ ਤੌਰ ਤੇ ਕਿਹਾ ਅੱਜ ਦਾ ਇਹ ਕਾਰਜ ਜਿੱਥੇ ਇਟਲੀ ਭਾਰਤ ਦੇ ਆਪਸੀ ਸੰਬਧਾਂ ਨੂੰ ਪਹਿਲਾਂ ਤੋਂ ਜ਼ਿਆਦਾ ਗੂੜਾ ਤੇ ਗਹਿਰਾ ਕਰੇਗਾ ਉੱਥੇ ਹੀ ਇਟਲੀ ਤੇ ਭਾਰਤੀ ਸੱਭਿਆਚਾਰ ਤੇ ਧਾਰਮਿਕ ਰਿਸ਼ਤਿਆਂ ਨੂੰ ਆਪਸ ਵਿੱਚ ਸਮਝਣ ਲਈ ਅਹਿਮ ਭੂਮਿਕਾ ਨਿਭਾਏਗਾ।

ਯੂਰਪ ਵਿੱਚ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦਾ ਪਲੇਠਾ ਮੰਦਿਰ ਵੀ ਇਟਲੀ ਦੇ ਇਸ ਸੂਬੇ ਵਿੱਚ ਹੀ ਸੰਗਤਾਂ ਦੀ ਲਈ ਸੇਵਾ ਬਣਿਆ ਹੈ ਤੇ ਹੁਣ ਯੂਰਪ ਦੀ ਪਹਿਲੀ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀਓ ਦੀ





ਮੂਰਤੀ ਦੀ ਸਥਾਪਨਾ ਇਤਿਹਾਸਕ ਕਾਰਵਾਈ ਹੈ ਜਿਸ ਨੂੰ ਨੇਪਰੇ ਚਾੜਨ ਲਈ ਸ਼੍ਰੀ ਅਮਰਾਰਾਮ ਗੁੱਜਰ ਉਪ-ਰਾਜਦੂਤ ਭਾਰਤੀ ਅੰਬੈਸੀ ਰੋਮ ਅਹਿਮ ਸੇਵਾ ਨਿਭਾਈ ਹੈ ਉਹਨਾਂ ਦਾ ਭਰਪੂਰ ਸਾਥ ਦਿੱਤਾ ਇਟਾਲੀਅਨ ਸਥਾਨਕ ਪ੍ਰਸ਼ਾਸ਼ਨ, ਇਟਲੀ ਦੀ ਨਾਮੀ ਸਮਾਜ ਸੇਵੀ ਸੰਸਥਾ ਇੰਡੋ-ਇਟਾਲੀਅਨ ਕਲਚਰ ਐਂਡ ਵੈਲਫੇਅਰ ਐਸੋਸ਼ੀਏਸ਼ਨ ਦੇ ਪ੍ਰਧਾਨ ਵਿਸ਼ਨੂੰ ਕੁਮਾਰ ਸੋਨੀ ਤੇ ਸਮੁੱਚੇ ਭਾਰਤੀ ਭਾਈਚਾਰੇ ਨੇ ਜਿਹਨਾਂ ਦੇ ਯਤਨਾ ਸਦਕਾ ਇਹ ਕਾਰਜ ਨੇਪਰੇ ਚੜ੍ਹਿਆ।

ਇਹ ਮੂਰਤੀ ਭਾਰਤ ਸਰਕਾਰ ਵੱਲੋਂ ਪਹਿਲੀ ਵਾਰ ਇਟਲੀ ਸਰਕਾਰ ਨੂੰ ਵਿਸੇ ਤੋਹਫ਼ੇ ਵਜੋ ਦਿੱਤੀ ਗਈ। ਦੂਜੇ ਪਾਸੇ ਇਸ ਮੂਰਤੀ ਦੀ ਸਥਾਪਨਾ ਹੋਣ ਨਾਲ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਪੈਰੋਕਾਰਾਂ ਵਿੱਚ ਖੁਸ਼ੀ ਦੀ ਲਹਿਰ ਹੈ, ਕਿਉਂਕਿ ਇਟਲੀ ਵਿੱਚ ਮਹਾਂਰਿਸ਼ੀ ਭਗਵਾਨ ਵਾਲਮੀਕਿ ਮਹਾਰਾਜ ਜੀ ਦੀ ਮੂਰਤੀ ਸਥਾਪਿਤ ਹੋਣਾ ਬਹੁਤ ਹੀ ਵੱਡੀ ਗੱਲ ਹੈ।

# ਮਨੁੱਖਤਾ ਲਈ ਨਿਆਮਤ ਹੈ-ਬੁਢਾਪਾ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445





ਨਿਆਮਤ ਨੂੰ ਦਾਤ, ਬਖਸ਼ਿਸ਼ ਅਤੇ ਬਹੁਮੁੱਲੀ ਵਸਤੂ ਵੀ ਕਿਹਾ ਜਾਂਦਾ ਹੈ। ਅੱਜ ਦੇ ਚਲਦੇ ਦੌਰ ਵਿੱਚ ਬੁਢਾਪਾ ਇੱਕ ਨਿਆਮਤ ਹੀ ਹੈ। ਭਾਗਾਂ ਵਾਲੇ ਬੰਦੇ ਨੂੰ ਹੀ ਬੁਢਾਪਾ ਹੰਢਾਉਣਾ ਮਿਲਦਾ ਹੈ। ਬਹੁਤੀ ਵਾਰੀ ਤਾਂ ਬੁਢਾਪੇ ਤੋਂ ਪਹਿਲਾਂ ਹੀ ਬੰਦਾ ਇਸ ਧਰਤੀ ਤੋਂ ਰੁਖ਼ਸਤ ਹੋ ਜਾਂਦਾ ਹੈ। ਬਚਪਨ ਤੋਂ ਬਾਅਦ ਜਵਾਨੀ, ਜਵਾਨੀ ਤੋਂ ਬਾਅਦ ਬੁਢਾਪਾ ਆਉਂਦਾ ਹੈ। ਪਵਿੱਤਰ ਗੁਰਬਾਣੀ ਵਿੱਚ ਅੰਕਿਤ ਹੈ, "ਬਾਲ ਜਵਾਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ" ਪਰ ਅਫਸੋਸ ਬੁਢਾਪੇ ਤੋਂ ਬਾਅਦ ਜਿਉਂਦੀ ਜਿੰਦਗਾਨੀ ਜਿੰਦਗੀ ਦਾ ਹੋਰ ਕੋਈ ਪੜਾਅ ਨਹੀਂ ਆਉਂਦਾ। ਬੁਢਾਪੇ ਦੇ ਨਾਲ ਹੀ ਜ਼ਿੰਦਗੀ ਤੋਂ ਰੁਖਸਤ ਹੋ ਜਾਣ ਦਾ ਵੇਲਾ ਆ ਜਾਂਦਾ ਹੈ। ਜਲੂਣ ਨੇ ਬੁਢਾਪੇ ਬਾਰੇ ਇਉਂ ਲਿਖਿਆ ਹੈ, "ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ, ਬੁੱਢੇ ਹੋ ਕੇ ਮਾਲਾ ਫੇਰੀ ਰੱਬ ਦਾ ਉਲਾਂਭਾ ਲਾਹਿਆ" ਬੁਢਾਪਾ ਜੀਵਨ ਦੀ ਆਖਰੀ ਸਟੇਜ ਵੀ ਹੁੰਦੀ ਹੈ। ਬਾਬਾ ਫਰੀਦ ਜੀ ਗੁਰਬਾਣੀ ਵਿੱਚ ਇਉਂ ਫਰਮਾਉਂਦੇ ਹਨ "ਬੁਢਾ ਹੋਆ ਸ਼ੇਖ ਫਰੀਦੁ ਕੰਬਣਿ ਲੱਗੀ ਦੇਹ, ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹੁ "

ਬੁਢਾਪਾ ਜੀਵਨ ਦੀ ਅਜਿਹੀ ਸਟੇਜ ਹੈ ਜੋ ਰੁੜਦਿਆਂ ਰੁੜਦਿਆਂ ਗੋਲ ਹੋ ਜਾਂਦੀ ਹੈ?। ਤਜਰਬੇ ਇੰਨੇ ਹੋ ਜਾਂਦੇ ਹਨ ਕਿ ਗੁਣਾਂ ਦੀ ਗੁਥਲੀ ਬਣ ਜਾਂਦੀ ਹੈ। ਅੱਜ ਦੀ ਜਵਾਨੀ ਅਜਿਹੀ ਗੁਣਾਂ ਦੀ ਗੁਥਲੀ ਦੇ ਫਾਇਦੇ ਲੈਣ ਦੀ ਬਜਾਏ ਆਪਣੀ ਅਕਲ ਹੀ ਵੱਡੀ ਦੱਸ ਰਹੀ ਹੈ। ਘਰ ਪਰਿਵਾਰ ਵਿੱਚ ਜਦੋਂ ਚਲਦੀਆਂ ਹੁੰਦੀਆਂ ਹਨ ਤਾਂ ਬੰਦਾ ਆਲੇ ਦੁਆਲੇ ਦੇਖੇ ਬਿਨਾਂ ਜੀਵਨ ਦਾ ਆਨੰਦ ਮਾਣਦਾ ਹੈ, ਤਜਰਬੇ ਆਪ ਹੀ ਜ਼ਿੰਦਗੀ ਵਿੱਚ ਜਮ੍ਹਾਂ ਮਨਫੀ ਹੋਈ ਜਾਂਦੇ ਹਨ। ਅੱਜ ਨਾਲੋਂ ਪੁਰਾਤਨ ਸਮੇਂ ਵਿੱਚ ਬੁਢਾਪੇ ਦਾ ਸਤਿਕਾਰ ਹੁੰਦਾ ਸੀ ਜ਼ੋ ਇੱਕ ਪਰੰਪਰਾ ਅਤੇ ਰੀਤ ਹੁੰਦੀ ਸੀ। ਘਰ ਦੀ ਵਾਂਗ-ਡੋਰ ਬੁਢਾਪੇ ਦੇ ਹੱਥ ਹੁੰਦੀ ਸੀ। ਅੱਜ ਬੁਢਾਪਾ ਰੁਲਦਾ ਹੈ, ਸੰਸਕ੍ਰਿਤੀ ਖੇਰੂੰ ਖੇਰੂੰ ਹੋ ਜਾਂਦੀ ਹੈ। ਬਿਰਧ ਆਸ਼ਰਮ ਬੁਢਾਪੇ ਦੇ ਨਾਂ ਤੇ ਕਲੰਕ ਹਨ। ਇਸ ਨਾਲ ਸਾਡੀ ਸੱਭਿਅਤਾ ਅਤੇ ਸੰਸਕਾਰ ਵੀ ਖੇਰੂ ਖੇਰੂ ਹੋ ਰਹੇ ਹਨ। ਦਾਰਸ਼ਨਿਕ ਦੱਸਦੇ ਹਨ ਇੱਕ ਬੁੱਢੇ ਚਿਹਰੇ ਦੀ ਸੁੰਦਰਤਾ ਕਿਸੇ ਪਵਿੱਤਰ ਸਥਾਨ ਅੰਦਰ ਜਗਦੀ ਹੋਈ ਚਿੱਟੀ ਮੋਮਬੱਤੀ ਹੁੰਦੀ ਹੈ। ਸੰਯੁਕਤ ਰਾਸ਼ਟਰ ਨੇ ਇਕ ਅਕਤੂਬਰ 1991 ਨੂੰ ਬੁਢਾਪਾ ਦਿਵਸ ਮਨਾਉਣ ਦਾ ਮਤਾ ਪਾਸ ਕੀਤਾ ਸੀ। ਦੂਜੇ ਪਾਸੇ ਹਾਰਵਰਡ ਦੇ ਵਿਗਿਆਨੀ ਬੁਢਾਪੇ ਨੂੰ ਇੱਕ ਬਿਮਾਰੀ ਦੱਸ ਰਹੇ ਹਨ। ਸਾਡੀ ਬਲਵਾਨ ਸੰਸਕ੍ਰਿਤੀ ਵਿੱਚ ਬੁਢਾਪੇ ਦਾ ਸਤਿਕਾਰ ਕੀਤਾ ਜਾਂਦਾ ਹੈ। ਬੁਢਾਪੇ ਨੂੰ ਜੀਅ ਦੇ ਨਾਲ ਨਾਲ ਇੱਕ ਅੰਗ ਮੰਨਿਆ ਜਾਂਦਾ ਹੈ। ਬੁਢਾਪੇ ਨਾਲ ਛੇੜ-ਛਾੜ ਕਰਨ ਵਾਲੇ ਇੱਥੇ ਬੁਰੀ ਨਜ਼ਰ ਨਾਲ ਦੇਖੇ ਜਾਂਦੇ ਹਨ। ਬੁਢਾਪੇ ਤੋਂ ਅਸ਼ੀਰਵਾਦ ਲੈ ਕੇ ਚੱਲਣਾ ਸਾਡੀ ਸੰਸਕ੍ਰਿਤੀ ਸਿਖਾਉਂਦੀ ਹੈ। ਇਹ ਨਿਆਮਤ ਉਹੀ ਕੁਝ ਦਿੰਦੀ ਹੈ ਜ਼ੋ ਇਸ ਕੋਲ ਹੁੰਦਾ ਹੈ। ਨਵੀਂ ਵਿਆਹੀ ਬਹੂ ਨੂੰ ਅਸੀਸ ਵੀ ਇਸ ਤਰ੍ਹਾਂ ਸਿਆਣੀ ਬਜ਼ੁਰਗ ਔਰਤ ਵਲੋਂ ਦਿੱਤੀ ਜਾਂਦੀ ਹੈ, ਬੁੱਢ ਸੁਹਾਗਣ ਹੋਵੇ, ਦੁੱਧੀਂ ਦੀ ਪੁੱਤੀਂ ਫਲੇਂ" ਅੱਜ ਬੁਢਾਪੇ ਦੀਆਂ ਤਰਾਸਦੀਆਂ ਵੀ ਸ਼ਿਖਰ ਤੇ ਹਨ। ਅਜੋਕੇ ਦੌਰ ਵਿੱਚ ਬੁਢਾਪੇ ਅਤੇ ਸਮਾਜਿਕ ਕਦਰਾਂ ਕੀਮਤਾਂ ਵਿੱਚ ਆਈ ਤਬਦੀਲੀ ਨੇ ਬੁਢੇਪੇ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਸਮਾਜ ਵਿੱਚ ਸਾਕੇਦਾਰੀ ਪ੍ਰਣਾਲੀ ਅਤੇ ਪਰਿਵਾਰ ਵਿੱਚ ਸਮਾਜੀਕਰਨ ਦੇ ਵਿਸ਼ੇ ਨੂੰ ਬੁਢਾਪੇ ਦੀ ਨਜ਼ਰ ਤੋਂ ਸਮਾਜ ਵਿਗਿਆਨ ਗੂੜ੍ਹੀ ਖੋਜ ਮੰਗਦਾ ਹੈ। ਇਸ ਨਾਲ ਹੀ ਬੁਢਾਪੇ ਦੀਆਂ ਤਰਾਸਦੀਆਂ ਦਾ ਅੰਤ ਹੋ ਸਕਦਾ ਹੈ ਅਤੇ ਬੁਢਾਪਾ ਇੱਕ ਸੁਚੱਜੀ ਨਿਆਮਤ ਵਜੋਂ ਨਿਖਰ ਕੇ ਸਾਹਮਣੇ ਆਵੇਗਾ। ਮਾਨਸਿਕ, ਸਮਾਜਿਕ ਅਤੇ ਸਰੀਰਕ ਗੁਲਾਮੀ ਬੁਢਾਪੇ ਨੂੰ ਆਪਣੀ ਚਾਦਰ ਵਿੱਚ ਵਲੇਟ ਲੈਂਦੀ ਹੈ। ਇਸ ਕਰਕੇ ਬੁਢਾਪੇ ਨੂੰ ਸ਼ਰਾਪ ਵੀ ਮੰਨਿਆ ਜਾਂਦਾ ਹੈ। ਬੁਢਾਪੇ ਦਾ ਅਨੰਦ ਮਾਨਣਾ ਸਮਾਜ ਦਾ ਟੀਚਾ ਹੋਣਾ ਚਾਹੀਦਾ ਹੈ।

ਪਹਿਲੇ ਜ਼ਮਾਨਿਆਂ ਵਿੱਚ ਸੰਤੁਲਿਤ ਖੁਰਾਕ, ਘਰ ਦੀ ਖੁਰਾਕ ਖਾਣ ਨਾਲ ਅਤੇ ਕੰਮ ਕਰਨ ਨਾਲ ਬੁਢਾਪਾ 70 ਸਾਲਾਂ ਤੋਂ ਬਾਅਦ ਸ਼ੁਰੂ ਹੁੰਦਾ ਸੀ। ਅੱਜ ਖਾਧ ਖੁਰਾਕਾਂ ਅਤੇ ਰਹਿਣ-ਸਹਿਣ ਨੇ ਜਵਾਨੀ ਨੂੰ ਬੁਢਾਪੇ ਵੱਲ ਜਾਣ ਤੋਂ ਰੋਕਿਆ ਹੈ। ਅਸਲ ਸ਼ਬਦਾਂ ਚ ਬੁਢਾਪੇ ਦੀ ਉਮਰ ਸੱਤਰ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਏ. ਜੀ. ਗਾਰਡੀਨਰ ਨੇ ਕਿਹਾ ਸੀ,"ਚੜ੍ਹਦੇ ਸੂਰਜ ਦੀ ਆਪਣੀ ਸੁੰਦਰਤਾ ਹੁੰਦੀ ਹੈ ਅਤੇ ਛਿੱਪਦੇ ਸੂਰਜ ਦੀ ਵੀ ਆਪਣੀ ਸੁੰਦਰਤਾ ਹੁੰਦੀ ਹੈ ਇਹਨਾਂ ਵਿੱਚੋਂ ਛਿਪਦੇ ਸੂਰਜ ਦੀ ਸੁੰਦਰਤਾ ਵਧੇਰੇ ਡੂੰਘੀ ਅਤੇ ਰੂਹਾਨੀ ਹੁੰਦੀ ਹੈ "ਕਈ ਵਾਰ ਕਿਹਾ ਜਾਂਦਾ ਹੈ ਬਚਪਨ ਵਿੱਚ ਅਤੇ ਜਵਾਨੀ ਵਿੱਚ ਜ਼ੋਰ ਪੱਲੇ ਹੋਣ ਕਰਕੇ ਪਿੱਛੇ ਮੁੜ ਕੇ ਨਹੀਂ ਦੇਖਿਆ ਜਾਂਦਾ, ਚਲ ਸੋ ਚਲ ਰਹਿੰਦੀ ਹੈ। ਜਿਉਂ ਜਿਉਂ ਬੁਢਾਪਾ ਆਉਂਦਾ ਜਾਂਦਾ ਹੈ ਤਿਉਂ ਤਿਉਂ ਜ਼ਿੰਮੇਵਾਰੀ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਉਮਰ ਅਤੇ ਕਾਲੇ ਤੋਂ ਧੌਲੇ ਹੋਏ ਵਾਲ ਵੀ ਬੁਢਾਪੇ ਦੇ ਮਾਪਦੰਡ ਹਨ। ਬੁਢਾਪੇ ਤੋਂ ਬਿਨਾਂ ਘਰ ਅਤੇ ਸਮਾਜ ਗਿਆਨ ਵਿਹੂਣਾ ਹੈ। ਬੁਢਾਪੇ ਅਤੇ ਨਿਆਣੇ ਦੀ ਪਕੇਰੀ ਸਾਂਝ ਹੁੰਦੀ ਹੈ।

ਆਲਮੀ ਪੱਧਰ ਤੇ ਆਦਮੀ ਦੀ ਉਮਰ ਵੱਖ-ਵੱਖ ਪ੍ਰਮਾਣਿਤ ਹੈ। ਸਰਕਾਰੀ ਨੌਕਰੀ ਦੀ ਮਿਆਦ ਵੀ 58 ਤੋਂ 60 ਸਾਲ ਰੱਖੀ ਗਈ ਹੈ। ਭਾਰਤ ਵਿੱਚ 70 ਸਾਲ ਦੀ ਉਮਰ ਬੁਢਾਪੇ ਲਈ ਮਿਥੀ ਜਾਂਦੀ ਹੈ। ਜਪਾਨ ਚ ਬੁਢਾਪੇ ਦੀ ਐਵਰੇਜ਼ 85 ਸਾਲ ਹੈ। ਆਸਟਰੇਲੀਆ ਵਿੱਚ ਅਤੇ ਸਿੰਗਾਪੁਰ ਵਿੱਚ ਬੁੱਢਾਪੇ ਦੀ ਐਵਰੇਜ 84 ਸਾਲ ਹੈ। ਭਾਰਤ ਵਿੱਚ 65 ਸਾਲ ਤੋਂ ਉੱਪਰ 6.83 ਫੀਸਦੀ ਦੇ 44275000 ਮਰਦ ਹਨ ਅਤੇ 4875 1000 ਔਰਤਾਂ ਹਨ। ਭਾਰਤ ਵਿੱਚ ਇੱਕ ਹੋਰ ਅੰਕੜੇ ਅਨੁਸਾਰ 72 ਸਾਲ ਬੁਢਾਪੇ ਦੀ ਉਮਰ ਮਿਥੀ ਗਈ ਹੈ । 126 ਸਾਲ ਦਾ ਸਵਾਮੀ ਸ਼ਿਵਾਨੰਦ ਸਭ ਤੋਂ ਵੱਡਾ ਵਿਅਕਤੀ ਹੈ। ਹਰ ਵਿਅਕਤੀ ਦੀ ਹੋੜ ਹੁੰਦੀ ਹੈ ਕਿ ਮੈਂ 100 ਸਾਲ ਜੀਵਾਂ। ਪਿੱਛੇ ਜਿਹੇ ਸਾਬਕਾ ਮੁੱਖ ਚੋਣ ਕਮਿਸ਼ਨਰ ਸ੍ਰੀ ਮਨੋਹਰ ਸਿੰਘ ਗਿੱਲ ਨੇ ਇੱਕ ਇੰਟਰਵੀਊ ਵਿੱਚ ਕਿਹਾ ਸੀ, ਕਿ ਯਾਰ ਮੈਂ ਤਾਂ ਸੈਂਚਰੀ ਮਾਰ ਕੇ ਹੀ ਮਰੂਗਾ ਭਾਵ 100 ਸਾਲ ਉਮਰ ਪੂਰੀ ਕਰਾਂਗਾ, ਕਿਉਂਕਿ ਖੁਸ਼ਵੰਤ ਸਿੰਘ ਨੇ ਵੀ ਸੈਂਚਰੀ ਮਾਰੀ ਸੀ। ਪਰ ਕੁੱਝ ਸਮੇਂ ਬਾਅਦ ਹੀ ਮਨੋਹਰ ਸਿੰਘ ਗਿੱਲ ਇਸ ਧਰਤੀ ਤੋਂ ਰੁਖਸਤ ਹੋ ਗਏ। ਇਸ ਲਈ ਬੁਢਾਪਾ ਉਮਰ ਰੱਬ ਤੇ ਕੁਦਰਤ ਦੇ ਹੱਥ ਵਿੱਚ ਹੁੰਦਾ ਹੈ ਕਿਹਾ ਜਾਂਦਾ ਹੈ ਕਿ ਆਉਣ ਤੋਂ ਪਹਿਲਾਂ ਹੀ ਸਭ ਕੁਝ ਤੈਅ ਹੋ ਜਾਂਦਾ ਹੈ।

ਬੁਢਾਪੇ ਵਿੱਚ ਬੈਠਾ ਵਿਅਕਤੀ ਘਰ ਦਾ ਚੌਂਕੀਦਾਰ, ਜਿੰਦਰਾ, ਮੁਫਤ ਦਾ ਨੌਕਰ ਅਤੇ ਸਮਾਜਿਕ ਸੁਰੱਖਿਆ ਦਾ ਖਜ਼ਾਨਾ ਹੁੰਦਾ ਹੈ। ਬਹੁਤਿਆਂ ਹਾਲਾਤਾਂ ਚ ਬੁਢਾਪਾ ਬੇਬਸ ਵੀ ਹੋ ਜਾਂਦਾ ਹੈ। ਡਾਕਟਰ ਨਰਿੰਦਰ ਸਿੰਘ ਕਪੂਰ ਨੇ ਸੋਹਣੇ ਸ਼ਬਦਾਂ ਵਿੱਚ ਬੁਢਾਪਾ ਪ੍ਰਭਾਵਿਤ ਕੀਤਾ ਹੈ, "ਤੁਹਾਡਾ ਬੁਢਾਪਾ ਕਿਹੋ ਜਿਹਾ ਹੋਵੇਗਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਬੁਢਾਪੇ ਸਬੰਧੀ ਤੁਹਾਡਾ ਦ੍ਰਿਸ਼ਟੀਕੋਣ ਕਿਹੋ ਜਿਹਾ ਹੈ ਇਹ ਤੁਹਾਡੀ ਸਮੁੱਚੀ ਜੀਵਨ ਵਿਉਂਤ ਤੇ ਨਿਰਭਰ ਕਰਦਾ ਹੈ ਕਿ ਬੁਢਾਪਾ ਸਰਾਪ ਹੋਵੇਗਾ ਜਾਂ ਵਰਦਾਨ ਹੋਵੇਗਾ" ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਬਚਪਨ ਤੋਂ ਬਾਅਦ ਜਵਾਨੀ ਆਉਂਦੀ ਹੈ ਜੋ ਕਿ ਖੂਹ ਦੀਆਂ ਟਿੰਡਾਂ ਵਾਂਗ ਹੈ। ਬੁਢਾਪਾ ਆਉਂਦਾ ਹੈ, ਪਰ ਇਹ ਜਾਂਦਾ ਨਹੀਂ ਹੈ। ਨਾਲ ਹੀ ਲਿਜਾਂਦਾ ਹੈ। ਬੁਢਾਪੇ ਵਾਰੇ ਹੋਰ ਵੀ ਹੈ ਕਿ ਹੱਕ-ਸੱਚ ਦੀ ਲੜਾਈ ਵਿੱਚ ਹਮੇਸ਼ਾ ਜਿੱਤ ਉਸ ਦੀ ਹੁੰਦੀ ਹੈ ਜੋ ਇਖਲਾਕੀ ਤੌਰ ਤੇ ਉੱਚਾ ਸੁੱਚਾ ਹੋਵੇ ਬੁਢਾਪੇ ਵਿੱਚ ਜਾਂਦਾ ਜਾਂਦਾ ਵਿਅਕਤੀ ਤਕਰੀਬਨ ਆਪਣੇ ਇਖਲਾਕ ਨਾਲ ਖੁਦ ਹੀ ਇਨਸਾਫ ਕਰਕੇ ਉਸ ਨੂੰ ਉੱਚਾ ਸੁੱਚਾ ਕਰ ਲੈਂਦਾ ਹੈ। ਮਿਹਣਿਆਂ ਤੋਂ ਡਰਦਾ ਬੁਢਾਪਾ ਇਹੀ ਸੋਚੀ ਜਾਂਦਾ ਹੈ ਕਿ ਲੋਕ ਕੀ ਕਹਿਣਗੇ ? ਕਿ ਤੇਰਾ ਧੌਲਾ ਝਾਟਾ ਹੈ। ਇਸ ਲਈ ਬੁਢਾਪਾ ਖੁਦ ਦੀ ਭਾਵਨਾਤਮਕ ਰਖਵਾਲੀ ਕਰਦਾ ਹੈ।

ਜੋ ਬੁਢਾਪੇ ਵਿੱਚ ਪੁੱਜਦਾ ਹੈ ਉਹ ਨਸੀਹਤ ਅਤੇ ਸੇਧ ਦੇ ਕੇ ਪਰਿਵਾਰ ਨੂੰ ਉੱਚਾ ਚੁੱਕਦਾ ਰਹਿੰਦਾ ਹੈ। ਜਦੋਂ ਬੁਢਾਪੇ ਨੂੰ ਅਣਗੌਲਿਆ ਕੀਤਾ ਜਾਂਦਾ ਹੈ ਤਾਂ ਉਸਨੂੰ ਖੋਰਾ ਜਰੂਰ ਲੱਗਦਾ ਹੈ, ਉਂਝ ਤਾਂ ਬਿਰਧ ਅਵਸਥਾ ਵਿੱਚ ਇਹੀ ਖਾਹਿਸ਼ ਹੁੰਦੀ ਹੈ ਕਿ ਮੇਰਾ ਟੱਬਰ ਹੱਸਦਾ ਵੱਸਦਾ ਰਹੇ। ਮੈਂ ਆਪਣੇ ਧੀ-ਪੁੱਤ, ਪੋਤੇ ਪੋਤੀਆਂ ਦੋਹਤੇ ਤੇ ਦੋਹਤੀਆਂ ਦਾ ਵਿਆਹ ਦੇਖ ਸਕਾਂ। ਉਂਝ ਵੀ ਰੰਗਲੀ ਦੁਨੀਆ ਤੋਂ ਕਿਸੇ ਦਾ ਵੀ ਜੀਅ ਜਾਣ ਨੂੰ ਨਹੀਂ ਕਰਦਾ। ਬੁਢਾਪੇ ਵਿੱਚ ਪਰਿਵਾਰ ਦੀ ਆਨ-ਸ਼ਾਨ ਅਤੇ ਅਤੇ ਕਾਰਜ ਨੂੰ ਬਜ਼ੁਰਗ ਹੀ ਸਿੱਧੇ ਰਾਹ ਪਾਉਂਦੇ ਹਨ। ਕਈ ਤਾਂ ਬੁਢਾਪੇ ਸਮੇਂ ਫੁੱਲਿਆ ਨਹੀਂ ਸਮਾਉਂਦੇ। ਥਾਮਸ ਕਾਰਲਾਇਲ ਕਹਿੰਦੇ ਹਨ ਕਿ, "ਜਵਾਨੀ ਵਿੱਚ ਲੋਕ ਤਰਕਸ਼ੀਲ ਹੁੰਦੇ ਹਨ ਬੁਢਾਪੇ ਵਿੱਚ ਪਰੰਪਰਾਵਾਦੀ ਹੋ ਜਾਂਦੇ ਹਨ" ਪਰਿਵਾਰ ਵਿੱਚ ਬੁਢਾਪੇ ਦੇ ਤੌਰ ਤੇ ਜੀਅ ਹਮੇਸ਼ਾ ਇਨਸਾਫ ਦੇ ਤਰਾਜੂ ਤੋਲਦੇ ਹਨ। ਬੁਢਾਪੇ ਅੰਦਰ ਇਹ ਕੀਟਾਣੂ ਜਾਗਦੇ ਰਹਿੰਦੇ ਹਨ, "ਕੋਈ ਜਾਗੇ ਨਾ ਜਾਗੇ ਉਸਦਾ ਮੁਕੱਦਰ ਹੈ, ਪਰ ਬੁਢਾਪੇ ਚ ਫ਼ਰਜ਼ ਹੈ ਕਿ ਆਵਾਜ਼ ਦਿੰਦੇ ਰਹਿਣਾ" ਸਵਾਰਥ ਰਹਿਤ ਸੁਖਦਾਈ ਜੀਵਨ ਜੀਣ ਦਾ ਬੁਢਾਪਾ ਹਮੇਸ਼ਾ ਇੱਛਕ ਹੁੰਦਾ ਹੈ।

ਬੁਢਾਪੇ ਚ ਬਿਰਧ ਅਵਸਥਾ ਇਹੋ ਜਿਹੀ ਹੁੰਦੀ ਹੈ ਕਿ ਜਿਸ ਉਮਰ ਵਿੱਚ ਮਨੁੱਖੀ ਜੀਵਨ ਦੇ ਔਸਤ ਕਾਲ ਦੇ ਨੇੜੇ ਤੇੜੇ ਜਾਂ ਉਸ ਤੋਂ ਘੱਟ ਹੋ ਜਾਂਦੀ ਹੈ। ਬਿਰਧ ਅਵਸਥਾ ਵੱਲ ਜਾਣ ਨਾਲ ਰੋਗਾਂ ਦਾ ਹਮਲਾ ਵੀ ਹੋ ਜਾਂਦਾ ਹੈ। ਬੁਢਾਪਾ ਇੱਕ ਹੌਲੀ ਹੌਲੀ ਆਉਣ ਵਾਲੀ ਅਵਸਥਾ ਹੈ। ਇਹ ਕੁਦਰਤੀ ਆਉਂਦਾ ਦਾ ਹੈ। ਸਾਡੀ ਸੰਸਕ੍ਰਿਤੀ ਵਿੱਚ ਬੁਢਾਪਾ ਪਰਿਵਾਰ ਵਲੋਂ ਸਾਂਭਿਆ ਜਾਂਦਾ ਹੈ। ਸਾਡੀਆਂ ਆਦਤਾਂ ਕਾਰਨ ਬੁਢਾਪੇ ਤੱਕ ਘੱਟ ਲੋਕ ਹੀ ਜਾਂਦੇ ਹਨ। ਆਮ ਲੋਕ ਤਾਂ 60 ਕੁ ਸਾਲ ਦੀ ਉਮਰ ਤੋਂ ਬਾਅਦ ਕਹਿਣ ਲੱਗ ਪੈਂਦੇ ਹਨ ਕਿ ਹੁਣ ਤਾਂ ਸਾਨੂੰ ਉੱਪਰ ਦੀ ਉਮਰ ਬੋਨਸ ਮਿਲੀ ਹੋਈ ਹੈ। ਉਮਰ ਹੱਡ-ਭੰਨਵੀਂ ਮਿਹਨਤ, ਬੱਚੇ ਪਾਲੇ ਪਰੋਸੇ ਅਤੇ ਸਭ ਕੁਝ ਕਰਕੇ ਵਿਅਕਤੀ ਆਸ ਲਾਉਂਦਾ ਹੈ ਕਿ ਬੁਢਾਪੇ ਵਿੱਚ ਹਰ ਤਰ੍ਹਾਂ ਦਾ ਸੁੱਖ ਪ੍ਰਾਪਤ ਹੋਵੇ। ਪਰਿਵਾਰ ਦੇ ਚਾ-ਮਲਾਰ ਨੇੜਿਓਂ ਤੱਕੇ ਜਾਣਗੇ, ਪਰ ਇਹ ਸਭ ਕੁਝ ਤਦ ਹੈ ਜੇ ਬੁਢਾਪੇ ਤੱਕ ਪੁੱਜੇ। ਬੁਢਾਪੇ ਦੀ ਨਿਆਮਤ ਨੂੰ ਇਸ ਗੱਲ ਤੋਂ ਤੱਕਣਾ ਪੈਂਦਾ ਹੈ ਕਿ ਚੰਗੇ ਵਿਚਾਰ, ਚੰਗੇ ਸ਼ਬਦ, ਚੰਗੇ ਸ਼ਬਦਾਂ ਤੋਂ ਚੰਗੇ ਕਾਰਜ ਅਤੇ ਚੰਗੇ ਕਾਰਜਾਂ ਤੋਂ ਚੰਗੀਆਂ ਆਦਤਾਂ ਚੰਗੀਆਂ ਆਦਤਾਂ ਤੋਂ ਚੰਗੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੁੱਕ ਦੀ ਗੱਲ ਇਹ ਹੈ ਕਿ ਅੱਜ ਦੀ ਜਵਾਨੀ ਵਿੱਚ ਬੁਢਾਪਾ ਭੋਗਣਾ ਇੱਕ ਵੱਡੀ ਨਿਆਮਤ ਹੈ। ਬੁਢਾਪੇ ਵਿੱਚ ਆਪਣਾ ਸਤਿਕਾਰ ਕਰਾਉਣਾ ਉਸ ਤੋਂ ਵੀ ਵੱਡੀ ਨਿਆਮਤ ਹੈ। ਸਮਾਜ ਦਾ ਫਰਜ਼ ਹੈ ਕਿ ਬੁਢਾਪੇ ਵਰਗੀ ਇਸ ਖ਼ੂਬਸੂਰਤ ਨਿਆਮਤ ਨੂੰ ਸਾਂਭ ਕੇ ਰੱਖਿਆ ਜਾਵੇ।

*********

# ਤੰਬਾਕੂ ਖਤਰਨਾਕ, ਪਰ ਸਰਕਾਰਾਂ ਅਵੇਸਲੀਆਂ ਕਿਉਂ.... ?

ਸੰਦੀਪ ਕੁਮਾਰ
7009807121





ਤੰਬਾਕੂ ਦੀ ਵਰਤੋਂ ਸਦੀਆਂ ਤੋਂ ਮਨੁੱਖੀ ਸਮਾਜ ਦਾ ਹਿੱਸਾ ਰਹੀ ਹੈ, ਪਰ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਨੂੰ ਜਾਣਦਿਆਂ ਹੋਇਆਂ ਵੀ, ਇਸ ਦਾ ਸੇਵਨ ਅਤੇ ਵਪਾਰ ਅੱਜ ਵੀ ਜਾਰੀ ਹੈ। ਹਰ ਸਾਲ, ਵਿਸ਼ਵ ਸਿਹਤ ਸੰਗਠਨ ਅਤੇ ਹੋਰ ਸੰਸਥਾਵਾਂ ਵੱਲੋਂ ਤੰਬਾਕੂ ਦੇ ਖਤਰਿਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕਈ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਮੁਹਿੰਮ ਹੈ 'ਵਿਸ਼ਵ ਨੋ ਤੰਬਾਕੂ ਦਿਵਸ', ਜੋ ਹਰ ਸਾਲ 31 ਮਈ ਨੂੰ ਮਨਾਇਆ ਜਾਂਦਾ ਹੈ। ਇਸ ਸਾਲ, 31 ਮਈ 2025 ਨੂੰ, ਇਸ ਦਿਵਸ ਨੂੰ ਪੂਰੇ ਵਿਸ਼ਵ ਵਿੱਚ ਉਤਸ਼ਾਹ ਨਾਲ ਮਨਾਇਆ ਗਿਆ। ਅਖਬਾਰਾਂ, ਮੀਡੀਆ ਅਤੇ ਸਮਾਜਿਕ ਪਲੇਟਫਾਰਮਾਂ ਰਾਹੀਂ ਤੰਬਾਕੂ ਦੇ ਸਿਹਤ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕੀਤਾ ਗਿਆ। ਲੇਖਕਾਂ, ਸਿਹਤ ਮਾਹਿਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਇਸ ਮੌਕੇ ਤੰਬਾਕੂ ਦੇ ਸਰੀਰਕ ਨੁਕਸਾਨਾਂ ਦੀ ਵਿਆਖਿਆ ਕਰਦਿਆਂ ਲੋਕਾਂ ਨੂੰ ਇਸ ਦੀ ਵਰਤੋਂ ਛੱਡਣ ਲਈ ਪ੍ਰੇਰਿਤ ਕੀਤਾ। ਪਰ ਸਵਾਲ ਇਹ ਉੱਠਦਾ ਹੈ ਕਿ ਜੇਕਰ ਤੰਬਾਕੂ ਦੇ ਨੁਕਸਾਨ ਇੰਨੇ ਖਤਰਨਾਕ ਹਨ, ਜੋ ਮਨੁੱਖ ਦੀ ਮੌਤ ਦਾ ਕਾਰਨ ਵੀ ਬਣ ਸਕਦੇ ਹਨ, ਤਾਂ ਸਰਕਾਰਾਂ ਇਸ ਦੇ ਉਤਪਾਦਨ ਅਤੇ ਵਿਕਰੀ ਨੂੰ ਪੂਰੀ ਤਰ੍ਹਾਂ ਬੰਦ ਕਰਨ ਵਿੱਚ ਅਸਮਰੱਥ ਕਿਉਂ ਹਨ? ਕੀ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਦੀ ਸਿਹਤ ਅਤੇ ਜੀਵਨ ਦੀ ਕੋਈ ਪਰਵਾਹ ਨਹੀਂ? ਇਹ ਇੱਕ ਗੰਭੀਰ ਸਮਾਜਿਕ ਪ੍ਰਸ਼ਨ ਹੈ, ਜਿਸ ਦਾ ਜਵਾਬ ਅਰਥਵਿਵਸਥਾ, ਸਮਾਜਿਕ ਰੁਝਾਨਾਂ ਅਤੇ ਸਰਕਾਰੀ ਨੀਤੀਆਂ ਦੇ ਗੁੰਝਲਦਾਰ ਮੇਲ ਵਿੱਚ ਲੁਕਿਆ ਹੈ।

ਵਿਸ਼ਵ ਨੋ ਤੰਬਾਕੂ ਦਿਵਸ 2025 ਦੇ ਮੌਕੇ 'ਤੇ, ਵਿਸ਼ਵ ਸਿਹਤ ਸੰਗਠਨ ਨੇ ਇਸ ਸਾਲ ਦੀ ਥੀਮ 'ਤੰਬਾਕੂ ਦੀ ਧੋਖੇਬਾਜ਼ੀ ਨੂੰ ਬੇਨਕਾਬ ਕਰੋ' ਰੱਖੀ। ਇਸ ਮੁਹਿੰਮ ਦਾ ਮੁੱਖ ਉਦੇਸ਼ ਸੀ ਲੋਕਾਂ ਨੂੰ ਤੰਬਾਕੂ ਅਤੇ ਨਿਕੋਟੀਨ ਉਦਯੋਗ ਦੀਆਂ ਚਾਲਬਾਜ਼ੀਆਂ ਤੋਂ ਜਾਗਰੂਕ ਕਰਨਾ, ਜੋ ਨੌਜਵਾਨਾਂ ਅਤੇ ਬੱਚਿਆਂ ਨੂੰ ਆਕਰਸ਼ਿਤ ਕਰਨ ਲਈ ਰੰਗੀਨ ਪੈਕਿੰਗ, ਫਲੇਵਰਡ ਉਤਪਾਦ ਅਤੇ ਆਕਰਸ਼ਕ ਇਸ਼ਤਿਹਾਰਾਂ ਦੀ ਵਰਤੋਂ ਕਰਦੇ ਹਨ। ਅਖਬਾਰਾਂ ਵਿੱਚ ਛਪੇ ਲੇਖਾਂ ਨੇ ਸਿਹਤ ਮਾਹਿਰਾਂ ਦੇ ਹਵਾਲੇ ਨਾਲ ਦੱਸਿਆ ਕਿ ਤੰਬਾਕੂ ਦਾ ਸੇਵਨ ਸਿਰਫ਼ ਇੱਕ ਆਦਤ ਨਹੀਂ, ਸਗੋਂ ਇੱਕ ਗੰਭੀਰ ਨਸ਼ਾ ਹੈ, ਜੋ ਮਨੁੱਖੀ ਸਰੀਰ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਹੈ। ਤੰਬਾਕੂ ਵਿੱਚ ਮੌਜੂਦ ਨਿਕੋਟੀਨ, ਜੋ ਇੱਕ ਅਤਿ ਜ਼ਹਿਰੀਲਾ ਪਦਾਰਥ ਹੈ, ਸਰੀਰ ਦੇ ਕਈ ਅੰਗਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਦੀ ਵਰਤੋਂ ਨਾਲ ਫੇਫੜਿਆਂ ਦਾ ਕੈਂਸਰ, ਦਿਲ ਦੀਆਂ ਬਿਮਾਰੀਆਂ, ਮੂੰਹ ਅਤੇ ਗਲੇ ਦਾ ਕੈਂਸਰ, ਸਾਹ ਦੀਆਂ ਸਮੱਸਿਆਵਾਂ ਅਤੇ ਹੋਰ 30 ਤੋਂ ਵੱਧ ਗੰਭੀਰ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ, ਹਰ ਸਾਲ ਤੰਬਾਕੂ ਦੀ ਵਰਤੋਂ ਕਾਰਨ ਦੁਨੀਆ ਭਰ ਵਿੱਚ 80 ਲੱਖ ਤੋਂ ਵੱਧ ਲੋਕ ਮੌਤ ਦੇ ਮੂੰਹ ਵਿੱਚ ਜਾਂਦੇ ਹਨ, ਜਿਨ੍ਹਾਂ ਵਿੱਚੋਂ 8 ਲੱਖ ਤੋਂ ਵੱਧ ਮੌਤਾਂ ਭਾਰਤ ਵਿੱਚ ਹੁੰਦੀਆਂ ਹਨ। ਇਸ ਤੋਂ ਇਲਾਵਾ, ਤੰਬਾਕੂ ਦਾ ਧੂੰਆਂ ਨਾ ਸਿਰਫ਼ ਸੇਵਨ ਕਰਨ ਵਾਲੇ ਨੂੰ, ਸਗੋਂ ਉਸ ਦੇ ਆਸ-ਪਾਸ ਬੈਠੇ ਲੋਕਾਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ, ਜਿਸ ਨੂੰ ਸੈਕੰਡ-ਹੈਂਡ ਸਮੋਕਿੰਗ ਕਿਹਾ ਜਾਂਦਾ ਹੈ।

ਇੰਨੇ ਗੰਭੀਰ ਨੁਕਸਾਨਾਂ ਦੇ ਬਾਵਜੂਦ, ਮਨੁੱਖ ਤੰਬਾਕੂ ਦੀ ਵਰਤੋਂ ਤੋਂ ਪਿੱਛੇ ਨਹੀਂ ਹਟਦਾ। ਸ਼ੁਰੂ ਵਿੱਚ, ਕਈ ਲੋਕ ਇਸ ਨੂੰ ਸ਼ੌਕ ਜਾਂ ਸਮਾਜਿਕ ਦਬਾਅ ਕਾਰਨ ਅਪਣਾਉਂਦੇ ਹਨ, ਪਰ ਜਲਦੀ ਹੀ ਇਹ ਇੱਕ ਲਤ ਬਣ ਜਾਂਦੀ ਹੈ। ਨਿਕੋਟੀਨ ਦੀ ਜ਼ਹਿਰੀਲੀ ਤਾਕਤ ਇੰਨੀ ਜ਼ਿਆਦਾ ਹੁੰਦੀ ਹੈ ਕਿ ਇੱਕ ਵਾਰ ਇਸ ਦੀ ਆਦਤ ਪੈਣ 'ਤੇ ਛੱਡਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਦੂਜੇ ਪਾਸੇ, ਤੰਬਾਕੂ ਦਾ ਵਪਾਰ ਕਰਨ ਵਾਲੇ ਵਪਾਰੀ ਵੀ ਇਸ ਦੀ ਵਿਕਰੀ ਨੂੰ ਵਧਾਉਣ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਤੰਬਾਕੂ ਉਤਪਾਦਾਂ ਦੀ ਪੈਕਿੰਗ 'ਤੇ ਸਰਕਾਰ ਦੁਆਰਾ ਸਖ਼ਤ ਨਿਯਮ ਲਾਗੂ ਕੀਤੇ ਗਏ ਹਨ, ਜਿਵੇਂ ਕਿ ਸਿਹਤ ਚੇਤਾਵਨੀਆਂ ਅਤੇ ਇਹ ਸੰਦੇਸ਼ ਕਿ 'ਤੰਬਾਕੂ ਦਾ ਸੇਵਨ ਮੌਤ ਦਾ ਕਾਰਨ ਬਣ ਸਕਦਾ ਹੈ'। ਪਰ ਜਨਤਾ ਇਨ੍ਹਾਂ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰਦੀ ਹੋਈ ਨਿਰੰਤਰ ਇਸ ਦਾ ਸੇਵਨ ਕਰ ਰਹੀ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਤੰਬਾਕੂ ਉਦਯੋਗ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਨਵੇਂ-ਨਵੇਂ ਤਰੀਕੇ ਅਪਣਾਉਂਦਾ ਹੈ, ਜਿਵੇਂ ਕਿ ਫਲੇਵਰਡ ਸਿਗਰੇਟ ਅਤੇ ਈ-ਸਿਗਰੇਟ ਵਰਗੇ ਉਤਪਾਦ, ਜੋ ਖਾਸ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਲੁਭਾਉਂਦੇ ਹਨ।

ਇੱਥੇ ਸਭ ਤੋਂ ਵੱਡਾ ਸਵਾਲ ਇਹ ਉੱਠਦਾ ਹੈ ਕਿ ਜਦੋਂ ਸਰਕਾਰਾਂ ਨੂੰ ਤੰਬਾਕੂ ਦੇ ਇੰਨੇ ਖਤਰਨਾਕ ਨੁਕਸਾਨਾਂ ਦਾ ਪਤਾ ਹੈ, ਤਾਂ ਉਹ ਇਸ ਦੇ ਉਤਪਾਦਨ ਅਤੇ ਵਿਕਰੀ ਨੂੰ ਪੂਰੀ ਤਰ੍ਹਾਂ ਬੰਦ ਕਰਨ ਵਿੱਚ ਅਸਫਲ ਕਿਉਂ ਹਨ? ਕੀ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਦੀ ਸਿਹਤ ਅਤੇ ਜੀਵਨ ਦੀ ਕੋਈ ਚਿੰਤਾ ਨਹੀਂ? ਇਸ ਦਾ ਜਵਾਬ ਕਈ ਪੱਖਾਂ ਵਿੱਚ ਲੁਕਿਆ ਹੈ, ਪਰ ਸਭ ਤੋਂ ਮੁੱਖ ਕਾਰਨ ਅਰਥਵਿਵਸਥਾ ਨਾਲ ਜੁੜਿਆ ਹੋਇਆ ਹੈ। ਤੰਬਾਕੂ ਉਦਯੋਗ ਦੇਸ਼ ਦੀ ਅਰਥਵਿਵਸਥਾ ਵਿੱਚ ਇੱਕ ਵੱਡਾ ਯੋਗਦਾਨ ਪਾਉਂਦਾ ਹੈ। ਭਾਰਤ ਵਰਗੇ ਦੇਸ਼ਾਂ ਵਿੱਚ, ਤੰਬਾਕੂ ਇੱਕ ਮੁਨਾਫ਼ੇ ਵਾਲੀ ਫਸਲ ਹੈ, ਜੋ ਕਿਸਾਨਾਂ, ਵਪਾਰੀਆਂ ਅਤੇ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਵੱਡੀ ਆਮਦਨ ਪ੍ਰਦਾਨ ਕਰਦੀ ਹੈ। ਤੰਬਾਕੂ ਦੀ ਖੇਤੀ, ਪ੍ਰੋਸੈਸਿੰਗ, ਉਤਪਾਦਨ ਅਤੇ ਵਿਕਰੀ ਨਾਲ ਲੱਖਾਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਸਰਕਾਰ ਨੂੰ ਤੰਬਾਕੂ ਉਤਪਾਦਾਂ 'ਤੇ ਲਗਾਏ ਜਾਣ ਵਾਲੇ ਉੱਚੇ ਟੈਕਸਾਂ ਰਾਹੀਂ ਅਰਬਾਂ ਰੁਪਏ ਦੀ ਆਮਦਨ ਹੁੰਦੀ ਹੈ, ਜੋ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ। ਇਸ ਲਈ, ਨਾ ਚਾਹੁੰਦੇ ਹੋਏ ਵੀ, ਸਰਕਾਰਾਂ ਤੰਬਾਕੂ ਦੇ ਉਤਪਾਦਨ ਅਤੇ ਵਿਕਰੀ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕਰ ਪਾਉਂਦੀਆਂ।

ਇਹ ਸਥਿਤੀ ਇੱਕ ਅਨੈਤਿਕ ਪਹਿਲੂ ਨੂੰ ਵੀ ਜਨਮ ਦਿੰਦੀ ਹੈ। ਕੀ ਅਰਥਵਿਵਸਥਾ ਦਾ ਵਿੱਤੀ ਲਾਭ ਦੇਸ਼ ਦੇ ਨਾਗਰਿਕਾਂ ਦੀ ਜਾਨ ਤੋਂ ਵੱਡਾ ਹੋ ਸਕਦਾ ਹੈ? ਇਹ ਇੱਕ ਗੰਭੀਰ ਸਵਾਲ ਹੈ, ਜਿਸ ਦਾ ਜਵਾਬ ਸਿਰਫ਼ ਸਰਕਾਰੀ ਨੀਤੀਆਂ ਵਿੱਚ ਹੀ ਨਹੀਂ, ਸਗੋਂ ਸਮਾਜ ਦੀ ਜਾਗਰੂਕਤਾ ਅਤੇ ਨਾਗਰਿਕਾਂ ਦੀ ਸੋਚ ਵਿੱਚ ਵੀ ਲੁਕਿਆ ਹੈ। ਸਰਕਾਰਾਂ ਨੇ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਲਈ ਕਈ ਕਦਮ ਉਠਾਏ ਹਨ, ਜਿਵੇਂ ਕਿ ਸਿਗਰਟ ਅਤੇ ਤੰਬਾਕੂ ਪ੍ਰੋਡਕਟਸ ਐਕਟ 2003 ਨੂੰ ਸਖ਼ਤੀ ਨਾਲ ਲਾਗੂ ਕਰਨਾ, ਸਕੂਲਾਂ ਦੇ ਆਲੇ-ਦੁਆਲੇ 100 ਗਜ਼ ਦੇ ਘੇਰੇ ਵਿੱਚ ਤੰਬਾਕੂ ਦੀ ਵਿਕਰੀ 'ਤੇ ਪਾਬੰਦੀ, ਅਤੇ ਜਾਗਰੂਕਤਾ ਮੁਹਿੰਮਾਂ ਚਲਾਉਣਾ। ਪਰ ਇਨ੍ਹਾਂ ਯਤਨਾਂ ਦੇ ਬਾਵਜੂਦ, ਤੰਬਾਕੂ ਦੀ ਮੰਗ ਅਤੇ ਸਪਲਾਈ ਵਿੱਚ ਕਮੀ ਨਹੀਂ ਆ ਰਹੀ। ਇਸ ਸਮੱਸਿਆ ਦਾ ਅਸਲ ਹੱਲ ਤਾਂ ਉਦੋਂ ਹੀ ਸੰਭਵ ਹੈ, ਜਦੋਂ ਦੇਸ਼ ਦਾ ਹਰ ਨਾਗਰਿਕ ਆਪਣੀ ਸਿਹਤ ਪ੍ਰਤੀ ਸਜਗ ਹੋ ਜਾਵੇ। ਜੇਕਰ ਲੋਕ ਇਹ ਪ੍ਰਣ ਕਰ ਲੈਣ ਕਿ ਉਹ ਭਵਿੱਖ ਵਿੱਚ ਕਦੇ ਵੀ ਤੰਬਾਕੂ ਪਦਾਰਥਾਂ ਦਾ ਸੇਵਨ ਨਹੀਂ ਕਰਨਗੇ, ਤਾਂ ਇਸ ਦੀ ਮੰਗ ਆਪਣੇ ਆਪ ਘਟ ਜਾਵੇਗੀ। ਜਦੋਂ ਕਿਸੇ ਪਦਾਰਥ ਦੀ ਵਿਕਰੀ ਅਤੇ ਲਾਗਤ ਘਟ ਜਾਂਦੀ ਹੈ, ਤਾਂ ਉਤਪਾਦਕ ਅਤੇ ਵਪਾਰੀ ਵੀ ਇਸ ਨੂੰ ਬਣਾਉਣ ਅਤੇ ਵੇਚਣ ਵਿੱਚ ਦਿਲਚਸਪੀ ਗੁਆ ਬੈਠਦੇ ਹਨ। ਅਜਿਹੀ ਸਥਿਤੀ ਵਿੱਚ, ਸਰਕਾਰਾਂ ਨੂੰ ਵੀ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ। ਸਰਕਾਰਾਂ ਨੂੰ ਤੰਬਾਕੂ ਦੀ ਥਾਂ ਵਧੇਰੇ ਸਿਹਤਮੰਦ ਅਤੇ ਟਿਕਾਊ ਉਤਪਾਦਾਂ ਦੀ ਪ੍ਰੋਡਕਸ਼ਨ ਵੱਲ ਧਿਆਨ ਦੇਣਾ ਚਾਹੀਦਾ ਹੈ, ਜੋ ਨਾ ਸਿਰਫ਼ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ, ਸਗੋਂ ਨਾਗਰਿਕਾਂ ਦੀ ਸਿਹਤ ਦੀ ਰਾਖੀ ਵੀ ਕਰ ਸਕਣ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਤੰਬਾਕੂ ਦਾ ਮਸਲਾ ਸਿਰਫ਼ ਸਰਕਾਰੀ ਨੀਤੀਆਂ ਜਾਂ ਅਰਥਵਿਵਸਥਾ ਦਾ ਮਾਮਲਾ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਅਤੇ ਵਿਅਕਤੀਗਤ ਜ਼ਿੰਮੇਵਾਰੀ ਦਾ ਵੀ ਮਸਲਾ ਹੈ। ਜਦੋਂ ਤੱਕ ਹਰ ਨਾਗਰਿਕ ਆਪਣੀ ਸਿਹਤ ਪ੍ਰਤੀ ਸੁਚੇਤ ਨਹੀਂ ਹੋਵੇਗਾ ਅਤੇ ਤੰਬਾਕੂ ਨੂੰ ਪੂਰੀ ਤਰ੍ਹਾਂ ਨਕਾਰ ਨਹੀਂ ਦੇਵੇਗਾ, ਇਸ ਸਮੱਸਿਆ ਦਾ ਪੂਰਾ ਹੱਲ ਸੰਭਵ ਨਹੀਂ। ਸਰਕਾਰਾਂ ਨੂੰ ਵੀ ਆਪਣੀ ਨੀਤੀਆਂ ਵਿੱਚ ਸੁਧਾਰ ਕਰਦੇ ਹੋਏ, ਵਿੱਤੀ ਲਾਭ ਦੀ ਬਜਾਏ ਨਾਗਰਿਕਾਂ ਦੀ ਜਾਨ ਨੂੰ ਪਹਿਲ ਦੇਣੀ ਚਾਹੀਦੀ ਹੈ। ਸਿਰਫ਼ ਇਸ ਤਰ੍ਹਾਂ ਹੀ ਅਸੀਂ ਇੱਕ ਸਿਹਤਮੰਦ ਅਤੇ ਤੰਬਾਕੂ-ਮੁਕਤ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਸੰਤਾਲੀ ਦੇ ਪੀੜ੍ਹਤਾਂ ਦੀ ਮਦਦ ਕਰਨ ਵਾਲੇ ਹੈਡਮਾਸਟਰ ਇੰਦਰ ਸਿੰਘ ਢੀਂਡਸਾ ਨਹੀਂ ਰਹੇ

ਮੇਜਰ ਸਿੰਘ ਨਾਭਾ
ਮੋ:9463553962



ਜ਼ਿੰਦਗੀ ਦੇ ਨੌਂ ਦਹਾਕੇ ਬਤੀਤ ਕਰਨ ਵਾਲੇ ਸ਼੍ਰ. ਇੰਦਰ ਸਿੰਘ ਢੀਂਡਸਾ ਇੱਕ ਬਹੁ-ਪੱਖੀ ਸ਼ਖਸੀਅਤ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਪੰਜਾਬ ਦੀ ਵੰਡ ਸਮੇਂ ਉਨ੍ਹਾਂ ਨੇ ਜਵਾਨੀ 'ਚ ਪੈਰ ਧਰਿਆ ਹੀ ਸੀ ਕਿ ਉਨ੍ਹਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਇਹ ਦੁਖਾਂਤ ਵਾਪਰਦਾ ਦੇਖਣਾ ਪਿਆ। ਉਨ੍ਹਾਂ ਨੇ ਪੰਜਾਬ ਦੀ ਵੰਡ ਤੋਂ ਬਾਅਦ ਵਲੰਟੀਅਰ ਦੇ ਤੌਰ ਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੀੜ੍ਹਤਾਂ ਦੀ ਕਈ ਤਰ੍ਹਾਂ ਨਾਲ ਮਦਦ ਵੀ ਕੀਤੀ । ਉਨ੍ਹਾਂ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਕਿਸ਼ਨ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਦੰਦਰਾਲਾ ਢੀਂਡਸਾ ਵਿਖੇ 4 ਜੂਨ 1929 ਨੂੰ ਹੋਇਆ ਤਾਂ ਦਾਦਾ ਸ਼੍ਰ. ਨਰਾਇਣ ਸਿੰਘ ਅਤੇ ਦਾਦੀ ਬਸੰਤ ਕੌਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਮੁਢਲੀ ਪੜ੍ਹਾਈ ਦੀ ਸ਼ੁਰੂਆਤ ਸਮੇਂ ਪਹਿਲੀ ਜਮਾਤ ਵਿੱਚ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਤੰਦਾਬੱਧਾ ਵਿਖੇ ਦਾਖਲਾ ਲੈ ਲਿਆ। ਸਕੂਲ ਛੱਡ ਕੇ ਉਹ ਪਿੰਡ ਹੀ ਸੂਬੀਆ ਖਾਂ ਕੋਲ ਪੜ੍ਹਨ ਲੱਗ ਪਏ ਅਤੇ ਗੁਰਦੁਆਰਾ ਸਾਹਿਬ ਵਿਖੇ ਇੱਕ ਹੋਰ ਅਧਿਆਪਕ ਨੇ ਵੀ ਪ੍ਰਾਈਵੇਟ ਤੌਰ ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੰਜਵੀਂ ਸ਼੍ਰੇਣੀ ਵਿੱਚ ਦਾਖਲਾ ਐਂਗਲੋ ਵਰਨੇਕੂਲਰ ਸਕੂਲ ਚੌਂਦਾ (ਸੰਗਰੂਰ) ਵਿਖੇ ਲੈ ਲਿਆ। ਅੱਠਵੀਂ ਉਨ੍ਹਾਂ ਨੇ 1945 ਵਿੱਚ ਇਸੇ ਸਕੂਲ ਤੋਂ ਪਹਿਲੇ ਨੰਬਰ ਤੇ ਰਹਿ ਕੇ ਪਾਸ ਕਰ ਲਈ। ਇਸੇ ਸਾਲ ਉਨ੍ਹਾਂ ਦਾ ਵਿਆਹ ਪਿੰਡ ਰੈਸਲ ਦੇ ਸ਼੍ਰ. ਮੋਤਾ ਸਿੰਘ ਦੀ ਪੁੱਤਰੀ ਬੀਬੀ ਜਸਵੰਤ ਕੌਰ ਨਾਲ ਹੋ ਗਿਆ ਪਰ ਵਿਆਹ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੜ੍ਹਾਈ ਨੂੰ ਜਾਰੀ ਰੱਖਦੇ ਹੋਏ ਨੌਵੀਂ ਸ਼੍ਰੇਣੀ 'ਚ ਦਾਖਲਾ ਆਰੀਆ ਹਾਈ ਸਕੂਲ ਨਾਭਾ ਵਿਖੇ ਲੈ ਲਿਆ ਅਤੇ 1947 ਵਿੱਚ ਪਹਿਲੇ ਸਥਾਨ ਤੇ ਰਹਿ ਕੇ ਦਸਵੀਂ ਪਾਸ ਕਰ ਲਈ।

ਇਸ ਉਪਰੰਤ ਉਨ੍ਹਾਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਕੇ 1951 ਵਿੱਚ ਬੀ.ਏ. ਕਰ ਲਈ। ਉਹ ਕਾਲਜ ਸਮੇਂ ਦੌਰਾਣ ਵਾਲੀਵਾਲ ਦੇ ਵਧੀਆ ਖਿਡਾਰੀ ਰਹੇ। ਕਾਲਜ ਦੀ ਵਾਲੀਵਾਲ ਟੀਮ ਦੇ ਕੈਪਟਨ ਹੋਣਾ ਉਨ੍ਹਾਂ ਅੰਦਰਲੀ ਵਧੀਆ ਸਪੋਰਟਸਮੈਨਸ਼ਿਪ ਦੀ ਗਵਾਹੀ ਭਰਦਾ ਹੈ। ਸਰਕਾਰੀ ਕਾਲਜ ਲੁਧਿਆਣੇ ਤੋਂ ਉਨ੍ਹਾਂ ਨੇ ਐਮ.ਏ. (ਜਿਊਗਰਫੀ) 1953 'ਚ ਕਰ ਲਈ । ਉਸ ਸਮੇਂ ਪਿੰਡ ਵਿੱਚ ਉਹ ਪਹਿਲੇ ਪੋਸਟ ਗਰੈਜੂਏਟ ਬਣੇ । ਅਧਿਆਪਕ ਕਿੱਤੇ ਨੂੰ ਤਰਜੀਹ ਦਿੰਦੇ ਹੋਏ ਉਨ੍ਹਾਂ ਨੇ ਫਰੀਦਕੋਟ ਕਾਲਜ ਤੋਂ ਬੀ.ਟੀ. ਦੀ ਪੜ੍ਹਾਈ 1956 ਵਿੱਚ ਕਰ ਲਈ। ਇਹ ਸਾਰੀ ਉਚੇਰੀ ਪੜ੍ਹਾਈ ਉਨ੍ਹਾਂ ਨੇ ਵਿਆਹ ਤੋਂ ਬਾਅਦ ਪ੍ਰਾਪਤ ਕੀਤੀ ਜੋ ਕਿ ਉਸ ਸਮੇਂ ਕਠਿਨ ਕੰਮ ਸੀ। ਉਨ੍ਹਾਂ ਦੀ ਨਿਯੁਕਤੀ ਬਤੌਰ ਅਧਿਆਪਕ ਹੋਣ ਤੇ ਪਹਿਲੀ ਹਾਜ਼ਰੀ 25 ਅਕਤੂਬਰ 1956 ਨੂੰ ਉਨ੍ਹਾਂ ਨੇ



ਸ਼੍ਰ. ਇੰਦਰ ਸਿੰਘ ਢੀਂਡਸਾ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਜਸਵੰਤ ਕੌਰ ਨੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਲਾਤਾਂ ਮੁਤਾਬਕ ਨਾਭਾ ਵਿਖੇ ਰਹਿੰਦੇ ਹੋਏ ਵਧੀਆ ਪੜ੍ਹਾਈ ਕਰਾਕੇ ਆਪਣੇ ਪੈਰਾਂ ਤੇ ਖੜ੍ਹਣਯੋਗ ਬਣਾਇਆ। ਉਨ੍ਹਾਂ ਦੀਆਂ ਤਿੰਨ ਬੇਟੀਆਂ ਪਰਮਜੀਤ ਕੌਰ (ਸੇਵਾ ਮੁਕਤ ਜੇ.ਬੀ.ਟੀ.ਅਧਿਆਪਿਕਾ) ਨਾਭੇ ਆਪਣੇ ਪਤੀ ਕੈਪਟਨ ਗੁਰਚਰਨ ਸਿੰਘ ਨੱਤ ,ਦੂਸਰੀ ਬੇਟੀ ਸੁਖਜੀਤ ਕੌਰ ਬਹਿਰਾਮਪੁਰ ਬੇਟ (ਆਪਣਾ ਹਸਪਤਾਲ ਚਲਾ ਰਹੀ ਹੈ) ਆਪਣੇ ਪਤੀ ਸ਼੍ਰ. ਸੁਰਿੰਦਰਪਾਲ ਸਿੰਘ ਕੰਗ (ਰਿਟਾ: ਫੀਲਡ ਅਫਸਰ,ਏਅਰ ਫੋਰਸ) ਅਤੇ ਤੀਸਰੀ ਬੇਟੀ ਸੁਖਵਿੰਦਰ ਕੌਰ ਪੰਜਾਬੀ ਮਿਸਟ੍ਰੈਸ ਆਪਣੇ ਪਤੀ ਸ਼੍ਰ. ਹਰਦੇਵ ਸਿੰਘ ਢਿੱਲੋਂ (ਪ੍ਰਿੰਸੀਪਲ ਸ.ਸ.ਸ.ਗਾਜੇਵਾਸ) ਨਾਲ ਸਮਾਨਾ ਵਿਖੇ ਆਪਣੇ ਆਪਣੇ ਪਰਿਵਾਰਾਂ ਵਿੱਚ ਖੁਸ਼ ਰਹਿ ਰਹੀਆਂ ਹਨ। ਉਨ੍ਹਾਂ ਦਾ ਵੱਡਾ ਬੇਟਾ ਸੁਖਦੇਵ ਸਿੰਘ ਐਡਵੋਕੇਟ ਆਪਣੀ ਪਤਨੀ ਸਤਵੰਤ ਕੌਰ (ਸਾਬਕਾ ਮਿਊਂਸਪਲ ਕੌਂਸਲਰ) ਅਤੇ ਬੇਟੇ ਗੁਰਸ਼ਰਨਜੀਤ ਸਿੰਘ ਅਤੇ ਨੂੰਹ ਪਰਨੀਤ ਕੌਰ ਨਾਲ ਨਿਊਜੀਲੈਂਡ ਵਿਖੇ ਰਹਿ ਰਿਹਾ ਹੈ।

ਸਰਕਾਰੀ ਮਿਡਲ ਸਕੂਲ ਬੇਰਾਵਾਸ ਜਿਲ੍ਹਾ ਮਹਿੰਦਰਗੜ੍ਹ (ਹੁਣ ਹਰਿਆਣਾ) ਵਿਖੇ ਦਿੱਤੀ। ਇਥੇ ਉਨ੍ਹਾਂ ਨੇ ਸੀਨੀਅਰ ਹੋਣ ਦੇ ਨਾਤੇ ਬਤੌਰ ਮੁੱਖ ਅਧਿਆਪਕ 23 ਨਵੰਬਰ 1957 ਤੱਕ ਕੰਮ ਕੀਤਾ ਤੇ ਉਨ੍ਹਾਂ ਦੀ ਬਦਲੀ ਸ. ਮਿ. ਸ. ਕੁਰਾੜ ( ਸੰਗਰੂਰ ) ਵਿਖੇ ਹੋ ਗਈ। ਇਸ ਤੋਂ ਬਾਅਦ ਸ.ਹ.ਸ.ਧਨੌਲਾ (ਸੰਗਰੂਰ) ਵਿਖੇ ਬਤੌਰ ਸੀਨੀਅਰ ਮਾਸਟਰ ਬਦਲੀ ਹੋਣ ਤੇ 10 ਜੁਲਾਈ 1958 ਨੂੰ ਹਾਜ਼ਰੀ ਦਿੱਤੀ।

ਬਤੌਰ ਲੈਕਚਰਾਰ (ਜੋਗਰਫੀ) ਤਰੱਕੀ ਹੋਣ ਉਪਰੰਤ ਉਨ੍ਹਾਂ ਦੀ ਪੋਸਟਿੰਗ 18 ਅਪ੍ਰੈਲ 1961 ਨੂੰ ਸਰਕਾਰੀ ਸੈਕੰਡਰੀ ਸਕੂਲ ਨਾਭਾ ਵਿਖੇ ਹੋ ਗਈ। ਇਥੋਂ ਹੀ ਉਨ੍ਹਾਂ ਦੀ ਅਡਜਸ਼ਟਮੈਨਟ ਸਰਕਾਰੀ ਸੀਨੀ: ਸੈਕੰ: ਸਕੂਲ (ਗਰਲਜ਼) ਗੋਬਿੰਦਗੜ੍ਹ ਵਿਖੇ ਹੋ ਗਈ,ਤਕਰੀਬਨ ਤਿੰਨ ਮਹੀਨੇ ਸੇਵਾ ਕਰਨ ਉਪਰੰਤ ਮੁੜ ਵਾਪਸ ਨਾਭੇ ਸਕੂਲ ਆ ਗਏ। ਇਥੇ ਉਨ੍ਹਾਂ ਨੇ 1967 ਤੱਕ ਕੰਮ ਕੀਤਾ ਇਸ ਉਪਰੰਤ ਉਨ੍ਹਾਂ ਦੀ ਬਦਲੀ ਸ.ਸ.ਸਕੂਲ (ਲੜਕੇ) ਬਸੀ ਪਠਾਨਾ ਵਿਖੇ ਹੋਣ ਤੇ 1973 ਤੱਕ ਬਤੌਰ ਲੈਕਚਰਾਰ (ਜੋਗਰਫੀ) ਕੰਮ ਕੀਤਾ। ਤਰੱਕੀ ਹੋਣ ਉਪਰੰਤ ਬਤੌਰ ਹੈਡਮਾਸਟਰ ਉਹ ਸਰਕਾਰੀ ਹਾਈ ਸਕੂਲ ਬਾਗੋਵਾਣੀ (ਗੁਰਦਾਸਪੁਰ) ਵਿਖੇ ਸੰਨ 1973 ਨੂੰ ਹਾਜ਼ਰ ਹੋਏ। ਅਗਲੇ ਸਾਲ 1974 ਵਿੱਚ ਸ.ਹ.ਸ. ਸੌਜਾ (ਪਟਿਆਲਾ) ਵਿਖੇ ਬਤੌਰ ਹੈਡਮਾਸਟਰ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕੀਤੀ। ਇਥੇ ਉਨ੍ਹਾਂ ਲੰਬਾ ਸਮਾਂ 18 ਅਪ੍ਰੈਲ 1985 ਤੱਕ ਸਕੂਲ ਦੀ ਸੇਵਾ ਕੀਤੀ ਅਤੇ ਬਦਲੀ ਹੋਣ ਤੇ ਆਖਰੀ ਸਮੇਂ ਸ.ਹ.ਸ.ਧਬਲਾਨ ਵਿਖੇ ਉਨ੍ਹਾਂ ਨੇ ਤਕਰੀਬਨ ਦੋ ਸਾਲ ਤੋਂ ਵੱਧ ਸਮਾਂ ਸਕੂਲ ਨੂੰ ਵਧੀਆ ਤਰੀਕੇ ਨਾਲ ਚਲਾਇਆ। ਉਹ ਇੱਕ ਸੂਝਵਾਨ ਕੁਸ਼ਲ ਪ੍ਰਬੰਧਕ ਰਹੇ ਹਨ। ਵੱਖ-ਵੱਖ ਸਕੂਲਾਂ ਵਿੱਚ ਤਕਰੀਬਨ 31 ਸਾਲ ਦੀ ਸ਼ਾਨਦਾਰ ਅਤੇ ਬੇਦਾਗ ਸੇਵਾ ਕਰਨ ਉਪਰੰਤ ਸ਼੍ਰ. ਇੰਦਰ ਸਿੰਘ ਢੀਂਡਸਾ ਸ.ਹ.ਸ. ਧਬਲਾਨ (ਪਟਿਆਲਾ) ਤੋਂ 30 ਜੂਨ 1987 ਨੂੰ ਸੇਵਾ ਮੁਕਤ ਹੋ ਗਏ।

ਇੰਦਰ ਸਿੰਘ ਢੀਂਡਸਾ ਸੇਵਾ ਮੁਕਤੀ ਉਪਰੰਤ ਸਿੱਖਿਆ ਕਾਰਜਾਂ ਅਤੇ ਸਮਾਜ ਸੇਵਾ ਨਾਲ ਜੁੜੇ ਹੋਏ ਸਨ। ਉਹ ਸ਼ਹਿਰ ਦੇ ਨਾਮਵਰ ਸਰਕਾਰੀ ਜੂਨੀਅਰ ਮਾਡਲ ਸਕੂਲ ਨਾਭਾ ਦੇ ਤਕਰੀਬਨ 10 ਸਾਲ ਪੀ.ਟੀ.ਏ. ਦੇ ਪ੍ਰਧਾਨ ਰਹਿ ਚੁੱਕੇ ਸਨ। ਇਸ ਅਰਸ਼ੇ ਦੌਰਾਣ ਉਨ੍ਹਾਂ ਦੀ ਦੇਖ-ਰੇਖ ਹੇਠ ਸਕੂਲ ਦੀ ਦਿੱਖ ਸੰਵਾਰਨ ਅਤੇ ਬੱਚਿਆਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਹੀ ਸ.ਸ.ਸ.ਸ. (ਲੜਕੇ) ਨਾਭਾ ਦੇ ਪ.ਸ.ਵ.ਕ. ਕਮੇਟੀ ਦੇ ਪ੍ਰਧਾਨ ਵੀ ਰਹੇ। ਸੀਨੀਅਰ ਸਿਟੀਜਨ ਲਈ ਸ਼ਹਿਰ ਵਿੱਚ ਕੋਈ ਸੰਸਥਾ ਨਾ ਹੋਣ ਕਾਰਣ ਉਨ੍ਹਾਂ ਨੇ ਆਪਣੇ ਮਿੱਤਰਾਂ ਨਾਲ ਰਲ ਕੇ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦਾ ਗਠਨ ਕਰਵਾਇਆ। ਇਸ ਰਜ਼ਿਸਟਰਡ ਸੰਸਥਾ ਦੇ ਉਹ ਫਾਊਂਡਰ ਮੈਂਬਰ ਸਨ। ਇਸ ਸੰਸਥਾ ਦੇ ਉਹ ਦੋ ਵਾਰ 1 ਅਪ੍ਰੈਲ 2001 ਤੋਂ 31 ਮਾਰਚ 2003 ਅਤੇ 1 ਅਪ੍ਰੈਲ 2010 ਤੋਂ 31 ਮਾਰਚ 2012 ਤੱਕ ਪ੍ਰਧਾਨ ਰਹਿ ਚੁੱਕੇ ਸਨ। ਇਸ ਸੰਸਥਾ ਦੀ ਸ਼ਾਨਦਾਰ ਬਿਲਡਿੰਗ ਬਣਾਉਣ ਲਈ ਉਨ੍ਹਾਂ ਦਾ ਅਹਿਮ ਰੋਲ ਸੀ। ਉਹ ਸੰਸਥਾ ਦੀ ਬੇਹਤਰੀ ਲਈ ਨੱਬਿਆਂ ਤੋਂ ਉੱਪਰ ਪਹੁੰਚਣ ਦੇ ਬਾਵਜੂਦ ਵੀ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਸਨ। ਇਸ ਸੰਸਥਾਂ ਨਾਲ ਬਹੁਤ ਹੀ ਗਿਆਨਵਾਨ ਅਤੇ ਸੂਝਵਾਨ ਮੈਂਬਰ ਜੁੜੇ ਹੋਏ ਹਨ। ਇਸੇ ਲਈ ਸ਼ਹਿਰ ਵਿੱਚ ਇਸ ਸੰਸਥਾ ਦਾ ਨਾਂ ਹਰ ਕਿਸੇ ਦੇ ਮੂੰਹ ਤੇ ਹੈ।

ਇਹ ਸੰਸਥਾ ਬੇਸਹਾਰਾ ਬਜ਼ੁਰਗਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਨਾਲ ਹੀ ਉਹ ਅਮਲ ਸੋਸਾਇਟੀ ਨਾਭਾ ਦੇ ਐਗਜੈਕਟਿਵ ਮੈਂਬਰ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਸਨ। ਉਹ ਪੈਨਸ਼ਨਰ ਐਸੋਸ਼ੀਏਸ਼ਨ ਦੇ ਮੈਂਬਰ ਵੀ ਸਨ। ਸਾਰਥਿਕ ਸੋਚ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਨੇ ਸਮਾਜ ਦੀ ਬੇਹਤਰੀ ਲਈ ਕੰਮ ਕਰਦੇ ਰਹਿਣ ਕਰਕੇ ਆਪਣੀ ਜ਼ਿੰਦਗੀ ਨੂੰ ਰੰਗੀਨ ਬਣਾ ਕੇ ਰੁਝਾ ਰੱਖਿਆ ਸੀ। ਉਹ ਇਨ੍ਹਾਂ ਸੰਸਥਾਵਾਂ ਦੀਆਂ ਨਿਰਧਾਰਤ ਮੀਟਿੰਗਾਂ ਵਿੱਚ ਹਮੇਸ਼ਾਂ ਸਮੂਲੀਅਤ ਕਰਦੇ ਹੋਏ ਆਪਣੇ ਵੱਡਮੁੱਲੇ ਸੁਝਾਅ ਦਿੰਦੇ ਰਹਿੰਦੇ ਸਨ।

ਸ਼੍ਰ. ਇੰਦਰ ਸਿੰਘ ਢੀਂਡਸਾ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਜਸਵੰਤ ਕੌਰ ਨੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਲਾਤਾਂ ਮੁਤਾਬਕ ਨਾਭਾ ਵਿਖੇ ਰਹਿੰਦੇ ਹੋਏ ਵਧੀਆ ਪੜ੍ਹਾਈ ਕਰਾਕੇ ਆਪਣੇ ਪੈਰਾਂ ਤੇ ਖੜ੍ਹਣਯੋਗ ਬਣਾਇਆ। ਉਨ੍ਹਾਂ ਦੀਆਂ ਤਿੰਨ ਬੇਟੀਆਂ ਪਰਮਜੀਤ ਕੌਰ (ਸੇਵਾ ਮੁਕਤ ਜੇ.ਬੀ.ਟੀ.ਅਧਿਆਪਿਕਾ) ਨਾਭੇ ਆਪਣੇ ਪਤੀ ਕੈਪਟਨ ਗੁਰਚਰਨ ਸਿੰਘ ਨੱਤ ,ਦੂਸਰੀ ਬੇਟੀ ਸੁਖਜੀਤ ਕੌਰ ਬਹਿਰਾਮਪੁਰ ਬੇਟ (ਆਪਣਾ ਹਸਪਤਾਲ ਚਲਾ ਰਹੀ ਹੈ) ਆਪਣੇ ਪਤੀ ਸ਼੍ਰ. ਸੁਰਿੰਦਰਪਾਲ ਸਿੰਘ ਕੰਗ (ਰਿਟਾ: ਫੀਲਡ ਅਫਸਰ,ਏਅਰ ਫੋਰਸ) ਅਤੇ ਤੀਸਰੀ ਬੇਟੀ ਸੁਖਵਿੰਦਰ ਕੌਰ ਪੰਜਾਬੀ ਮਿਸਟ੍ਰੈਸ ਆਪਣੇ ਪਤੀ ਸ਼੍ਰ. ਹਰਦੇਵ ਸਿੰਘ ਢਿੱਲੋਂ (ਪ੍ਰਿੰਸੀਪਲ ਸ.ਸ.ਸ.ਗਾਜੇਵਾਸ) ਨਾਲ ਸਮਾਨਾ ਵਿਖੇ ਆਪਣੇ ਆਪਣੇ ਪਰਿਵਾਰਾਂ ਵਿੱਚ ਖੁਸ਼ ਰਹਿ ਰਹੀਆਂ ਹਨ। ਉਨ੍ਹਾਂ ਦਾ ਵੱਡਾ ਬੇਟਾ ਸੁਖਦੇਵ ਸਿੰਘ ਐਡਵੋਕੇਟ ਆਪਣੀ ਪਤਨੀ ਸਤਵੰਤ ਕੌਰ (ਸਾਬਕਾ ਮਿਊਂਸਪਲ ਕੌਂਸਲਰ) ਅਤੇ ਬੇਟੇ ਗੁਰਸ਼ਰਨਜੀਤ ਸਿੰਘ ਅਤੇ ਨੂੰਹ ਪਰਨੀਤ ਕੌਰ ਨਾਲ ਨਿਊਜੀਲੈਂਡ ਵਿਖੇ ਰਹਿ ਰਿਹਾ ਹੈ। ਉਸ ਦਾ ਇੱਕ ਬੇਟਾ ਗੁਰਿੰਦਰਜੀਤ ਸਿੰਘ ਆਪਣੀ ਪਤਨੀ ਸੰਦੀਪ ਕੌਰ ਨਾਲ ਉਨ੍ਹਾਂ ਕੋਲ ਰਹਿ ਰਿਹਾ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਦਾ ਛੋਟਾ ਬੇਟਾ ਬਲਵਿੰਦਰ ਸਿੰਘ (ਵੈਟਰਨਰੀ ਡਾਕਟਰ) ਜੀ.ਐਸ.ਕੇ.ਨਾਭਾ ਵਿਖੇ ਡਿਊਟੀ ਕਰਦਾ ਹੈ ਅਤੇ ਉਸਦੀ ਪਤਨੀ ਮਹਿੰਦਰ ਕੌਰ ਬਿਜਲੀ ਬੋਰਡ ਵਿੱਚ ਨੌਕਰੀ ਕਰ ਰਹੀ ਹੈ, ਪੋਤਰਾ ਜਸ਼ਨਪ੍ਰੀਤ ਸਿੰਘ ਐਮ.ਬੀ.ਏ. ਕਰ ਰਿਹਾ ਹੈ। ਪੋਤਰੀ ਅਮਨਦੀਪ ਕੌਰ ਆਪਣੇ ਪਤੀ ਕਰਨਲ ਅਵਿਨਾਸ਼ ਸਹਿਰਾਬਤ ਨਾਲ ਰਹਿੰਦੀ ਹੋਈ ਮਿਲਟਰੀ ਸਕੂਲ 'ਚ ਪੜ੍ਹਾ ਰਹੀ ਹੈ। ਸ਼੍ਰ. ਇੰਦਰ ਸਿੰਘ ਢੀਂਡਸਾ ਜ਼ਿੰਦਗੀ ਦੇ ਨੌਵੇਂ ਦਹਾਕੇ ਤੋਂ ਬਾਅਦ ਵੀ ਸਰੀਰਕ ਪੱਖੋਂ ਪੂਰੇ ਫਿੱਟ ਸਨ, ਇਸੇ ਲਈ ਜਦੋਂ ਜੀਅ ਕਰਦਾ ਉਹ ਰੋਹਟੀ ਦੇ ਪੁਲਾਂ ਨਜਦੀਕ ਆਪਣੀ 'ਢੀਂਡਸਾ ਨਰਸਰੀ' ਵਿਖੇ ਫੁੱਲਾਂ ਦਾ ਅਨੰਦ ਮਾਣਨ ਲਈ ਫੁਰਸਤ ਦੇ ਪਲਾਂ 'ਚ ਜਾ ਬੈਠਦੇ ਸਨ। ਉਨ੍ਹਾਂ ਦੀ ਸਿਹਤ ਪਿਛਲੇ ਕੁਝ ਅਰਸੇ ਤੋਂ ਬਾਹਰ ਜਾਣ ਦੇ ਅਸਮਰੱਥ ਹੋਣ ਕਾਰਨ ਉਹ ਘਰ ਹੀ ਆਰਾਮ ਕਰਦੇ ਰਹੇ ਸਨ।

ਸੰਖੇਪ ਜਿਹੀ ਬਿਮਾਰੀ ਕਾਰਨ ਉਹ ਇਸ ਫਾਨੀ ਦੁਨੀਆ ਨੂੰ 26 ਜੁਲਾਈ 2025 ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਨਿਮਿੱਤ 5 ਅਗਸਤ 2025 ਦਿਨ ਮੰਗਲਵਾਰ ਨੂੰ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ( ਘੋੜਿਆਂ ਵਾਲਾ) ਨਾਭਾ ਵਿਖੇ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਕੀਰਤਨ ਅਤੇ ਅੰਤਿਮ ਅਰਦਾਸ ਹੋਵੇਗੀ । ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

## ਰੇਸ਼ਮ ਛੀਨਾ ਗਾਇਕ ਵੀ ਨਾਇਕ ਵੀ ਤੇ ਸੰਗੀਤ ਪੇਸ਼ਕਾਰ



ਇੱਕ ਮਾਝੇ ਦੀ ਹੋਰ ਮਿੱਠੀ ਆਵਾਜ਼ ਦਾ ਨਾਮ ਰੇਸ਼ਮ ਛੀਨਾ ਹੈ ਜਿਸ ਨੇ ਆਪਣੇ ਟਰੈਕਾਂ ਤੇ ਮੇਲਿਆਂ ,ਖੁਸ਼ੀਆਂ ਮੌਕੇ ਆਪਣੀ ਗਾਇਕੀ ਨਾਲ ਲੋਕ ਇਹ ਕਹਿਣ ਲਾਏ ਨੇ ਕਿ ਰੇਸ਼ਮ ਛੀਨਾ ਸਟਾਰ ਗਾਇਕ ਬਣ ਸਕਦਾ ਹੈ। ਰੇਸ਼ਮ ਛੀਨਾ ਫ਼ਿਲਮ ਨਾਇਕ ਬਣ "ਜੁਦਾਈਆਂ" ਫ਼ਿਲਮ ਕਰ ਚੁੱਕੇ ਹਨ ਤੇ ਇਸ ਵੇਲੇ ਪੰਜਾਬੀ ਓ ਟੀ ਲਈ ਲਘੂ ਫਿਲਮਾਂ ਕਰ ਰਹੇ ਹਨ। ਓਹਨਾਂ ਦੀ ਫ਼ਿਲਮ ਪੰਜਾਬੀ ਫ਼ਿਲਮਾਂ ਲਘੂ ਮੇਲੇ ਵਿੱਚ "ਬੀਜ" ਚਰਚਾ ਕੇਂਦਰ ਰਹੀ ਹੈ। ਰੇਸ਼ਮ ਛੀਨਾ ਸ਼ਾਈਨ ਮੋਸ਼ਨ ਪਿਕਚਰਜ਼ ਦੇ ਸੀਈਓ ਵੀ ਨੇ ਤੇ ਅੱਛੇ ਤੇ ਸੁਰੀਲੇ ਗਾਇਕ ਕਲਾਕਾਰ ਸ਼ਾਈਨ ਮੋਸ਼ਨ ਪਿਕਚਰਜ਼ ਤੋਂ ਰਲੀਜ਼ ਕਰਦੇ ਹਨ। ਆ ਰਹੇ ਸਮੇਂ ਦੌਰਾਨ ਨਾਮਵਰ ਕਲਾਕਾਰ ਵੀ ਰਲੀਜ਼ ਕਰਨ ਦੀ ਇਹਨਾਂ ਦੀ ਨੀਤੀ ਹੈ। ਰੇਸ਼ਮ ਛੀਨਾ ਆਪਣੇ ਮਕਸਦ ਵਿੱਚ ਇਸ ਤਰਾਂ ਹੀ ਕਾਮਯਾਬ ਹੁੰਦੇ ਰਹਿਣ ਸ਼ੁੱਭ ਕਾਮਨਾਵਾਂ। ਰੇਸ਼ਮ ਛੀਨਾ ਦੀਆਂ ਸੋਚਾਂ ਸ਼ਾਈਨ ਮੋਸ਼ਨ ਪਿਕਚਰਜ਼ ਨੂੰ ਟੌਪ ਦਾ ਸੰਗੀਤ ਤੇ ਫ਼ਿਲਮ ਬੈਨਰ ਬਣਾਉਣ ਦੀ ਹੈ ਤੇ ਗਾਇਕ ਬਣ ਸਟਾਰ ਦਰਜ਼ਾ ਹਾਸਿਲ ਕਰਨ ਦੀ ਹੈ ਖ਼ੁਦਾ ਖ਼ੈਰ ਕਰੇ।

## "ਪੁੱਤ ਜੱਟਾਂ ਦੇ" ਮੁੜ ਰਲੀਜ਼ ਤੇ ਆਈਆਂ ਯਾਦ ਗੱਲਾਂ



ਸੁਪਰ ਹਿੱਟ ਰਹੀ "ਪੁੱਤ ਜੱਟਾਂ ਦੇ" ਨੇ ਚੂਹੜ ਚੱਕ ਦੇ ਜਗਜੀਤ ਗਿੱਲ ਨੂੰ ਡਾਇਰੈਕਟਰ ਬਣਾ ਦਿੱਤਾ ਤੇ ਇਕਬਾਲ ਢਿੱਲੋਂ ਮਾਹਣੀ ਖੇੜਾ ਪਰਿਵਾਰ ਦੇ ਨਜ਼ਦੀਕ ਆਏ। ਇਸ ਫ਼ਿਲਮ ਨੂੰ ਨਵੇਂ ਰੰਗ ਰੂਪ ਨਾਲ ਰਲੀਜ਼ ਕੀਤਾ ਜਾ ਰਿਹਾ ਤਾਂ ਸਵਰਗੀ ਰੁਪਿੰਦਰ ਗਿੱਲ ਯਾਦ ਆਏ ਜਿਹੜੇ ਗੁੱਗੂ ਗਿੱਲ ਦੇ ਭਰਾ ਤੇ ਬਹੁਤ ਫ਼ਿਲਮਜ਼ ਓਹਨਾਂ ਬਣਾਈਆਂ। ਸ਼ਤਰੂਘਨ ਸਿਨਹਾ ਸਟਾਰ ਸਨ ਤਦ ਓਹਨਾਂ ਨੇ ਇਹ ਪਹਿਲੀ ਪੰਜਾਬੀ ਫ਼ਿਲਮ ਕੀਤੀ ਸੀ ਤੇ ਅੱਜ ਦੇ ਸਟਾਰ ਗੁੱਗੂ ਗਿੱਲ ਦਾ ਇਸ ਫ਼ਿਲਮ ਵਿੱਚ ਮਸਾਂ ਦੋ ਮਿੰਟ ਦਾ ਰੋਲ ਸੀ ਕੁੱਤੇ ਲੜਾਉਣ ਦਾ ਤੇ "ਪੁੱਤ ਜੱਟਾਂ ਦੇ" ਨੇ ਤਦ "ਸ਼ੋਲੇ" ਫ਼ਿਲਮ ਤੋਂ ਜਿਆਦਾ ਕਮਾਈ ਕੀਤੀ ਸੀ। ਇਹ ਫ਼ਿਲਮ ਐਕਸ਼ਨ ਤੇ ਹੈ ਹੀ ਸੁਪਰ ਸੰਗੀਤ ਤੇ ਗਿਰਜ਼ਾ ਮਿੱਤਰਾ ਦਾ ਨਾਚ ਤੇ ਮਿਹਰ ਮਿੱਤਲ ਦੀ ਅਦਾਕਾਰੀ ਪ੍ਰਭਾਵਿਤ ਕਰੇਗੀ। ਸਵਾਗਤ ਹੈ ਮੁੜ ਰਲੀਜ਼ ਇਸ ਫਿਲਮ ਵਿੱਚ ਬਲਦੇਵ ਖੋਸਾ, ਦਿਲਜੀਤ ਕੌਰ ਤੇ ਧਰਮਿੰਦਰ ਵੀ ਹਨ। ਫ਼ਿਲਮ ਸੁਲਤਾਨ ਰਾਹੀ ਤੇ ਮੁਸਤਫ਼ਾ ਕੁਰੈਸ਼ੀ ਦੀ "ਮੌਲਾ ਜੱਟ" ਦੀ ਤਰਾਂ ਨਜ਼ਰ ਆਏਗੀ ਕੁਝ ਕੁ ਤਬਦੀਲੀਆਂ ਹਨ ਤੇ ਉਮੀਦ ਅੱਜ ਦੇ ਦਰਸ਼ਕ ਇਸ ਨੂੰ ਖ਼ੂਬ ਪਸੰਦ ਕਰਨਗੇ।

# • ਪੰਜਾਬੀ ਫ਼ਿਲਮ ਦਰਪਣ •

## ਪੰਜਾਬ ਦਾ ਰਾਮ ਤੇ ਦੱਖਣ ਦੀ ਲਕਸ਼ਮੀ ਵਾਹ ਵਾਹ



ਤਜ਼ਰਬੇ ਕਰਨ ਵਿੱਚ ਰਾਮ ਭੋਗ ਪੁਰੀਆ ਦਾ ਜਵਾਬ ਸ਼ੁਰੂ ਤੋਂ ਨਹੀਂ ਰਿਹਾ। ਅੱਜ ਓਹ ਆਰ ਜੇ ਬੀਟਸ ਦੇ ਮੁੱਖੀ ਨੇ ਪਰ ਸ਼ੁਰੂ ਵਿੱਚ ਕਦੇ ਕਮੇਡੀ ਕਰਨੀ ਤੇ ਕਦੇ ਬਲਦੇਵ ਰਾਹੀ ਨਾਲ ਸੰਗਤ ਤੇ ਫ਼ਿਰ ਤਜ਼ਰਬਾ ਦੋਗਾਣਾ ਗਾਇਕੀ ਦਾ ਕੀਤਾ। ਦੱਖਣ ਦੀ ਲਕਸ਼ਮੀ ਨੂੰ ਨਾਲ ਲਿਆ ਤੇ ਦੋਗਾਣੇ ਰਾਜਾ ਤੌਰ ਤੇ ਚਰਚਿਤ ਹੋਏ। ਰਾਮ ਦੇ ਤਜ਼ਰਬੇ ਇੱਕ ਸਹ ਨਿਰਮਾਤਾ ਸੁੱਖ ਵਾਲੀਆ ਦੂਜਾ ਕਾਰਜਕਾਰੀ ਨਿਰਮਾਤਾ ਮਨੀਸ਼ ਸ਼ਰਮਾ ਤੇ ਤੀਜਾ ਪ੍ਰੋਜੈਕਟ ਡਾਇਰੈਕਟਰ ਬੰਨੀ ਸ਼ਰਮਾ ਤੇ ਲਕਸ਼ਮੀ ਨਾਲ ਇਹ ਗੀਤ ਰਿਮਿਕਸ ਹੋ ਕਿ ਕਦੇ ਵੀ ਫਿਰ ਆ ਸਕਦਾ ਹੈ। ਯੂ ਐਸ ਏ ਰਾਮ ਜੀ ਬਲਵਿੰਦਰ ਸਿੰਘ ਬਾਜਵਾ ਨਾਲ ਸਟੇਜ ਸ਼ੋ ਗਾਇਕੀ ਲਈ ਵੀ ਸਰਗਰਮ ਰਹਿੰਦੇ ਹਨ। ਹੈਰਾਨੀ ਵਾਲੀ ਦਿਲਚਸਪ ਗੱਲ ਕਿ ਦੱਖਣ ਦੀ ਲਕਸ਼ਮੀ ਨਾਲ ਗੀਤ ਹਾਲੀਵੁੱਡ ਦੀ ਮਾਡਲ ਨਾਲ ਵੀਡੀਓ ਤੇ ਦਿਲ ਵਿੱਲ ਪਿਆਰ ਵਿਆਰ ਨਾਨ ਇੰਡੀਅਨ ਰੇਜੀਡੇਂਟ ਨਾਲ ਵਾਹ ਰਾਮ ਜੀ ਵਾਹ ਹੈ ਬੰਦਾ ਇਸ ਵੇਲੇ ਅੱਧੀ ਬਾਲੀਵੁੱਡ ਵਿੱਚ ਚਰਚਿਤ ਮਿਊਜ਼ਿਕ ਦੀ ਪੇਸ਼ਕਾਰੀ ਲਈ ਖੁਸ਼ਬੋ ਲਾ ਕਿ।

## ਸੁਖਦੇਵ ਬਰਨਾਲਾ ਤੇ ਧੀਰਾ ਮਾਨ ਸਮੇਤ ਜਸਮੀਨ ਕੌਰ ਦਿੱਗਜ ਪਾਲੀਵੁੱਡ ਸਿਤਾਰੇ




ਪੱਕੀ ਗੱਲ ਕਿ ਸੁਖਦੇਵ ਬਰਨਾਲਾ ਜ਼ਬਰਦਸਤ ਐਕਟਰ ਨੇ ਤੇ ਜਿਹੜਾ ਮਰਜ਼ੀ ਰੋਲ ਹੋਏ ਵੱਟ ਕੱਢ ਦਿੰਦੇ ਹਨ। ਭਗਵੰਤ ਕੰਗ ਓਹਨਾਂ ਨੂੰ ਅਮਰੀਸ਼ ਪੁਰੀ ਆਖਦੇ ਹਨ ਤੇ ਸੁਖਦੇਵ ਬਰਨਾਲਾ ਜਿੱਥੇ ਓ ਟੀ ਟੀ ਦੇ ਰਾਜਾ ਨੇ ਓਥੇ ਲੋੜ ਕਿ ਪਾਲੀਵੁੱਡ ਓਹਨਾਂ ਨੂੰ ਵੱਡੀਆਂ ਫ਼ਿਲਮਾਂ ਦਾ ਹਿੱਸਾ ਬਣਾਏ। ਫੋਟੋ ਵਿਚਕਾਰ ਐਕਟਰ ਧੀਰਾ ਮਾਨ ਜਿਹੜੇ ਗੁੱਗੂ ਗਿੱਲ ਹੀਰੋ ਟਾਈਮ ਤੋਂ ਸਰਗਰਮ ਨੇ ਅੱਜ ਛੋਟੇ ਪਰਦੇ ਦੇ ਵੱਡੇ ਸਿਤਾਰੇ ਹਨ। ਸਿੰਮੀ ਪ੍ਰੀਤ ਕੌਰ ਓਸ ਨੂੰ ਐਕਟਿੰਗ ਦਾ ਸ਼ਹਿਨਸ਼ਾਹ ਆਖਦੀ ਹੈ। ਧੀਰੇ ਮਾਨ ਨੂੰ ਵੀ ਵੱਡੀਆਂ ਫ਼ਿਲਮਾਂ ਵਾਲੇ ਮੌਕੇ ਦੇਣ ਪਤੰਗਾਂ ਅਸਮਾਨੇ ਚਾੜ੍ਹ ਦੂ ਅੱਤੀ ਉੱਤਮ ਤੇ ਇਹਨਾਂ ਨਾਲ ਖੜ੍ਹੀ ਜਸਮੀਨ ਕੌਰ ਜੀ ਜੀ ਬਰਨਾਲਾ ਸ਼ਹਿਰ ਦਾ ਹੁਸਨ ਤੇ ਐਕਟਿੰਗ ਦੀ ਜਾਨ ਹੈ। ਬਹੁਤ ਵੈੱਬ ਸੀਰੀਜ਼ ਤੇ ਫ਼ਿਲਮਾਂ ਕੀਤੀਆਂ ਤੇ ਕਰ ਰਹੀ ਹੈ। ਜਸਮੀਨ ਕੌਰ ਤਾਂ ਲੱਗਦੀ ਹੀ ਰਸ਼ਮਿਕਾ ਮੰਦਾਨਾ ਹੈ ਤੇ ਇਸ ਰਸ਼ਮਿਕਾ ਨੇ ਵੱਡੀ ਫ਼ਿਲਮ "ਮਿੱਠੀਏ" ਕੀਤੀ ਹੈ। ਜਸਮੀਨ ਕੌਰ ਨੂੰ ਲੋੜ ਵੱਡੀਆਂ ਵੱਡੀਆਂ ਫ਼ਿਲਮਾਂ ਦੀ ਤਾਂ ਕਿ ਰੁਪਿੰਦਰ ਰੂਪੀ, ਸਤਵੰਤ ਕੌਰ, ਮੰਨਤ ਸਿੰਘ ਦੀ ਤਰਾਂ ਓਹ ਸਟਾਰ ਬਣੇ।ਭਗਵੰਤ ਕੰਗ ਆਖਦੇ ਨੇ ਸਾਡੇ ਇਹਨਾਂ ਤਿੰਨ ਸਿਤਾਰਿਆਂ ਬਾਬਤ ਕਿ ਸੁਖਦੇਵ ਬਰਨਾਲਾ ਸੂਰਜ ਨੂੰ ਰੌਸ਼ਨੀ ਦਿਖਾਉਣ ਦੀ ਤਰਾਂ ਲੋੜ ਹੀ ਨਹੀਂ ਐਕਟਰ ਬਹੁਤ ਕਾਮਯਾਬ ਤੇ ਮਹਾਂਰਥੀ ਹੈ। ਧੀਰੇ ਮਾਨ ਕੋਲ ਅੱਜ ਵੀ ਅਭਿਨੈ ਦਾ ਭੰਡਾਰ ਏ ਵਰਤੋ ਓਸ ਨੂੰ ਤੇ ਜਸਮੀਨ ਕੌਰ ਬਰਨਾਲਾ ਜਿਊਂਦੀ ਵੱਸਦੀ ਰਹੇ ਸ਼ਾਲਾ ਰਸ਼ਮਿਕਾ ਏ ਸਾਡੀ ਪਾਲੀਵੁੱਡ ਮੌਕੇ ਦੇਵੇ ਨਾਂ ਉਨੀ ਤੇ ਇੱਕੀ ਕਰੇ ਤਾਂ ਮੇਰਾ ਨਾਮ ਭਗਵੰਤ ਕੰਗ ਨਹੀਂ ਲਾਲਾ ਸਾਈਂ।

## ਲਾਡੀ ਢਿੱਲੋਂ ਦੀ "ਫਸਟ ਨਾਈਟ" ਨਿਰੀ "ਜ਼ੁਲਮ ਦੀ ਦਾਸਤਾਨ" ਉਫ "ਇਸ਼ਕ ਕਮੀਨਾ"



ਲਾਡੀ ਢਿੱਲੋਂ ਚਲ ਸੋ ਚਲ ਹੈ ਤੇ ਓਹ ਅੱਜ ਕਲ ਨਵੀਂ ਸ਼ੋਰਟ ਫ਼ਿਲਮ "ਫਸਟ ਨਾਈਟ" ਕਰ ਰਿਹਾ ਹੈ ਜਿਸ ਦਾ ਓਹ ਡਾਇਰੈਕਟਰ ਵੀ ਹੈ। ਲੱਗਦਾ ਇਹ ਫ਼ਿਲਮ ਕਾਮ ਉਤੇਜਨਾ ਵਾਲੀ ਹੋਊ ਪਰ ਨਹੀਂ ਜਿਹੜਾ ਲਾਡੀ ਅਪਾਹਿਜ਼ ਤੇ ਲਤਾੜੇ ਲੋਕਾਂ ਦੀ ਆਵਾਜ਼ "ਜ਼ੁਲਮ ਦੀ ਦਾਸਤਾਨ" ਬਣਾ ਬਣਿਆ ਓਹ ਕਦੇ ਗੈਰ ਪਰਿਵਾਰਕ ਫਿਲਮ ਨਹੀਂ ਕਰੇਗਾ। ਇਹ "ਫਸਟ ਨਾਈਟ" ਇੱਕ ਰੁਲਾ ਦੇਣ ਵਾਲੀ ਸਟੋਰੀ ਹੈ ਦੱਸੀਏ ਤਾਂ ਫ਼ਿਲਮ ਆਉਣ ਤੱਕ ਸਸਪੈਂਸ ਮਾਰਿਆ ਜਾਏਗਾ, ਹਾਂ ਇਹ ਹੈ ਕਿ ਇਹ ਫਿਲਮ ਬਹੁਤ ਮਨੋਰੰਜਕ ਹੋਣ ਦੇ ਨਾਲ ਇੱਕ ਸੁਨੇਹਾ ਵੀ ਦੇਵੇਗੀ ਕਿ ਨਵੀਂ ਪਨੀਰੀ ਬਚੋ ਨਸ਼ਿਆਂ ਦੀ ਮੱਕੜ ਮਾਇਆ ਤੋਂ ਤੇ ਲਾਡੀ ਢਿੱਲੋਂ ਨਾਲ ਪ੍ਰਿਅੰਕਾ ਚੱਢਾ ਤੇ ਰਾਵਲ ਮਾਹਲ ਤੇ ਕੁਲਜੀਤ ਘੁੰਮਣ ਫ਼ਿਲਮ ਦਾ ਹਿੱਸਾ ਹਨ ਤੇ ਫ਼ਿਰ ਤੇਜ਼ੀ ਨਾਲ ਬਣ ਰਹੀ ਹੈ ਲਾਡੀ ਢਿੱਲੋਂ ਦੀ "ਫਸਟ ਨਾਈਟ"। ਕਾਫੀ ਚਰਚਾ ਲਾਡੀ ਢਿੱਲੋਂ ਦੀ ਫ਼ਿਲਮ, "ਇਸ਼ਕ ਕਮੀਨਾ" ਦੀ ਵੀ ਹੈ ਤੇ ਪ੍ਰਿਯੰਕਾ ਚੱਢਾ ਇਸ ਫ਼ਿਲਮ ਨੂੰ ਆਪਣੀ ਲਾਡਲੀ ਫ਼ਿਲਮ ਆਖ ਰਹੀ ਹੈ। ਲਾਡੀ ਕੋਲ ਦੇਸੀ ਰੌਕ ਸਟਾਰ, ਰਾਮਜੀਤ ਗੁਰਾਇਆ, ਕੁਲਜੀਤ ਘੁੰਮਣ ਤੇ ਰਾਵਲ ਮਾਹਲ ਦੇ ਨਾਲ ਗਾਜੀਨੰਗਲ ਜਿਹੇ ਯਾਰ ਅਣਮੁੱਲੇ ਹਨ ਤੇ ਲਾਡੀ ਢਿੱਲੋਂ ਨੇ "ਸ਼ਿੰਦਾ ਤੇ ਰਾਣੋ" ਵੱਡੀ ਫ਼ਿਲਮ ਵੀ ਬਣਾਈ ਹੈ ਤੇ ਫ਼ਿਰ ਕਹਿਣਾ ਤੇ ਕਾਫੀ ਲਾਡੀ ਢਿੱਲੋਂ ਲਈ ਬਣਦਾ ਹੈ ਕਿ ਜੈ ਹੋ।

## ਬਲਬੀਰ ਕੌਰ ਰੰਧਾਵਾ ਰੇਡੀਓ ਹੋਸਟ ਸੁੱਪਰ ਤੇ ਟੀਵੀ ਦੋਸਤ ਟੌਪ




ਬਲਬੀਰ ਕੌਰ ਰੰਧਾਵਾ ਦੀਆਂ ਅੱਖਾਂ ਵਿੱਚ ਗਹਿਰਾਈ ਹੈ ਲੋਕਾਂ ਦੇ ਦਿਲ ਮਾਪਣ ਦੀ ਓਹਨਾਂ ਦੇ ਦੁੱਖ ਦਰਦ ਤੇ ਸੁੱਖ ਦੇਖ ਓਹਨਾਂ ਨੂੰ ਰੇਡੀਓ ਰਾਜ ਐੱਫ ਐਮ ਤੇ ਕਾਂਸ਼ੀ ਟੀਵੀ ਤੇ ਪੇਸ਼ ਕਰਨ ਦੀ ਤੇ ਪੇਸ਼ਕਾਰੀ ਬੱਬੂ ਰੰਧਾਵਾ ਉਰਫ ਬਲਬੀਰ ਕੌਰ ਰੰਧਾਵਾ ਦੀ ਦਿਲਕਸ਼ ਹੈ। ਕੋਈ ਸਿਹਤ ਮਾਹਿਰ ਹੋਏ ਜਾਂ ਸੰਗੀਤਕ ਦਿਲ ਬਲਬੀਰ ਕੌਰ ਰੰਧਾਵਾ ਓਹਨਾਂ ਨੂੰ ਐਸੇ ਸਵਾਲ ਪੁੱਛੇਗੀ ਕਿ ਲੋਕਾਂ ਦੇ ਕੰਮ ਆਉਣ ਵਾਲੇ ਹੋਣ। ਵਿਦੇਸ਼ ਰਹਿ ਕਿ ਮਾਤ ਭਾਸ਼ਾ ਪੰਜਾਬੀ ਦਾ ਰੁਤਬਾ ਸ਼ਾਨ ਮੱਤਾ ਇਹ ਰੇਡੀਓ ਹੋਸਟ ਕਰ ਰਹੀ ਹੈ। ਪੰਜਾਬ ਦਾ ਦਿਲ ਹੈ ਵਿਦੇਸ਼ਾਂ ਵਿੱਚ ਪੰਜਾਬ ਨੂੰ ਉਤਸ਼ਾਹਿਤ ਕਰਨ ਦਾ ਕਦਮ ਚੁੱਕ ਬਲਬੀਰ ਕੌਰ ਰੰਧਾਵਾ ਪੰਜਾਬੀਅਤ ਤੋਂ ਅਸੀਸਾਂ ਪ੍ਰਾਪਤ ਕਰ ਰਹੀ ਹੈ। ਬਲਬੀਰ ਕੌਰ ਰੰਧਾਵਾ ਦੇ ਬੁੱਲ੍ਹਾਂ ਵਿੱਚੋਂ ਕਿਰਦੇ ਲਫ਼ਜ਼ਾਂ ਦੇ ਮੋਤੀ ਦੇਖ ਦਿਲ ਕਰਦਾ ਇਹਨਾਂ ਮੋਤੀਆਂ ਨੂੰ ਚੁਣ ਮਾਲਾ ਬਣਾ ਲਈਏ। ਬਲਬੀਰ ਕੌਰ ਰੰਧਾਵਾ ਰਾਜ ਐੱਫ ਐੱਮ ਦੀ ਮਕਬੂਲੀਅਤ ਹੈ, ਬੱਬੂ ਰੰਧਾਵਾ ਕਾਂਸ਼ੀ ਟੀਵੀ ਦਾ ਦਿਲ ਹੈ ਤੇ ਪੰਜਾਬੀਆਂ ਦੀ ਧੜਕਨ ਬੱਬੂ ਉਰਫ ਬਲਬੀਰ ਕੌਰ ਰੰਧਾਵਾ ਲਈ ਫਿਰ ਕਹਿਣਾ ਤੇ ਬਣਦਾ ਹੈ ਕਿ ਸਦਕੇ ਜਾਵਾਂ ਪੰਜਾਬ ਦੀ ਜਾਈ ਦੇ ਕੁਰਬਾਨ ਜਾਵਾਂ ਵਿਦੇਸ਼ ਰਹਿੰਦੀ ਪੰਜਾਬੀਅਤ ਦੀ ਜਾਨ ਬੱਬੂ ਬਲਬੀਰ ਕੌਰ ਰੰਧਾਵਾ ਦੇ।

-ਅੰਮ੍ਰਿਤ ਪਵਾਰ

# ਹਾਕੀ ਦਾ ਬੰਗਾਲੀ ਫੁੱਲਬੈਕ ਗੁਰਬਖ਼ਸ਼ ਸਿੰਘ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਗੁਰਬਖ਼ਸ਼ ਸਿੰਘ ਜੰਮਿਆਂ ਭਾਵੇਂ ਪਿਸ਼ਾਵਰ ਵਿਚ ਸੀ ਪਰ ਵੱਜਦਾ ਕਲਕੱਤੇ ਦਾ ਹੈ। ਜਿਵੇਂ ਜਰਨੈਲ ਸਿੰਘ ਬੰਗਾਲ ਲਈ ਫੁੱਟਬਾਲ ਖੇਡਿਆ ਉਵੇਂ ਬੰਗਾਲ ਲਈ ਉਹ ਪੰਦਰਾਂ ਸਾਲ ਹਾਕੀ ਖੇਡਿਆ। ਜਿੰਨਾ ਨਾਮਣਾ ਤੇ ਨਾਵਾਂ ਬੰਗਾਲ ਵਿਚ ਜਰਨੈਲ ਸਿੰਘ ਪਨਾਮੀਏ ਨੇ ਫੁੱਟਬਾਲ ਖੇਡ ਕੇ ਕਮਾਇਆ ਉਨਾ ਹੀ ਜੱਸ ਗੁਰਬਖ਼ਸ਼ ਸਿੰਘ ਕੋਹਲੀ ਨੇ ਹਾਕੀ ਖੇਡ ਕੇ ਖੱਟਿਆ। 60ਵਿਆਂ ਵਿਚ ਉਹਦੀ ਗੁੱਡੀ ਸਿਖ਼ਰਾਂ ਉੱਤੇ ਸੀ। ਉਦੋਂ ਕੋਈ ਵੀ ਭਾਰਤੀ ਹਾਕੀ ਟੀਮ ਗੁਰਬਖ਼ਸ਼ ਸਿੰਘ ਦੀ ਸ਼ਮੂਲੀਅਤ ਬਿਨਾਂ ਮੁਕੰਮਲ ਨਹੀਂ ਸੀ ਸਮਝੀ ਜਾਂਦੀ। ਉਹ ਪੈਨਲਟੀ ਕਾਰਨਰ ਦਾ ਕਿੰਗ ਕਹੇ ਜਾਂਦੇ ਪ੍ਰਿਥੀਪਾਲ ਸਿੰਘ ਨਾਲ ਹਾਕੀ ਦਾ ਦੂਜਾ ਫੁੱਲ ਬੈਕ ਜਾਂ ਹਾਫ਼ ਬੈਕ ਹੁੰਦਾ ਸੀ। 1968 ਦੀਆਂ ਓਲੰਪਿਕ ਖੇਡਾਂ ਸਮੇਂ ਉਹ ਤੇ ਪ੍ਰਿਥੀਪਾਲ ਸਿੰਘ ਭਾਰਤੀ ਹਾਕੀ ਟੀਮ ਦੇ ਜੁੜਵੇਂ ਕਪਤਾਨ ਸਨ। ਉਥੇ ਉਹ ਹਾਕੀ ਦੀ ਵਿਸ਼ਵ ਇਲੈਵਨ ਵਿਚ ਚੁਣਿਆ ਗਿਆ ਸੀ ਜੋ ਭਾਰਤੀ ਹਾਕੀ ਲਈ ਮਾਣ ਦੀ ਗੱਲ ਸੀ।

ਹਾਕੀ ਦੀ ਖੇਡ ਨਾਲ ਜਿੰਨੇ ਪਾਸਿਆਂ ਤੋਂ ਗੁਰਬਖ਼ਸ਼ ਸਿੰਘ ਜੁੜਿਆ ਆ ਰਿਹਾ ਹੈ ਉਨੇ ਪਾਸਿਆਂ ਤੋਂ ਸ਼ਾਇਦ ਹੀ ਕੋਈ ਹੋਰ ਖਿਡਾਰੀ ਜੁੜਿਆ ਹੋਵੇ। ਉਹ ਫਾਰਵਰਡ ਵੀ ਖੇਡਿਆ, ਹਾਫ਼ ਬੈਕ ਵੀ ਤੇ ਫੁੱਲ ਬੈਕ ਵੀ। ਭਾਰਤੀ ਹਾਕੀ ਟੀਮਾਂ ਦਾ ਮੈਂਬਰ ਬਣਨ ਤੇ ਟੀਮਾਂ ਦੀਆਂ ਕਪਤਾਨੀਆਂ ਕਰਨ ਪਿੱਛੋਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਵੀ ਬਣਿਆਂ ਤੇ ਮੈਨੇਜਰ ਵੀ ਰਿਹਾ। ਉਹਨੇ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਅੰਪਾਇਰ ਬਣ ਕੇ ਮੈਚ ਵੀ ਖਿਡਾਏ। ਉਹ ਦੋ ਵਾਰ ਛੇ-ਛੇ ਮਹੀਨਿਆਂ ਲਈ ਫਰਾਂਸ ਦੀ ਹਾਕੀ ਟੀਮ ਨੂੰ ਕੋਚਿੰਗ ਦੇਣ ਗਿਆ ਤੇ ਦਿਲਚਸਪ ਗੱਲ ਹੈ ਕਿ ਉਹਨੇ ਪੱਤਰਕਾਰ ਬਣ ਕੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ ਦੇ ਹਾਕੀ ਮੈਚ ਕਲਕੱਤੇ ਦੇ ਅਖ਼ਬਾਰਾਂ ਲਈ ਕਵਰ ਕੀਤੇ। ਜਦੋਂ ਮੈਂ 1981 ਵਿਚ ਬੰਬਈ ਦਾ ਵਿਸ਼ਵ ਹਾਕੀ ਕੱਪ ਟੂਰਨਾਮੈਂਟ ‘ਪੰਜਾਬੀ ਟ੍ਰਿਬਿਊਨ ਲਈ ਕਵਰ ਕਰਨ ਗਿਆ ਤਾਂ ਉਹ ‘ਸਪੋਰਟਸ ਵੀਕ ਦਾ ਨੁਮਾਇੰਦਾ ਬਣ ਕੇ ਆਪਣੀ ਮਾਹਿਰਾਨਾ ਟਿੱਪਣੀਆਂ ਭੇਜ ਰਿਹਾ ਸੀ।

ਬੰਬਈ ਦੇ ਵਿਸ਼ਵ ਕੱਪ ਸਮੇਂ ਉਹ ਕਈ ਫਰੰਟਾਂ ’ਤੇ ਕੰਮ ਕਰ ਰਿਹਾ ਸੀ। ਕਦੇ ਉਹ ਮੈਦਾਨ ’ਚ ਦਿਸਦਾ, ਕਦੇ ਖੇਡ ਅਧਿਕਾਰੀਆਂ ਦੀਆਂ ਮੀਟਿੰਗਾਂ ਵਿਚ, ਕਦੇ ਕੋਚਾਂ ਨਾਲ ਵਿਚਾਰ ਵਟਾਂਦਰਾ ਕਰ ਰਿਹਾ ਹੁੰਦਾ ਤੇ ਕਦੇ ਕੁਮੈਂਟਰੀ ਬੌਕਸ ਵਿਚ ਵਿਸ਼ੇਸ਼ਗ ਵਜੋਂ ਬੋਲਦਾ। ਕਦੇ ਕੰਟੀਨ ’ਚ ਹੁੰਦਾ, ਕਦੇ ਖਿਡਰੀਆਂ ਦੇ ਰਿਹਾਇਸ਼ੀ ਹੋਟਲਾਂ ’ਚ ਤੇ ਕਦੇ ਉਹ ਸਾਡੇ ਕੋਲ ਪ੍ਰੈੱਸ ਸੈਂਟਰ ਵਿਚ ਓਕੜੂ ਜਿਹਾ ਖੜ੍ਹਾ ਹੁੰਦਾ ਜਿਵੇਂ ਪੈਨਲਟੀ ਕਾਰਨਰ ਰੋਕਣਾ ਹੋਵੇ। ਨਿੱਠ ਕੇ ਬੈਠਾਂ ਤਾਂ ਮੈਂ ਉਹਨੂੰ ਕਦੇ ਵੇਖਿਆ ਈ ਨਹੀਂ ਸੀ। ਪਲ ’ਚ ਇਥੇ ਪਲ ’ਚ ਉਥੇ, ਐਨ ਉਵੇਂ ਹੀ ਜਿਵੇਂ ਹਾਕੀ ਖੇਡਦਾ ਗਰਾਊਂਡ ਵਿਚ ਫਿਰਕੀ ਵਾਂਗ ਘੁੰਮਦਾ ਹੁੰਦਾ ਸੀ। ਪੰਦਰਾਂ ਦਿਨ ਮੈਂ ਉਹਨੂੰ ਪੱਬਾਂ ਭਾਰ ਈ ਵੇਖਿਆ ਅਤੇ ਆਪਣੇ ਇਕ ਤਬਸਰੇ ਵਿਚ ਲਿਖਿਆ ਵੀ ਕਿ ਗੁਰਬਖ਼ਸ਼ ਸਿੰਘ ਇਥੇ ਵਿਆਹ ’ਚ ਨੈਣ ਵਾਂਗ ਕਦੇ ਏਧਰ,ਕਦੇ ਓਧਰ ਨੱਠਾ ਫਿਰਦਾ ਹੈ।

ਗੁਰਬਖ਼ਸ਼ ਸਿੰਘ ਵੈਸੇ ਦੇਖਣੀ ਪਾਖਣੀ ਖਿਡਾਰੀ ਨਹੀਂ ਸੀ ਲੱਗਦਾ। ਐਨਕਾਂ ਲਾਈ ਉਹ ਪ੍ਰੋਫੈ ਪਰਤੀਤ ਹੁੰਦਾ ਜਾਂ ਕਿਸੇ ਅਦਾਰੇ ਦਾ ਮੈਨੇਜਰ। ਉਹਦਾ ਕੱਦ ਵਾਹਵਾ ਲੰਮਾ ਹੈ ਪਰ ਜੁੱਸਾ ਇਕਹਿਰਾ ਜਿਹਾ ਹੀ ਹੈ ਜਿਵੇਂ ਅਮਲੀਆਂ ਦੇ ਹੁੰਦੇ ਨੇ। ਪਰ ਉਹ ਅਮਲੀ ਨਹੀਂ, ਪੂਰਾ ਗੁਰਸਿੱਖ ਹੈ। ਉਸ ਦਾ ਕੱਦ ਪੰਜ ਫੁੱਟ ਦਸ ਇੰਚ ਹੈ ਪਰ ਸਰੀਰਕ ਵਜ਼ਨ 65 ਕਿਲੋਗਰਾਮ ਹੀ ਹੈ। ਦਾੜ੍ਹੀ ਵਿਰਲੀ ਜਿਹੀ ਹੈ ਤੇ ਉਹ ਵੀ ਡੋਰੀ ਪਾ ਕੇ ਕਸੀ ਤੇ ਫਿਕਸੋ ਨਾਲ ਜਮਾਈ ਹੁੰਦੀ ਹੈ। ਉਸ ਨੂੰ ਸਲੀਕੇ ਨਾਲ ਵਿਚਰਨਾ ਆਉਂਦਾ ਹੈ। ਜਿੰਨੀ ਕਾਮਯਾਬੀ ਉਸ ਨੂੰ ਮਿਲਦੀ ਉਸ ਬਾਰੇ ਉਹਦਾ ਇਹੋ ਕਹਿਣਾ ਹੁੰਦਾ ਸੀ, “ਸਭ ਵਾਹਿਗੁਰੂ ਦੀ ਕਿਰਪਾ।”

ਹਾਕੀ ਦੀ ਖੇਡ ਵਿਚ ਉਦੋਂ ਉੱਚ ਕੋਟੀ ਦਾ ਸ਼ਾਇਦ ਉਹੀ ਇਕੋ ਇਕ ਖਿਡਾਰੀ ਸੀ ਜੋ ਹਮੇਸ਼ਾਂ ਐਨਕਾਂ ਲਾ ਕੇ ਖੇਡਿਆ। ਸ਼ੁਰੂ ਸ਼ੁਰੂ ਵਿਚ ਅਸੀਂ ਜਦੋਂ ਉਸ ਨੂੰ ਐਨਕਾਂ ਲਾਈ ਹਾਕੀ ਖੇਡਦਾ ਵੇਖਦੇ ਤਾਂ ਆਪਸ ਵਿਚ ਗੱਲਾਂ ਕਰਦੇ, “ਜੇ ਬਾਲ ਸਿੱਧੀ ਐਨਕਾਂ ’ਤੇ ਵੱਜੇ, ਫੇਰ ਕੀ ਹੋਵੇ?” ਪਰ ਉਹਦੇ ਵੀਹ ਸਾਲਾਂ ਦੇ ਹਾਕੀ ਕੈਰੀਅਰ ਵਿਚ ਇਕ ਵਾਰ ਵੀ ਹਾਕੀ ਜਾਂ ਗੇਂਦ ਉਹਦੀਆਂ ਐਨਕਾਂ ’ਤੇ ਨਹੀਂ ਵੱਜੀ।

ਗੁਰਬਖ਼ਸ਼ ਸਿੰਘ ਦੀ ਗਰਦਨ ਪਤਲੀ ਹੈ ਤੇ ਉਹਦੀ ਘੰਡੀ ਗੇਂਦ ਵਾਂਗ ਗੇੜੇ ਖਾਂਦੀ ਦਿੱਸਦੀ ਹੈ। ਰੰਗ ਕਣਕਵੰਨਾ ਤੇ ਪੱਗ ਦਾ ਬੰਨ੍ਹੇਜ ਭਾਪਿਆਂ ਵਾਲਾ। ਉਸ ਨੇ ਮੁੱਢਲੀ ਪੜ੍ਹਾਈ ਰਾਵਲਪਿੰਡ ਵਿਚ ਕੀਤੀ ਸੀ। ਉਹ ਕਸਵੀਂ ਟੂਟੀਦਾਰ ਪੱਗ ਬੰਨ੍ਹਦਾ ਹੈ। ਗੱਲ ਬਾਤ ਦਾ ਲਹਿਜਾ ਪੋਠੋਹਾਰੀ ਹੈ। ਉਹਦਾ ਜੱਦੀ ਪਿੰਡ ਜ਼ਿਲ੍ਹਾ ਜਿਹਲਮ ਵਿਚ ਮੰਗਵਾਲ ਸੀ। ਉਹਦੇ ਪਿਤਾ ਸ. ਕਰਤਾਰ ਸਿੰਘ ਫੌਜ ਵਿਚ ਮੇਜਰ ਸਨ। ਜਦੋਂ ਉਹ ਪਿਸ਼ਾਵਰ ਵਿਚ ਤਾਇਨਾਤ ਸਨ ਤਾਂ ਉਥੇ 11 ਫਰਵਰੀ 1936 ਨੂੰ ਗੁਰਬਖ਼ਸ਼ ਸਿੰਘ ਦਾ ਜਨਮ ਹੋਇਆ ਸੀ। ਮੇਜਰ ਕਰਤਾਰ ਸਿੰਘ ਖ਼ੁਦ ਹਾਕੀ ਦੇ ਤਕੜੇ ਖਿਡਾਰੀ ਸਨ ਤੇ ਉਹ ਵੀ ਫੁੱਲ ਬੈਕ ਖੇਡਦੇ ਸਨ।

ਦੇਸ਼ ਦੀ ਵੰਡ ਪਿੱਛੋਂ ਕਰਤਾਰ ਸਿੰਘ ਦੇ ਪਰਿਵਾਰ ਨੂੰ ਉੱਜੜ ਕੇ ਲਖਨਊ ਆਉਣਾ ਪਿਆ ਜਿਥੇ ਗੁਰਬਖ਼ਸ਼ ਮੁੜ ਪੜ੍ਹਨ ਲੱਗਾ ਤੇ ਆਪਣੇ ਸਕੂਲ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਸਕੂਲ ਦੀ ਟੀਮ ’ਚ ਉਹ ਕਦੇ ਰਾਈਟ ਇਨ ਤੇ ਕਦੇ ਲੈਫਟ ਇਨ ਖੇਡਦਾ। ਫਿਰ ਇੰਦੌਰ ਕਾਲਜ ਵਿਚ ਪੜ੍ਹਨ ਲੱਗਾ ਤੇ ਆਗਰਾ ਯੂਨੀਵਰਸਿਟੀ ਵੱਲੋਂ ਫੁੱਲ ਬੈਕ ਖੇਡਿਆ। ਬੀ.ਏ. ਦਾ ਇਮਤਿਹਾਨ ਉਸ ਨੇ ਪ੍ਰਾਈਵੇਟ ਵਿਦਿਆਰਥੀ ਵਜੋਂ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤਾ। 1957 ਵਿਚ ਉਹ ਮੋਟਰ ਪਾਰਟਸ ਦਾ ਕੰਮ ਸਿੱਖਣ ਲਈ ਕਲਕੱਤੇ ਚਲਾ ਗਿਆ ਤੇ ਉਥੇ ਵਿਆਹ ਕਰਵਾ ਕੇ ਉਥੋਂ ਦਾ ਹੀ ਹੋ ਗਿਆ। ਕਲਕੱਤੇ ਉਸ ਨੇ ਪਹਿਲੇ ਅੱਠ ਸਾਲ ਕਸਟਮ ਦੀ ਨੌਕਰੀ ਕੀਤੀ ਤੇ ਕਸਟਮ ਵਾਲਿਆਂ ਦੀ ਹਾਕੀ ਟੀਮ ਬਣਾਈ। 1965 ਵਿਚ ਕਸਟਮ ਦੀ ਨੌਕਰੀ ਛੱਡ ਕੇ ਆਪਣੇ ਸਹੁਰਿਆਂ ਦਾ ਮੋਟਰ ਪਾਰਟਸ ਦਾ ਕਾਰੋਬਾਰ ਸੰਭਾਲ ਲਿਆ। ਹੁਣ ਉਹ ਸਫਲ ਵਪਾਰੀ ਹੈ ਤੇ ਆਪਣੇ ਬੱਚਿਆਂ ਦੇ ਰਿਸ਼ਤੇ ਨਾਤੇ ਨਿਊਯਾਰਕ ਤਕ ਬਣਾਈ ਬੈਠਾ ਹੈ। ਉਸ ਦੀਆਂ ਚਾਰ ਧੀਆਂ ਹਨ ਤੇ ਇਕ ਪੁੱਤਰ। ਅਗਾਂਹ ਉਨ੍ਹਾਂ ਦੇ ਬੱਚੇ ਹਨ।

1959 ਵਿਚ ਜਦੋਂ ਅਫਰੀਕਾ ਦੇ ਟੂਰ ਲਈ ਭਾਰਤੀ ਹਾਕੀ ਟੀਮ ਦਾ ਕੋਚਿੰਗ ਕੈਂਪ ਲੱਗਾ ਤਾਂ ਗੁਰਬਖ਼ਸ਼ ਸਿੰਘ ਨੂੰ ਸਟੈਂਡ ਬਾਈ ਰੱਖਿਆ ਗਿਆ। ਰੋਮ ਦੀਆਂ ਓਲੰਪਿਕ ਖੇਡਾਂ-1960 ਲਈ ਚੁਣੇ ਜਾਣ ਵੇਲੇ ਉਹਦਾ ਦਾਅ ਨਾ ਲੱਗਾ। ਉਦੋਂ ਬੰਗਾਲ ਦਾ ਹੀ ਕਲਾਡੀਅਸ ਭਾਰਤੀ ਟੀਮ ਦਾ ਕਪਤਾਨ ਬਣਿਆ। 1961 ਵਿਚ ਨਿਊਜ਼ੀਲੈਂਡ ਦੇ ਟੂਰ ਸਮੇਂ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। 1962 ਵਿਚ ਉਹ ਅਹਿਮਦਾਬਾਦ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ। ਉਦੋਂ ਉਹਦੇ ਨਾਲ ਪ੍ਰਿਥੀਪਾਲ ਸਿੰਘ ਤੇ ਝਮਨ ਲਾਲ ਫੁੱਲ ਬੈਕ ਸਨ। 1963 ਵਿਚ ਉਹ ਲਿਓਂਸ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਣ ਗਿਆ ਜਿਥੇ ਭਾਰਤੀ ਟੀਮ ਜੇਤੂ ਰਹੀ।

1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਵਿਚ ਲੈਫਟ ਹਾਫ਼ ਖੇਡਿਆ। ਪ੍ਰਿਥੀਪਾਲ ਸਿੰਘ ਨਾਲ ਦੂਜਾ ਫੁੱਲ ਬੈਕ ਧਰਮ ਸਿੰਘ ਸੀ। ਫਾਈਨਲ ਮੈਚ ਪਾਕਿਸਤਾਨ ਦੀ ਟੀਮ ਵਿਰੁੱਧ ਖੇਡਿਆ ਗਿਆ ਜੋ ਭਾਰਤੀ ਟੀਮ ਨੇ 1-0 ਗੋਲ ਨਾਲ ਜਿੱਤਿਆ। ਚਾਰ ਸਾਲ ਪਹਿਲਾਂ ਰੋਮ ਵਿਚ ਪਾਕਿਸਤਾਨ ਦੀ ਟੀਮ ਨੇ ਭਾਰਤੀ ਟੀਮ ਨੂੰ 1-0 ਗੋਲ ਨਾਲ ਹਰਾਇਆ ਸੀ। ਉਹਨੀਂ ਦਿਨੀਂ ਭਾਰਤ-ਪਾਕਿ ਹਾਕੀ ਮੈਚਾਂ ਵਿਚ ਜਿਹੜਾ ਮੁਲਕ ਜਿੱਤ ਜਾਂਦਾ ਉਹ ਏਨੀ ਖ਼ੁਸ਼ੀ ਮਨਾਉਂਦਾ ਜਿਵੇਂ ਮੈਚ ਨਹੀਂ ਜੰਗ ਜਿੱਤ ਗਿਆ ਹੋਵੇ!

ਟੋਕੀਓ ਵਿਖੇ ਗੁਰਬਖ਼ਸ਼ ਸਿੰਘ ਹੋਰਾਂ ਦੀ ਜਿੱਤ ਉਤੇ ਭਾਰਤਵਾਸੀ ਏਨੇ ਖ਼ੁਸ਼ ਹੋਏ ਕਿ ਜੇਤੂ ਖਿਡਾਰੀਆਂ ਲਈ ਵੱਡੇ ਵੱਡੇ ਇਨਾਮ ਐਲਾਨੇ ਗਏ। ਇਹ ਵੱਖਰੀ ਗੱਲ ਹੈ ਕਿ ਕਈ ਐਲਾਨਾਂ ਉਤੇ ਹੁਣ ਤਕ ਵੀ ਅਮਲ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨੇ ਜੇਤੂ ਖਿਡਾਰੀਆਂ ਨੂੰ ਚੰਡੀਗੜ੍ਹ ਵਿਚ ਪਲਾਟ ਅਲਾਟ ਕਰਨ ਦਾ ਐਲਾਨ ਕੀਤਾ ਸੀ ਪਰ ਪ੍ਰਿਥੀਪਾਲ ਸਿੰਘ ਹੋਰੀਂ ਪਲਾਟ ਉਡੀਕਦੇ ਇਸ ਜਹਾਨ ਤੋਂ ਕੂਚ ਕਰ ਗਏ। ਉਨ੍ਹਾਂ ਦੇ ਪਰਿਵਾਰਾਂ ਨੂੰ ਫਿਰ ਕੀਹਨੇ ਪਲਾਟ ਦੇਣੇ ਸਨ? ਸ. ਦਰਬਾਰਾ ਸਿੰਘ ਦੀ ਸਰਕਾਰ ਨੇ ਵੀ 1982 ਵਿਚ ਦਿੱਲੀ ਦੀਆਂ ਏਸ਼ਿਆਈ ਖੇਡਾਂ ਦੇ ਜੇਤੂ ਪੰਜਾਬੀ ਖਿਡਾਰੀਆਂ ਨੂੰ ਲੱਖ ਲੱਖ ਰੁਪਏ ਦੇ ਇਨਾਮ ਦੇਣ ਦਾ ਐਲਾਨ ਕੀਤਾ ਸੀ ਜੋ ਅੱਧ ਪਚੱਧ ਹੀ ਪੂਰਾ ਹੋ ਸਕਿਆ। ਅਕਸਰ ਵੇਖਿਆ ਗਿਆ ਹੈ ਕਿ ਮੁੱਖ ਮੰਤਰੀ ਤੇ ਮੰਤਰੀ ਐਲਾਨ ਤਾਂ ਵੱਡੇ ਵੱਡੇ ਕਰ ਦਿੰਦੇ ਹਨ ਪਰ ਐਲਾਨਾਂ ’ਤੇ ਅਮਲ ਕਰਨਾ ਅਕਸਰ ਭੁੱਲ ਜਾਂਦੇ ਹਨ।

1966 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਸਮੇਂ ਗੁਰਬਖ਼ਸ਼ ਸਿੰਘ ਨੂੰ ਭਾਰਤੀ ਹਾਕੀ ਟੀਮ ਦਾ ਮੀਤ ਕਪਤਾਨ ਬਣਾਇਆ ਗਿਆ ਸੀ। ਉਸ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਉਹ ਟੀਮ ਲਗਭਗ ਸਾਰੀ ਹੀ ਸਰਦਾਰ ਖਿਡਾਰੀਆਂ ਨਾਲ ਲੈਸ ਸੀ ਜਿਨ੍ਹਾਂ ਦੇ ਜੂੜਿਆਂ ਉਤੇ ਸਫੈਦ ਰੁਮਾਲ ਸੋਂਹਦੇ ਸਨ। ਇੰਜ ਜਾਪਦਾ ਸੀ ਜਿਵੇ ਕਿਸੇ ਖਾਲਸਾ ਕਾਲਜ ਦੀ ਟੀਮ ਹੋਵੇ! ਉਸੇ ਸਾਲ ਭਾਰਤ ਸਰਕਾਰ ਨੇ ਗੁਰਬਖ਼ਸ਼ ਸਿੰਘ ਨੂੰ ਦੇਸ਼ ਦੇ ਸਰਵੋਤਮ ਖੇਡ ਪੁਰਸਕਾਰ ਅਰਜਨ ਅਵਾਰਡ ਨਾਲ ਸਨਮਾਨਿਤ ਕੀਤਾ।

1966 ਵਿਚ ਹੀ ਜਰਮਨੀ ਦੇ ਸ਼ਹਿਰ ਹੈਮਬਰਗ ਵਿਚ ਹਾਕੀ ਦਾ ਕੌਮਾਂਤਰੀ ਟੂਰਨਾਮੈਂਟ ਹੋਇਆ। ਗੁਰਬਖ਼ਸ਼ ਸਿੰਘ ਨੂੰ ਉਸ ਲਈ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸੇ ਸਾਲ ਜਪਾਨ ਦੇ ਟੂਰ ਸਮੇਂ ਵੀ ਭਾਰਤੀ ਹਾਕੀ ਟੀਮ ਦੀ ਅਗਵਾਈ ਗੁਰਬਖ਼ਸ਼ ਸਿੰਘ ਨੂੰ ਹੀ ਸੌਂਪੀ ਗਈ। ਫਿਰ ਸ੍ਰੀਲੰਕਾ ਦੇ ਟੂਰ ਵੇਲੇ ਵੀ ਉਹ ਕਪਤਾਨ ਬਣਿਆਂ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਹਾਕੀ ਟੂਰਨਾਮੈਂਟ ਖੇਡਿਆ।

1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਸਥਿਤੀ ਅਜਿਹੀ ਬਣੀ ਕਿ ਸੀਨੀਅਰ ਖਿਡਾਰੀਆਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਦੋਹਾਂ ਨੂੰ ਭਾਰਤੀ ਹਾਕੀ ਟੀਮ ਦੇ ਜੌੜੇ ਕਪਤਾਨ ਬਣਾਉਣਾ ਪਿਆ। ਅਜਿਹਾ ਪ੍ਰਬੰਧ ਪਹਿਲੀ ਵਾਰ ਕਰਨਾ ਪਿਆ ਸੀ। ਗੱਲ ਵਿਚੋਂ ਇਹੋ ਸੀ ਕਿ ਦੋਵੇਂ ਖਿਡਾਰੀ ਹੀ ਮੈਰਿਟ ਪੱਖੋਂ ਓਲੰਪਿਕ ਖੇਡਾਂ ਲਈ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦੇ ਹੱਕਦਾਰ ਸਨ। ਪਰ ਉਮਰ ਪੱਖੋਂ ਅਗਲੀ ਓਲੰਪਿਕਸ ਖੇਡ ਸਕਣਾ ਦੋਹਾਂ ਲਈ ਸ਼ੱਕੀ ਸੀ। ਸੋ ਦੋਹਾਂ ਨੂੰ ਹੀ ਜੁਆਇੰਟ ਕਪਤਾਨ ਬਣਾ ਦਿੱਤਾ ਗਿਆ। ਟੀਮ ਮਸੀਂ ਤਾਂਬੇ ਦਾ ਤਮਗ਼ਾ ਜਿੱਤ ਸਕੀ।

ਮੈਕਸੀਕੋ ਦੀ ਓਲੰਪਿਕਸ ਖੇਡ ਕੇ ਗੁਰਬਖ਼ਸ਼ ਸਿੰਘ ਕੌਮਾਂਤਰੀ ਹਾਕੀ ਤੋਂ ਰਿਟਾਇਰ ਹੋ ਗਿਆ ਪਰ ਕੌਮੀ ਪੱਧਰ ’ਤੇ ਬੰਗਾਲ ਵੱਲੋਂ 1972 ਤਕ ਖੇਡਦਾ ਰਿਹਾ। ਬੰਗਾਲ ਵਿਚ ਉਹ ਕਸਟਮਜ਼, ਮੋਹਨ ਬਾਗਾਨ ਤੇ ਈਸਟ ਬੰਗਾਲ ਕਲੱਬਾਂ ਦੀਆਂ ਟੀਮਾਂ ਦਾ ਮੈਂਬਰ ਰਿਹਾ। 1973 ਵਿਚ ਉਹਨੂੰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਬਣਾਇਆ ਗਿਆ ਤੇ ਟੀਮ ਦੀ ਮੈਨੇਜਰੀ ਵੀ ਸੌਂਪੀ ਗਈ। 1974 ਤੇ 75 ਵਿਚ ਉਹ ਛੇ ਛੇ ਮਹੀਨਿਆਂ ਲਈ ਫਰਾਂਸ ਦੀ ਕੌਮੀ ਟੀਮ ਨੂੰ ਕੋਚਿੰਗ ਦੇਣ ਜਾਂਦਾ ਰਿਹਾ।

1976 ਵਿਚ ਮਾਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਦਾ ਕੋਚ ਸੀ। 1980 ਤੋਂ 84 ਤਕ ਉਹ ਫੇਰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਰਿਹਾ।

**ਬਾਕੀ ਹਿਸਾ ਸਫਾ 64ਤੇ ਪੜ੍ਹੋ**

# ਮਾਈਕਲ ਜੈਕਸਨ ਵਿਚ ਅਜਿਹਾ ਕੀ ਸੀ ?

**ਪ੍ਰੋ. ਕੁਲਬੀਰ ਸਿੰਘ**





ਮਾਈਕਲ ਜੈਕਸਨ ਵਿਚ ਇਕ ਜਨੂੰਨ ਸੀ, ਇਕ ਨਵਾਂਪਨ, ਇਕ ਚੁੰਬਕੀ ਹੁਨਰ, ਇਕ ਕ੍ਰਿਸ਼ਮਈ ਕਲਾ, ਇਕ ਅਨੋਖੀ ਊਰਜਾ, ਅਨੋਖਾ ਸੰਗੀਤ, ਅਨੋਖਾ ਨਾਚ, ਅਨੋਖੀ ਪ੍ਰਤਿਭਾ, ਅਨੋਖੀ ਨਾਟਕੀਅਤਾ। ਇਨ੍ਹਾਂ ਖ਼ੂਬੀਆਂ ਦਾ ਸੰਗਮ ਸਟੇਜ 'ਤੇ ਸੁਪਨਾ ਸਿਰਜ ਦਿੰਦਾ ਸੀ। ਦਰਸ਼ਕਾਂ ਸਰੋਤਿਆਂ ਨੂੰ ਸੁਪਨਈ ਸੰਸਾਰ ਵਿਚ ਲੈ ਜਾਂਦਾ ਸੀ। ਭੁਲ਼ ਭੁਲ਼ ਪੈਂਦਾ ਹੁਨਰ ਤੱਕਣ ਲਈ ਲੋਕ ਆਪ ਮੁਹਾਰੇ ਆਣ ਜੁੜਦੇ ਸਨ। ਉਸਦੇ ਪ੍ਰੋਗਰਾਮਾਂ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਹੁੰਦੀ। ਉਹ ਸਟੇਜ ਦਾ ਧਨੀ ਸੀ। ਮਹਾਨ ਪੇਸ਼ਕਾਰ ਸੀ। ਕਾਲਾ, ਸਫੇਦ, ਲਾਲ ਤੇ ਸੁਨਹਿਰੀ ਉਸਦੇ ਪਸੰਦੀਦਾ ਰੰਗ ਸਨ।

ਲੋਕ ਉਸਨੂੰ ਕਿੰਨਾ ਪਿਆਰ ਕਰਦੇ ਸਨ ਇਹ ਵੇਖਣ ਲਈ ਉਸਦੇ ਪ੍ਰੋਗਰਾਮਾਂ ਦੀਆਂ, ਵਿਸ਼ਵ ਟੂਰ ਦੀਆਂ, ਜਨਮ ਭੂਮੀ ਦੀ ਫੇਰੀ ਦੀਆਂ ਵੀਡੀਓ ਵੇਖਣੀਆਂ ਪੈਣਗੀਆਂ। ਉਹ ਬੜਾ ਨਰਮ ਦਿਲ ਸੀ। ਬੱਚਿਆਂ ਨਾਲ ਬੱਚਾ ਬਣ ਜਾਂਦਾ ਸੀ। ਲੋਕ ਸੁਰੱਖਿਆਂ ਘੇਰਾ ਤੋੜ ਕੇ ਉਸਨੂੰ ਗਲੇ ਆ ਮਿਲਦੇ ਸਨ। ਤੋਹਫ਼ੇ ਦਿੰਦੇ ਸਨ। ਧਨ ਦੌਲਤ ਦਿੰਦੇ ਸਨ। ਗਹਿਣੇ ਦਿੰਦੇ ਸਨ। ਐਨੀ ਸ਼ੁਹਰਤ, ਐਨੀ ਪ੍ਰਸਿੱਧੀ, ਐਨਾ ਪਿਆਰ, ਐਨੀ ਦੌਲਤ ਅੱਜ ਤੱਕ ਕਿਸੇ ਕਲਾਕਾਰ ਨੂੰ ਨਹੀਂ ਮਿਲੀ। ਉਹ ਸ਼ੁਹਰਤ ਦੀ ਬੁਲੰਦੀ ਦਾ ਲੁਤਫ਼ ਲੈਂਦਾ ਸੀ। ਕਿਸੇ ਨੂੰ ਨਿਰਾਜ ਨਹੀਂ ਕਰਦਾ ਸੀ। ਜਿਧਰ ਵੀ ਪ੍ਰਸੰਸਕਾਂ ਦੀ ਭੀੜ ਨਜ਼ਰ ਆਉਂਦੀ, ਰੁਕਦਾ, ਉਨ੍ਹਾਂ ਵੱਲ ਵੇਖਦਾ, ਹੱਥ ਹਿਲਾਉਂਦਾ, ਫਿਰ ਅੱਗੇ ਜਾਂਦਾ। ਪ੍ਰਸੰਸਕ ਸੜਕਾਂ 'ਤੇ, ਛੱਤਾਂ 'ਤੇ, ਪੁਲਾਂ 'ਤੇ ਹਜ਼ਾਰਾਂ ਲੱਖਾਂ ਦੀ ਗਣਿਤੀ ਵਿਚ ਦੂਰ ਦੂਰ ਤੱਕ ਖੜੇ ਨਜ਼ਰ ਆਉਂਦੇ।

ਟੀ.ਵੀ. ਕੈਮਰਿਆਂ ਦਾ, ਫੋਟੋਗ੍ਰਾਫ਼ਰਾਂ ਦਾ ਝੁਰਮਟ ਇਕੱਠਾ ਹੋ ਜਾਂਦਾ। ਅਜਿਹੇ ਸਮੇਂ ਵੀ ਉਹ ਸ਼ਾਂਤ-ਸਹਿਜ ਰਹਿੰਦਾ ਸੀ। ਚਿਹਰੇ 'ਤੇ ਮੁਸਕਾਨ ਰੱਖਦਾ ਸੀ। ਸਕੂਲਾਂ ਵਿਚ ਬੱਚਿਆਂ ਨੂੰ ਮਿਲਦਿਆਂ, ਹਸਪਤਾਲਾਂ ਵਿਚ ਬਿਮਾਰ ਬੱਚਿਆਂ 'ਤੇ ਪਿਆਰ ਵਰਸਾਉਂਦਿਆਂ ਉਹ ਬੜਾ ਨੇਕ ਦਿਲ ਜਾਪਦਾ ਸੀ।

ਆਪਣੇ ਗੀਤਾਂ, ਮੁਨਵਾਕ, ਨਾਚ-ਸ਼ੈਲੀ, ਸੰਸਾਰ ਨੂੰ ਵੇਖਣ ਦੇ ਨਜ਼ਰੀਏ ਅਤੇ ਵਿਗਿਆਨ ਨੂੰ ਚੁਣੌਤੀ ਦੇਣ ਕਾਰਨ ਉਹ ਬੜਾ ਚਰਚਾ ਵਿਚ ਰਿਹਾ। ਉਹ 150 ਸਾਲ ਜਿਊਣਾ ਚਾਹੁੰਦਾ ਸੀ ਇਸ ਲਈ ਉਸਨੇ 12 ਡਾਕਟਰ ਰੱਖੇ ਹੋਏ ਸਨ। ਨਿੱਜੀ ਲੈਬ ਵਿਚ ਲੰਮੀ ਉਮਰ ਸੰਬੰਧੀ ਤਜਰਬੇ ਕਰਾਉਂਦਾ ਰਹਿੰਦਾ ਸੀ। ਲੈਬ ਚੋਂ ਟੈਸਟ ਹੋਇਆ ਖਾਣਾ ਖਾਂਦਾ ਸੀ। ਆਕਸੀਜਨ ਚੈਂਬਰ ਵਿਚ ਸੌਂਦਾ ਸੀ। ਉਹ ਜੋ ਵੀ ਕਰਦਾ ਅਨੋਖਾ, ਅਲੱਗ ਤੇ ਅਲੋਕਾਰ ਕਰਦਾ। ਇਸੇ ਲਈ ਉਸਦੇ ਨਾਂ 39 ਗਿਨੀਜ਼ ਰਿਕਾਰਡ ਦਰਜ ਹਨ।

ਮਾਈਕਲ ਜੈਕਸਨ ਦਾ ਜਨਮ 1958 ਵਿਚ ਹੋਇਆ। ਉਹ ਆਪਣੇ ਮਾਤਾ ਪਿਤਾ ਦੀ 8ਵੀਂ ਸੰਤਾਨ ਸੀ। ਵੱਡਾ ਪਰਿਵਾਰ ਗੈਰੀ ਇੰਡਿਆਨਾ ਵਿਖੇ ਦੋ ਕਮਰਿਆਂ ਵਿਚ ਗੁਜ਼ਾਰਾ ਕਰਦਾ ਸੀ। ਪਿਤਾ ਜੋਈ ਜੈਕਸਨ ਨੂੰ ਗਿਟਾਰ ਵਜਾਉਣ ਦਾ ਸ਼ੌਕ ਸੀ। ਮਾਤਾ ਕੈਥਰੀਨ ਪਿਆਨੋ ਦੀ ਪੇਸ਼ਕਾਰੀ ਦਿੰਦੀ ਸੀ।

ਪਰਿਵਾਰ ਦੀ ਆਰਥਿਕ ਮਜ਼ਬੂਤੀ ਲਈ ਪਿਤਾ ਨੇ 1964 ਵਿਚ 'ਜੈਕਸਨ ਬ੍ਰਦਰ' ਨਾਂ ਦਾ ਬੈਂਡ ਬਣਾਇਆ। ਸਾਰੇ ਭੈਣ ਭਰਾ 'ਸਟਰੀਟ ਪਰਫਾਰਮੈਂਸ' ਦਿੰਦੇ ਸਨ। ਪਰਫਾਰਮੈਂਸ ਠੀਕ ਨਾ ਹੋਣ 'ਤੇ ਪਿਤਾ ਜੈਕਸਨ ਨੂੰ ਬੈੱਲਟ ਨਾਲ ਕੁੱਟਦਾ। ਪਿਤਾ ਦੇ ਚੰਡੇ ਮਾਈਕਲ ਨੇ ਸਟੇਜ ਦਾ ਸ਼ਾਹ-ਸਵਾਰ ਬਣ ਕੇ ਸੰਸਾਰ ਜਿੱਤ ਲਿਆ। ਬੈਂਡ ਨੇ ਉਸਨੂੰ ਪਹਿਚਾਣ ਦਿੱਤੀ ਤਾਂ ਨਿਊਯਾਰਕ ਆ ਕੇ ਫ਼ਿਲਮਾਂ ਵਿਚ ਕੰਮ ਕਰਨ ਲੱਗਾ। ਪਹਿਲੀ ਫ਼ਿਲਮ 'ਦਾ ਵਿਜ' ਅਸਫ਼ਲ ਰਹੀ ਪਰੰਤੂ ਫ਼ਿਲਮ ਦੇ ਸੰਗੀਤ ਨਿਰਦੇਸ਼ਕ ਨੇ ਉਸਦੀ ਚੁੰਬਕੀ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸ ਨਾਲ ਤਿੰਨ ਸੋਲੋ ਸੰਗੀਤ ਐਲਬਮਾਂ ਕੀਤੀਆਂ। ਜੋ ਪ੍ਰਸਿੱਧ ਹੋਈਆਂ। ਇਸੇ ਦੌਰਾਨ 1978 ਵਿਚ ਡਾਂਸ ਕਰਦਿਆਂ ਉਸਦੇ ਨੱਕ ਦੀ ਹੱਡੀ ਟੁੱਟ ਗਈ। ਰਾਈਨੋਪਲਾਸਟੀ ਹੋਈ ਤਾਂ ਸਾਹ ਦੀ ਸਮੱਸਿਆ ਸ਼ੁਰੂ ਹੋ ਗਈ। 1982 ਵਿਚ ਉਸਦੀ ਛੇਵੀਂ ਸੰਗੀਤ-ਐਲਬਮ ਥ੍ਰਿਲਰ ਆਈ ਤਾਂ ਉਸਦੀਆਂ 7 ਕਰੋੜ ਕਾਪੀਆਂ ਵਿਕੀਆਂ। ਇਸ ਐਲਬਮ ਨੂੰ 12 ਗ੍ਰੈਮੀ ਪੁਰਸਕਾਰ ਮਿਲੇ। ਪ੍ਰਤੀ ਐਲਬਮ 12 ਡਾਲਰ ਦੇ ਹਿਸਾਬ ਨਾਲ 84 ਕਰੋੜ ਡਾਲਰ ਰਾਇਲਟੀ ਮਿਲੀ। 1983 ਤੱਕ ਮਾਈਕਲ ਜੈਕਸਨ ਦਾ ਰੰਗ ਕਾਲਾ ਸੀ। ਇਸ ਉਪਰੰਤ ਸਾਫ਼ ਹੋਣਾ ਸ਼ੁਰੂ ਹੋ ਗਿਆ ਤਾਂ ਵੱਡਾ ਵਿਵਾਦ ਖੜਾ ਹੋ ਗਿਆ। ਵਿਵਾਦ ਰੋਕਣ ਲਈ ਉਸਦੇ ਚਮੜੀ ਦੇ ਡਾਕਟਰ ਨੇ ਦੱਸਿਆ ਕਿ ਉਸਨੂੰ ਵਿਟਿਲਿਗੋ (ਚਿੱਟੇ ਦਾਗ਼) ਦੀ ਸਮੱਸਿਆ ਹੈ। ਉਨ੍ਹਾਂ ਧੱਬਿਆਂ ਨੂੰ ਛੁਪਾਉਣ ਲਈ ਸਫੇਦ ਮੇਕਅਪ ਕੀਤਾ ਜਾਂਦਾ ਹੈ। ਧੱਬਿਆਂ ਦਾ ਇਲਾਜ ਕਰਵਾਉਂਦਿਆਂ ਬਲੀਚ ਕਰਵਾਉਣੀ ਪਈ ਜਿਸ ਨਾਲ ਰੰਗ ਗੋਰਾ ਹੁੰਦਾ ਗਿਆ। ਉਸਦੀ ਮੌਤ ਉਪਰੰਤ ਮਾਂ ਨੇ ਕਿਹਾ ਸੀ। "ਧੱਬਿਆਂ ਤੋਂ ਛੁਟਕਾਰਾ ਪਾਉਣ ਲਈ ਉਸਨੇ ਪਲਾਸਟਿਕ ਸਰਜਰੀ ਕਰਵਾਈ ਸੀ। ਉਸਨੇ ਵੇਖਿਆ ਇੰਝ ਉਹ ਪਹਿਲਾਂ ਨਾਲੋਂ ਸੁੰਦਰ ਨਜ਼ਰ ਆਉਣ ਲੱਗਾ ਹੈ ਤਾਂ ਉਸਨੇ ਵਾਰ ਵਾਰ ਪਲਾਸਟਿਕ ਸਰਜਰੀ ਕਰਵਾਈ ਅਤੇ ਉਸਦਾ ਰੰਗ ਸਾਫ਼ ਹੋ ਗਿਆ।"

1988 ਵਿਚ ਉਸਨੇ ਕੈਲੇਫੋਰਨੀਆਂ ਵਿਖੇ 2700 ਏਕੜ ਵਿਚ ਆਪਣਾ ਘਰ ਬਣਾਇਆ ਸੀ। ਫਿਰ ਇਕ ਉਹ ਸਮਾਂ ਆਇਆ ਜਦ ਸ਼ੁਹਰਤ ਤੇ ਦੌਲਤ ਨੂੰ ਸਹਿਜ ਢੰਗ ਨਾਲ ਸੰਭਾਲਣਾ ਉਸ ਲਈ ਮੁਸ਼ਕਲ ਹੋ ਗਿਆ। ਉਹ ਤਰ੍ਹਾਂ ਤਰ੍ਹਾਂ ਦੀਆਂ ਅਹੁਰਾਂ ਦਾ, ਵਿਗਾੜਾਂ ਦਾ ਸ਼ਿਕਾਰ ਹੁੰਦਾ ਗਿਆ। ਇਕ ਤੋਂ ਬਾਅਦ ਇਕ ਵਿਵਾਦ ਖੜਾ ਹੁੰਦਾ ਗਿਆ ਤੇ ਉਹ ਡਾਹਢਾ ਪ੍ਰੇਸ਼ਾਨ ਰਹਿਣ ਲੱਗਾ।

ਸ਼ਾਦੀਆਂ ਹੁੰਦੀਆਂ ਰਹੀਆਂ, ਟੁੱਟਦੀਆਂ ਰਹੀਆਂ। ਓਧਰ ਸੰਗੀਤ ਦੀ ਦੁਨੀਆਂ ਵਿਚ ਉਹ ਆਪਣੇ ਹੀ ਰਿਕਾਰਡ ਆਪ ਤੋੜਦਾ ਰਿਹਾ। ਉਸਨੇ 35 ਦੇਸ਼ਾਂ ਵਿਚ 58 ਸ਼ੋਅ ਕੀਤੇ। ਆਪਣੇ ਜੀਵਨ ਵਿਚ 4000 ਕਰੋੜ ਰੁਪਏ ਡੋਨੇਸ਼ਨ ਵੱਜੋਂ ਦਿੱਤੇ। ਉਹ ਵੀ ਸਮਾਂ ਸੀ ਜਦ ਉਸਦੀ ਇਕ ਹਫ਼ਤੇ ਦੀ ਆਮਦਨ 97 ਕਰੋੜ ਰੁਪਏ ਤੱਕ ਪਹੁੰਚ ਗਈ ਸੀ। ਕਿਹਾ ਜਾਂਦਾ ਹੈ ਕਿ ਆਖ਼ਰੀ ਸਾਲਾਂ ਦੌਰਾਨ ਮਾਈਕਲ ਜੈਕਸਨ ਕਰਜਾਈ ਹੋ ਗਿਆ ਸੀ ਅਤੇ ਦਵਾਲੀਆਂ ਹੋਣ ਕਿਨਾਰੇ ਪਹੁੰਚ ਗਿਆ ਸੀ। ਮੌਤ ਤੋਂ ਬਾਅਦ ਹੋਈ ਆਮਦਨ ਨਾਲ ਪਰਿਵਾਰ ਨੇ ਕਰਜ਼ਾ ਅਦਾ ਕੀਤਾ।

24 ਜੂਨ 2009 ਨੂੰ ਉਸਨੇ ਪੂਰੀ ਟੀਮ ਨਾਲ ਰੀਹਰਸਲ ਕੀਤੀ ਅਤੇ 25 ਜੂਨ 2009 ਨੂੰ ਸ਼ੱਕੀ ਹਾਲਤਾਂ ਵਿਚ ਉਸਦੀ ਮੌਤ ਹੋ ਗਈ। ਅਦਾਲਤ ਨੇ ਉਸਦੇ ਨਿੱਜੀ ਡਾਕਟਰ ਕਾਨਰਾਡ ਮਰੇ ਨੂੰ ਗੈਰ-ਇਰਾਦਤਨ ਹੱਤਿਆ ਦਾ ਦੋਸ਼ੀ ਠਹਿਰਾਇਆ ਸੀ ਕਿਉਂ ਕਿ ਉਸਨੇ ਚੰਗੀ ਨੀਂਦ ਲਈ ਮਾਈਕਲ ਨੂੰ ਪ੍ਰੋਪੋਫੋਲ ਦੀ ਵਧੇਰੇ ਖ਼ੁਰਾਕ ਦਿੱਤੀ ਸੀ।

ਉਸਦੇ ਸਰੱਖਿਆ ਕਰਮਚਾਰੀ ਬਿਲ ਨੇ ਕਿਹਾ ਸੀ ਕਿ ਜੈਕਸਨ ਬਹੁਤ ਤਣਾਅ ਵਿਚ ਸੀ ਅਤੇ ਤਣਾਅ ਉਸਦੀ ਮੌਤ ਦਾ ਕਾਰਨ ਹੋ ਸਕਦਾ ਹੈ। ਉਹ ਹੈਕਟਿਕ ਹੋ ਗਿਆ ਸੀ। ਬਹੁਤ ਡੁੱਲਿਆ ਰਹਿੰਦਾ ਸੀ। ਪ੍ਰੈਕਟਿਸ ਅਤੇ ਪ੍ਰੋਗਰਾਮਾਂ ਦਾ ਬੋਝ ਬਹੁਤ ਵਧ ਗਿਆ ਸੀ। ਇਹ ਉਸਤੇ ਭਾਰੀ ਪੈ ਰਹੇ ਸਨ।

ਜਦ ਉਸਦੀ ਮੌਤ ਦੀ ਖ਼ਬਰ ਟੀ.ਵੀ. 'ਤੇ ਨਸ਼ਰ ਹੋਈ ਤਾਂ ਸਾਰੇ ਸੰਨਾਟਾ ਛਾ ਗਿਆ। ਲੋਕ ਸੜਕਾਂ 'ਤੇ ਬੇਹੋਸ਼ ਹੋਣ ਲੱਗੇ। ਸਦਮੇ ਕਾਰਨ 13 ਲੋਕਾਂ ਨੇ ਆਤਮਹੱਤਿਆ ਕਰ ਲਈ। ਆਸਟਰੇਲੀਆ ਵਿਚ 50 ਲੋਕਾਂ ਨੇ 'ਖੁਦਕਸ਼ੀ ਰੋਕਥਾਮ ਹਾਟਲਾਈਨ' 'ਤੇ ਫੋਨ ਕੀਤੇ ਜਿਹੜੇ ਆਤਮਹੱਤਿਆ ਕਰਨੀ ਚਾਹੁੰਦੇ ਸਨ।

ਡਾਕਟਰਾਂ ਨੇ ਉਸਦਾ ਦਿਮਾਗ਼ ਕੱਢ ਲਿਆ ਸੀ ਕਿਉਂ ਕਿ ਡਾਕਟਰ ਅਤੇ ਪੁਲਿਸ ਵਾਲੇ ਮਹੀਨਿਆਂ ਤੱਕ ਮੌਤ ਦਾ ਅਸਲੀ ਕਾਰਨ ਪਤਾ ਕਰਨ ਵਿਚ ਲੱਗੇ ਰਹੇ। ਉਸਦੇ ਨਾਂ 'ਤੇ ਬਣਾਏ ਗਏ ਮੈਮੋਰੀਅਲ ਦੇ ਉਦਘਾਟਨੀ ਸਮਾਰੋਹ ਨੂੰ ਅਮਰੀਕਾ ਦੇ ਸਾਢੇ ਤਿੰਨ ਕਰੋੜ ਅਤੇ ਦੁਨੀਆਂ ਦੇ 300 ਕਰੋੜ ਲੋਕਾਂ ਨੇ ਵੇਖਿਆ। ਇਹ ਇਤਿਹਾਸ ਦੀ ਸੱਭ ਤੋਂ ਵੱਧ ਵੇਖੀ ਗਈ ਈਵੈਂਟ ਸੀ। ਮੌਤ ਤੋਂ 10 ਸਾਲ ਬਾਅਦ ਵੀ ਉਹ ਸੱਭ ਤੋਂ ਵੱਧ ਕਮਾਈ ਕਰਨ ਵਾਲਾ ਗਾਇਕ ਕਲਾਕਾਰ ਸੀ। ਸਾਲ 2018 ਤੱਕ ਉਸਦੇ ਨਾਂ 'ਤੇ 28.40 ਅਰਬ ਡਾਲਰ ਦੀ ਕਮਾਈ ਹੋਈ।

**63 ਸਫ਼ੇ ਦੀ ਬਾਕੀ**

1983 ਵਿਚ ਉਹ ਕਰਾਚੀ ਦੀ ਚੈਂਪੀਅਨਜ਼ ਟਰਾਫੀ ਸਮੇਂ ਫਿਰ ਭਾਰਤੀ ਟੀਮ ਦਾ ਮੈਨੇਜਰ ਸੀ। 1973 'ਚ ਨੈਸ਼ਨਲ ਅੰਪਾਇਰ ਬਣਿਆ ਅਤੇ 1981 ਵਿਚ ਇੰਟਰਨੈਸ਼ਨਲ ਅੰਪਾਇਰ ਬਣ ਗਿਆ। 1982 ਦੀਆਂ ਏਸ਼ਿਆਈ ਖੇਡਾਂ ਸਮੇਂ ਵੀ ਉਸ ਨੇ ਕਈ ਮੈਚ ਖਿਡਾਏ।

ਇਕ ਵਾਰ ਅਸੀਂ ਦਿੱਲੀ ਦੇ ਨਹਿਰੂ ਹਾਕੀ ਟੂਰਨਾਮੈਂਟ ਉਤੇ 'ਕੱਠੇ ਹੋਏ ਤਾਂ ਪੰਜਾਬ ਪੁਲਿਸ ਦਾ ਮੈਚ ਦੱਖਣ ਵੱਲ ਦੀ ਕਿਸੇ ਟੀਮ ਨਾਲ ਚੱਲ ਰਿਹਾ ਸੀ। ਪੰਜਾਬੀ ਹਾਕੀ ਖਿਡਾਰੀਆਂ ਦੇ ਢਿੱਲੇ ਪੈ ਜਾਣ 'ਤੇ ਉਸ ਨੇ ਦਿਲੀ ਦੁੱਖ ਪਰਗਟ ਕੀਤਾ। ਉਸ ਨੇ ਕਿਹਾ, "ਸਾਡੇ ਨਵੇਂ ਮੁੰਡਿਆਂ ਦੀ ਖੇਡ ਵਿਚ ਉਹ ਜਾਨ ਨਹੀਂ ਰਹੀ ਜਿਹੜੀ ਹੋਣੀ ਚਾਹੀਦੀ ਏ। ਇਹਨਾਂ 'ਚੋਂ ਕਈ ਨਸ਼ਿਆਂ ਵੱਲ ਪੈ ਗਏ ਨੇ। ਸਾਡੇ ਵੇਲੇ ਪੰਜਾਬੀ ਖਿਡਾਰੀ ਮੁਲਕ ਦੀ ਹਰੇਕ ਟੀਮ ਵਿਚ ਸਨ। ਪੰਜਾਬ ਹਾਕੀ ਦਾ ਘਰ ਏ ਤੇ ਉਥੋਂ ਹੋਰ ਚੰਗੇ ਖਿਡਾਰੀ ਉੱਠਣੇ ਚਾਹੀਦੇ ਨੇ।"

ਉਸ ਦੀ ਇੱਛਾ ਟੋਕੀਓ-2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ ਵਿਚ ਪੰਜਾਬੀ ਖਿਡਾਰੀਆਂ ਨੇ ਪੂਰੀ ਕਰ ਦਿੱਤੀ। ਪੰਜਾਬੀ ਖਿਡਾਰੀਆਂ ਨਾਲ ਭਰਪੂਰ ਭਾਰਤੀ ਟੀਮ ਫਿਰ ਵਿਕਟਰੀ ਸਟੈਂਡ 'ਤੇ ਚੜ੍ਹੀ।

ਮੈਂ ਪੁੱਛਿਆ, "ਕੀ ਸਾਡੇ ਖਿਡਾਰੀ ਹੀ ਮਾਂਦੇ ਪੈ ਗਏ ਨੇ ਜਾਂ ਹੋਰ ਦੁਨੀਆਂ ਤਕੜੀ ਹੋ ਗਈ ਐ?" ਗੁਰਬਖ਼ਸ਼ ਸਿੰਘ ਨੇ ਆਖਿਆ, "ਇਹ ਠੀਕ ਏ ਕਿ ਦੂਜੇ ਮੁਲਕਾਂ ਦੇ ਖਿਡਾਰੀ ਹਾਕੀ ਖੇਡਣ 'ਚ ਪਹਿਲਾਂ ਨਾਲੋਂ ਵਧੇਰੇ ਮਾਹਿਰ ਹੋ ਗਏ ਨੇ ਪਰ ਸਾਡੇ ਖਿਡਾਰੀਆਂ ਨੂੰ ਵੀ ਬਦਲਦੇ ਸਮੇਂ ਨਾਲ ਆਪਣੀ ਟੈਕਨੀਕ 'ਚ ਸੁਧਾਰ ਲਿਆਉਂਦੇ ਰਹਿਣਾ ਚਾਹੀਦੈ। ਸਾਡੇ ਮੁੰਡੇ ਹਾਲਾਂ ਵੀ ਗਰਾਸ ਹਾਕੀ ਖੇਡਦੇ ਨੇ ਤੇ ਐਸਟਰੋ ਟਰਫ ਦੀ ਟੈਕਨੀਕ ਨੂੰ ਨਹੀਂ ਅਪਨਾ ਰਹੇ। ਇਹੋ ਵਜ੍ਹਾ ਏ ਕਿ ਇੰਟਰਨੈਸ਼ਨਲ ਮੈਚਾਂ 'ਚ ਹਾਰ ਖਾਂਦੇ ਨੇ।" ਮੈਂ ਬੱਚਿਆਂ ਨੂੰ ਕੋਈ ਸੰਦੇਸ਼ ਦੇਣ ਲਈ ਕਿਹਾ ਤਾਂ ਉਸ ਨੇ ਆਖਿਆ, "ਬੱਚਿਆਂ ਨੂੰ ਖੇਡਾਂ ਸ਼ਿੱਦਤ ਨਾਲ ਅਪਨਾਉਣੀਆਂ ਚਾਹੀਦੀਆਂ ਨੇ। ਖੇਡਾਂ ਦੀ ਲਗਨ ਵਿਦਿਆਰਥੀ ਜੀਵਨ ਵਿਚ ਈ ਲੱਗੇ ਤਦ ਹੀ ਚੰਗੇ ਨਤੀਜੇ ਨਿਕਲ ਸਕਦੇ ਨੇ। ਕਿਸੇ ਵੀ ਖੇਡ 'ਚ ਮਾਹਿਰ ਬਣਨ ਲਈ ਮਿਹਨਤ, ਲਗਨ ਤੇ ਸਿਰੜ ਦੀ ਲੋੜ ਏ। ਜੀਹਦੇ ਵਿਚ ਲਗਨ ਤੇ ਸਿਰੜ ਐ ਉਹ ਜ਼ਰੂਰ ਕੁਝ ਨਾ ਕੁਝ ਕਰ ਕੇ ਈ ਦਮ ਲਵੇਗਾ।" ਮੈਂ ਪੁੱਛਿਆ, "ਤੁਹਾਨੂੰ ਅਕਸਰ ਹੀ ਹਾਕੀ ਟੂਰਨਾਮੈਂਟਾਂ ਉਤੇ ਤੁਰੇ ਫਿਰਦੇ ਵੇਖੀਦਾ। ਪਿੱਛੇ ਤੁਹਾਡਾ ਕਾਰੋਬਾਰ ਕਿਵੇਂ ਚੱਲਦੈ? ਬਿਜ਼ਨਸ ਸਫਰ ਨਹੀਂ ਕਰਦਾ?" ਗੁਰਬਖ਼ਸ਼ ਸਿੰਘ ਨੇ ਮੁਸਕਰਾਉਂਦਿਆਂ ਕਿਹਾ, "ਬਿਜ਼ਨਸ ਤਾਂ ਜ਼ਰੂਰ ਸਫਰ ਕਰਦਾ ਪਰ ਤੁਹਾਨੂੰ ਪਤਾ ਈ ਏ ਪਈ ਇਕ ਵਾਰ ਜਿਹੜਾ ਝੱਸ ਬੰਦੇ ਨੂੰ ਪੈ ਜਾਏ ਉਹ ਮਰਦੇ ਦਮ ਤਕ ਛੁੱਟਦਾ ਵੀ ਤੇ ਨਹੀਂ। ਇਹ ਹਾਕੀ ਵਾਲਾ ਸ਼ੌਕ ਤਾਂ ਹੁਣ ਉਮਰ ਭਰ ਈ ਰਹੇਗਾ ਭਾਵੇਂ ਕਿੰਨੇ ਘਾਟੇ ਪਈ ਜਾਣ।" ਹੁਣ ਉਹ ਨੱਬਿਆਂ ਨੂੰ ਢੁੱਕ ਚੁੱਕੈ ਤੇ 1957 ਤੋਂ ਕੋਲਕੱਤੇ ਦਾ ਵਸਨੀਕ ਹੈ। ਬੰਗਾਲ ਸਰਕਾਰ ਨੇ ਉਸ ਨੂੰ ਬੰਗਾ ਬਿਭੂਸ਼ਨ ਪੁਰਕਾਰ ਨਾਲ ਅਤੇ ਈਸਟ ਬੰਗਾਲ ਕਲੱਬ ਨੇ ਭਾਰਤ ਗੌਰਵ ਅਵਾਰਡ ਨਾਲ ਸਨਮਾਨਿਆ ਹੈ।